Start CDL TRAINING
Become Professional Truck Driver
www.cdlstart.com
startcdl@gmail.com
(844) 227-2162
We speak Hindi and English
START CDL TRAINING

Indianapolis, Indiana ਵਿਚ ਬਣਾਓ ਆਪਣੇ ਸੁਪਨਿਆਂ ਦਾ ਘਰ
One of the Fastest Growing City in America and Best School System...
■ਨਵੇਂ ਘਰਾਂ ਦੀ ਕੀਮਤ $200,000 ਤੋਂ ਸ਼ੁਰੂ ਹੁੰਦੀ ਹੈ
■1500 ਵਰਗ ਗਜ ਤੋਂ 5000 ਵਰਗ ਗਜ ਦੇ ਘਰ ■4-6 ਬੈਡ ਰੂਮ, 3-4 ਬਾਥ ਰੂਮ
■ਬੱਚਿਆਂ ਦੀ ਪੜ੍ਹਾਈ ਲਈ ਬੜੇ ਵਧੀਆ ਸਕੂਲ, ਕਾਲਜ ਅਤੇ ਯੂਨੀਵਰਸਿਟੀਆਂ
■ਬਹੁਤ ਹੀ ਘੱਟ ਪ੍ਰਾਪਰਟੀ ਟੈਕਸ ਅਤੇ ਘਰਾਂ ਦੀ ਇੰਸ਼ੋਰੈਂਸ ਸਸਤੀ
For the Best advice for BUYING-SELLING-RENTING
Ben Singh Bashal (Realtor/Broker) Kamaljeet Kaur (Realtor/Broker)
Ph: 317-809-1818 Ph: 317-909-9295
midlandrealtygroup@yahoo.com kahlonkamaljeet@gmail.com
Midland Realty Group-Company You Trust

Kamaljeet Kaur
Mortgage rates available from 2.1% to 3%

Twenty-Second Year of Publication ਨਿਊ ਯਾਰਕ ਐਡੀਸ਼ਨ Price 50¢
Email:punjabtimes1@gmail.com
www.punjabtimesusa.com
ਸ਼ਿਕਾਗੋ, ਸੈਨ ਫਰਾਂਸਿਸਕੋ ਅਤੇ ਨਿਊ ਯਾਰਕ ਤੋਂ ਇਕੋ ਸਮੇਂ ਪ੍ਰਕਾਸ਼ਿਤ ਹਫਤਾਵਾਰ
ਪੰਜਾਬ ਟਾਈਮਜ਼
Punjab Times, Vol 22, Issue 48, November 27, 2021 20451 N. Plum Grove Rd., Palatine, IL 60074 Ph:847-359-0746, Fax:847-705-9388

# ਕਿਸਾਨ ਮੋਰਚੇ ਨੇ ਮੋਦੀ ਦੀ ਗੋਡਣੀ ਲਵਾਈ

## ਘੋਲ ਨੇ ਮੋਦੀ ਦੀ ਚੁਣਾਵੀ ਗਿਣਤੀ-ਮਿਣਤੀ ਵਿਗਾੜੀ



**ਚੰਡੀਗੜ੍ਹ:** ਕਿਸਾਨਾਂ ਨੇ ਕੇਂਦਰ ਦੇ ਖੇਤੀ ਕਾਨੂੰਨਾਂ ਖਿਲਾਫ ਜੰਗ ਜਿੱਤ ਲਈ ਹੈ। ਤਕਰੀਬਨ ਡੇਢ ਸਾਲ ਦੀ ਜੱਦੋ-ਜਹਿਦ ਪਿੱਛੋਂ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਨੇ ਗੁਰੂ ਨਾਨਕ ਦੇਵ ਜੀ ਦੇ ਪ੍ਰਕਾਸ਼ ਪੁਰਬ ਮੌਕੇ ਅਚਾਨਕ ਵਿਵਾਦ ਵਾਲੇ ਤਿੰਨੇ ਖੇਤੀ ਕਾਨੂੰਨ ਵਾਪਸ ਲੈਣ ਦਾ ਐਲਾਨ ਕਰ ਦਿੱਤਾ। ਇਸ ਐਲਾਨ ਤੋਂ ਬਾਅਦ ਇਕ ਪਾਸੇ ਜਿਥੇ ਕਿਸਾਨ ਜਥੇਬੰਦੀਆਂ ਮੋਦੀ ਦੀ ਜ਼ਬਾਨ ਉਤੇ ਭਰੋਸਾ ਕਰਨ ਲਈ ਤਿਆਰ ਨਹੀਂ ਤੇ ਸੰਸਦ ਵਿਚ ਕਾਨੂੰਨਾਂ ਦੇ ਰੱਦ ਹੋਣ ਤੱਕ ਸੰਘਰਸ਼ ਜਾਰੀ ਰੱਖਣ ਦਾ ਫੈਸਲਾ ਕੀਤਾ ਹੈ, ਉਥੇ ਮੋਦੀ ਸਰਕਾਰ ਕਿਨ੍ਹਾਂ ਹਾਲਾਤ ਵਿਚ 'ਥੁੱਕ ਕੇ ਚੱਟਣ' ਲਈ ਮਜਬੂਰ ਹੋਈ, ਇਸ ਗੱਲ ਦੀ ਚਰਚਾ ਜ਼ੋਰਾਂ ਉਤੇ ਹੈ।

ਸਿਆਸੀ ਮਾਹਰ ਪਹਿਲੀ ਨਜ਼ਰੇ ਹੀ ਇਸ ਐਲਾਨ ਨੂੰ ਅਗਲਾ ਵਰ੍ਹਾ ਚੜ੍ਹਦੇ ਹੀ ਪੰਜਾਬ ਤੇ ਉਤਰ ਪ੍ਰਦੇਸ਼ ਸਣੇ ਪੰਜ ਸੂਬਿਆਂ ਵਿਚ ਹੋਣ ਜਾ ਰਹੀਆਂ ਵਿਧਾਨ ਸਭਾ ਚੋਣਾਂ ਨਾਲ ਜੋੜ ਕੇ ਦੇਖ ਰਹੇ ਹਨ। ਅਸਲ ਵਿਚ, ਭਾਜਪਾ ਦੇ ਆਪਣੇ ਸਰਵੇਖਣਾਂ ਵਿਚ ਇਹ ਗੱਲ ਸਾਫ ਹੋ ਚੁੱਕੀ ਸੀ ਕਿ ਕਿਸਾਨਾਂ ਦਾ ਸ਼ਾਂਤਮਈ ਸੰਘਰਸ਼ ਉਸ ਦੀ ਸਿਆਸੀ ਕਿਸ਼ਤੀ ਨੂੰ ਲੈ ਡੁੱਬੇਗਾ। ਹਾਲ ਹੀ ਵਿਚ ਮੁਲਕ ਭਰ ਵਿਚ ਹੋਈਆਂ ਜ਼ਿਮਨੀ ਇਸ ਦੀ ਪ੍ਰਤੱਖ ਉਦਾਹਰਨ ਸਨ। ਭਾਜਪਾ ਨੂੰ ਪੱਛਮੀ ਬੰਗਾਲ, ਹਰਿਆਣਾ, ਹਿਮਾਚਲ ਸਣੇ ਵੱਡੀ ਗਿਣਤੀ ਸੂਬਿਆਂ ਵਿਚ ਮੂੰਹ ਦੀ ਖਾਣੀ ਪਈ। ਇਸ ਤੋਂ ਬਾਅਦ ਭਾਜਪਾ ਦਾ ਮਨ ਡੋਲ ਗਿਆ।

ਭਾਜਪਾ ਦੇ ਆਪਣੇ ਸਰਵੇਖਣ ਦੱਸਦੇ ਹਨ ਕਿ ਜੇ ਕਿਸਾਨ ਅੰਦੋਲਨ ਚੱਲਦਾ ਰਿਹਾ ਤਾਂ ਪੱਛਮੀ ਉਤਰ ਪ੍ਰਦੇਸ਼, ਉਤਰ ਪ੍ਰਦੇਸ਼ ਦੇ ਤਰਾਈ ਖੇਤਰ, ਹਰਿਆਣਾ ਅਤੇ ਪੰਜਾਬ ਵਿਚ ਭਗਵਾ ਧਿਰ ਦਾ ਸਫਾਇਆ ਹੋ ਜਾਵੇਗਾ।

ਦੂਜਾ ਵੱਡਾ ਕਾਰਨ ਇਹ ਚਰਚਾ ਵਿਚ ਹੈ ਕਿ ਕਿਸਾਨ ਅੰਦੋਲਨ ਦੀ ਚੜ੍ਹਤ ਅਤੇ ਇਸ ਸੰਘਰਸ਼ ਵਿਚ ਭਾਈਚਾਰਕ ਸਾਂਝ ਦੇ ਹੋਕੇ ਨੇ ਭਗਵਾ ਧਿਰ ਦੇ ਫਿਰਕੂ ਏਜੰਡੇ ਨੂੰ ਤਹਿਸ-ਨਹਿਸ ਕਰ ਦਿੱਤਾ। ਭਾਜਪਾ ਨੇ ਇਸ ਵਾਰ ਉਤਰ ਪ੍ਰਦੇਸ਼ ਚੋਣਾਂ ਵਿਚ ਰਾਮ ਮੰਦਰ ਦੀ ਉਸਾਰੀ, ਕਸ਼ਮੀਰ ਵਿਚ ਧਾਰਾ 370 ਦੇ ਖਾਤਮੇ ਵਰਗੇ ਮੁੱਦਿਆਂ ਆਸਰੇ ਮੇਲਾ ਲੁੱਟਣ ਦੀ ਰਣਨੀਤੀ ਬਣਾਈ ਸੀ ਪਰ ਉਤਰ ਪ੍ਰਦੇਸ਼ ਦੇ ਮੁਜ਼ੱਫਰਨਗਰ ਵਿਚ ਹੋਈ ਕਿਸਾਨ ਮਹਾ ਪੰਚਾਇਤ ਨੇ ਭਾਈਚਾਰਕ ਸਾਂਝ ਦੀ ਅਜਿਹੀ ਤਸਵੀਰ ਦਿਖਾਈ ਕਿ ਭਾਜਪਾ ਨੂੰ ਸੋਚਣ ਲਈ ਮਜਬੂਰ ਕਰ ਦਿੱਤਾ। ਪੱਛਮੀ ਉਤਰ ਪ੍ਰਦੇਸ਼ 'ਚ ਮੁਸਲਮਾਨ ਕਿਸਾਨਾਂ ਅਤੇ ਜਾਟ-ਗੁੱਜਰ ਕਿਸਾਨਾਂ ਵਿਚਾਲੇ ਪਰੰਪਰਕ ਸਾਂਝ ਜਿਸ ਨੂੰ ਤੋੜਨ ਵਿਚ ਭਾਜਪਾ ਸਫਲ ਰਹੀ ਸੀ, ਨੂੰ ਕਿਸਾਨ ਅੰਦੋਲਨ ਨੇ ਮੁੜ ਪੀਢਾ ਕਰਨ ਵੱਲ ਕਦਮ ਵਧਾਏ ਹਨ। ਇਸ ਮਹਾ ਪੰਚਾਇਤ ਵਿਚ ਹਿੰਦੂ, ਮੁਸਲਿਮ ਤੇ ਸਿੱਖ ਭਾਈਚਾਰਕ ਏਕੇ ਦੇ ਅਜਿਹੇ ਨਾਅਰੇ ਗੂੰਜੇ ਕਿ ਧਰਮ ਪਰਿਵਰਤਨ, ਹਿੰਦੂ ਧਰਮ ਨੂੰ ਖਤਰੇ, ਮੁਸਲਮਾਨਾਂ ਦੀ ਵਧਦੀ ਆਬਾਦੀ ਦੇ ਹੋਕੇ ਦੇ ਰਹੀ ਭਾਜਪਾ ਨੇ ਇਕਦਮ ਮੋੜਾ ਕੱਟ ਲਿਆ ਤੇ ਅਗਲੇ ਦਿਨੀਂ ਹੀ ਮੋਦੀ ਦੀਆਂ ਉਤਰ ਪ੍ਰਦੇਸ਼ ਫੇਰੀਆਂ ਵਿਚ ਵਿਕਾਸ ਦੀਆਂ ਗੱਲਾਂ ਹੋਣ ਲੱਗੀਆਂ। ਵਿਕਾਸ ਕਾਰਜਾਂ ਦੇ ਧੜਾਧੜਾ ਨੀਂਹ ਪੱਥਰ ਰੱਖੇ ਜਾਣ ਲੱਗੇ। ਉਤਰ ਪ੍ਰਦੇਸ਼ ਦੇ ਮੁੱਖ ਮੰਤਰੀ ਯੋਗੀ ਅਦਿੱਤਿਆਨਾਥ ਲਖਨਊ ਸਥਿਤ ਗੁਰਦੁਆਰੇ ਵਿਚ ਨਤਮਸਤਕ ਹੋਣ ਤੁਰ ਪਏ। ਕਰਤਾਰਪੁਰ ਸਾਹਿਬ ਦਾ ਲਾਂਘਾ ਖੋਲ੍ਹਣ ਦਾ ਐਲਾਨ ਹੋ ਗਿਆ। ਕੇਂਦਰ ਦੀ ਟੀਮ ਨੇ ਸ਼੍ਰੋਮਣੀ ਕਮੇਟੀ ਅੱਗੇ ਸ੍ਰੀ ਗੁਰੂ ਤੇਗ ਬਹਾਦਰ ਸਾਹਿਬ ਦੇ 400 ਸਾਲਾ ਪ੍ਰਕਾਸ਼ ਪੁਰਬ ਨੂੰ ਸਮਰਪਿਤ ਵਿਸ਼ਵ ਪੱਧਰੀ ਯਾਦਗਾਰ ਬਣਾਉਣ ਦੀ ਇੱਛਾ ਰੱਖ ਦਿੱਤੀ। ਮੋਦੀ ਸਰਕਾਰ ਦੀ ਸਿੱਖ ਲਈ ਪ੍ਰਾਪਤੀਆਂ ਗਿਣਵਾਉਣ ਦਾ ਦੌਰ ਸ਼ੁਰੂ ਹੋ ਗਿਆ ਤੇ ਪ੍ਰਧਾਨ ਮੰਤਰੀ ਨੇ ਪ੍ਰਕਾਸ਼ ਪੁਰਬ ਵਾਲੇ ਦਿਨ ਖੇਤੀ ਕਾਨੂੰਨ ਰੱਦ ਕਰਨ ਦਾ ਐਲਾਨ ਕਰ ਦਿੱਤਾ।

ਸਿਆਸੀ ਮਾਹਰ ਦੱਸਦੇ ਹਨ ਕਿ ਫਿਲਹਾਲ ਚੋਣਾਂ ਦੇ ਮੱਦੇਨਜ਼ਰ ਭਾਜਪਾ ਆਪਣੇ ਫਿਰਕੂ ਏਜੰਡੇ ਨੂੰ ਕੁਝ ਦੇਰ ਲਾਂਭੇ ਰੱਖਣ ਵਿਚ ਹੀ ਭਲਾ ਸਮਝ ਰਹੀ ਹੈ। ਉਹ ਮੁਸਲਿਮ ਭਾਈਚਾਰੇ ਨਾਲ ਸਾਂਝ ਦੀ ਗੱਲ ਤੋਰ ਕੇ ਕੱਟੜ ਹਿੰਦੂ ਵੋਟ ਬੈਂਕ ਨੂੰ ਨਾਰਾਜ਼ ਤਾਂ ਨਹੀਂ ਕਰਨਾ ਚਾਹੁੰਦੀ ਪਰ ਸਿੱਖਾਂ ਨਾਲ ਹਮਦਰਦੀ ਦਿਖਾ ਕੇ ਇਹ ਭਰਮ ਤੋੜਨ ਦੀ ਕੋਸ਼ਿਸ਼ ਕਰ ਰਹੀ ਹੈ ਕਿ ਇਸ ਦਾ ਏਜੰਡਾ ਸਭ ਨੂੰ ਨਾਲ ਲੈ ਕੇ ਚੱਲਣ ਦਾ ਹੈ। ਮੋਦੀ ਸਰਕਾਰ ਨੂੰ ਇਹ ਵੀ ਡਰ ਹੈ ਕਿ ਮਹਿੰਗਾਈ ਤੇ ਕਿਸਾਨ ਅੰਦੋਲਨ ਦੇ ਕਾਰਨ ਜੇਕਰ ਭਾਜਪਾ ਦੀਆਂ ਵੋਟਾਂ ਘਟੀਆਂ, ਤਾਂ ਉਹ ਕੇਂਦਰ ਸਰਕਾਰ ਖਿਲਾਫ ਸਰਕਾਰ ਵਿਰੋਧੀ ਭਾਵਨਾ ਹੋਵੇਗੀ। ਇਸ ਦਾ ਅਸਰ 2024 ਦੀਆਂ ਲੋਕ ਸਭਾ ਚੋਣਾਂ ਤੱਕ ਜਾ ਸਕਦਾ ਹੈ।

ਅਸਲ ਵਿਚ, ਭਾਜਪਾ ਨੂੰ ਖੇਤੀ ਕਾਨੂੰਨਾਂ ਦੀ ਵਾਪਸੀ ਦਾ ਓਨਾ ਝੋਰਾ ਨਹੀਂ ਸੀ ਜਿੰਨਾ ਮੋਦੀ ਸਰਕਾਰ ਦੇ ਫੈਸਲੇ 'ਅਟੱਲ' ਹੋਣ ਦਾ ਭਰਮ ਟੁੱਟਣ ਤੋਂ ਸੀ। ਜੰਮੂ ਕਸ਼ਮੀਰ ਦੀ ਧਾਰਾ 370 ਅਤੇ 35ਏ ਖਤਮ ਕਰਨ, ਨਾਗਰਿਕ ਸੋਧ ਬਿਲ, ਇਲੈਕਟ੍ਰੌਨਿਕ ਬਾਂਡ, ਯੂ.ਏ.ਪੀ.ਏ., ਐਨ.ਆਈ.ਏ. ਅਤੇ ਜੀ.ਐਸ.ਟੀ, ਨੋਟਬੰਦੀ ਸਮੇਤ ਅਨੇਕਾਂ ਅਜਿਹੇ ਫੈਸਲੇ ਹਨ ਜਿਨ੍ਹਾਂ ਦਾ ਵੱਡੇ ਪੱਧਰ ਉਤੇ ਵਿਰੋਧ ਦੇ ਬਾਵਜੂਦ ਸਰਕਾਰ ਟੱਸ ਤੋਂ ਮੱਸ ਨਹੀਂ ਹੋਈ। ਹੁਣ ਕਿਸਾਨ ਅੰਦੋਲਨ ਕਾਰਨ ਖੇਤੀ ਕਾਨੂੰਨਾਂ ਤੋਂ ਪਿੱਛੇ ਹਟਣਾ ਭਗਵਾ ਧਿਰ ਲਈ ਵੱਡਾ ਤਕਲੀਫ ਵਾਲਾ ਫੈਸਲਾ ਸੀ ਪਰ ਕੋਈ ਚਾਰਾ ਨਾ ਵੇਖ ਕਿਸਾਨੀ ਸੰਘਰਸ਼ ਅੱਗੇ ਗੋਡੇ ਟੇਕਣ ਲਈ ਮਜਬੂਰ ਹੋਣਾ ਪਿਆ।

ਮੋਦੀ ਸਰਕਾਰ ਨੂੰ ਉਮੀਦ ਸੀ ਕਿ ਖੇਤੀ ਕਾਨੂੰਨਾਂ ਦਾ ਐਲਾਨ ਕਰਕੇ ਪ੍ਰਦਰਸ਼ਨਕਾਰੀ ਕਿਸਾਨਾਂ ਨੂੰ ਘਰ ਤੋਰਨ ਵਿਚ ਸਫਲ ਰਹੇਗੀ, ਪਰ ਕਿਸਾਨਾਂ ਦੀਆਂ ਤਾਜ਼ਾ ਰਣਨੀਤੀਆਂ ਦੱਸ ਰਹੀਆਂ ਹਨ ਕਿ ਉਹ ਆਪਣੀਆਂ ਸਾਰੀਆਂ ਮੰਗਾਂ ਮਨਵਾਏ ਬਿਨਾ ਪਿੱਛੇ ਹਟਣ ਵਾਲੇ ਨਹੀਂ। ਇਨ੍ਹਾਂ

(ਬਾਕੀ ਸਫਾ 6 'ਤੇ)

### ਹੁਣ ਸੀ.ਏ.ਏ. ਖਿਲਾਫ ਲਾਮਬੰਦੀ

**ਗੁਹਾਟੀ:** ਤਿੰਨ ਖੇਤੀ ਕਾਨੂੰਨਾਂ ਨੂੰ ਲੈ ਕੇ ਸਾਲ ਭਰ ਤੋਂ ਵੱਧ ਸਮੇਂ ਤੱਕ ਚੱਲੇ ਕਿਸਾਨ ਸੰਘਰਸ਼ ਦੀ ਸਫਲਤਾ ਨੇ ਨਾਗਰਿਕਤਾ ਸੋਧ ਕਾਨੂੰਨ (ਸੀ.ਏ.ਏ.) ਵਿਰੋਧੀ ਜਥੇਬੰਦੀਆਂ ਨੂੰ ਬਲ ਬਖਸ਼ਿਆ ਹੈ। ਕੇਂਦਰ ਸਰਕਾਰ ਵੱਲੋਂ ਇਹ ਵਿਵਾਦਿਤ ਖੇਤੀ ਕਾਨੂੰਨ ਵਾਪਸ ਲੈਣ ਦੇ ਲਏ ਫੈਸਲੇ ਮਗਰੋਂ ਅਸਾਮ ਦੀਆਂ ਕਈ ਜਥੇਬੰਦੀਆਂ ਸੀ.ਏ.ਏ. ਵਿਰੋਧੀ ਅੰਦੋਲਨ ਨੂੰ ਮੁੜ ਤੋਂ ਪ੍ਰਚੰਡ ਕਰਨ 'ਤੇ ਵਿਚਾਰਾਂ ਕਰ ਰਹੀਆਂ ਹਨ। 2019 ਵਿਚ ਸੀ.ਏ.ਏ. ਖਿਲਾਫ ਅੰਦੋਲਨ ਵਿਚ ਆਲ ਅਸਾਮ ਸਟੂਡੈਂਟਸ ਯੂਨੀਅਨ ਅਤੇ ਕ੍ਰਿਸ਼ਕ ਮੁਕਤੀ ਸੰਗਰਾਮ ਸਮਿਤੀ ਨੇ ਮੋਹਰੀ ਭੂਮਿਕਾ ਨਿਭਾਈ ਸੀ।


M Vivek Malik
Law Office of M Vivek Malik
Toll free no 866-424-4000
ਪੰਜਾਬੀ, ਹਿੰਦੀ ਅਤੇ ਉਰਦੂ ਵਿੱਚ ਗੱਲ ਕਰੋ
ACCOMPLISHED IMMIGRATION Attorneys Help FAMILIES REUNITE in the UNITED STATES Our Global & Nationwide Services in the field of U.S. Immigration & Nationality law
Business immigration & worksite compliance
ਬਿਜ਼ਨੈਸ ਇਮੀਗਰੇਸ਼ਨ ਐਂਡ ਵਰਕਸਾਈਟ ਕਮਪਲਾਇੰਸ
Family & general immigration
ਫੈਮਿਲੀ ਐਂਡ ਜਨਰਲ ਇੰਮੀਗਰੇਸ਼ਨ
Naturalization & citizenship
ਨੈਚੂਰਲਾਈਜੇਸ਼ਨ ਐਂਡ ਸਿਟੀਜ਼ਨਸ਼ਿਪ
Removal defense & waivers
Our offices
432 S. Emerson Ave, Suite 220, Greenwood, IN 46143
Ph: 317 560 4777
1067 N Mason Rd, Suite 4, St Louis, Missouri 63141
Ph: 314-416-8000
2440 W Shaw Ave, Suite 205, Fresno, California 93711
Ph: 559-578-4344
www.usa.immigrationlaw.com


ਬੌਬੀ ਸਿੰਘ
ਪ੍ਰਾਈਵੇਟ ਗੱਡੀਆਂ, ਕਮਰਸ਼ੀਅਲ ਟਰੱਕ, ਲਾਈਫ ਅਤੇ ਘਰਾਂ ਦੀ ਇੰਸ਼ੋਰੈਂਸ ਦੀ ਸੇਵਾ ਵਿਚ ਤਜਰਬੇਕਾਰ ਬੌਬੀ ਸਿੰਘ ਨੂੰ ਚੰਗੀਆਂ ਸੇਵਾਵਾਂ ਲਈ ਅੱਜ ਹੀ ਕਾਲ ਕਰੋ
(ਸੈਲ): 718-757-7809
ਫੋਨ (ਦਫਤਰ): 718-262-9700
(ਫੈਕਸ): 516-439-5418
ਗੱਡੀਆਂ ਅਤੇ ਘਰਾਂ ਦੀ ਇੰਸ਼ੋਰੈਂਸ ਸਬੰਧੀ ਸਲਾਹ-ਮਸ਼ਵਰਾ ਕਰਕੇ ਪੈਸੇ ਦੀ ਬੱਚਤ ਕਰੋ।
ਪੰਜਾਬੀ ਭਰਾਵਾਂ ਦੀ ਸੇਵਾ 'ਚ ਹਰ ਪਲ ਹਾਜ਼ਰ
120-20 101 Ave. S. Richmond Hill, New York 11419

Tel.: 317-426-5410
Ext. 2001 & 2403

XPressCargo

100% ਓਨਰ ਆਪਰੇਟਰ ਕੰਪਨੀ

Pay Every Week

100% OWNER OPERATOR COMPANY

Pay Single 48 Cent + Team 58 Cent

IN TO MI BACK TO IN OR IN TO OH TO LOUISVILLE KY/BOWLING KY BACK TO IN ( EVERYDAY HOME)

ਸਾਰਾ ਸਾਲ ਸਾਡੇ ਕੋਲ ਪੱਕੇ ਰੀਫਰ ਅਤੇ ਡਰਾਈ ਵੈਨ ਦੇ ਲੋਡ ਹਨ ਅਤੇ ਲੋਡ Same Location ਤੇ ਜਾਂਦੇ ਹਨ ।

- ਫਿਊਲ ਐਡਵਾਂਸ ਤੇ ਕੋਈ ਵਾਧੂ ਚਾਰਜ ਨਹੀਂ
- ਸਾਰੇ ਲੰਪਰ ਫੀਸ ਕੰਪਨੀ ਪੇ ਕਰੇਗੀ ।
- ਟਰੱਕ ਦੀ ਲਾਇਸੈਂਸ ਪਲੇਟ
- ਟਰੱਕ ਫਿਜ਼ੀਕਲ ਡੈਮੇਜ ਇੰਸ਼ੋਰੈਂਸ
- ਟਰੱਕ ਅਤੇ ਟਰੇਲਰ ਰੈਂਟਲ ਜਾਂ ਲੀਜ਼ ਲੈ ਸਕਦੇ ਹੋ
- ਟਾਇਰਾਂ ਅਤੇ Oil Change ਤੇ ਸਪੈਸ਼ਲ ਡਿਸਕਾਉਂਟ



ਅਸੀਂ ਵੇਅਰ ਹਾਊਸ ਅਤੇ ਲੋਡ ਸਟੈਗ ਕਰਦੇ ਹਾਂ

CA >> IN, OH, KY, PA, MD, VA
IN >> KS, TN, WI, MI, KY, IL, GA

ਸਾਡੇ ਕੋਲ ਸਾਰੀਆਂ ਲੋਕੇਸ਼ਨਾਂ ਤੋਂ ਵਾਪਸੀ ਕੈਲੀਫੋਰਨੀਆ ਤਾਂਕ ਪੱਕੇ ਲੋਡ ਹਨ

ਅਸੀਂ 2016 ਅਤੇ 2017 ਦੇ USED ਟਰੱਕ ਵੀ ਸੇਲ ਕਰਦੇ ਹਾਂ

ਸਿੰਗਲ ਅਤੇ ਟੀਮ ਡਰਾਈਵਰਾਂ ਦੀ ਲੋੜ ਹੈ

ਵੀਕਲੀ ਹੋਮ

ਵੇਅਰ ਹਾਊਸ ਅਤੇ 24/7 ਘੰਟੇ ਰਿਪੇਅਰ ਸ਼ਾਪ ਖੁੱਲੀ ਹੈ

Hiring Owner Operators and Drivers

ਸਾਡੇ ਸਰਕਾਰ ਤੋਂ ਮਾਨਤਾ ਪ੍ਰਾਪਤ ਸਕੂਲ ਵਿੱਚ ਕਮਰਸ਼ੀਲ ਲਾਇਸੈਂਸ ਲਈ ਕਾਲ ਕਰ ਸਕਦੇ ਹੋ ।

2330 Enterprise Park Dr., Indianapolis, IN 46218

Online Application @ www.xpresscargoinc.com

## ਤਜਰਬੇਕਾਰ ਤੰਦੂਰੀਏ ਤੇ ਡਿਸ਼ਵਾਸ਼ਰ ਦੀ ਲੋੜ ਹੈ

ਆਇਓਵਾ ਸਟੇਟ ਵਿਚ ਇੰਡੀਅਨ ਰੈਸਟੋਰੈਂਟ ਲਈ ਤਜਰਬੇਕਾਰ ਤੰਦੂਰੀਏ ਤੇ ਡਿਸ਼ਵਾਸ਼ਰ ਦੀ ਲੋੜ ਹੈ

*ਚੰਗੀ ਤਨਖਾਹ; ਖਾਣਾ ਅਤੇ ਰਿਹਾਇਸ਼ ਫਰੀ*

ਕਾਲ ਕਰੋ: ਮਿ. ਸਿੰਘ

**ਫੋਨ: 515-291-1961**



## ਫਲੈਟ ਵਿਕਾਊ ਹੈ

ਚੰਡੀਗੜ੍ਹ ਨੇੜੇ ਜ਼ੀਰਕਪੁਰ-ਸ਼ਿਮਲਾ ਕੌਮੀ ਮਾਰਗ ‘ਤੇ ਪੰਚਕੂਲਾ ਸ਼ਹਿਰ ਦੇ ਵਿਕਸਿਤ ਸੈਕਟਰ-20 ਵਿਚ ਫਲੈਟ ਵਿਕਾਊ ਹੈ। ਰਹਿਣ ਲਈ ਤਿਆਰ, ਐਲੀਵੇਟਰ, ਕਾਰ ਪਾਰਕਿੰਗ, ਸੁਰੱਖਿਆ ਜਿਹੀਆਂ ਸਹੂਲਤਾਂ ਅਤੇ ਪੈਦਲ-ਦੂਰੀ ‘ਤੇ ਸਥਿੱਤ ਮਾਰਕਿਟ।

*ਹੋਰ ਜਾਣਕਾਰੀ ਲਈ ਸੰਪਰਕ ਕਰੋ, ਸਿੰਘ*

**ਫੋਨ: 513-884-0456 ਜਾਂ 513-759 0010**

*(ਮੈਸੇਜ ਛੱਡ ਸਕਦੇ ਹੋ)*

## Flat For Sale

**Flat for sale in a developed Sector 20 Panchkula near Chandigarh, Close to Zirakpur-Shimla Natonal Highway, Vacant to move in, Elevator, Car parking, Security. Market nearby within walking distance.**

***For more details please contact: Singh***

**Ph: 513-884-0456 or 513-759 0010**

*(Leave Message)*

40-41


## ਕਰਜ਼ਾ ਮੁਆਫੀ ਲਈ ਸਮਾਂ-ਸੀਮਾ ਤੈਅ ਕਰੇ ਸਰਕਾਰ: ਆਪ

**ਚੰਡੀਗੜ੍ਹ:** ਆਮ ਆਦਮੀ ਪਾਰਟੀ ਪੰਜਾਬ ਦੇ ਸੀਨੀਅਰ ਆਗੂ ਅਤੇ ਵਿਰੋਧੀ ਧਿਰ ਦੇ ਨੇਤਾ ਹਰਪਾਲ ਸਿੰਘ ਚੀਮਾ ਨੇ ਕਿਸਾਨਾਂ ‘ਤੇ ਵਧ ਰਹੇ ਕਰਜ਼ੇ ਦੇ ਬੋਝ ਸਬੰਧੀ ਚੰਨੀ ਸਰਕਾਰ ਨੂੰ ਘੇਰਿਆ। ਉਨ੍ਹਾਂ ਕਿਹਾ ਕਿ ਪੰਜਾਬ ਸਰਕਾਰ ਦੀ ਨੀਤੀ ਅਤੇ ਨੀਅਤ ਦੋਵੇਂ ਹੀ ਪੰਜਾਬ ਦੀਆਂ ਦੁਸ਼ਮਣ ਹਨ। ਉਨ੍ਹਾਂ ਕਿਹਾ ਕਿ ਜਿਸ ਕਾਂਗਰਸ ਸਰਕਾਰ ਨੇ 19 ਜਨਵਰੀ 2017 ਨੂੰ ਲਿਖਤੀ ਤੌਰ ‘ਤੇ ਕਿਸਾਨ ਮਜ਼ਦੂਰ ਨਾਲ ਸੰਪੂਰਨ ਕਰਜ਼ੇ ਮੁਆਫ ਕਰਨ ਦਾ ਵਾਅਦਾ ਕੀਤਾ ਸੀ, ਉਹੀ ਪੌਣੇ ਪੰਜ ਸਾਲਾਂ ਵਿਚ ਪੂਰਾ ਨਹੀਂ ਕਰ ਸਕੀ। ਵਿਰੋਧੀ ਧਿਰ ਦੇ ਨੇਤਾ ਨੇ ਦੋਸ਼ ਲਾਇਆ ਕਿ ਹੁਣ ਚਰਨਜੀਤ ਸਿੰਘ ਚੰਨੀ ਮੁੜ ਕਿਸਾਨਾਂ ਅਤੇ ਮਜ਼ਦੂਰਾਂ ਨੂੰ ਗੁਮਰਾਹ ਕਰਨ ਦੀ ਕੋਸ਼ਿਸ਼ ਕਰ ਰਹੇ ਹਨ। ਉਨ੍ਹਾਂ ਮੰਗ ਕੀਤੀ ਕਿ ਮੁੱਖ ਮੰਤਰੀ ਇਕ ਸਮਾਂ ਸੀਮਾ ਤੈਅ ਕਰ ਕੇ ਚੋਣ ਜ਼ਾਬਤਾ ਲੱਗਣ ਤੋਂ ਪਹਿਲਾਂ ਕਿਸਾਨਾਂ ਤੇ ਮਜ਼ਦੂਰਾਂ ਦਾ ਸੰਪੂਰਨ ਕਰਜ਼ਾ ਮੁਆਫ ਕਰਨ ਦਾ ਐਲਾਨ ਕਰਨ।

ਉਨ੍ਹਾਂ ਕਿਹਾ ਕਿ ਜੇਕਰ ਮੁੱਖ ਮੰਤਰੀ ਅਜਿਹਾ ਨਹੀਂ ਕਰ ਸਕਦੇ ਤਾਂ ਬਾਕੀ ਵਾਅਦੇ ਕੋਈ ਮਾਇਨੇ ਨਹੀਂ ਰੱਖਦੇ। ‘ਆਪ’ ਆਗੂ ਨੇ ਕਿਹਾ ਕਿ ਸਰਕਾਰ ਸਿਰਫ ਐਲਾਨਾਂ ’ਤੇ ਜ਼ੋਰ ਦੇ ਰਹੀ ਹੈ ਪਰ ਜਦੋਂ ਪੈਸਾ ਖਰਚ ਕਰਨਾ ਪੈਂਦਾ ਹੈ ਤਾਂ ਸਰਕਾਰ ਭੱਜ ਜਾਂਦੀ ਹੈ। ਸ੍ਰੀ ਚੀਮਾ ਨੇ ਕਿਹਾ ਕਿ ਪੂਰੇ ਦੇਸ਼ ਦਾ ਢਿੱਡ ਭਰਨ ਵਾਲੇ ਪੰਜਾਬ ਦੇ ਅੰਨਦਾਤਾ ਸਿਰ ਪਹਿਲਾਂ 90 ਹਜ਼ਾਰ ਕਰੋੜ ਰੁਪਏ ਕਰਜ਼ਾ ਸੀ, ਜੋ ਹੁਣ ਵਧ ਕੇ ਡੇਢ ਲੱਖ ਕਰੋੜ ’ਤੇ ਪਹੁੰਚ ਗਿਆ ਹੈ ਅਤੇ ਇਸ ਦੇ ਬਾਵਜੂਦ ਚੰਨੀ ਸਰਕਾਰ ਕਿਸਾਨਾਂ ਨੂੰ ਰਾਹਤ ਦੇਣ ਲਈ ਤਿਆਰ ਨਹੀਂ ਹੈ।


*To Advertise with Punjab Times*

***Call: 847-359-0746***


# Matrimonials

### ਲੜਕੇ ਦੀ ਲੋੜ ਹੈ

Looking for a suitable Ramgarhia Sikh Dhiman match for our beautiful daughter (green card holder), 28 years, 5’ 7", MSC - Physics (India), and licensed paraprofessional educator, residing in Chicago area. Please contact: manpreets1211@gmail.com

Jatt Sikh family looking for a suitable match for their 30 yrs, 5’-8" born and raised in US, never married daughter. Degree in BBA & working in Oil & Gas. Vegetarian/non drinker preferred. Please send bio-data/pictures to kaurd1991@yahoo.com

### ਲੜਕੀ ਦੀ ਲੋੜ ਹੈ

Suitable match for Ramgarhia sikh boy. 5’8” 1993 born. Qualification BBA Finance & Accounting. MS in Information System Management from US university. Please contact us at 713-594-3233 and email us at Ranbir60@yahoo.com.

DEC-MARCH

Looking for educated Punjabi Sikh girl for Jatt boy 28, 6', US born and raised. Never married. RN-Nurse. Vegetarian/non-drinker preferred. Send bio and picture to dina.kaur@yahoo.com.

ਸੈਣੀ ਸਿੱਖ ਉਮਰ 36 ਸਾਲ, ਕੱਦ 5'-8" ਗੈਸ ਸਟੇਸ਼ਨ 'ਤੇ ਮੈਨੇਜਰ ਵਜੋਂ ਕੰਮ ਕਰਦੇ, ਨਸ਼ਿਆਂ ਤੋਂ ਰਹਿਤ ਲੜਕੇ ਲਈ ਸੋਹਣੀ-ਸੁਨੱਖੀ ਅਮਰੀਕਨ ਸਿਟੀਜ਼ਨ ਜਾਂ ਗਰੀਨ ਕਾਰਡ ਹੋਲਡਰ ਪਰਿਵਾਰਕ ਲੜਕੀ ਦੀ ਲੋੜ ਹੈ। ਤਲਾਕਸ਼ੁਦਾ 'ਤੇ ਵੀ ਵਿਚਾਰ ਹੋ ਸਕਦੀ ਹੈ। ਜਾਤ-ਪਾਤ ਦਾ ਕੋਈ ਬੰਧਨ ਨਹੀਂ। ਸੰਪਰਕ ਕਰੋ: 319-670-8892

ਜੱਟ ਸਿੱਖ, ਕੱਦ 6 ਫੁੱਟ, ਉਮਰ 40 ਸਾਲ (ਸਿੰਗਲ) ਅਮੈਰੀਕਨ ਸਿਟੀਜ਼ਨ ਲੜਕੇ ਲਈ ਪਰਿਵਾਰਕ ਲੜਕੀ ਦੀ ਲੋੜ ਹੈ। ਵਿਜ਼ੀਟਰ ਵੈਲਕਮ। ਸੰਪਰਕ ਕਰੋ: 925-778-0353

Looking for a suitable educated US Citizen/Green Card holder Punjabi Sikh woman for Punjabi Jatt Sikh Gill clean shaven Divorced man 43, 5’-7", US Citizen, belongs to educated family from Punjab, India. Please contact at: sukhkaran1978@outlook.com


LAW OFFICES OF VIVEK MALIK

Follow us on :



ACCOMPLISHED IMMIGRATION Attorneys help FAMILIES REUNITE in the UNITED STATES

Our Global & Nationwide Services in the field of U.S. Immigration & Nationality Law

Business Immigration & Worksite Compliance
ਬਿੰਜ਼ਨੈਸ ਇੰਮੀਗਰੇਸ਼ਨ ਐਂਡ ਵਰਕਸਾਈਟ ਕਮਪਲਾਇਸ

Family & General Immigration
ਫੈਮਿਲੀ ਐਂਡ ਜਨਰਲ ਇੰਮੀਗਰੇਸ਼ਨ

Naturalization & Citizenship
ਨੈਚੁਰਲਾਈਜ਼ੇਸ਼ਨ ਐਂਡ ਸਿਟੀਜ਼ਨਸ਼ਿਪ

Removal Defense & Waivers
ਰੀਮੁਵਲ ਡਿਫੈਂਸੀ ਐਂਡ ਵੇਵੇਰਸ

Come talk to an experienced immigration attorney

Toll Free No. 866-424-4000

OUR OFFICES
- 432 S Emerson Ave, Suite 220, Greenwood, IN 46143 Phone: 317.560.4777
- 1067 N Mason Rd., Suite 4, St Louis, Missouri 63141 Phone: 314.416.8000
- 2440 W Shaw Ave., Suite 205, Fresno, California 93711 Phone: 559.578.4344

www.usa-immigrationlaw.com

Languages SPOKEN Punjabi | Hindi | Urdu | Spanish & English



## ਤੰਦੂਰੀਏ, ਕੁੱਕ, ਕਿਚਨ ਹੈਲਪਰ, ਵੇਟਰ ਅਤੇ ਡਿਸ਼ਵਾਸ਼ਰ ਦੀ ਲੋੜ ਹੈ

ਮੈਡੀਸਨ, ਵਿਸਕਾਨਸਿਨ ਵਿਚ ਭਾਰਤੀ ਰੈਸਟੋਰੈਂਟ ‘ਢਾਬਾ’ ਲਈ ਤੰਦੂਰੀਏ, ਕੁੱਕ, ਕਿਚਨ ਹੈਲਪਰ, ਵੇਟਰ ਤੇ ਡਿਸ਼ਵਾਸ਼ਰ ਦੀ ਲੋੜ ਹੈ।

ਮੁਫਤ ਖਾਣਾ ਤੇ ਹੋਰ ਸਹੂਲਤਾਂ

*ਸੰਪਰਕ ਕਰੋ: ਮਿਸਟਰ ਸਿੰਘ*

**ਫੋਨ: 608-886-2500**

41-48



## ਕਿਸੇ ਵੀ ਉਮਰ ਵਿਚ ਕਿਸੇ ਵੀ ਬਿਮਾਰੀ ਦਾ ਇਲਾਜ ਕਰਵਾਉਂਦੇ ਜੇ ਥੱਕ ਗਏ ਹੋ ਤਾਂ ਕਾਲ ਕਰੋ

**ਫੋਨ (408) 687-1899**

**Gurdip Singh Sandhu**

Homeopathic Practitioner/Consultant Since 1973
DHMS-Gold Medalist, BAMS, MDEh.- India

**Well Experienced as:**
Director, Principal, Professor and Chief Medical Officer in Medical Colleges and Hospitals of Punjab (India)
Practice Under State of California Act SB 577
**EX Member:** The California Homeopathic Society
National Center For Homeopathy- USA



*Gurdip Singh Sandhu*

**Live on Jas TV**
**Saturday 9:30AM and Sunday 4PM (Pacific Time)**

**7021 Village Park Way, Dublin, CA 94568**

Email: Homeomedicine@yahoo.com

# ਮੋਦੀ ਵੱਲੋਂ ਮੁਆਫੀ ਮੰਗਦਿਆਂ ਖੇਤੀ ਕਾਨੂੰਨ ਵਾਪਸ ਲੈਣ ਦਾ ਐਲਾਨ

**ਨਵੀਂ ਦਿੱਲੀ:** ਪ੍ਰਧਾਨ ਮੰਤਰੀ ਨਰਿੰਦਰ ਮੋਦੀ ਨੇ ਆਖਰਕਾਰ ਤਿੰਨ ਵਿਵਾਦਗ੍ਰਸਤ ਖੇਤੀ ਕਾਨੂੰਨਾਂ ਬਾਰੇ ਆਪਣੀ ਸਰਕਾਰ ਦੇ ਪੈਰ ਪਿੱਛੇ ਖਿੱਚ ਲਏ। ਉਨ੍ਹਾਂ ਦੇਸ ਤੋਂ ਮੁਆਫੀ ਮੰਗਦਿਆਂ ਕਾਨੂੰਨਾਂ ਨੂੰ ਰੱਦ ਕਰਨ ਅਤੇ ਘੱਟੋ-ਘੱਟ ਸਮਰਥਨ ਮੁੱਲ ਨਾਲ ਸਬੰਧਤ ਮੁੱਦਿਆਂ ਦੀ ਘੋਖ ਕਰਨ ਲਈ ਕਮੇਟੀ ਬਣਾਉਣ ਦਾ ਐਲਾਨ ਕੀਤਾ।

ਪ੍ਰਧਾਨ ਮੰਤਰੀ ਨਰਿੰਦਰ ਮੋਦੀ ਨੇ ਗੁਰੂ ਨਾਨਕ ਦੇਵ ਜੀ ਦੇ ਪ੍ਰਕਾਸ਼ ਪੁਰਬ ਮੌਕੇ ਕੌਮ ਦੇ ਨਾਂ ਸੰਦੇਸ਼ ਵਿਚ ਕਿਹਾ ਕਿ ਇਨ੍ਹਾਂ ਕਾਨੂੰਨਾਂ ਨੂੰ ਰੱਦ ਕਰਨ ਦੀ ਸੰਵਿਧਾਨਕ ਪ੍ਰਕਿਰਿਆ ਸੰਸਦ ਦੇ ਆਉਣ ਵਾਲੇ ਸਰਦ ਰੁੱਤ ਸੈਸ਼ਨ ਦੌਰਾਨ ਪੂਰੀ ਕਰ ਲਈ ਜਾਵੇਗੀ।

ਪਹਿਲੀ ਪਾਤਸ਼ਾਹੀ ਗੁਰੂ ਨਾਨਕ ਦੇਵ ਜੀ ਦੇ ਪ੍ਰਕਾਸ਼ ਪੁਰਬ ਮੌਕੇ ਟੀਵੀ 'ਤੇ ਪ੍ਰਸਾਰਿਤ ਆਪਣੇ ਸੁਨੇਹੇ 'ਚ ਸ੍ਰੀ ਮੋਦੀ ਨੇ ਕਿਸਾਨਾਂ ਨੂੰ ਅਪੀਲ ਕੀਤੀ ਕਿ ਉਹ ਆਪਣਾ ਅੰਦੋਲਨ ਤੁਰਤ ਖਤਮ ਕਰਕੇ ਘਰਾਂ ਨੂੰ ਪਰਤ ਜਾਣ। ਪ੍ਰਧਾਨ ਮੰਤਰੀ ਨੇ ਕਿਹਾ ਕਿ ਕਾਨੂੰਨਾਂ ਨੂੰ ਵਾਪਸ ਲੈਣ ਲਈ ਸੰਸਦ ਦੇ 29 ਨਵੰਬਰ ਤੋਂ ਸ਼ੁਰੂ ਹੋਣ ਜਾ ਰਹੇ ਸਰਦ ਰੁੱਤ ਇਜਲਾਸ ਦੌਰਾਨ ਸੰਵਿਧਾਨਕ ਪ੍ਰਕਿਰਿਆ ਸ਼ੁਰੂ ਕੀਤੀ ਜਾਵੇਗੀ। ਉਂਜ ਉਨ੍ਹਾਂ ਅਜੇ ਵੀ ਕਾਨੂੰਨਾਂ ਦਾ ਪੱਖ ਪੂਰਨ ਦੀ ਕੋਸ਼ਿਸ਼ ਕੀਤੀ।

ਹੁਕਮਰਾਨ ਭਾਜਪਾ ਨੂੰ ਆਸ ਹੈ ਕਿ ਕੇਂਦਰ ਸਰਕਾਰ ਦੇ ਇਸ ਫੈਸਲੇ ਨਾਲ ਵਿਧਾਨ ਸਭਾ ਚੋਣਾਂ ਵਾਲੇ ਸੂਬਿਆਂ ਪੰਜਾਬ ਦੇ ਸਿੱਖਾਂ ਅਤੇ ਯੂਪੀ ਦੇ ਪੱਛਮੀ ਖਿੱਤੇ ਦੇ ਜਾਟਾਂ ਨੂੰ ਰਾਜ਼ੀ ਕਰ ਲਿਆ ਜਾਵੇਗਾ ਅਤੇ ਹਰਿਆਣਾ 'ਚ ਵੀ ਚੱਲ ਰਿਹਾ ਟਕਰਾਅ ਖਤਮ ਹੋ ਜਾਵੇਗਾ। ਖੇਤੀ ਕਾਨੂੰਨ ਵਾਪਸ ਲਏ ਜਾਣ ਦੇ ਐਲਾਨ ਨਾਲ ਪੰਜਾਬ 'ਚ ਭਾਜਪਾ ਅਤੇ ਸਾਬਕਾ ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ ਦੀ ਪਾਰਟੀ ਵਿਚਕਾਰ ਗੱਠਜੋੜ ਬਣਨ ਦਾ ਰਾਹ ਸੁਖਾਲਾ ਹੋ ਜਾਵੇਗਾ ਜਿਨ੍ਹਾਂ ਇਸ ਐਲਾਨ ਨੂੰ 'ਵੱਡੀ ਖਬਰ' ਕਰਾਰ ਦਿੰਦਿਆਂ 'ਹਰੇਕ ਪੰਜਾਬੀ' ਦੀ ਮੰਗ ਮੰਨਣ ਲਈ ਸ੍ਰੀ ਮੋਦੀ ਦਾ ਧੰਨਵਾਦ



ਕੀਤਾ ਹੈ।

ਕਿਸਾਨ ਜਥੇਬੰਦੀਆਂ ਨੇ ਕੇਂਦਰ ਦੇ ਇਸ ਫੈਸਲੇ ਨੂੰ ਵੱਡੀ ਜਿੱਤ ਕਰਾਰ ਦਿੱਤਾ ਹੈ ਜਦਕਿ ਵਿਰੋਧੀ ਧਿਰਾਂ ਨੇ ਦਾਅਵਾ ਕੀਤਾ ਕਿ ਪੰਜਾਬ ਅਤੇ ਉਤਰ ਪ੍ਰਦੇਸ਼ ਦੀਆਂ ਆਗਾਮੀ ਵਿਧਾਨ ਸਭਾ ਚੋਣਾਂ ਨੂੰ ਦੇਖਦਿਆਂ ਭਾਜਪਾ ਨੇ ਇਹ ਪੱਤਾ ਖੇਡਿਆ ਹੈ ਜਿਥੇ ਕਿਸਾਨਾਂ ਦਾ ਬਹੁਤ ਜ਼ਿਆਦਾ ਆਧਾਰ ਹੈ।

ਇਸ ਤੋਂ ਪਹਿਲਾਂ ਪ੍ਰਧਾਨ ਮੰਤਰੀ ਨੇ ਤਿੰਨੋਂ ਖੇਤੀ ਕਾਨੂੰਨਾਂ ਨਾਲ ਕਿਸਾਨਾਂ, ਖਾਸ ਕਰਕੇ ਛੋਟੇ ਕਿਸਾਨਾਂ ਨੂੰ ਹੋਣ ਵਾਲੇ ਫਾਇਦੇ ਗਿਣਵਾਏ ਅਤੇ ਕਿਹਾ ਕਿ ਉਨ੍ਹਾਂ ਦੀ ਸਰਕਾਰ ਨੇ ਵਧੀਆ ਭਾਵਨਾ ਨਾਲ ਇਹ ਕਾਨੂੰਨ ਲਿਆਂਦੇ ਸਨ। ਇਸ ਮਗਰੋਂ ਉਨ੍ਹਾਂ ਦੇਸ਼ ਦੇ ਲੋਕਾਂ ਤੋਂ ਮੁਆਫੀ ਮੰਗਦਿਆਂ ਕਿਹਾ,''ਮੈਂ ਸਾਫ ਦਿਲ ਨਾਲ ਇਹ ਦੱਸਣਾ ਚਾਹੁੰਦਾ ਹਾਂ ਕਿ ਸਰਕਾਰ ਦੀਆਂ ਕੋਸ਼ਿਸ਼ਾਂ 'ਚ ਸ਼ਾਇਦ ਕੁਝ ਖਾਮੀਆਂ ਰਹਿ ਗਈਆਂ ਹੋਣਗੀਆਂ ਜਿਨ੍ਹਾਂ ਕਰਕੇ ਉਹ ਕੁਝ ਕਿਸਾਨਾਂ ਨੂੰ ਹਕੀਕਤ ਬਾਰੇ ਸੰਤੁਸ਼ਟ ਨਹੀਂ ਕਰਵਾ ਸਕੇ ਜੋ ਮੋਮਬੱਤੀ ਦੀ ਰੋਸ਼ਨੀ ਵਾਂਗ ਬਿਲਕੁਲ ਸਾਫ ਸੀ।"

ਉਨ੍ਹਾਂ ਕਿਹਾ ਕਿ ਕਈ ਕਿਸਾਨ ਜਥੇਬੰਦੀਆਂ, ਖੇਤੀ ਮਾਹਿਰਾਂ, ਵਿਗਿਆਨੀਆਂ ਅਤੇ ਅਗਾਂਹਵਧੂ ਕਿਸਾਨਾਂ ਨੇ ਕਾਨੂੰਨਾਂ ਦਾ ਪੱਖ ਪੂਰਿਆ ਸੀ। 'ਅਸੀਂ ਕਾਨੂੰਨ ਦੋ ਸਾਲ ਲਈ ਮੁਅੱਤਲ ਕਰਨ ਦੀ ਪੇਸ਼ਕਸ਼ ਦੇ ਨਾਲ ਨਾਲ ਕਾਨੂੰਨ ਦੀਆਂ ਇਤਰਾਜਯੋਗ ਮੱਦਾਂ 'ਚ ਸੋਧ ਕਰਨ ਦੀ ਵੀ ਪੇਸ਼ਕਸ਼ ਕੀਤੀ ਸੀ ਪਰ ਕਿਸਾਨਾਂ ਦਾ ਇਕ ਧੜਾ ਇਸ ਲਈ ਰਾਜ਼ੀ ਨਹੀਂ ਹੋਇਆ। ਉਂਜ ਉਹ ਸਾਡੇ ਲਈ ਅਜੇ ਵੀ ਮਹੱਤਵਪੂਰਨ ਹਨ।' ਜ਼ਿਕਰਯੋਗ ਹੈ ਕਿ ਸੁਪਰੀਮ ਕੋਰਟ ਨੇ ਤਿੰਨੋਂ ਖੇਤੀ ਕਾਨੂੰਨਾਂ ਦੇ ਅਮਲ 'ਤੇ ਰੋਕ ਲਗਾ ਦਿੱਤੀ ਸੀ। ਪ੍ਰਧਾਨ ਮੰਤਰੀ ਨਰਿੰਦਰ ਮੋਦੀ ਨੇ ਕਿਹਾ ਕਿ ਗੁਰੂ ਨਾਨਕ ਦਾ ਪ੍ਰਕਾਸ਼ ਪੁਰਬ ਕਿਸੇ 'ਤੇ ਦੋਸ਼ ਮੜ੍ਹਨ ਦਾ ਮੌਕਾ ਨਹੀਂ ਹੈ। 'ਮੈਂ ਤੁਹਾਨੂੰ, ਪੂਰੇ ਮੁਲਕ ਨੂੰ ਦੱਸਣਾ ਚਾਹੁੰਦਾ ਹਾਂ ਕਿ ਅਸੀਂ ਤਿੰਨੋਂ ਖੇਤੀ ਕਾਨੂੰਨ ਰੱਦ ਕਰਨ ਦਾ ਫੈਸਲਾ ਲਿਆ ਹੈ। ਮੈਂ ਅੰਦੋਲਨ ਕਰ ਰਹੇ ਆਪਣੇ ਸਾਰੇ ਕਿਸਾਨ ਭਰਾਵਾਂ ਨੂੰ ਅੱਜ ਗੁਰਪੁਰਬ ਦੇ ਪਵਿੱਤਰ ਮੌਕੇ 'ਤੇ ਬੇਨਤੀ ਕਰਦਾ ਹਾਂ ਕਿ ਉਹ ਆਪਣੇ ਘਰਾਂ, ਖੇਤਾਂ ਤੇ ਪਰਿਵਾਰਾਂ ਕੋਲ ਪਰਤ ਜਾਣ ਅਤੇ ਨਵੀਂ ਸ਼ੁਰੂਆਤ ਕਰਨ। ਆਉ ਅਸੀਂ ਸਾਰੇ ਨਵੇਂ ਸਿਰੇ ਤੋਂ ਅੱਗੇ ਵਧੀਏ।'

ਸਾਲ 2014 'ਚ ਸੱਤਾ 'ਚ ਆਉਣ ਤੋਂ ਬਾਅਦ ਨਰਿੰਦਰ ਮੋਦੀ ਦੀ ਅਗਵਾਈ ਹੇਠਲੀ ਸਰਕਾਰ ਨੂੰ ਕਿਸਾਨਾਂ ਨਾਲ ਜੁੜਿਆ ਦੂਜਾ ਵੱਡਾ ਫੈਸਲਾ ਬਦਲਣਾ ਪਿਆ ਹੈ। ਸਾਲ 2015 'ਚ ਕੇਂਦਰ ਸਰਕਾਰ ਨੇ ਜ਼ਮੀਨਾਂ ਐਕੁਆਇਰ ਕਰਨ ਸਬੰਧੀ ਆਰਡੀਨੈਂਸ ਲਿਆਂਦਾ ਸੀ ਪਰ ਵਿਰੋਧੀ ਪਾਰਟੀਆਂ ਦੇ ਤਿੱਖੇ ਵਿਰੋਧ ਕਾਰਨ ਸਰਕਾਰ ਨੇ ਇਸ ਦੀ ਮਿਆਦ ਪੁੱਗ ਜਾਣ ਦਿੱਤੀ ਸੀ। ਉਸ ਸਮੇਂ ਕਾਂਗਰਸ ਆਗੂ ਰਾਹੁਲ ਗਾਂਧੀ ਨੇ ਮੋਦੀ ਸਰਕਾਰ ਨੂੰ 'ਸੂਟ-ਬੂਟ ਕੀ ਸਰਕਾਰ' ਦਾ ਲਕਬ ਦਿੱਤਾ ਸੀ।

ਆਪਣੇ ਸੰਬੋਧਨ ਦੌਰਾਨ ਸ੍ਰੀ ਮੋਦੀ ਨੇ ਜ਼ੀਰੋ ਬਜਟ 'ਤੇ ਆਧਾਰਿਤ ਖੇਤੀ ਨੂੰ ਉਤਸ਼ਾਹਿਤ ਕਰਨ ਲਈ ਕਮੇਟੀ ਦੇ ਗਠਨ ਦਾ ਵੀ ਐਲਾਨ ਕੀਤਾ ਜੋ ਕੁਦਰਤੀ ਖਾਦਾਂ, ਸਥਾਨਕ ਬੀਜਾਂ, ਫਸਲੀ ਚੱਕਰ ਨੂੰ ਬਦਲਣ ਅਤੇ ਐਮ.ਐਸ.ਪੀ. ਨੂੰ ਵਧੇਰੇ ਢੁਕਵਾਂ ਤੇ ਪਾਰਦਰਸ਼ੀ ਬਣਾਉਣ 'ਚ ਸਹਾਇਤਾ ਕਰੇਗੀ।

ਇਸ ਕਮੇਟੀ 'ਚ ਕੇਂਦਰ ਸਰਕਾਰ, ਸੂਬਾ ਸਰਕਾਰਾਂ, ਕਿਸਾਨਾਂ, ਖੇਤੀ ਵਿਗਿਆਨੀਆਂ ਅਤੇ ਖੇਤੀ ਮਾਹਿਰਾਂ ਦੇ ਨੁਮਾਇੰਦੇ ਸ਼ਾਮਲ ਹੋਣਗੇ। ਪ੍ਰਧਾਨ ਮੰਤਰੀ ਨੇ ਕਿਹਾ ਕਿ ਉਨ੍ਹਾਂ ਆਪਣੇ ਪੰਜ ਦਹਾਕਿਆਂ ਤੋਂ ਜ਼ਿਆਦਾ ਸਮੇਂ ਦੇ ਜਨਤਕ ਜੀਵਨ ਦੌਰਾਨ ਕਿਸਾਨਾਂ ਦੀਆਂ ਮੁਸ਼ਕਲਾਂ ਅਤੇ ਚੁਣੌਤੀਆਂ ਨੂੰ ਬਹੁਤ ਨੇੜਿਉਂ ਦੇਖਿਆ ਸੀ ਅਤੇ ਉਨ੍ਹਾਂ ਨੂੰ ਤਾਕਤਵਰ ਬਣਾਉਣ ਲਈ ਤਿੰਨ ਖੇਤੀ ਕਾਨੂੰਨ ਲਿਆਂਦੇ ਗਏ ਸਨ। 'ਜਦੋਂ ਮੁਲਕ ਨੇ ਮੈਨੂੰ 2014 'ਚ ਪ੍ਰਧਾਨ ਸੇਵਕ ਵਜੋਂ ਸੇਵਾ ਕਰਨ ਦਾ ਮੌਕਾ ਦਿੱਤਾ ਤਾਂ ਮੈਂ ਕਿਸਾਨਾਂ ਦੀ ਭਲਾਈ ਅਤੇ ਖੇਤੀ ਵਿਕਾਸ ਨੂੰ ਤਰਜੀਹ ਦਿੱਤੀ।' ਉਨ੍ਹਾਂ ਛੋਟੇ ਕਿਸਾਨਾਂ ਦੀ ਭਲਾਈ ਲਈ ਉਠਾਏ ਗਏ ਕਦਮਾਂ ਦੀ ਜਾਣਕਾਰੀ ਦਿੰਦਿਆਂ ਕਿਹਾ ਕਿ ਹੁਣ ਖੇਤੀ ਬਜਟ 'ਤੇ ਪਹਿਲਾਂ ਨਾਲੋਂ ਪੰਜ ਗੁਣਾ ਜ਼ਿਆਦਾ ਪੈਸਾ ਯਾਨੀ ਕਰੀਬ ਸਵਾ ਲੱਖ ਕਰੋੜ ਰੁਪਏ ਸਾਲਾਨਾ ਖਰਚਿਆ ਜਾ ਰਿਹਾ ਹੈ।

## ਕਿਸਾਨ ਧਰਨਾ ਖਤਮ ਕਰ ਕੇ ਘਰਾਂ ਨੂੰ ਜਾਣ: ਵਿੱਜ

**ਅੰਬਾਲਾ:** ਹਰਿਆਣਾ ਦੇ ਗ੍ਰਹਿ ਮੰਤਰੀ ਅਨਿਲ ਵਿੱਜ ਨੇ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਦੇ ਖੇਤੀ ਕਾਨੂੰਨ ਵਾਪਸ ਲੈਣ ਦੇ ਬਿਆਨ ਤੋਂ ਕਿਹਾ ਕਿ ਗੁਰੂ ਨਾਨਕ ਦੇਵ ਦੇ ਪ੍ਰਕਾਸ਼ ਪੁਰਬ 'ਤੇ ਪ੍ਰਧਾਨ ਮੰਤਰੀ ਵੱਲੋਂ ਤਿੰਨੇ ਕਾਨੂੰਨ ਵਾਪਸ ਲੈਣ ਦੇ ਐਲਾਨ ਦਾ ਸਮੂਹ ਕਿਸਾਨਾਂ ਵੱਲੋਂ ਸਵਾਗਤ ਕੀਤਾ ਜਾਣਾ ਚਾਹੀਦਾ ਹੈ। ਉਨ੍ਹਾਂ ਕਿਹਾ ਕਿ ਕਿਸਾਨਾਂ ਨੂੰ ਆਪਣਾ ਧਰਨਾ ਖਤਮ ਕਰ ਕੇ ਘਰਾਂ ਨੂੰ ਵਾਪਸ ਜਾ ਕੇ ਰੋਜ਼ਾਨਾ ਦੇ ਕੰਮਾਂ ਵਿਚ ਲੱਗ ਜਾਣਾ ਚਾਹੀਦਾ ਹੈ।

## ਦੇਰ ਆਏ ਦਰੁਸਤ ਆਏ: ਸੱਤਿਆਪਾਲ ਮਲਿਕ

**ਨਵੀਂ ਦਿੱਲੀ:** ਸ਼ੁਰੂ ਤੋਂ ਖੇਤੀ ਕਾਨੂੰਨਾਂ ਦੇ ਮਾਮਲੇ 'ਚ ਕਿਸਾਨਾਂ ਨਾਲ ਖੜ੍ਹੇ ਵਿਖਾਈ ਦਿੱਤੇ ਮੇਘਾਲਿਆ ਦੇ ਰਾਜਪਾਲ ਸੱਤਿਆਪਾਲ ਮਲਿਕ ਨੇ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਵੱਲੋਂ ਖੇਤੀ ਕਾਨੂੰਨ ਵਾਪਸ ਲੈਣ ਸਬੰਧੀ ਕੀਤੇ ਐਲਾਨ ਮਗਰੋਂ ਕਿਹਾ,'ਮੇਰੇ ਵੱਲੋਂ ਕਿਸਾਨਾਂ ਨੂੰ ਮੁਬਾਰਕਬਾਦ, ਕਿਉਂਕਿ ਉਨ੍ਹਾਂ ਬਹੁਤ ਹੀ ਸ਼ਾਂਤੀਪੂਰਨ ਢੰਗ ਨਾਲ ਇਸ ਅੰਦੋਲਨ ਨੂੰ ਚਲਾ ਕੇ ਇਕ ਇਤਿਹਾਸ ਰਚ ਦਿੱਤਾ ਹੈ ਤੇ ਖੇਤੀ ਕਾਨੂੰਨ ਰੱਦ ਕਰ ਕੇ ਪ੍ਰਧਾਨ ਮੰਤਰੀ ਨੇ ਵਡੱਪਣ ਵਿਖਾਇਆ ਹੈ, 'ਦੇਰ ਆਏ ਦਰੁਸਤ ਆਏ'। ਉਨ੍ਹਾਂ ਕਿਹਾ ਕਿ ਜੇਕਰ ਇਹ ਫੈਸਲਾ ਪਹਿਲਾਂ ਲੈ ਲਿਆ ਹੁੰਦਾ ਤਾਂ ਚੰਗਾ ਹੁੰਦਾ।

## ਸਰਕਾਰ ਦਾ ਫੈਸਲਾ ਸ਼ਰਮਨਾਕ: ਕੰਗਨਾ

**ਮੁੰਬਈ:** ਪ੍ਰਧਾਨ ਮੰਤਰੀ ਨਰਿੰਦਰ ਮੋਦੀ ਵੱਲੋਂ ਤਿੰਨ ਨਵੇਂ ਖੇਤੀ ਕਾਨੂੰਨ ਵਾਪਸ ਲੈਣ ਸਬੰਧੀ ਕੀਤੇ ਐਲਾਨ 'ਤੇ ਫਿਲਮ ਅਦਾਕਾਰ ਕੰਗਨਾ ਰਣੌਤ ਨੇ ਦੁੱਖ ਜ਼ਾਹਿਰ ਕਰਦਿਆਂ ਇਸ ਨੂੰ ਸ਼ਰਮਨਾਕ ਫੈਸਲਾ ਕਰਾਰ ਦਿੱਤਾ ਹੈ। ਆਪਣੇ ਇੰਸਟਾਗ੍ਰਾਮ ਖਾਤੇ 'ਤੇ ਪਾਈ ਪੋਸਟ 'ਚ ਉਸ ਨੇ ਲਿਖਿਆ, 'ਦੁਖਦਾਈ, ਸ਼ਰਮਨਾਕ ਤੇ ਪੂਰੀ ਤਰ੍ਹਾਂ ਗਲਤ।' ਉਸ ਨੇ ਅੱਗੇ ਲਿਖਿਆ, 'ਜੇਕਰ ਸੰਸਦ 'ਚ ਚੁਣੀ ਹੋਈ ਸਰਕਾਰ ਦੀ ਥਾਂ ਗਲੀਆਂ 'ਚ ਬੈਠੇ ਲੋਕ ਕਾਨੂੰਨ ਬਣਾਉਣਾ ਸ਼ੁਰੂ ਕਰ ਦੇਣ ਤਾਂ ਇਹ ਇਕ ਜਹਾਦੀ ਮੁਲਕ ਹੈ। ਜੋ ਇਸ ਫੈਸਲੇ ਨੂੰ ਪਸੰਦ ਕਰਦੇ ਹਨ ਉਨ੍ਹਾਂ ਨੂੰ ਬਹੁਤ ਬਹੁਤ ਮੁਬਾਰਕਾਂ।'

# ਕਾਨੂੰਨ ਵਾਪਸੀ ਪਿੱਛੋਂ ਸਿੰਘੂ ਬਾਰਡਰ ਦੇ ਵਪਾਰੀਆਂ ਨੇ ਲਿਆ ਸੁੱਖ ਦਾ ਸਾਹ

**ਨਵੀਂ ਦਿੱਲੀ:** ਸਿੰਘੂ ਸਰਹੱਦ ਦੇ ਆਸਪਾਸ ਰਹਿਣ ਵਾਲੇ ਵਪਾਰੀਆਂ ਅਤੇ ਆਮ ਲੋਕਾਂ ਨੇ ਖੇਤੀ ਕਾਨੂੰਨ ਰੱਦ ਹੋਣ ਦਾ ਐਲਾਨ ਸੁਣ ਕੇ ਸੁੱਖ ਦੀ ਸਾਹ ਲਿਆ ਹੈ। ਪਿਛਲੇ ਸਾਲ ਤੋਂ ਸੰਘਰਸ਼ ਕਰ ਰਹੇ ਕਿਸਾਨਾਂ ਵੱਲੋਂ ਸੜਕਾਂ ਜਾਮ ਕਰਨ ਨਾਲ ਉਨ੍ਹਾਂ ਦਾ ਜੀਵਨ ਪ੍ਰਭਾਵਿਤ ਹੋ ਰਿਹਾ ਸੀ। ਸਿੰਘੂ ਸਰਹੱਦ ਉੱਤੇ ਦੁਕਾਨ ਚਲਾਉਣ ਵਾਲੇ ਸੰਦੀਪ ਲੋਚਨ ਨੇ ਕਿਹਾ ਕਿ ਉਸ ਦਾ ਕਾਰੋਬਾਰ 10 ਫੀਸਦ ਤੱਕ ਘੱਟ ਗਿਆ ਹੈ ਤੇ ਕਾਰੋਬਾਰ ਮੁੜ ਪਟੜੀ ਉੱਤੇ ਲਿਆਉਣ ਲਈ ਛੇ ਮਹੀਨਿਆਂ ਤੋਂ ਇਕ ਸਾਲ ਲੱਗ ਸਕਦਾ ਹੈ। ਸਿੰਘੂ ਬਾਰਡਰ ਨੇੜੇ ਸਥਿਤ ਪਿੰਡ ਖਟਕੜ ਦੇ ਜੈਪਾਲ ਨੇ ਕਿਹਾ ਕਿ ਅੰਦਰੂਨੀ ਇਲਾਕਿਆਂ ਵਿਚ ਆਵਾਜਾਈ ਵਧਣ ਕਾਰਨ ਸੜਕਾਂ ਨੁਕਸਾਨੀਆਂ ਗਈਆਂ ਹਨ। ਸਿੰਘੂ ਸਰਹੱਦ ਨੇੜੇ ਕਈ ਦੁਕਾਨਾਂ ਬੰਦ ਪਈਆਂ ਹਨ ਤੇ ਇਨ੍ਹਾਂ ਦੇ ਸ਼ਟਰਾਂ ਉੱਤੇ ਧੂੜ ਜਮ੍ਹਾਂ ਹੋ ਗਈ ਹੈ।

ਸਨਅਤਕਾਰਾਂ ਨੇ ਇਸ ਨੂੰ ਵਪਾਰ ਲਈ ਸਹੀ ਕਦਮ ਦੱਸਿਆ। ਉਨ੍ਹਾਂ ਆਉਣ ਵਾਲੇ ਦਿਨਾਂ 'ਚ ਕਾਰੋਬਾਰ ਦੁਬਾਰਾ ਲੀਹ 'ਤੇ ਆਉਣ ਦੀ ਉਮੀਦ ਪ੍ਰਗਟਾਈ। ਕਿਸਾਨ ਅੰਦੋਲਨ ਕਾਰਨ ਪਿਛਲੇ ਇਕ ਸਾਲ ਤੋਂ ਪੰਜਾਬ ਵਿਚ ਦੂਜੇ ਸੂਬਿਆਂ ਤੋਂ ਵਪਾਰੀਆਂ ਦੇ ਆਉਣ ਦਾ ਰੁਝਾਨ ਘਟਿਆ ਸੀ। ਇਸ ਤੋਂ ਇਲਾਵਾ ਪੰਜਾਬ ਤੋਂ ਦੂਸਰੇ ਸੂਬਿਆਂ ਵਿਚ ਸਾਮਾਨ ਵੀ ਮੁਸ਼ਕਲ ਨਾਲ ਭੇਜਿਆ ਜਾ ਰਿਹਾ ਸੀ। ਹੁਣ ਪੰਜਾਬ ਦੇ ਵਪਾਰ ਨੂੰ ਹੁਲਾਰਾ ਮਿਲੇਗਾ।



## ਕਾਂਗਰਸ ਨੇ 'ਕਿਸਾਨ ਵਿਜੈ ਦਿਵਸ' ਮਨਾਇਆ

**ਲਖਨਊ:** ਕਾਂਗਰਸ ਨੇ ਮੁਲਕ ਵਿੱਚ ਕਈ ਥਾਵਾਂ 'ਤੇ 'ਕਿਸਾਨ ਵਿਜੈ ਦਿਵਸ' ਮਨਾਉਂਦਿਆਂ ਕੇਂਦਰ ਸਰਕਾਰ ਵੱਲੋਂ ਤਿੰਨ ਖੇਤੀ ਕਾਨੂੰਨ ਵਾਪਸ ਲੈਣ ਦੇ ਫੈਸਲੇ ਨੂੰ ਕਿਸਾਨੀ ਸੰਘਰਸ਼ ਦੀ ਜਿੱਤ ਦੱਸਦਿਆਂ ਇਸ ਸੰਘਰਸ਼ ਵਿਚ ਆਪਣੀਆਂ ਜਾਨਾਂ ਗੁਆਉਣ ਵਾਲੇ ਕਿਸਾਨਾਂ ਨੂੰ ਸ਼ਰਧਾਂਜਲੀਆਂ ਭੇਟ ਕੀਤੀਆਂ। ਪਾਰਟੀ ਕਾਰਕੁਨਾਂ ਨੇ ਯੂਪੀ ਵਿਚ ਕਰਵਾਏ ਸਮਾਗਮ ਦੌਰਾਨ ਦੀਵੇ ਬਾਲਕੇ ਅਤੇ ਮੌਨ ਧਾਰਨ ਕਰ ਕੇ ਕਿਸਾਨੀ ਸੰਘਰਸ਼ ਦੇ ਸ਼ਹੀਦਾਂ ਨੂੰ ਸ਼ਰਧਾਂਜਲੀਆਂ ਭੇਟ ਕੀਤੀਆਂ। ਇਸ ਦੌਰਾਨ ਦਿੱਲੀ, ਪਟਨਾ ਅਤੇ ਹੋਰ ਕਈ ਸੂਬਿਆਂ ਵਿਚ ਵੀ ਕਾਂਗਰਸੀ ਵਰਕਰਾਂ ਨੇ ਮੋਮਬੱਤੀ ਮਾਰਚ ਕੱਢੇ ਜਿਸ ਵਿਚ ਵੱਡੀ ਗਿਣਤੀ ਵਿਚ ਲੋਕਾਂ ਨੇ ਭਾਗ ਲਿਆ ਅਤੇ ਅੰਦੋਲਨ ਦੌਰਾਨ ਸ਼ਹੀਦ ਹੋਏ ਕਿਸਾਨਾਂ ਨੂੰ ਸ਼ਰਧਾਂਜਲੀਆਂ ਭੇਟ ਕੀਤੀਆਂ।

# ਵਿਰੋਧੀ ਧਿਰਾਂ ਵੱਲੋਂ ਖੇਤੀ ਕਾਨੂੰਨਾਂ ਦੀ ਵਾਪਸੀ ਸਿਆਸੀ ਮਜਬੂਰੀ ਕਰਾਰ

**ਨਵੀਂ ਦਿੱਲੀ:** ਵਿਰੋਧੀ ਧਿਰਾਂ ਨੇ ਦਾਅਵਾ ਕੀਤਾ ਹੈ ਕਿ ਕੇਂਦਰ ਸਰਕਾਰ ਵੱਲੋਂ ਆਗਾਮੀ ਵਿਧਾਨ ਸਭਾ ਚੋਣਾਂ ਵਿਚ ਹਾਰ ਦੇ ਡਰੋਂ ਤਿੰਨੋਂ ਖੇਤੀ ਕਾਨੂੰਨ ਵਾਪਸ ਲੈਣ ਦਾ ਫੈਸਲਾ ਕੀਤਾ ਹੈ। ਐਨ.ਸੀ.ਪੀ. ਮੁਖੀ ਸ਼ਰਦ ਪਵਾਰ ਨੇ ਕਿਹਾ ਹੈ ਕਿ ਭਾਜਪਾ ਦੀ ਅਗਵਾਈ ਹੇਠਲੀ ਕੇਂਦਰ ਸਰਕਾਰ ਨੇ ਉੱਤਰ ਪ੍ਰਦੇਸ਼ ਅਤੇ ਪੰਜਾਬ 'ਚ ਆਗਾਮੀ ਵਿਧਾਨ ਸਭਾ ਚੋਣਾਂ 'ਚ ਹਾਰ ਦੇ ਡਰ ਕਾਰਨ ਤਿੰਨੋਂ ਖੇਤੀ ਕਾਨੂੰਨ ਵਾਪਸ ਲੈਣ ਦਾ ਫੈਸਲਾ ਲਿਆ ਹੈ। ਅੰਦੋਲਨ ਕਰ ਰਹੇ ਕਿਸਾਨਾਂ ਨੂੰ ਸਿਜਦਾ ਕਰਦਿਆਂ ਉਨ੍ਹਾਂ ਕਿਹਾ ਕਿ ਖੇਤੀ ਕਾਨੂੰਨਾਂ ਖਿਲਾਫ ਕਿਸਾਨਾਂ ਦੇ ਇਕ ਸਾਲ ਤੱਕ ਚੱਲੇ ਸੰਘਰਸ਼ ਨੂੰ ਭੁਲਾਇਆ ਨਹੀਂ ਜਾ ਸਕਦਾ ਹੈ। ਉਨ੍ਹਾਂ ਕੇਂਦਰ ਵੱਲੋਂ ਤਿੰਨ ਖੇਤੀ ਬਿੱਲ ਪੇਸ਼ ਕਰਨ ਅਤੇ ਬਿਨਾਂ ਬਹਿਸ ਦੇ ਕਾਹਲੀ 'ਚ ਪਾਸ ਕਰਨ ਦੀ ਵੀ ਨੁਕਤਾਚੀਨੀ ਕੀਤੀ। ਪਵਾਰ ਨੇ ਕਿਹਾ ਕਿ ਜਦੋਂ ਉਹ 10 ਸਾਲਾਂ ਤੱਕ ਖੇਤੀ ਮੰਤਰੀ ਸਨ ਤਾਂ ਵਿਰੋਧੀ ਧਿਰ 'ਚ ਬੈਠੀ ਭਾਜਪਾ ਨੇ ਖੇਤੀ ਕਾਨੂੰਨਾਂ ਦਾ ਮੁੱਦਾ ਸੰਸਦ 'ਚ ਉਠਾਇਆ ਸੀ। ਉਨ੍ਹਾਂ ਕਿਹਾ ਕਿ ਖੇਤੀ ਦਾ ਵਿਸ਼ਾ ਸੂਬਿਆਂ ਦਾ ਹੈ ਅਤੇ ਕੇਂਦਰ ਨੂੰ ਇਸ 'ਚ ਦਖਲ ਨਹੀਂ ਦੇਣਾ ਚਾਹੀਦਾ।

ਕਾਂਗਰਸੀ ਆਗੂ ਪ੍ਰਿਯੰਕਾ ਗਾਂਧੀ ਨੇ ਕਿਹਾ ਕਿ ਕੇਂਦਰ ਸਰਕਾਰ ਨੇ ਆਗਾਮੀ ਵਿਧਾਨ ਸਭਾ ਚੋਣਾਂ ਵਿਚ ਹਾਰ ਦੇ ਡਰੋਂ ਤਿੰਨੋਂ ਖੇਤੀ ਕਾਨੂੰਨ



ਵਾਪਸ ਲੈਣ ਦਾ ਫੈਸਲਾ ਕੀਤਾ ਹੈ। ਉਨ੍ਹਾਂ ਕਿਹਾ ਕਿ ਕਾਨੂੰਨ ਵਾਪਸ ਲੈਣ ਦੀ ਪ੍ਰਕਿਰਿਆ ਜਲਦੀ ਤੋਂ ਜਲਦੀ ਪੂਰੀ ਕਰਨ ਲਈ ਆਰਡੀਨੈਂਸ ਲੈ ਕੇ ਆਵੇ। ਪ੍ਰਿਯੰਕਾ ਗਾਂਧੀ ਨੇ ਕੇਂਦਰੀ ਮੰਤਰੀ ਅਜੈ ਮਿਸ਼ਰਾ ਨੂੰ ਬਰਖ਼ਾਸਤ ਕਰਨ ਦੀ ਮੰਗ ਵੀ ਕੀਤੀ। ਉਨ੍ਹਾਂ ਕਿਹਾ ਕਿ ਪ੍ਰਧਾਨ ਮੰਤਰੀ ਨੂੰ ਕਿਸਾਨ ਅੰਦੋਲਨ ਦੌਰਾਨ ਮਾਰੇ ਗਏ ਕਿਸਾਨਾਂ ਨੂੰ ਸ਼ਰਧਾਂਜਲੀ ਵੀ ਭੇਟ ਕਰਨੀ ਚਾਹੀਦੀ ਹੈ।

ਕੇਂਦਰ ਵੱਲੋਂ ਖੇਤੀ ਕਾਨੂੰਨ ਵਾਪਸ ਲੈਣ ਦੇ ਫੈਸਲੇ ਨੂੰ ਕਿਸਾਨਾਂ ਤੇ ਕਾਂਗਰਸ ਲਈ ਵੱਡੀ ਜਿੱਤ ਦੱਸਦਿਆਂ ਸੀਨੀਅਰ ਕਾਂਗਰਸੀ ਆਗੂ ਪੀ. ਚਿਦੰਬਰਮ ਨੇ ਟਵਿਟਰ 'ਤੇ ਮੋਦੀ ਸਰਕਾਰ 'ਤੇ ਨਿਸ਼ਾਨਾ ਸੇਧਦਿਆਂ ਕਿਹਾ ਕਿ ਇਹ ਫੈਸਲਾ ਦਿਲੋਂ ਨਹੀਂ ਬਲਕਿ ਚੋਣਾਂ ਵਿਚ ਹਾਰ ਦੇ ਡਰੋਂ ਲਿਆ ਗਿਆ ਹੈ। ਉਨ੍ਹਾਂ ਟਵੀਟ ਕੀਤਾ,'ਲੋਕਤੰਤਰੀ ਮੁਜ਼ਾਹਰਿਆਂ ਰਾਹੀਂ ਜੋ ਹਾਸਲ ਨਹੀਂ ਕੀਤਾ ਜਾ ਸਕਦਾ, ਉਹ ਚੋਣਾਂ 'ਚ ਹਾਰ ਦੇ ਡਰੋਂ ਹਾਸਲ ਕੀਤਾ ਜਾ ਸਕਦਾ ਹੈ।' ਉਨ੍ਹਾਂ ਕਿਹਾ,'ਚਲੋ ਫਿਰ ਵੀ, ਇਹ ਕਿਸਾਨਾਂ ਤੇ ਕਾਂਗਰਸ ਪਾਰਟੀ ਲਈ ਇਹ ਇਕ ਬਹੁਤ ਵੱਡੀ ਜਿੱਤ ਹੈ ਜੋ ਖੇਤੀ ਕਾਨੂੰਨ ਵਾਪਸ ਕਰਵਾਉਣ ਲਈ ਬੁਲੰਦ ਹੌਸਲੇ ਨਾਲ ਸੰਘਰਸ਼ ਕਰ ਰਹੇ ਸਨ।'

## ਕੇਂਦਰ ਸਾਰੀਆਂ ਪਾਰਟੀਆਂ ਨੂੰ ਭਰੋਸੇ 'ਚ ਲਵੇ: ਊਧਵ

**ਮੁੰਬਈ:** ਕੇਂਦਰ ਵੱਲੋਂ ਤਿੰਨ ਵਿਵਾਦਿਤ ਕਾਨੂੰਨ ਵਾਪਸ ਲਏ ਜਾਣ ਦੇ ਫੈਸਲੇ ਮਗਰੋਂ ਮਹਾਰਾਸ਼ਟਰ ਦੇ ਮੁੱਖ ਮੰਤਰੀ ਊਧਵ ਠਾਕਰੇ ਨੇ ਸਰਕਾਰ ਨੂੰ ਸਲਾਹ ਦਿੱਤੀ ਕਿ ਉਹ ਹੁਣ ਅੱਗੇ ਤੋਂ 'ਨਮੋਸ਼ੀ' ਤੋਂ ਬਚਣ ਲਈ ਅਜਿਹੇ ਵਿਵਾਦਿਤ ਮਾਮਲਿਆਂ 'ਚ ਦੂਜੀਆਂ ਪਾਰਟੀਆਂ ਨੂੰ ਵੀ ਭਰੋਸੇ 'ਚ ਲਵੇ। ਠਾਕਰੇ ਨੇ ਕੇਂਦਰ ਦੇ ਫੈਸਲੇ ਦਾ ਸਵਾਗਤ ਕਰਦਿਆਂ ਕਿਹਾ ਕਿ ਖੇਤੀ ਕਾਨੂੰਨਾਂ ਨੂੰ ਰੱਦ ਕਰਨ ਦੇ ਐਲਾਨ ਨੇ ਦੇਸ਼ 'ਚ ਆਮ ਆਦਮੀ ਦੀ ਤਾਕਤ ਦਿਖਾ ਦਿੱਤੀ ਹੈ। ਉਨ੍ਹਾਂ ਆਸ ਜਤਾਈ ਕਿ ਕਾਨੂੰਨ ਵਾਪਸ ਲੈਣ ਦਾ ਅਮਲ ਛੇਤੀ ਮੁਕੰਮਲ ਕਰ ਲਿਆ ਜਾਵੇਗਾ। ਮੁੱਖ ਮੰਤਰੀ ਨੇ ਕਿਹਾ ਕਿ ਪੂਰੇ ਮੁਲਕ 'ਚ ਇਨ੍ਹਾਂ ਕਾਨੂੰਨਾਂ ਖਿਲਾਫ ਭਾਵਨਾਵਾਂ ਜੁੜੀਆਂ ਹੋਈਆਂ ਸਨ ਅਤੇ ਮਹਾ ਵਿਕਾਸ ਅਗਾੜੀ ਸਰਕਾਰ ਨੇ ਵੀ ਖੇਤੀ ਕਾਨੂੰਨਾਂ ਖਿਲਾਫ ਨਾਰਾਜ਼ਗੀ ਜਤਾਈ ਸੀ।

## ਸਰਕਾਰ ਹੁਣ ਚੀਨੀ ਕਬਜ਼ੇ ਦਾ ਸੱਚ ਵੀ ਮੰਨੇ: ਰਾਹੁਲ

**ਨਵੀਂ ਦਿੱਲੀ:** ਪ੍ਰਧਾਨ ਮੰਤਰੀ ਨਰਿੰਦਰ ਮੋਦੀ ਵੱਲੋਂ ਤਿੰਨ ਨਵੇਂ ਖੇਤੀ ਕਾਨੂੰਨ ਵਾਪਸ ਲੈਣ ਦੇ ਕੀਤੇ ਐਲਾਨ ਤੋਂ ਬਾਅਦ ਕਾਂਗਰਸ ਆਗੂ ਰਾਹੁਲ ਗਾਂਧੀ ਨੇ ਕੇਂਦਰ ਸਰਕਾਰ ਨੂੰ ਨਿਸ਼ਾਨੇ 'ਤੇ ਲੈਂਦਿਆਂ ਕਿਹਾ ਕਿ ਸਰਕਾਰ ਨੂੰ 'ਚੀਨ ਵੱਲੋਂ ਕੀਤੇ ਕਬਜ਼ੇ' ਦਾ ਸੱਚ ਵੀ ਸਵੀਕਾਰ ਕਰ ਲੈਣਾ ਚਾਹੀਦਾ ਹੈ। ਚੀਨ ਨਾਲ ਸਰਹੱਦੀ ਵਿਵਾਦ ਨਜਿੱਠਣ ਸਬੰਧੀ ਭਾਰਤ ਸਰਕਾਰ ਦੇ ਤੌਰ ਤਰੀਕਿਆਂ ਦੀ ਕਾਂਗਰਸ ਵੱਲੋਂ ਲੰਮੇ ਸਮੇਂ ਤੋਂ ਆਲੋਚਨਾ ਕੀਤੀ ਜਾ ਰਹੀ ਹੈ। ਕਾਂਗਰਸ ਨੇ ਕੇਂਦਰ ਸਰਕਾਰ 'ਤੇ ਦੋਸ਼ ਲਾਇਆ ਕਿ ਉਸ ਨੇ ਭਾਰਤ ਦੀ ਖੇਤਰੀ ਖ਼ੁਦਮੁਖ਼ਤਿਆਰੀ ਨਾਲ ਸਮਝੌਤਾ ਕੀਤਾ ਹੈ। ਰਾਹੁਲ ਗਾਂਧੀ ਨੇ ਹਿੰਦੀ 'ਚ ਟਵੀਟ ਕੀਤਾ, 'ਹੁਣ ਚੀਨੀ ਕਬਜ਼ੇ ਦਾ ਸੱਚ ਵੀ ਮੰਨ ਲੈਣਾ ਚਾਹੀਦਾ ਹੈ।'

## 'ਆਪ' ਵਫਦ ਨੇ ਸਰਹੱਦ ਤੋਂ ਹੀ ਟੇਕਿਆ ਮੱਥਾ

**ਡੇਰਾ ਬਾਬਾ ਨਾਨਕ:** ਆਮ ਆਦਮੀ ਪਾਰਟੀ ਪੰਜਾਬ ਦੇ ਪ੍ਰਧਾਨ ਅਤੇ ਸੰਗਰੂਰ ਤੋਂ ਲੋਕ ਸਭਾ ਮੈਂਬਰ ਭਗਵੰਤ ਸਿੰਘ ਮਾਨ 'ਆਪ' ਦੇ ਪੰਜਾਬ ਮਾਮਲਿਆਂ ਦੇ ਇੰਚਾਰਜ ਰਾਘਵ ਚੱਢਾ ਤੇ ਵਿਧਾਇਕਾਂ ਨਾਲ ਕਰਤਾਰਪੁਰ ਲਾਂਘੇ 'ਤੇ ਪੁੱਜੇ। ਇਸ ਮੌਕੇ ਉਨ੍ਹਾਂ ਸਰਹੱਦ 'ਤੇ ਦੂਰੋਂ ਖੜ੍ਹੇ ਹੋ ਕੇ ਹੀ ਗੁਰਦੁਆਰਾ ਕਰਤਾਰਪੁਰ ਸਾਹਿਬ ਦੇ ਦਰਸ਼ਨ ਕੀਤੇ ਅਤੇ ਸਰਬੱਤ ਦੇ ਭਲੇ ਲਈ ਅਰਦਾਸ ਕੀਤੀ।

'ਆਪ' ਦੇ ਵਫਦ ਨੇ ਗੁਰੂ ਨਾਨਕ ਦੇਵ ਦੇ



ਪ੍ਰਕਾਸ਼ ਪੁਰਬ ਮੌਕੇ ਗੁਰਦੁਆਰਾ ਕਰਤਾਰਪੁਰ ਸਾਹਿਬ ਜਾਣ ਦੀ ਆਗਿਆ ਮੰਗੀ ਸੀ ਪਰ ਭਾਰਤ ਸਰਕਾਰ ਨੇ ਇਨਕਾਰ ਕਰ ਦਿੱਤਾ। ਭਗਵੰਤ ਮਾਨ ਨੇ ਕਿਹਾ ਕੇਂਦਰ ਨੇ ਸਿਆਸਤ ਤੋਂ ਪ੍ਰੇਰਿਤ ਹੋ ਕੇ ਉਨ੍ਹਾਂ ਦੀ ਪਾਰਟੀ ਨੂੰ ਇਜਾਜ਼ਤ ਨਹੀਂ ਦਿੱਤੀ, ਜੋ ਕਿ ਗਲਤ ਹੈ। ਉਨ੍ਹਾਂ ਕਿਹਾ ਕਿ ਸਿਆਸਤ ਨੂੰ ਧਰਮ ਤੋਂ ਦੂਰ ਰੱਖਣਾ ਚਾਹੀਦਾ ਹੈ। ਉਨ੍ਹਾਂ ਕਿਹਾ ਕਿ ਉਹ ਤਾਂ ਆਮ ਆਦਮੀ ਹਨ, ਜਦੋਂ ਆਗਿਆ ਮਿਲੇਗੀ, ਉਦੋਂ ਮੱਥਾ ਟੇਕ ਆਉਣਗੇ। ਇਸ ਮੌਕੇ ਰਾਘਵ ਚੱਢਾ ਨੇ ਕਿਹਾ ਕਿ ਉਹ ਕੋਈ ਵੀ ਸਿਆਸੀ ਗੱਲ ਨਹੀਂ ਕਰਨਗੇ ਕਿਉਂਕਿ ਉਹ ਸਿਰਫ ਗੁਰੂ ਨਾਨਕ ਦੇਵ ਜੀ ਦੇ ਪ੍ਰਕਾਸ਼ ਪੁਰਬ ਮੌਕੇ ਨਤਮਸਤਕ ਹੋਣ ਆਏ ਹਨ।


ਤੰਦੂਰੀਏ ਅਤੇ ਕੁੱਕ ਦੀ ਲੋੜ ਹੈ

ਸੇਨ ਅੰਤੋਨੀਓ (ਟੈਕਸਾਸ) ਸਥਿਤ ਇੰਡੀਅਨ ਰੈਸਟੋਰੈਂਟ ਲਈ ਤੰਦੂਰੀਏ ਤੇ ਕੁੱਕ ਦੀ ਲੋੜ ਹੈ

ਮੁਫਤ ਖਾਣਾ ਤੇ ਹੋਰ ਸਹੂਲਤਾਂ

ਰਜਿੰਦਰ ਸਿੰਘ ਸੰਘੇੜਾ

ਕਾਲ ਕਰੋ ਜਾਂ ਟੈਕਸਟ ਕਰੋ:

ਫੋਨ: 210-834-2469



ਇੰਡੀਅਨ ਰੈਸਟੋਰੈਂਟ ਵਿਕਾਊ ਹੈ

ਮਿਲਵਾਕੀ (ਵਿਸਕਾਨਸਿਨ) ਨੇੜੇ ਇੰਡੀਅਨ ਰੈਸਟੋਰੈਂਟ ਵਿਕਾਊ ਹੈ

ਸੇਲ: 60,000 ਪ੍ਰਤੀ ਮਹੀਨਾ

ਸੰਪਰਕ ਕਰੋ: 317-874-8086

Indian Restaurent For Sale

Indian Restaurent For Sale
Near Milwaukee (WI)
Per Month Sale: 60,000

Contact: 317-874-8086



ਤੰਦੂਰੀਏ, ਕੁੱਕ, ਕਿਚਨ ਹੈਲਪਰ, ਵੇਟਰ ਅਤੇ ਡਿਸ਼ਵਾਸ਼ਰ ਦੀ ਲੋੜ ਹੈ

ਮੈਡੀਸਨ, ਵਿਸਕਾਨਸਿਨ ਵਿਚ ਭਾਰਤੀ ਰੈਸਟੋਰੈਂਟ 'ਢਾਬਾ' ਲਈ ਤੰਦੂਰੀਏ, ਕੁੱਕ, ਕਿਚਨ ਹੈਲਪਰ, ਵੇਟਰ ਤੇ ਡਿਸ਼ਵਾਸ਼ਰ ਦੀ ਲੋੜ ਹੈ।

ਮੁਫਤ ਖਾਣਾ ਤੇ ਹੋਰ ਸਹੂਲਤਾਂ

ਸੰਪਰਕ ਕਰੋ: ਮਿਸਟਰ ਸਿੰਘ

ਫੋਨ: 608-886-2500

41-48



ਤੰਦੂਰੀਏ ਦੀ ਲੋੜ ਹੈ

ਜਾਰਜੀਆ, ਕੋਲੰਬਸ ਵਿਚ ਇੰਡੀਅਨ ਰੈਸਟੋਰੈਂਟ ਵਾਸਤੇ ਤੰਦੂਰੀਏ ਦੀ ਲੋੜ ਹੈ

ਚੰਗੀ ਤਨਖਾਹ; ਖਾਣਾ ਅਤੇ ਰਿਹਾਇਸ਼ ਫਰੀ

ਸੰਪਰਕ ਕਰੋ: ਸੂਰਤ ਸਿੰਘ ਖਾਰਾ

ਫੋਨ: 205-799-2350



Punjab Times Ph: 847-359-0746

Fax:847-705-9388, e-mail:punjabtimes1@sbcglobal.net

Visit us on the web:wwwpunjabtimesusa.com



ਸੀ. ਡੀ. ਐੱਲ. ਸਟਾਰ ਲਰਨਿੰਗ ਸਕੂਲ




ਕੀ ਤੁਸੀਂ ਆਪਣੀ ਜ਼ਿੰਦਗੀ ਨੂੰ ਉਚਾਈ 'ਤੇ ਲੈ ਕੇ ਜਾਣਾ ਚਾਹੁੰਦੇ ਹੋ? ਕੀ ਤੁਸੀਂ ਨਵੇਂ ਕੈਰੀਅਰ ਲਈ ਤਿਆਰ ਹੋ? ਜੇ ਹਾਂ ਤਾਂ ਅੱਜ ਹੀ ਯੂ. ਐੱਸ. ਏ ਦੇ ਬਿਹਤਰੀਨ ਟਰੇਨਿੰਗ ਸਕੂਲ 'ਸੀ. ਡੀ. ਐੱਲ. ਸਟਾਰਟ' ਵਿਚ ਆਓ।

ਸੀ. ਡੀ. ਐੱਲ. ਸਟਾਰਟ ਟਰੇਨਿੰਗ ਸਕੂਲ ਦੀਆਂ ਵਿਸ਼ੇਸ਼ਤਾਵਾਂ:

*ਵਧੀਆ ਤੇ ਮਦਦਗਾਰ ਸਟਾਫ, ਜੋ ਪੂਰੀ ਪ੍ਰਕਿਰਿਆ ਦੌਰਾਨ ਤੁਹਾਡਾ ਮਾਰਗਦਰਸ਼ਨ ਕਰੇਗਾ।
*ਹਰੇਕ ਵਿਦਿਆਰਥੀ ਨੂੰ ਨਿੱਜੀ ਸਮਾਂ ਦਿੱਤਾ ਜਾਂਦਾ ਹੈ।
*ਸਿਖਲਾਈ ਅੰਗਰੇਜ਼ੀ ਵਿਚ ਦਿੱਤੀ ਜਾਂਦੀ ਹੈ।
*ਦੋ ਤੋਂ ਤਿੰਨ ਹਫਤਿਆਂ ਵਿਚ ਤਿਆਰੀ।
*ਦੂਜੇ ਸੂਬਿਆਂ ਤੋਂ ਆਉਣ ਵਾਲੇ ਵਿਦਿਆਰਥੀਆਂ ਲਈ ਹੋਸਟਲ ਦੀ ਸੁਵਿਧਾ।

ਸਿਖਲਾਈ ਦੀਆਂ ਸੱਤ ਸਟੇਜਾਂ:

*ਪ੍ਰੀ-ਟਰਿੱਪ ਨਿਰੀਖਣ *ਬੈਕਿੰਗ
*ਖੱਬੇ ਤੋਂ ਸੱਜੇ ਅਤੇ ਸੱਜੇ ਤੋਂ ਖੱਬੇ ਦੋਵੇਂ ਪਾਸੇ ਪਾਰਕਿੰਗ
*ਐਲੇ ਡਾਕ ਪਾਰਕਿੰਗ (Alley Dock Parking)
*ਸ਼ਹਿਰ 'ਚ ਡਰਾਈਵਿੰਗ
*ਪ੍ਰੀ-ਟੈਸਟ (ਇੰਟਰਨਲ ਪ੍ਰੀਖਿਆ)
*ਡੀ. ਐੱਮ. ਵੀ. ਵਿਚ ਪ੍ਰੀਖਿਆ (ਫਾਈਨਲ ਪ੍ਰੀਖਿਆ)

ਲੋੜੀਂਦੇ ਦਸਤਾਵੇਜ਼:

*ਯੂ. ਐੱਸ. ਏ. ਦੀ ਨਾਗਰਿਕਤਾ, ਗਰੀਨ ਕਾਰਡ ਜਾਂ ਵਰਕ ਪਰਮਿਟ।
*ਡਰਾਈਵਿੰਗ ਲਾਇਸੈਂਸ (ਕਲਾਸ ਸੀ)
*ਮੈਡੀਕਲ ਕਾਰਡ (ਫਿਜ਼ੀਕਲ ਡੀ. ਓ. ਟੀ. ਕਾਰਡ)
*ਟਰੱਕ ਡਰਾਈਵਿੰਗ ਪਰਮਿਟ (ਲਰਨਿੰਗ)

ਤਿੰਨ ਸਿਖਲਾਈ ਪ੍ਰੋਗਰਾਮ:

*ਆਟੋਮੈਟਿਕ ਗੇਅਰ ਬੌਕਸ
*ਮੈਨੂਅਲ ਗੇਅਰ ਬੌਕਸ
*ਘੰਟਾਬੱਧ ਕੋਰਸ

ਸਫਲਤਾਪੂਰਵਕ ਸਿਖਲਾਈ ਪੂਰੀ ਹੋਣ 'ਤੇ ਸੌ ਫੀਸਦੀ ਨੌਕਰੀ ਦੀ ਗਾਰੰਟੀ।

ਵਿਦਿਆਰਥੀਆਂ ਲਈ: ਕੋਵਿਡ ਮਹਾਮਾਰੀ ਮਗਰੋਂ ਕੰਪਨੀਆਂ ਪ੍ਰੋਫੈਸ਼ਨਲ ਡਰਾਈਵਰਾਂ ਦੀ ਭਾਲ 'ਚ ਹਨ ਤੇ ਉਹ ਸਾਡੇ ਵਿਦਿਆਰਥੀਆਂ ਨੂੰ ਪਹਿਲ ਦਿੰਦੀਆਂ ਹਨ।

ਸੰਪਰਕ ਕਰੋ: 1-844-227-2162 (ਸਵੇਰੇ 9 ਤੋਂ ਸ਼ਾਮ 7 ਵਜੇ)
ਈ-ਮੇਲ: info@cdlstart.com / www.cdlstart.com

**Punjab Times**
Established in 2000
22nd Year in Publication

Published every Saturday
by **A B Publication Inc.**
20451 N Plum Grove Rd.
Palatine, IL 60074-2018
**Ph:847-359-0746**
**Fax:847-705-9388**
Email:punjabtimes1@gmail.com
www.punjabtimesusa.com

**Founder Editor:**
Amolak Singh Jammu
**Astt. Editors:**
Jaspreet Kaur

**Our Columnists**
Gurbakhsh Singh Bhandal
Baljit Basi
Buta Singh
Tarlochan Singh Dupalpur
Major Kular
**California**
Shiara Dhindsa
661-703-6664
**New York**
Iqbal S. Jabowalia
917-375-6395
**Circulation**
Harbhajan Singh
917-856-5229
**Photographer**
Kamaljit Singh Virdi
Ph. 847-502-2703

**Distributed in:**
California, Illinois, Indiana, Ohio, Michigan, Wisconsin, Mississippi, Iowa, Arkansas, Massachusetts, Texas, Virginia, Nevada, Washington, Oregon, Arizona, Georgia, Florida, New York, New Jersey, Connecticut, Oklahoma, Pennsylvania, Missouri, Kentucky, Kansas.

**ਡਾਕ ਰਾਹੀਂ ਪਰਚਾ ਮੰਗਵਾਉਣ ਲਈ**
**ਸਾਲਾਨਾ ਚੰਦਾ: 105 ਡਾਲਰ**
**ਪੰਜ ਸਾਲ ਲਈ: 475 ਡਾਲਰ**

**ਨੋਟ:** ਪੰਜਾਬ ਟਾਈਮਜ਼ ਵਿਚ ਛਪੇ ਲੇਖਾਂ ਵਿਚਲੇ ਵਿਚਾਰਾਂ ਨਾਲ ਅਦਾਰਾ ਪੰਜਾਬ ਟਾਈਮਜ਼ ਦਾ ਸਹਿਮਤ ਹੋਣਾ ਜ਼ਰੂਰੀ ਨਹੀਂ ਹੈ। ਇਹ ਪਾਠਕਾਂ ਦੀ ਮਹਿਜ ਜਾਣਕਾਰੀ ਹਿੱਤ ਛਾਪੇ ਜਾਂਦੇ ਹਨ। ਉਨ੍ਹਾਂ ਦੇ ਸਹੀ ਜਾਂ ਗਲਤ ਹੋਣ ਬਾਰੇ ਫੈਸਲਾ ਪਾਠਕਾਂ ਦੇ ਹੱਥ ਵਿਚ ਹੈ।

ਪੰਜਾਬ ਟਾਈਮਜ਼ ਵਿਚ ਛਪੇ ਇਸ਼ਤਿਹਾਰਾਂ ਵਿਚ ਕੀਤੇ ਗਏ ਦਾਅਵਿਆਂ ਦੀ ਜ਼ਰੂਰੀ ਨਹੀਂ ਕਿ ਅਦਾਰਾ ਪੰਜਾਬ ਟਾਈਮਜ਼ ਤਾਈਦ ਕਰਦਾ ਹੋਵੇ। ਪਾਠਕ ਕਿਸੇ ਵੀ ਇਸ਼ਤਿਹਾਰ ਦੇ ਦਾਅਵਿਆਂ ਦੀ ਪੁਸ਼ਟੀ ਆਪ ਕਰ ਲੈਣ।

**Disclaimer**

The views expressed in the articles published in the columns of Punjab Times are that of their writers, and it is not implied that Punjab Times endorses them.

Sameway Punjab Times does not necessarily endorses the claims made in the advertisements published in Punjab Times.

**All disputes subject to Chicago jurisdiction.**

# ਮਨੁੱਖੀ ਹੱਕਾਂ ਦਾ ਰਾਖਾ ਖੁਰਮ ਪਰਵੇਜ਼ ਗ੍ਰਿਫਤਾਰ

**ਸ੍ਰੀਨਗਰ:** ਜੰਮੂ ਕਸ਼ਮੀਰ ਵਿਚ ਮਨੁੱਖੀ ਹੱਕਾਂ ਨੂੰ ਬਚਾਉਣ ਲਈ ਬਣੀ ਜਥੇਬੰਦੀ ਜੰਮੂ ਕਸ਼ਮੀਰ ਕੋਲੇਸ਼ਨ ਆਫ ਸਿਵਲ ਸੁਸਾਇਟੀ (ਜੇ.ਕੇ.ਸੀ.ਸੀ.ਐਸ.) ਦੇ ਪ੍ਰੋਗਰਾਮ ਕੁਆਰਡੀਨੇਟਰ ਖੁਰਮ ਪਰਵੇਜ਼ ਨੂੰ ਬੀਤੇ ਦਿਨੀਂ ਰਾਸ਼ਟਰੀ ਜਾਂਚ ਏਜੰਸੀ (ਐਨ.ਆਈ.ਏ) ਨੇ ਗ੍ਰਿਫਤਾਰ ਕਰ ਲਿਆ। ਇਸ ਬਾਰੇ ਜਾਣਕਾਰੀ ਉਹਨਾਂ ਦੇ ਪਰਿਵਾਰ ਨੇ ਲੋਕਲ ਅਖਬਾਰ ਨੂੰ ਦਿੱਤੀ। ਇਸ ਤੋਂ ਬਾਅਦ ਅਧਿਕਾਰਤ ਤੌਰ ਤੇ ਏ.ਐਨ.ਆਈ. ਨੇ ਇਸ ਨੂੰ ਪ੍ਰਕਾਸ਼ਿਤ ਕੀਤਾ ਹੈ।

ਖੁਰਮ ਪਰਵੇਜ਼ ਜੇ.ਕੇ.ਸੀ.ਸੀ.ਐਸ. ਤੋਂ ਇਲਾਵਾ ਏਸ਼ੀਅਨ ਫੈਡਰੇਸ਼ਨ ਅਗੇਂਸਟ ਇਨਵੌਲੰਟੀਅਰੀ ਡਿਸਐਪੀਅਰੈਂਸ



(ਏ.ਐਫ.ਏ.ਡੀ.) ਦਾ ਚੇਅਰਪਰਸਨ ਵੀ ਹੈ। 2006 ਵਿਚ ਕਸ਼ਮੀਰ ਵਿਚ ਮਨੁੱਖੀ ਅਧਿਕਾਰਾਂ ਸੰਬੰਧੀ ਆਵਾਜ਼ ਚੁੱਕਣ ਲਈ 'ਰਿਬੌਕ ਹਿਊਮਨ ਰਾਈਟਸ ਐਵਾਰਡ' ਮਿਲ ਚੁੱਕਾ ਹੈ। ਖੁਰਮ ਪਰਵੇਜ਼ ਜੰਮੂ ਵਿਚ ਹੋਣ ਵਾਲੀਆਂ ਚੋਣਾਂ ਦੀ ਨਿਗਰਾਨੀ ਕਰਨ ਸਮੇਂ ਆਪਣੀ ਇੱਕ ਲੱਤ ਬਾਰੂਦੀ ਸੁਰੰਗ ਧਮਾਕੇ ਕਾਰਨ ਗੁਆ ਚੁੱਕਿਆ ਹੈ।

14 ਸਤੰਬਰ 2016 ਵਿਚ ਖੁਰਮ ਪਰਵੇਜ਼ ਨੂੰ ਯੂ.ਐਨ. ਹਿਊਮਨ ਰਾਇਟਸ ਕੌਂਸਲ ਸੈਸ਼ਨ, ਜਨੇਵਾ ਵਿਚ ਬੋਲਣ ਦਾ ਸੱਦਾ ਦਿੱਤਾ ਗਿਆ ਸੀ ਪਰ ਭਾਰਤੀ ਸੁਰੱਖਿਆ ਏਜੰਸੀਆਂ ਨੇ ਉਸ ਨੂੰ ਰੋਕ ਲਿਆ ਓਤੇ 15 ਸਤੰਬਰ ਨੂੰ ਗ੍ਰਿਫਤਾਰ ਕਰ ਲਿਆ। 30 ਨਵੰਬਰ 2016 ਨੂੰ ਰਿਹਾਅ ਕਰ ਦਿੱਤਾ ਗਿਆ ਪਰ ਹੁਣ ਫਿਰ ਗ੍ਰਿਫਤਾਰ ਕੀਤਾ ਗਿਆ ਹੈ। ਉਸ ਉੱਪਰ ਅਤਿਵਾਦੀ ਸੰਗਠਨਾਂ ਨੂੰ ਫੰਡ ਦੇਣ ਦਾ ਇਲਜ਼ਾਮ ਲਗਾ ਕੇ ਯੂ.ਏ.ਪੀ.ਏ. ਤਹਿਤ ਗ੍ਰਿਫਤਾਰ ਕੀਤਾ ਗਿਆ ਹੈ।

# ਲੰਮੀ ਹੇਕ ਵਾਲੀ ਗਾਇਕਾ ਗੁਰਮੀਤ ਬਾਵਾ ਦਾ ਦੇਹਾਂਤ

**ਅੰਮ੍ਰਿਤਸਰ:** ਗਾਇਕਾ ਵਜੋਂ ਮਕਬੂਲ ਗੁਰਮੀਤ ਬਾਵਾ ਦਾ ਦੇਹਾਂਤ ਹੋ ਗਿਆ ਹੈ। ਉਹ 77 ਵਰ੍ਹਿਆਂ ਦੇ ਸਨ ਅਤੇ ਉਨ੍ਹਾਂ 55 ਵਰ੍ਹੇ ਗਾਇਕੀ ਦੇ ਖੇਤਰ ਵਿਚ ਯੋਗਦਾਨ ਪਾਇਆ। ਇਕ ਅਧਿਆਪਕ ਵਜੋਂ ਆਪਣਾ ਜੀਵਨ ਸ਼ੁਰੂ ਕਰਨ ਵਾਲੀ ਗੁਰਮੀਤ ਬਾਵਾ ਨੇ ਸਰਕਾਰੀ ਨੌਕਰੀ ਛੱਡ ਕੇ ਗਾਇਕੀ ਨੂੰ ਅਪਣਾ ਲਿਆ ਸੀ। ਉਨ੍ਹਾਂ ਦੇ ਪਤੀ ਕਿਰਪਾਲ ਬਾਵਾ ਜੋ ਖੁਦ ਵੀ ਗਾਇਕ ਸਨ, ਹੀ ਉਨ੍ਹਾਂ ਨੂੰ ਗਾਇਕੀ ਵਿਚ ਲੈ ਕੇ ਆਏ ਸਨ। ਪੰਜਾਬੀ ਗਾਇਕੀ ਦੀ ਧਾਂਕ ਜਮਾਈ। ਜਾਰਜੀਆ ਵਿਚ ਉਹ ਜਦੋਂ ਇਕ ਪ੍ਰੋਗਰਾਮ 'ਤੇ ਗਏ ਤਾਂ ਉਥੇ ਉਨ੍ਹਾਂ ਜਦੋਂ ਗੀਤ ਛੋਹਿਆ ਤਾਂ ਉਨ੍ਹਾਂ ਦੀ 45 ਸੈਕਿੰਡ ਲੰਬੀ ਹੇਕ ਰਿਕਾਰਡ ਕੀਤੀ ਗਈ ਜਿਹੜਾ ਦੁਨੀਆਂ ਦੀ ਸਭ ਤੋਂ ਲੰਮੀ ਹੇਕ ਦਾ ਰਿਕਾਰਡ ਸੀ।

# ਕੈਪਟਨ ਪਟਿਆਲਾ ਤੋਂ ਹੀ ਚੋਣ ਲੜਨਗੇ

**ਪਟਿਆਲਾ:** ਮੁੱਖ ਮੰਤਰੀ ਵਜੋਂ ਅਸਤੀਫਾ ਦੇਣ ਤੇ ਮਗਰੋਂ ਨਵੀਂ ਪਾਰਟੀ ਬਣਾਉਣ ਵਾਲੇ ਕੈਪਟਨ ਅਮਰਿੰਦਰ ਸਿੰਘ ਅਗਲੀ ਵਿਧਾਨ ਸਭਾ ਚੋਣ ਆਪਣੇ ਜੱਦੀ ਹਲਕੇ ਪਟਿਆਲਾ ਤੋਂ ਹੀ ਲੜਨਗੇ। ਕਈ ਟੀਵੀ ਚੈਨਲਾਂ ਨੇ ਕੈਪਟਨ ਦੇ ਹਵਾਲੇ ਨਾਲ ਖਬਰ ਨਸ਼ਰ ਕੀਤੀ ਹੈ ਕਿ ਪਟਿਆਲਾ ਨਾਲ ਉਨ੍ਹਾਂ ਦੇ ਪਰਿਵਾਰ ਦੀ ਚਾਰ ਸੌ ਸਾਲ ਪੁਰਾਣੀ ਸਾਂਝ ਹੈ ਤੇ ਉਹ ਸਿਰਫ ਨਵਜੋਤ ਸਿੱਧੂ ਕਰ ਕੇ ਮੈਦਾਨ ਨਹੀਂ ਛੱਡਣ ਵਾਲੇ। ਕੈਪਟਨ ਨੇ ਤਿੰਨ ਵਾਰ ਹਾਰ ਵੀ ਝੱਲੀ, ਪਰ ਉਹ ਪਟਿਆਲਾ ਤੋਂ 1980 'ਚ ਵੋਟਾਂ ਦੇ ਵੱਡੇ ਫਰਕ ਨਾਲ ਐਮ.ਪੀ. ਬਣੇ ਸਨ। ਉਹ ਪਹਿਲੀ ਵਾਰ 1985 'ਚ ਤਲਵੰਡੀ ਸਾਬੋ ਅਤੇ ਦੂਜੀ ਵਾਰ 1992 'ਚ ਸਮਾਣਾ ਤੋਂ ਵਿਧਾਇਕ ਬਣੇ ਸਨ। 2002, 2007, 2012 ਅਤੇ 2017 'ਚ ਲਗਾਤਾਰ ਚਾਰ ਵਾਰ ਉਹ ਪਟਿਆਲਾ ਸ਼ਹਿਰੀ ਹਲਕੇ ਤੋਂ ਕਾਂਗਰਸ ਦੀ ਟਿਕਟ 'ਤੇ ਵਿਧਾਇਕ ਬਣੇ।

# ਕੇਜਰੀਵਾਲ ਨੇ ਵਾਅਦਿਆਂ ਦੀ ਝੜੀ ਲਾਈ

**ਮੋਗਾ:** ਮੁੱਖ ਮੰਤਰੀ ਅਤੇ ਆਮ ਆਦਮੀ ਪਾਰਟੀ ਦੇ ਕੋਆਰਡੀਨੇਟਰ ਅਰਵਿੰਦ ਕੇਜਰੀਵਾਲ ਨੇ ਐਲਾਨ ਕੀਤਾ ਕਿ ਜੇ ਉਹ ਪੰਜਾਬ ਦੀ ਸੱਤਾ ਵਿਚ ਆਉਂਦੇ ਹਨ ਤਾਂ ਸੂਬੇ ਦੀ 18 ਸਾਲ ਤੋਂ ਵੱਧ ਉਮਰ ਦੀ ਹਰੇਕ ਔਰਤ ਨੂੰ ਪ੍ਰਤੀ ਮਹੀਨਾ 1000 ਰੁਪਏ ਦਿੱਤੇ ਜਾਣਗੇ ਅਤੇ ਪਰਿਵਾਰ 'ਚ ਇਕ ਧੀ, ਨੂੰਹ ਤੇ ਸੱਸ ਦੇ ਨਾਲ ਬਿਰਧ ਔਰਤਾਂ ਨੂੰ ਬੁਢਾਪਾ ਪੈਨਸ਼ਨ ਦੇਣ ਤੋਂ ਇਲਾਵਾ ਇਹ ਰਾਸ਼ੀ ਵੀ ਦਿੱਤੀ ਜਾਵੇਗੀ।

ਕੇਜਰੀਵਾਲ ਨੇ ਕਿਹਾ ਕਿ ਪੰਜਾਬ 'ਚ ਸਰਕਾਰ ਬਣਨ 'ਤੇ ਰੇਤ ਮਾਫੀਆ, ਟਰਾਂਸਪੋਰਟ ਮਾਫੀਆ ਸਮੇਤ ਹਰ ਤਰ੍ਹਾਂ ਦਾ ਮਾਫੀਆ ਖਤਮ ਕਰ ਦਿੱਤਾ ਜਾਵੇਗਾ, ਜਿਹੜਾ ਪੈਸਾ ਹੋਵੇਗਾ ਉਹ ਔਰਤਾਂ ਦੇ ਖਾਤਿਆਂ 'ਚ ਪਾਇਆ ਜਾਵੇਗਾ। ਇਸ ਦੌਰਾਨ ਉਨ੍ਹਾਂ ਨੇ ਮੁੱਖ ਮੰਤਰੀ ਚਰਨਜੀਤ ਸਿੰਘ ਚੰਨੀ ਨੂੰ ਨਿਸ਼ਾਨੇ 'ਤੇ ਲਿਆ, ਜਦਕਿ ਅਕਾਲੀ ਦਲ ਖ਼ਿਲਾਫ ਇਕ ਸ਼ਬਦ ਨਹੀਂ ਬੋਲਿਆ। ਕੇਜਰੀਵਾਲ ਨੇ ਸੂਬੇ ਵਿਚ 'ਆਪ' ਸਰਕਾਰ ਬਣਾਉਣ ਲਈ ਲੋਕਾਂ ਤੋਂ ਇਕ ਮੌਕੇ ਦੀ ਮੰਗ ਕੀਤੀ।

# ਕਿਸਾਨ ਮੋਰਚੇ ਨੇ ਮੋਦੀ ਦੀ ਗੋਡਣੀ ਲਵਾਈ

*(ਸਫਾ 1 ਦੀ ਬਾਕੀ)*

ਮੰਗਾਂ ਵਿਚ ਪ੍ਰਮੁੱਖ ਮੰਗ ਐਮ.ਐਸ.ਪੀ. ਉਤੇ ਕਾਨੂੰਨ ਬਣਾਉਣ ਦੀ ਹੈ। ਕਿਸਾਨ ਮੋਰਚੇ ਨੇ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਦੇ ਨਾਂ ਖੁੱਲ੍ਹਾ ਪੱਤਰ ਲਿਖ ਕੇ ਕੇਂਦਰ ਸਰਕਾਰ ਦਾ ਧਿਆਨ ਅੰਦੋਲਨ ਦੀਆਂ ਹੋਰ ਅਹਿਮ ਮੰਗਾਂ ਵੱਲ ਦਿਵਾਇਆ ਹੈ। ਇਨ੍ਹਾਂ ਮੰਗਾਂ ਵਿਚ ਜਿਣਸਾਂ ਦੀ ਘੱਟੋ ਘੱਟ ਸਮਰਥਨ ਮੁੱਲ (ਐਮ.ਐਸ.ਪੀ.), ਅੰਦੋਲਨ ਦੌਰਾਨ ਸੈਂਕੜੇ ਕਿਸਾਨਾਂ ਵਿਰੁੱਧ ਦਰਜ ਕੀਤੇ ਗਏ ਕੇਸ ਵਾਪਸ ਲੈਣ, ਫੌਤ ਹੋਏ ਕਿਸਾਨਾਂ ਦੇ ਵਾਰਸਾਂ ਨੂੰ ਮੁਆਵਜ਼ਾ ਦੇਣ, ਲਖੀਮਪੁਰ ਖੀਰੀ ਵਿਚ ਕਿਸਾਨਾਂ ਦੀ ਮੌਤ ਲਈ ਜ਼ਿੰਮੇਵਾਰ ਦੋਸ਼ੀਆਂ ਨੂੰ ਸਜ਼ਾ ਦਿਵਾਉਣ ਅਤੇ ਕੇਂਦਰੀ ਗ੍ਰਹਿ ਰਾਜ ਮੰਤਰੀ ਅਜੈ ਮਿਸ਼ਰਾ ਨੂੰ ਬਰਖਾਸਤ ਕਰਨ ਜਿਹੀਆਂ ਮੰਗਾਂ ਸ਼ਾਮਲ ਹਨ।

ਦਰਅਸਲ, ਜਥੇਬੰਦੀਆਂ ਪ੍ਰਧਾਨ ਮੰਤਰੀ ਦੇ ਇਕਪਾਸੜ ਐਲਾਨ ਤੋਂ ਡਾਢੀਆਂ ਖਫਾ ਹਨ। ਜਥੇਬੰਦੀਆਂ ਦਾ ਤਰਕ ਹੈ ਕਿ ਕਿਸਾਨਾਂ ਤੇ ਸਰਕਾਰ ਵਿਚ 11 ਦੌਰ ਦੀ ਗੱਲਬਾਤ ਹੋਈ ਹੈ। ਇਸ ਵਿਚ ਕੋਈ ਮੁੱਦਿਆਂ ਉਤੇ ਖੁੱਲ੍ਹ ਕੇ ਚਰਚਾ ਹੋਈ। ਹੁਣ ਮੋਦੀ ਨੇ ਅਚਾਨਕ ਐਲਾਨ ਕਰਕੇ ਇਸ ਗੱਲਬਾਤ ਤੇ ਚਰਚਾ ਨੂੰ ਝੁਠਲਾਉਣ ਦਾ ਯਤਨ ਕੀਤਾ ਹੈ। ਮੌਜੂਦਾ ਹਾਲਾਤ ਦੱਸ ਰਹੇ ਹਨ ਕਿ ਕਿਸਾਨ ਸੰਘਰਸ਼ ਰਾਹੀਂ ਲੋਕਾਂ ਵਿਚ ਪੈਦਾ ਹੋਈ ਚੇਤਨਾ/ਜਾਗਰੂਕਤਾ ਨੇ ਅਜਿਹਾ ਮਾਹੌਲ ਸਿਰਜ ਦਿੱਤਾ ਹੈ ਕਿ ਜਿਹੜਾ 2024 ਦੀਆਂ ਲੋਕ ਸਭਾ ਚੋਣਾਂ ਤੱਕ ਭਾਜਪਾ ਦਾ ਖਹਿੜਾ ਛੱਡਣ ਵਾਲਾ ਨਹੀਂ।

# ਬਾਦਲ ਨੂੰ ਪੇਸ਼ੀ ਲਈ ਸੰਮਨ

**ਹੁਸ਼ਿਆਰਪੁਰ:** ਸੋਸ਼ਲਿਸਟ ਪਾਰਟੀ ਆਫ ਇੰਡੀਆ ਦੇ ਸਾਬਕਾ ਕੌਮੀ ਸੀਨੀਅਰ ਮੀਤ ਪ੍ਰਧਾਨ ਬਲਵੰਤ ਸਿੰਘ ਖੇੜਾ ਅਤੇ ਓਮ ਸਿੰਘ ਸਟਿਆਣਾ ਵੱਲੋਂ ਸ਼੍ਰੋਮਣੀ ਅਕਾਲੀ ਦਲ ਖਿਲਾਫ ਦੋ ਸੰਵਿਧਾਨ ਰੱਖਣ ਸਬੰਧੀ ਦਰਜ ਕਰਵਾਏ ਮਾਮਲੇ ਵਿਚ ਪ੍ਰਕਾਸ਼ ਸਿੰਘ ਬਾਦਲ ਨੇ ਹੁਸ਼ਿਆਰਪੁਰ ਦੀ ਅਦਾਲਤ ਵਿਚ ਪੇਸ਼ ਹੋਣਾ ਸੀ, ਪਰ ਉਹ ਪੇਸ਼ ਨਹੀਂ ਹੋਏ। ਅਦਾਲਤ ਨੇ ਸੰਮਨ ਜਾਰੀ ਕਰ ਕੇ ਬਾਦਲ ਨੂੰ 21 ਦਸੰਬਰ ਨੂੰ ਖੁਦ ਅਦਾਲਤ ਵਿਚ ਪੇਸ਼ ਹੋਣ ਲਈ ਕਿਹਾ ਹੈ।

# ਕਾਂਗਰਸ ਨੇ ਪੰਜਾਬ 'ਚ ਵਜਾਇਆ ਚੋਣ ਬਿਗਲ

ਲੁਧਿਆਣਾ: ਵਿਧਾਨ ਸਭਾ ਚੋਣਾਂ ਤੋਂ ਪਹਿਲਾਂ ਕਾਂਗਰਸ ਨੇ ਲੁਧਿਆਣਾ ਵਿਚ ਵੱਡੀ ਰੈਲੀ ਕਰਕੇ ਚੋਣ ਬਿਗਲ ਵਜਾ ਦਿੱਤਾ ਹੈ। ਕਾਂਗਰਸ ਪਾਰਟੀ ਨੇ 'ਵਰਕਰ ਮਿਲਣੀ' ਦੇ ਨਾਂ 'ਤੇ ਰੈਲੀ ਕਰਕੇ ਆਪਣੀ ਇਕਜੁੱਟਤਾ ਦਾ ਸ਼ਕਤੀ ਪ੍ਰਦਰਸ਼ਨ ਵੀ ਕੀਤਾ। ਮੰਚ ਸਾਂਝਾ ਕਰਦਿਆਂ ਮੁੱਖ ਮੰਤਰੀ ਚਰਨਜੀਤ ਸਿੰਘ ਚੰਨੀ ਅਤੇ ਪੰਜਾਬ ਕਾਂਗਰਸ ਕਮੇਟੀ ਦੇ ਪ੍ਰਧਾਨ ਨਵਜੋਤ ਸਿੰਘ ਸਿੱਧੂ ਨੇ ਪਾਰਟੀ ਵਰਕਰਾਂ ਨੂੰ ਚੋਣਾਂ ਲਈ ਤਿਆਰ ਰਹਿਣ ਦਾ ਸੱਦਾ ਦਿੱਤਾ। ਕੇਬਲ ਮਾਫੀਏ ਖਿਲਾਫ ਜੰਗ ਦਾ ਐਲਾਨ ਕਰਦਿਆਂ ਮੁੱਖ ਮੰਤਰੀ ਨੇ ਕੇਬਲ ਟੀਵੀ ਕੁਨੈਕਸ਼ਨ ਦੀ ਦਰ 100 ਰੁਪਏ ਮਹੀਨਾ ਤੈਅ ਕਰਨ ਦਾ ਐਲਾਨ ਕੀਤਾ।

ਸੀਨੀਅਰ ਕਾਂਗਰਸੀ ਆਗੂ ਕਮਲਜੀਤ ਸਿੰਘ ਕੜਵਲ ਵੱਲੋਂ ਕਰਵਾਈ ਰੈਲੀ ਦੌਰਾਨ ਚੰਨੀ ਨੇ ਕਿਹਾ ਕਿ ਟਰਾਂਸਪੋਰਟ ਅਤੇ ਕੇਬਲ ਦੇ ਅਜਿਹੇ ਸਾਰੇ ਕਾਰੋਬਾਰ ਉਤੇ ਬਾਦਲ ਪਰਿਵਾਰ ਦੀ ਮਾਲਕੀ ਹੈ ਅਤੇ ਹੁਣ ਲੋਕਾਂ ਨੂੰ ਕੇਬਲ ਲਈ ਹਰੇਕ ਮਹੀਨੇ 100 ਰੁਪਏ ਤੋਂ ਵੱਧ ਦੇਣ ਦੀ ਲੋੜ ਨਹੀਂ ਹੈ। ਨਵੀਆਂ ਦਰਾਂ ਦੀ ਪਾਲਣਾ ਨਾ ਕਰਨ ਵਾਲਿਆਂ ਸਖ਼ਤ ਕਾਰਵਾਈ ਕੀਤੀ ਜਾਵੇਗੀ। ਉਨ੍ਹਾਂ ਐਲਾਨ ਕੀਤਾ ਕਿ ਅਗਲੇ 10 ਦਿਨਾਂ ਵਿਚ ਨਗਰ ਨਿਗਮ ਅਤੇ ਮਿਊਂਸਿਪਲ ਕੌਂਸਲਾਂ ਦੇ ਸਾਰੇ ਸਫਾਈ ਸੇਵਕਾਂ ਦੀਆਂ ਸੇਵਾਵਾਂ ਰੈਗੂਲਰ ਕਰ ਦਿੱਤੀਆਂ ਜਾਣਗੀਆਂ।

# ਕ੍ਰਿਸਮਸ ਪਰੇਡ ਨੂੰ ਗੱਡੀ ਨੇ ਟੱਕਰ ਮਾਰੀ, ਕਈ ਮੌਤਾਂ

**ਵੌਕੇਸ਼ਾ:** ਅਮਰੀਕੀ ਸ਼ਹਿਰ ਮਿਲਵਾਕੀ ਦੇ ਉਪਨਗਰੀ ਖੇਤਰ ਵਿਚ ਕ੍ਰਿਸਮਸ ਮਾਰਚ ਕਰ ਰਹੇ ਲੋਕਾਂ ਉਤੇ ਬੈਰੀਕੇਡ ਤੋੜ ਕੇ ਇਕ ਗੱਡੀ ਚੜ੍ਹ ਗਈ। ਇਸ ਘਟਨਾ ਵਿਚ ਕਈ ਲੋਕ ਮਾਰੇ ਗਏ ਹਨ। ਇਸ ਸਬੰਧੀ ਇਕ ਵਿਅਕਤੀ ਨੂੰ ਹਿਰਾਸਤ ਵਿਚ ਲਿਆ ਗਿਆ ਹੈ। ਗੱਡੀ ਵੀ ਜ਼ਬਤ ਕੀਤੀ ਗਈ ਹੈ।

# ਕਲੇਰ ਪਰਿਵਾਰ ਨੂੰ ਸਦਮਾ

**ਸ਼ਿਕਾਗੋ:** ਸਥਾਨਕ ਪਤਵੰਤੇ ਸੱਜਣ ਰੇਜ਼ਰ ਕੰਸਟਰੱਕਸ਼ਨ ਕੰਪਨੀ ਦੇ ਮਾਲਕ ਜਸਪਾਲ ਸਿੰਘ ਕਲੇਰ ਤੇ ਵਿਪਨ ਕੌਰ ਕਲੇਰ ਨੂੰ ਉਸ ਸਮੇਂ ਡੂੰਘਾ ਸਦਮਾ ਲੱਗਾ ਜਦੋਂ ਉਨ੍ਹਾਂ ਦਾ ਭਤੀਜਾ ਅਮਰੋਜ਼ ਸਿੰਘ ਕਲੇਰ ਪੁੱਤਰ ਜਤਿੰਦਰ ਸਿੰਘ ਕਲੇਰ ਤੇ ਉਨ੍ਹਾਂ ਦੀ ਛੋਟੀ ਭਰਜਾਈ ਨਵਜੋਤ ਕੌਰ ਬਾਜਵਾ ਪਤਨੀ ਜਤਿੰਦਰ ਸਿੰਘ ਕਲੇਰ ਅਕਾਲ ਚਲਾਣਾ ਕਰ ਗਏ।

ਅਮਰੋਜ਼ ਸਿੰਘ ਕਲੇਰ (22) ਦੀ ਮੌਤ ਲੰਘੀ 17 ਨਵੰਬਰ ਨੂੰ ਹੋਈ। ਅਜੇ ਪਰਿਵਾਰ ਇਸ ਸਦਮੇ ਵਿਚੋਂ ਨਹੀਂ ਸੀ ਨਿਕਲਿਆ ਕਿ ਨਵਜੋਤ ਕੌਰ (52) ਆਪਣੇ ਪੁੱਤਰ ਦਾ ਵਿਛੋੜਾ ਨਾ ਸਹਿੰਦੇ ਹੋਏ ਦੋ ਦਿਨਾਂ ਬਾਅਦ ਹੀ 19 ਨਵੰਬਰ ਨੂੰ ਸਵਾਸ ਤਿਆਗ ਗਏ।

ਅਮਰੋਜ਼ ਸਿੰਘ ਕਲੇਰ ਹੋਣਹਾਰ ਵਿਦਿਆਰਥੀ ਸੀ ਤੇ ਉਸ ਨੇ ਸਾਲ 2017 ਵਿਚ ਟੈਪ ਲੀਗ 'ਚ ਨੈਸ਼ਨਲ ਸਕਾਚ ਡਬਲਜ਼ ਵਿਚ ਪਹਿਲਾ ਸਥਾਨ ਹਾਸਲ ਕੀਤਾ ਸੀ। ਨਵਜੋਤ ਕੌਰ ਬਾਜਵਾ ਨੇ ਕਈ ਅਹਿਮ ਅਹੁਦਿਆਂ ਉਤੇ ਕੰਮ ਕੀਤਾ। ਉਨ੍ਹਾਂ ਪੰਜਾਬ ਦੇ ਛੋਟੇ ਜਿਹੇ ਪਿੰਡ ਵਿਚੋਂ



ਆ ਕੇ ਇੱਥੇ ਨਾਮਣਾ ਖੱਟਿਆ। ਸਾਲ 2014 ਵਿਚ 'ਐਂਟਰਪ੍ਰਾਈਜ਼ਿੰਗ ਵਿਮੈੱਨ ਮੈਗਜ਼ੀਨ' ਨੇ ਉਨ੍ਹਾਂ ਨੂੰ ਚੋਟੀ ਦੀਆਂ ਵਿਮੈੱਨ ਐਂਟਰਪ੍ਰੀਨਿਓਰਜ਼ ਵਿਚ ਸ਼ਾਮਲ ਕੀਤਾ। ਉਨ੍ਹਾਂ ਨੇ ਮਿਹਨਤ ਨਾਲ ਭਾਈਚਾਰੇ 'ਚ ਵਿਸ਼ੇਸ਼ ਥਾਂ ਬਣਾਈ। ਉਹ ਸਭਿਆਚਾਰਕ ਗਤੀਵਿਧੀਆਂ ਕਾਰਨ ਪੰਜਾਬੀਆਂ ਵਿਚ ਬਹੁਤ ਹਰਮਨ-ਪਿਆਰੇ ਸਨ। ਸਥਾਨਕ ਪੰਜਾਬੀ ਸਭਿਆਚਾਰਕ ਸੰਸਥਾਵਾਂ ਨੇ ਡੂੰਘੇ ਦੁਖ ਦਾ ਪ੍ਰਗਟਾਵਾ ਕਰਦਿਆਂ ਕਿਹਾ ਕਿ ਉਨ੍ਹਾਂ ਦੀ ਮੌਤ ਨਾਲ ਪੰਜਾਬੀਆਂ ਨੂੰ ਨਾ ਪੂਰਿਆ ਜਾਣ ਵਾਲਾ ਘਾਟਾ ਪਿਆ ਹੈ। ਨਵਜੋਤ ਨੇ ਪੰਜਾਬ, ਪੰਜਾਬੀ ਤੇ ਪੰਜਾਬੀਅਤ ਨੂੰ ਪ੍ਰਫੁਲਿਤ ਕਰਨ ਵਿਚ ਵੱਡਾ ਯੋਗਦਾਨ ਪਾਇਆ। ਉਹ ਪੰਜਾਬੀ ਭਾਈਚਾਰੇ ਤੋਂ ਇਲਾਵਾ ਹੋਰ ਕਈ ਗੈਰ-ਪੰਜਾਬੀ ਸੰਸਥਾਵਾਂ ਵਿਚ ਵੀ ਕਾਫੀ ਸਰਗਰਮ ਸਨ। ਉਹ ਉਨ੍ਹਾਂ ਦੀਆਂ ਬੈਠਕਾਂ, ਸਮਾਗਮਾਂ ਤੇ ਕਾਨਫਰੰਸਾਂ ਵਿਚ ਵਧ-ਚੜ੍ਹ ਕੇ ਹਿੱਸਾ ਪਾਉਂਦੇ ਰਹੇ; ਖਾਸ ਤੌਰ 'ਤੇ ਵਿਮੈੱਨ ਇੰਪਾਵਰਮੈਂਟ ਲਈ ਬਹੁਤ ਕੰਮ ਕੀਤਾ। ਇਨ੍ਹਾਂ ਸੰਸਥਾਵਾਂ ਦੇ ਮੈਂਬਰਾਂ ਨੇ ਸ਼ਰਧਾਂਜਲੀ ਭੇਟ ਕਰਦਿਆਂ ਕਿਹਾ ਕਿ ਉਹ ਨਵਜੋਤ ਦੇ ਕੀਤੇ ਕਾਰਜਾਂ ਲਈ ਉਨ੍ਹਾਂ ਨੂੰ ਹਮੇਸ਼ਾ ਯਾਦ ਰੱਖਣਗੇ।

ਮਾਂ ਤੇ ਪੁੱਤਰ ਦੀ ਮੌਤ ਦੀ ਇਸ ਦੁਖਦਾਈ ਘਟਨਾ ਨਾਲ ਪੂਰਾ ਭਾਈਚਾਰਾ ਸਦਮੇ ਵਿਚ ਹੈ। ਗੁਰਦੁਆਰਾ ਪੈਲਾਟਾਈਨ ਪ੍ਰਬੰਧਕੀ ਬੋਰਡ, ਸ਼ਿਕਾਗੋ ਦੇ ਪ੍ਰਮੁੱਖ ਸਪੋਰਟਸ ਅਦਾਰਿਆਂ ਨੇ ਵੀ ਪਰਿਵਾਰ ਦੇ ਦੁਖ ਵਿਚ ਸ਼ਰੀਕ ਹੁੰਦਿਆਂ ਵਾਹਿਗੁਰੂ ਅੱਗੇ ਅਰਦਾਸ ਕੀਤੀ ਕਿ ਵਿਛੜੀਆਂ ਰੂਹਾਂ ਨੂੰ ਆਪਣੇ ਚਰਨਾਂ ਵਿਚ ਨਿਵਾਸ ਬਖਸ਼ਣ ਤੇ ਪਰਿਵਾਰ ਨੂੰ ਭਾਣਾ ਮੰਨਣ ਦਾ ਬਲ ਬਖਸ਼ਣ।

ਅਮਰੋਜ਼ ਸਿੰਘ ਕਲੇਰ ਤੇ ਨਵਜੋਤ ਕੌਰ ਦਾ ਅੰਤਿਮ ਸੰਸਕਾਰ ਸੋਮਵਾਰ 22 ਨਵੰਬਰ, 2021 ਨੂੰ ਕਾਊਂਟਰੀ ਸਾਈਡ ਫਿਊਨਰਲ ਹੋਮ ਬਾਰਲੈਟ ਵਿਚ ਕਰ ਦਿੱਤਾ ਗਿਆ। ਉਪਰੰਤ ਸਹਿਜ ਪਾਠ ਦਾ ਭੋਗ ਅਤੇ ਅੰਤਿਮ ਅਰਦਾਸ ਗੁਰਦੁਆਰਾ ਪੈਲਾਟਾਈਨ ਵਿਖੇ ਕੀਤੀ ਗਈ। ਸ਼ਰਧਾਂਜਲੀ ਸਮਾਗਮ ਦੌਰਾਨ ਜਸਪਾਲ ਸਿੰਘ ਕਲੇਰ ਦੀ ਬੇਟੀ ਸੀਰਤ ਕੌਰ ਕਲੇਰ ਨੇ ਆਪਣੇ ਪਰਿਵਾਰ ਦੇ ਵਿਛੜੇ ਜੀਆਂ ਦੇ ਜੀਵਨ 'ਤੇ ਚਾਨਣਾ ਪਾਇਆ ਤੇ ਸ਼ਰਧਾਂਜਲੀ ਭੇਟ ਕੀਤੀ। ਪਰਿਵਾਰ ਨਾਲ ਦੁਖ ਸਾਂਝਾ ਕਰਨ ਲਈ ਫੋਨ ਨੰਬਰ 312-972-2771 'ਤੇ ਸੰਪਰਕ ਕੀਤਾ ਜਾ ਸਕਦਾ ਹੈ।


## ਪੰਜਾਬ ਟਾਈਮਜ਼ ਦਾ ਆਨਰੇਰੀ ਸਲਾਹਕਾਰ ਬੋਰਡ

| | | | |
|---|---|---|---|
| (ਡਾ.) ਨਵਦੀਪ ਕੌਰ | ਡਾ. ਗੁਰਦਿਆਲ ਸਿੰਘ ਬਸਰਾਨ | ਡਾ. ਹਰਗੁਰਮੁਖਪਾਲ ਸਿੰਘ | ਰਾਜਿੰਦਰ ਸਿੰਘ ਬੈਂਸ |
| ਬਲਵਿੰਦਰ (ਨਿੱਕੀ) ਕੌਰ ਸੇਖੋਂ | ਹਰਜੀਤ ਸਿੰਘ ਸਾਹੀ | ਡਾ. ਤੇਜਿੰਦਰ ਸਿੰਘ ਮੰਡੇਰ | ਮਨਦੀਪ ਸਿੰਘ ਭੁਰਾ |
| ਸਵਰਨਜੀਤ ਸਿੰਘ ਢਿਲੋਂ | ਸਰਵਣ ਸਿੰਘ ਟਿਵਾਣਾ | ਜਗਦੀਸ਼ਰ ਸਿੰਘ ਕਲੇਰ | ਗੁਲਜ਼ਾਰ ਸਿੰਘ ਮੁਲਤਾਨੀ |
| ਅਮੋਲਕ ਸਿੰਘ ਗਾਖਲ | ਜੈਦੇਵ ਸਿੰਘ ਭੱਠਲ | ਰਘਬੀਰ ਸਿੰਘ ਘੁੰਨ | ਅਵਤਾਰ ਸਿੰਘ ਸਪਰਿੰਗਫੀਲਡ |
| ਦਰਸ਼ਨ ਸਿੰਘ ਗਰੇਵਾਲ | ਪਰਮਿੰਦਰ ਸਿੰਘ ਵਾਲੀਆ | ਦਰਸ਼ਨ ਸਿੰਘ ਦਰੜ | ਗੁਰਵੀਰ ਸਿੰਘ ਗਿੱਲ |
| ਹਰਦਿਆਲ ਸਿੰਘ ਦਿਓਲ | ਜਸਵਿੰਦਰ ਸਿੰਘ (ਜੱਸੀ) ਗਿੱਲ | ਡਾ. ਗੁਰਚਰਨ ਸਿੰਘ ਗਰੇਵਾਲ | |

# ਕਿਸਾਨਾਂ ਨੂੰ ਖੇਤੀ ਕਾਨੂੰਨ ਰੱਦ ਹੋਣ ਤੱਕ ਚੌਕਸ ਰਹਿਣ ਦੀ ਸਲਾਹ

**ਚੰਡੀਗੜ੍ਹ:** ਪੰਜਾਬ ਦੇ ਸਿਆਸੀ ਆਗੂਆਂ ਨੇ ਕਿਸਾਨਾਂ ਨੂੰ ਮੋਦੀ ਸਰਕਾਰ ਤੋਂ ਚੌਕਸ ਰਹਿਣ ਦੀ ਸਲਾਹ ਦਿੱਤੀ ਹੈ। ਮੁੱਖ ਮੰਤਰੀ ਚਰਨਜੀਤ ਸਿੰਘ ਚੰਨੀ ਨੇ ਆਖਿਆ ਹੈ ਕਿ ਜਿੰਨਾ ਚਿਰ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਵੱਲੋਂ ਖੇਤੀ ਕਾਨੂੰਨ ਰੱਦ ਕਰਨ ਦੇ ਐਲਾਨ ਨੂੰ ਅਮਲੀ ਰੂਪ ਨਹੀਂ ਦਿੱਤਾ ਜਾਂਦਾ ਉਦੋਂ ਤੱਕ ਪੰਜਾਬੀਆਂ ਅਤੇ ਖਾਸ ਕਰ ਕੇ ਕਿਸਾਨਾਂ ਨੂੰ ਚੌਕਸ ਰਹਿਣਾ ਚਾਹੀਦਾ ਹੈ। ਉਨ੍ਹਾਂ ਕਿਹਾ ਕਿ ਖੇਤੀ ਕਾਨੂੰਨ ਲਾਗੂ ਕਰਨਾ ਡੂੰਘੀ ਸਾਜ਼ਿਸ਼ ਸੀ। ਇਸ ਨੇ ਕਿਸਾਨੀ ਨੂੰ ਢਾਹ ਲਾਉਣ ਦੇ ਨਾਲ ਸੂਬੇ ਦੀ ਤਰੱਕੀ ਅਤੇ ਖੁਸ਼ਹਾਲੀ ਨੂੰ ਵੀ ਢਾਹ ਲਗਾਈ ਹੈ। ਉਨ੍ਹਾਂ ਕਿਹਾ ਕਿ ਅਕਾਲੀ ਦਲ ਨੇ ਆਪਣੀ ਕੁਰਸੀ ਖਾਤਰ ਪੰਜਾਬ ਦੇ ਹਿੱਤਾਂ ਨੂੰ ਕੇਂਦਰ ਅੱਗੇ ਵੇਚ ਦਿੱਤਾ ਅਤੇ ਜਦੋਂ ਪੰਜਾਬੀਆਂ ਨੇ ਇਨ੍ਹਾਂ ਦਾ ਡਟ ਕੇ ਵਿਰੋਧ ਕੀਤਾ ਤਾਂ ਅਸਤੀਫੇ ਵਾਲਾ ਡਰਾਮਾ ਰਚਿਆ।



ਪੰਜਾਬ ਕਾਂਗਰਸ ਪ੍ਰਧਾਨ ਨਵਜੋਤ ਸਿੰਘ ਸਿੱਧੂ ਨੇ ਦੋਸ਼ ਲਾਇਆ ਕਿ ਤਿੰਨ ਕਾਲੇ ਖੇਤੀ ਕਾਨੂੰਨਾਂ ਨੂੰ ਵਾਪਸ ਲੈਣ ਦੇ ਐਲਾਨ ਦੇ ਬਾਵਜੂਦ ਕੇਂਦਰ ਸਰਕਾਰ ਘੱਟੋ-ਘੱਟ ਸਮਰਥਨ ਮੁੱਲ (ਐਮ.ਐਸ.ਪੀ.) ਦੀ ਗਾਰੰਟੀ, ਗਰੀਬਾਂ ਲਈ ਭੋਜਨ ਸੁਰੱਖਿਆ, ਸਰਕਾਰੀ ਖਰੀਦ ਤੇ ਜਨਤਕ ਵੰਡ ਪ੍ਰਣਾਲੀ ਨੂੰ ਖਤਮ ਕਰਨ ਦੀ 'ਬਦਨੁਮਾ' ਸਾਜ਼ਿਸ਼ ਜਾਰੀ ਰੱਖੇਗੀ। ਸਿੱਧੂ ਨੇ ਕੇਂਦਰ ਵਿਚ ਭਾਜਪਾ ਦੀ ਅਗਵਾਈ ਵਾਲੀ ਸਰਕਾਰ ਉਤੇ ਨਿਸ਼ਾਨਾ ਸੇਧਦਿਆਂ ਕਿਹਾ ਕਿ ਫਸਲਾਂ ਲਈ ਐਮ.ਐਸ.ਪੀ. ਦੀ ਗਾਰੰਟੀ ਦੇਣ ਵਾਲਾ ਕਾਨੂੰਨ ਬਣਾਉਣ ਬਾਰੇ ਸਰਕਾਰ ਨੇ ਹਾਲੇ ਤੱਕ ਕੁਝ ਨਹੀਂ ਕਿਹਾ ਹੈ।

ਕਾਂਗਰਸ ਦੇ ਸੀਨੀਅਰ ਆਗੂ ਪੀ ਚਿਦੰਬਰਮ ਨੇ ਕਿਹਾ ਹੈ ਕਿ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਨੇ ਖੇਤੀ ਕਾਨੂੰਨ ਵਾਪਸ ਲਏ ਜਾਣ ਦਾ ਐਲਾਨ ਕੈਬਨਿਟ ਦੀ ਮੀਟਿੰਗ ਤੋਂ ਬਿਨਾਂ ਕੀਤਾ ਹੈ। ਉਨ੍ਹਾਂ ਦੋਸ਼ ਲਾਇਆ ਕਿ ਸਿਰਫ ਭਾਜਪਾ ਦੀ ਅਗਵਾਈ ਹੇਠ ਹੀ ਕੈਬਨਿਟ ਦੀ ਪ੍ਰਵਾਨਗੀ ਤੋਂ ਬਿਨਾਂ ਕਾਨੂੰਨ ਬਣਾਏ ਅਤੇ ਰੱਦ ਕੀਤੇ ਜਾਂਦੇ ਹਨ। ਚਿਦੰਬਰਮ ਨੇ ਟਵਿੱਟਰ 'ਤੇ ਕਿਹਾ,"ਗ੍ਰਹਿ ਮੰਤਰੀ ਨੇ ਪ੍ਰਧਾਨ ਮੰਤਰੀ ਦੇ ਐਲਾਨ ਦਾ ਸਵਾਗਤ ਕਰਦਿਆਂ ਉਨ੍ਹਾਂ ਨੂੰ ਰਾਜਨੇਤਾ ਵੱਲੋਂ ਉਠਾਇਆ ਗਿਆ ਅਹਿਮ ਕਦਮ ਕਰਾਰ ਦਿੱਤਾ। ਭਾਜਪਾ ਪ੍ਰਧਾਨ ਨੇ ਕਿਹਾ ਕਿ ਪ੍ਰਧਾਨ ਮੰਤਰੀ ਨੂੰ ਕਿਸਾਨਾਂ ਦੀ ਜ਼ਿਆਦਾ ਫਿਕਰ ਹੈ। ਰੱਖਿਆ ਮੰਤਰੀ ਨੇ ਕਿਹਾ ਕਿ ਪ੍ਰਧਾਨ ਮੰਤਰੀ ਨੇ ਕਿਸਾਨਾਂ ਦੀ ਭਲਾਈ ਨੂੰ ਦੇਖਦਿਆਂ ਇਹ ਫੈਸਲਾ ਲਿਆ ਹੈ। ਇਹ ਆਗੂ ਪਿਛਲੇ 15 ਮਹੀਨਿਆਂ ਤੋਂ ਆਪਣੀਆਂ ਸੂਝਵਾਨ ਸਲਾਹਾਂ ਨਾਲ ਕਿਥੇ ਸਨ?"

## ਲੋਕ ਮੋਦੀ 'ਤੇ ਯਕੀਨ ਕਰਨ ਲਈ ਤਿਆਰ ਨਹੀਂ: ਰਾਹੁਲ

**ਨਵੀਂ ਦਿੱਲੀ:** ਕਿਸਾਨਾਂ ਵੱਲੋਂ ਖੇਤੀ ਕਾਨੂੰਨ ਸੰਵਿਧਾਨਕ ਤਰੀਕੇ ਨਾਲ ਰੱਦ ਹੋਣ ਤੱਕ ਅੰਦੋਲਨ ਜਾਰੀ ਰੱਖਣ ਦੇ ਐਲਾਨ ਮਗਰੋਂ ਕਾਂਗਰਸੀ ਨੇਤਾ ਰਾਹੁਲ ਗਾਂਧੀ ਨੇ ਕਿਹਾ ਹੈ ਕਿ ਲੋਕ ਪ੍ਰਧਾਨ ਮੰਤਰੀ 'ਤੇ ਯਕੀਨ ਕਰਨ ਲਈ ਤਿਆਰ ਨਹੀਂ ਹਨ। ਰਾਹੁਲ ਨੇ ਟਵੀਟ ਕੀਤਾ, "ਲੋਕ, ਜਿਹੜੇ ਕਿ ਝੂਠੀ ਬਿਆਨਬਾਜ਼ੀ ਤੋਂ ਪੀੜਤ ਹਨ, ਪ੍ਰਧਾਨ ਮੰਤਰੀ ਦੀਆਂ ਗੱਲਾਂ 'ਤੇ ਯਕੀਨ ਕਰਨ ਲਈ ਤਿਆਰ ਨਹੀਂ ਹਨ। ਕਿਸਾਨਾਂ ਦਾ ਸੱਤਿਆਗ੍ਰਹਿ ਜਾਰੀ ਹੈ।"

## ਮੋਦੀ ਨੇ ਕਿਸਾਨ-ਪਿਆਰ ਦਾ ਸਬੂਤ ਦਿੱਤਾ: ਭਾਜਪਾ

**ਚੰਡੀਗੜ੍ਹ:** ਭਾਜਪਾ ਦੇ ਸੂਬਾ ਪ੍ਰਧਾਨ ਅਸ਼ਵਨੀ ਸ਼ਰਮਾ ਨੇ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਵੱਲੋਂ ਖੇਤੀ ਕਾਨੂੰਨਾਂ ਨੂੰ ਵਾਪਸ ਲੈਣ ਦੇ ਫੈਸਲੇ ਦਾ ਸਵਾਗਤ ਕਰਦਿਆਂ ਕਿਹਾ ਕਿ ਗੁਰਪੁਰਬ ਦੇ ਸ਼ੁਭ ਮੌਕੇ ਪ੍ਰਧਾਨ ਮੰਤਰੀ ਨੇ ਕਿਸਾਨਾਂ ਪ੍ਰਤੀ ਆਪਣੀ ਵਚਨਬੱਧਤਾ ਦਾ ਪ੍ਰਗਟਾਵਾ ਕਰਦਿਆਂ ਕਿਸਾਨ ਭਾਈਚਾਰੇ ਨੂੰ ਉੱਚਾ ਚੁੱਕਣ ਲਈ ਕੰਮ ਕੀਤਾ ਹੈ।

## ਖੇਤੀ ਕਾਨੂੰਨ ਰੱਦ ਹੋਣ ਤੱਕ ਇੰਤਜ਼ਾਰ ਕਰਾਂਗੇ: ਟਿਕੈਤ

**ਗਾਜ਼ੀਆਬਾਦ:** ਭਾਰਤੀ ਕਿਸਾਨ ਯੂਨੀਅਨ (ਬੀ.ਕੇ.ਯੂ.) ਆਗੂ ਰਾਕੇਸ਼ ਟਿਕੈਤ ਨੇ ਕਿਹਾ ਕਿ ਖੇਤੀ ਕਾਨੂੰਨ ਵਿਰੋਧੀ ਸੰਘਰਸ਼ ਉਸ ਸਮੇਂ ਹੀ ਵਾਪਸ ਲਿਆ ਜਾਵੇਗਾ, ਜਦੋਂ ਸੰਸਦ ਵਿਚ ਤਿੰਨੋਂ ਕਾਲੇ ਕਾਨੂੰਨ ਵਾਪਸ ਲਏ ਜਾਣਗੇ ਅਤੇ ਫਸਲਾਂ ਲਈ ਐਮ.ਐਸ.ਪੀ. ਦੀ ਗਾਰੰਟੀ ਦਿੱਤੀ ਜਾਵੇਗੀ। ਸ੍ਰੀ ਟਿਕੈਤ ਇਥੇ ਪਾਲਘਰ 'ਚ ਇੱਕ ਸਮਾਗਮ 'ਚ ਪੁੱਜੇ ਸਨ, ਜਿਨ੍ਹਾਂ ਟਵਿਟਰ 'ਤੇ ਹਿੰਦੀ 'ਚ ਟਵੀਟ ਕੀਤਾ,'ਇਹ ਅੰਦੋਲਨ ਤੁਰੰਤ ਹੀ ਵਾਪਸ ਨਹੀਂ ਲਿਆ ਜਾਵੇਗਾ, ਅਸੀਂ ਸੰਸਦ ਵਿਚ ਖੇਤੀ ਕਾਨੂੰਨ ਰੱਦ ਹੋਣ ਵਾਲੇ ਦਿਨ ਤੱਕ ਇੰਤਜ਼ਾਰ ਕਰਾਂਗੇ। ਐਮ.ਐਸ.ਪੀ. ਤੋਂ ਇਲਾਵਾ ਸਰਕਾਰ ਨੂੰ ਕਿਸਾਨਾਂ ਨਾਲ ਹੋਰ ਮੁੱਦਿਆਂ 'ਤੇ ਵੀ ਗੱਲਬਾਤ ਕਰਨੀ ਚਾਹੀਦੀ ਹੈ।'


## ਕੁੱਕ, ਵੇਟਰ ਅਤੇ ਡਿਸ਼ਵਾਸ਼ਰ ਦੀ ਲੋੜ ਹੈ

ਮਿਜ਼ੂਰੀ, ਜੈਫਰਸਨ ਵਿਚ ਭਾਰਤੀ ਰੈਸਟੋਰੈਂਟ ਲਈ ਤਜਰਬੇਕਾਰ ਕੁੱਕ, ਵੇਟਰ ਤੇ ਡਿਸ਼ਵਾਸ਼ਰ (ਫੁੱਲ ਟਾਈਮ) ਦੀ ਲੋੜ ਹੈ।

ਮੁਫਤ ਰਿਹਾਇਸ਼ ਤੇ ਹੋਰ ਸਹੂਲਤਾਂ

*ਸੰਪਰਕ ਕਰੋ: ਹਰਸ਼ ਸਿੰਘ*

ਫੋਨ: 507-202-4221

48-49



## A & I Transport Inc.

123 E Lee Rd, Watsonville, CA Ph: 831-763-7805

## ਓਨਰ ਆਪਰੇਟਰਾਂ ਅਤੇ ਕੰਪਨੀ ਟਰੱਕ ਡਰਾਈਵਰਾਂ ਦੀ ਫੌਰੀ ਲੋੜ ਹੈ

ਕਲਾਸ 'ਏ' ਡਰਾਈਵਰ; 6 ਮਹੀਨੇ ਦਾ ਤਜਰਬਾ ਜਰੂਰੀ; ਕੈਲੀਫੋਰਨੀਆ ਅਤੇ ਟੈਕਸਸ ਰੂਟ

ਸੋਲੋ ਡਰਾਈਵਰ 55 ਸੈਂਟ ਪ੍ਰਤੀ ਮੀਲ ਅਤੇ ਟੀਮ ਡਰਾਈਵਰ 70 ਸੈਂਟ ਪ੍ਰਤੀ ਮੀਲ

*ਸਾਫ-ਸੁਥਰਾ ਡਰਾਈਵਿੰਗ ਰਿਕਾਰਡ
*DOT ਡਰੱਗ ਟੈਸਟ ਪਾਸ ਹੋਵੇ ਜਾਂ ਕਰ ਸਕਦਾ ਹੋਵੇ
*ਨਵੇਂ ਉਪਰਕਣ (2019-2021)
*$3000 ਸਾਈਨਿੰਗ ਬੋਨਸ (11 ਵੈਸਟਰਨ ਸਟੇਟਾਂ ਲਈ)
*$1000 ਸਾਈਨਿੰਗ ਬੋਨਸ (ਖੇਤਰੀ ਡਰਾਈਵਰਾਂ ਲਈ)
*ਅਸੀਂ 34 ਘੰਟਿਆਂ ਦੀ ਰੀਸੈਟ ਲਈ $75 ਤੋਂ $150 ਤੱਕ ਅਦਾ ਕਰਦੇ ਹਾਂ *ਮੈਡੀਕਲ, ਵਿਜ਼ਨ ਅਤੇ ਡੈਂਟਲ ਲਾਭ
*ਹਫਤਾਵਾਰੀ ਤਨਖਾਹ *ਸਾਲਾਨਾ ਮਾਈਲਜ਼ ਬੋਨਸ
*ਸਾਡੀ ਪੇਸ਼ਕਸ਼ 3500 ਤੋਂ 3800+ ਮੀਲ

## NOW HIRING

Owner Operators and Company TRUCK DRIVERS WITH 6 MONTHS EXPERIENCE FOR 11 WESTERN STATES, AND REGIONAL. CALIFORNIA & TEXAS ROUTES.

We pay Solo 55 cents per mile and Teams 70 cents per mile.

***Job Requirements:***

- Class A Driver. • Clean driving record • Ability to pass DOT drug test.

*We offer the following benefits of employment*


- 55 Cents Per Mile or loaded-Solo • 70 Cents Per Mile-Teams.
- Newer equipment for Driver comfort (2019-2021).
- *$3,000 Signing Bonus For Drivers for 11 western states.
- *$1,000 Signing Bonus For Regional Drivers.
- We pay $75 to $150 for 34 hours reset. • Weekly pay.
- Yearly mileage bonus. • We offer 3,500-3,800+ miles
- Medical, Vision, and Dental Benefits. • Stop Pay & Bonus Layover Pay.
- Referral-Bonus for referring other Class A Drivers. • 401k Plan.

*Signing bonus subject to terms and conditions.

For More Information Call (24 hours) Armando or Vicente, Ph: (831) 763-7805




ਅਮੋਲਕ ਸਿੰਘ ਗਾਖਲ



ਪਲਵਿੰਦਰ ਸਿੰਘ ਗਾਖਲ



ਇਕਬਾਲ ਸਿੰਘ ਗਾਖਲ

ਹੋਲਸੇਲ !

# ਸਰਦੀਆਂ ਦਾ ਤੋਹਫ਼ਾ

ਹੋਲਸੇਲ !

ਇੱਥੇ ਸਸਤੇ ਤੇ ਵਧੀਆ ਕੁਆਲਿਟੀ ਦੇ ਕੰਬਲ ਹੋਲਸੇਲ ’ਚ ਮਿਲਦੇ ਹਨ।




ਹਰ ਤਰ੍ਹਾਂ ਦੇ ਰੰਗ, ਡਿਜਾਈਨ ਦੇ ਕੰਬਲ ਲੈਣ ਲਈ ਅੱਜ ਹੀ ਪੁੱਜੋ।

## ਡਬਲ ਪਲਾਈ ਵਾਲੇ ਸੁਪਰ ਸੋਫਟ ਕੰਬਲ




**Contact: 847-979-5970, 847-979-5990, 847-228-0150, 847-979-8949**

**Fax: 847-228-0152 Email: raviunited@aol.com.**

ਸਾਡੇ ਕੋਲ ਘਰੇਲੂ ਤੇ ਕਮਰਸ਼ੀਅਲ ਤੰਦੂਰ, ਮੁੰਨੀਲਾਲ ਤੰਦੂਰ ਐਨਐਸਐਫ, ਗੈਸ ਬਰਨਰ (ਭੱਠੀ), ਪਤੀਲੇ, ਹਰੇਕ ਸਾਈਜ਼ ਦੀਆਂ ਕੜਾਹੀਆਂ ਅਤੇ ਰੈਸਟੋਰੈਂਟ ਨਾਲ ਸਬੰਧਤ ਸਾਰੇ ਸਾਰਾ ਸਾਮਾਨ ਉਪਲੱਬਧ ਹੈ।








# Prag International

**1125 Howard Street. Elk Grove Village. IL 60007**

**Contact: 847-979-5970, 847-979-5990, 847-228-0150, 847-979-8949**

**Fax: 847-228-0152 Email: raviunited@aol.com.**

# ਕਾਨੂੰਨ ਵਾਪਸੀ ਦੇ ਐਲਾਨ ਪਿੱਛੋਂ ਕਿਸਾਨਾਂ ਵੱਲੋਂ ਪ੍ਰਧਾਨ ਮੰਤਰੀ ਨੂੰ ਖੁੱਲ੍ਹਾ ਪੱਤਰ

**ਨਵੀਂ ਦਿੱਲੀ:** ਖੇਤੀ ਕਾਨੂੰਨਾਂ ਖਿਲਾਫ ਤਕਰੀਬਨ ਇਕ ਸਾਲ ਤੋਂ ਦਿੱਲੀ ਦੀਆਂ ਬਰੂਹਾਂ 'ਤੇ ਸੰਘਰਸ਼ ਦੀ ਅਗਵਾਈ ਕਰ ਰਹੇ ਸੰਯੁਕਤ ਕਿਸਾਨ ਮੋਰਚੇ ਵੱਲੋਂ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਦੇ ਨਾਂ ਖੁੱਲ੍ਹਾ ਖਤ ਜਾਰੀ ਕਰਕੇ ਕਿਹਾ ਗਿਆ ਕਿ ਸਿਰਫ ਤਿੰਨੋਂ ਖੇਤੀ ਕਾਨੂੰਨ ਰੱਦ ਕਰਨਾ ਹੀ ਇਸ ਅੰਦੋਲਨ ਦੀ ਮੰਗ ਨਹੀਂ ਹੈ ਸਗੋਂ ਹੋਰ ਅਹਿਮ ਮੰਗਾਂ ਵੀ ਹਨ।

ਮੋਰਚੇ ਨੇ ਜੂਨ 2021 ਤੋਂ ਲੈ ਕੇ ਹੁਣ ਤੱਕ ਸੈਂਕੜੇ ਕਿਸਾਨਾਂ ਖਿਲਾਫ ਮਾਮਲੇ ਦਰਜ ਕਰਨ, ਲਖੀਮਪੁਰ ਖੀਰੀ ਦੇ ਕਿਸਾਨ ਕਤਲੇਆਮ ਦੇ ਦੋਸ਼ੀਆਂ ਖਿਲਾਫ ਕਾਰਵਾਈ ਕਰਨ ਅਤੇ ਅੰਦੋਲਨ ਦੌਰਾਨ ਸ਼ਹੀਦ ਹੋਏ ਕਿਸਾਨਾਂ ਦੇ ਵਾਰਸਾਂ ਨੂੰ ਮੁਆਵਜ਼ਾ ਦੇਣ ਵਰਗੇ ਮੁੱਦੇ ਵੀ ਉਠਾਏ ਹਨ। ਮੋਰਚੇ ਨੇ ਪ੍ਰਧਾਨ ਮੰਤਰੀ ਨੂੰ ਚਿੱਠੀ 'ਚ ਲਿਖਿਆ ਹੈ, 'ਦੇਸ਼ ਦੇ ਕਰੋੜਾਂ ਕਿਸਾਨਾਂ ਨੇ 19 ਨਵੰਬਰ ਦੀ ਸਵੇਰ ਨੂੰ ਰਾਸ਼ਟਰ ਦੇ ਨਾਮ ਤੁਹਾਡਾ ਸੰਦੇਸ਼ ਸੁਣਿਆ। ਗਿਆਰਾਂ ਦੌਰ ਦੀ ਗੱਲਬਾਤ ਤੋਂ ਬਾਅਦ ਵੀ ਤੁਸੀਂ ਦੁਵੱਲੇ ਹੱਲ ਦੀ ਬਜਾਏ ਇਕਪਾਸੜ ਘੋਸ਼ਣਾ ਦਾ ਰਾਹ ਚੁਣਿਆ, ਪਰ ਸਾਨੂੰ ਖੁਸ਼ੀ ਹੈ ਕਿ ਤੁਸੀਂ ਤਿੰਨੋਂ ਖੇਤੀਬਾੜੀ ਕਾਨੂੰਨਾਂ ਨੂੰ ਵਾਪਸ ਲੈਣ ਦਾ ਐਲਾਨ ਕੀਤਾ ਹੈ। ਅਸੀਂ ਇਸ ਐਲਾਨ ਦਾ ਸਵਾਗਤ ਕਰਦੇ ਹਾਂ ਅਤੇ ਉਮੀਦ ਕਰਦੇ ਹਾਂ ਕਿ ਤੁਹਾਡੀ ਸਰਕਾਰ ਇਸ ਵਾਅਦੇ ਨੂੰ ਜਲਦੀ ਤੋਂ ਜਲਦੀ ਪੂਰਾ ਕਰੇਗੀ।'



ਮੋਰਚੇ ਨੇ ਸਰਕਾਰ ਨਾਲ ਮੀਟਿੰਗਾਂ ਦੇ ਦੌਰ ਦੌਰਾਨ ਉਠਾਈਆਂ ਤਿੰਨ ਮੰਗਾਂ ਦਾ ਜ਼ਿਕਰ ਕੀਤਾ, 'ਖੇਤੀ ਲਾਗਤ 'ਤੇ (ਸੀ2+50 ਫੀਸਦ) ਅਧਾਰਿਤ ਐਮ.ਐਸ.ਪੀ. ਦੀ ਕਾਨੂੰਨੀ ਗਾਰੰਟੀ ਦਿੱਤੀ ਜਾਵੇ, ਬਿਜਲੀ ਸੋਧ ਬਿੱਲ 2020/2021 ਨੂੰ ਵਾਪਸ ਲਿਆ ਜਾਵੇ ਅਤੇ ਕਮਿਸ਼ਨ ਫਾਰ ਏਅਰ ਕੁਆਲਿਟੀ ਮੈਨੇਜਮੈਂਟ ਐਕਟ, 2021 ਇਨ ਨੈਸ਼ਨਲ ਕੈਪੀਟਲ ਰਿਜਨ ਤੇ ਇਸ ਨਾਲ ਸਬੰਧਤ ਖੇਤਰਾਂ ਵਿਚ ਕਿਸਾਨਾਂ ਨੂੰ ਧਾਰਾ 15 ਰਾਹੀਂ ਸਜ਼ਾ ਦੀ ਗੁੰਜਾਇਸ਼ ਦੁਬਾਰਾ ਕਿਸਾਨਾਂ ਨੂੰ ਦਿੱਤੀ ਗਈ ਹੈ।' ਉਨ੍ਹਾਂ ਸਰਕਾਰ ਦੁਆਰਾ ਪ੍ਰਸਤਾਵਿਤ 'ਬਿਜਲੀ ਸੋਧ ਬਿੱਲ' ਦੇ ਖਰੜੇ ਨੂੰ ਵਾਪਸ ਲੈਣ ਲਈ ਕਿਹਾ ਹੈ। ਚਿੱਠੀ ਮੁਤਾਬਕ ਕਿਸਾਨਾਂ ਨੂੰ ਆਸ ਸੀ ਕਿ ਇਸ ਇਤਿਹਾਸਕ ਅੰਦੋਲਨ ਨਾਲ ਨਾ ਸਿਰਫ ਤਿੰਨੋਂ ਕਾਨੂੰਨਾਂ ਨੂੰ ਟਾਲਿਆ ਜਾਵੇਗਾ, ਸਗੋਂ ਉਸ ਨੂੰ ਮਿਹਨਤ ਦੇ ਮੁੱਲ ਦੀ ਕਾਨੂੰਨੀ ਗਾਰੰਟੀ ਵੀ ਮਿਲੇਗੀ। ਉਨ੍ਹਾਂ ਕਿਹਾ ਹੈ ਕਿ ਵੱਡੀਆਂ ਮੰਗਾਂ 'ਤੇ ਕੋਈ ਠੋਸ ਐਲਾਨ ਨਾ ਹੋਣ ਕਾਰਨ ਕਿਸਾਨਾਂ 'ਚ ਨਿਰਾਸ਼ਾ ਹੈ।

ਦਿੱਲੀ, ਹਰਿਆਣਾ, ਚੰਡੀਗੜ੍ਹ, ਉੱਤਰ ਪ੍ਰਦੇਸ਼ ਅਤੇ ਹੋਰ ਕਈ ਰਾਜਾਂ ਵਿਚ ਇਸ ਅੰਦੋਲਨ ਦੌਰਾਨ (ਜੂਨ 2020 ਤੋਂ ਹੁਣ ਤੱਕ) ਹਜ਼ਾਰਾਂ ਕਿਸਾਨਾਂ ਨੂੰ ਸੈਂਕੜੇ ਕੇਸਾਂ ਵਿਚ ਫਸਾਇਆ ਜਾ ਚੁੱਕਾ ਹੈ, ਇਹ ਕੇਸ ਤੁਰਤ ਵਾਪਸ ਲਏ ਜਾਣ। ਲਖੀਮਪੁਰ ਕਾਂਡ ਦਾ ਮਾਸਟਰਮਾਈਂਡ ਅਤੇ ਧਾਰਾ 120ਬੀ ਦੇ ਦੋਸ਼ੀ ਅਜੈ ਮਿਸ਼ਰਾ ਟੈਨੀ ਨੂੰ ਬਰਖਾਸਤ ਕਰਕੇ ਗ੍ਰਿਫਤਾਰ ਕੀਤਾ ਜਾਵੇ। 700 ਦੇ ਕਰੀਬ ਕਿਸਾਨ ਦੇ ਪਰਿਵਾਰਾਂ ਦੇ ਮੁਆਵਜ਼ੇ ਅਤੇ ਮੁੜ ਵਸੇਬੇ ਦੀ ਵਿਵਸਥਾ ਹੋਵੇ। ਸ਼ਹੀਦ ਕਿਸਾਨਾਂ ਦੀ ਯਾਦ ਵਿਚ ਸ਼ਹੀਦੀ ਯਾਦਗਾਰ ਬਣਾਉਣ ਲਈ ਜ਼ਮੀਨ ਦਿੱਤੀ ਜਾਵੇ। ਚਿੱਠੀ 'ਚ ਲਿਖਿਆ ਹੈ, 'ਅਸੀਂ ਇਹ ਵੀ ਚਾਹੁੰਦੇ ਹਾਂ ਕਿ ਇਨ੍ਹਾਂ ਸਮੇਤ ਹੋਰ ਮਸਲਿਆਂ ਨੂੰ ਜਲਦੀ ਤੋਂ ਜਲਦੀ ਹੱਲ ਕੀਤਾ ਜਾਵੇ ਤਾਂ ਜੋ ਅਸੀਂ ਆਪਣੇ ਘਰ, ਪਰਿਵਾਰ ਅਤੇ ਖੇਤੀ ਵੱਲ ਪਰਤੀਏ।'

## ਖੇਤੀ ਕਾਨੂੰਨਾਂ ਦੀ ਵਾਪਸੀ ਮਹਿਜ਼ ਸ਼ੁਰੂਆਤ, ਲੜਾਈ ਹਾਲੇ ਬਾਕੀ: ਮੇਧਾ ਪਾਟੇਕਰ

**ਚੰਡੀਗੜ੍ਹ:** ਕੇਂਦਰੀ ਖੇਤੀ ਕਾਨੂੰਨਾਂ ਖਿਲਾਫ ਤਕਰੀਬਨ ਇਕ ਸਾਲ ਤੋਂ ਦੇਸ਼ ਦੀ ਰਾਜਧਾਨੀ ਦੀਆਂ ਬਰੂਹਾਂ 'ਤੇ ਚੱਲ ਰਹੇ ਸੰਘਰਸ਼ ਦੇ ਦਬਾਅ ਹੇਠ ਕੇਂਦਰ ਸਰਕਾਰ ਵੱਲੋਂ ਤਿੰਨੋਂ ਖੇਤੀ ਕਾਨੂੰਨ ਵਾਪਸ ਲੈਣ ਦਾ ਐਲਾਨ ਕਰਵਾਉਣਾ ਤਾਂ ਸ਼ੁਰੂਆਤ ਹੈ, ਜਦਕਿ ਲੜਾਈ ਹਾਲੇ ਬਾਕੀ ਹੈ। ਇਸ ਗੱਲ ਦਾ ਪ੍ਰਗਟਾਵਾ ਵਾਤਾਵਰਨ ਕਾਰਕੁਨ ਮੇਧਾ ਪਾਟੇਕਰ ਨੇ ਸੰਯੁਕਤ ਨਾਰੀ ਮੰਚ ਪੰਜਾਬ ਵੱਲੋਂ ਕਿਸਾਨ ਅੰਦੋਲਨ ਦੌਰਾਨ ਸ਼ਹੀਦ ਕਿਸਾਨ ਬੀਬੀਆਂ ਨੂੰ ਸਮਰਪਿਤ ਚੰਡੀਗੜ੍ਹ ਦੇ ਸੈਕਟਰ-16 'ਚ ਕਰਵਾਈ ਪਹਿਲੀ ਕੌਮੀ ਕਨਵੈਨਸ਼ਨ ਨੂੰ ਸੰਬੋਧਨ ਕਰਦਿਆਂ ਕੀਤਾ।

ਉਨ੍ਹਾਂ ਕਿਹਾ ਕਿ ਕਿਸਾਨ ਅੰਦੋਲਨ ਵਿਚ ਔਰਤਾਂ ਦੀ ਭੂਮਿਕਾ ਨੇ ਸਾਬਤ ਕਰ ਦਿੱਤਾ ਹੈ ਕਿ ਉਹ ਘਰ ਵੀ ਚਲਾਉਣ ਦੇ ਨਾਲ-ਨਾਲ ਆਪਣੇ ਹੱਕਾਂ ਲਈ ਸੰਘਰਸ਼ ਵੀ ਕਰ ਸਕਦੀਆਂ ਹਨ। ਅੰਦੋਲਨ ਵਿਚ ਔਰਤਾਂ ਦੀ ਭੂਮਿਕਾ ਨੂੰ ਕਦੇ ਵੀ ਨਜ਼ਰ-ਅੰਦਾਜ਼ ਨਹੀਂ ਕੀਤਾ ਜਾ ਸਕਦਾ। ਮੇਧਾ ਪਾਟੇਕਰ ਨੇ ਕਿਹਾ ਕਿ ਕੇਂਦਰ ਸਰਕਾਰ ਦੀ ਅਗਵਾਈ ਹੇਠ ਦੇਸ਼ 'ਚ ਨਿੱਜੀਕਰਨ ਦਾ ਪਸਾਰ ਹੋ ਰਿਹਾ ਹੈ। ਪ੍ਰਧਾਨ ਮੰਤਰੀ ਨਰਿੰਦਰ ਮੋਦੀ ਚਾਹ ਵੇਚਦੇ-ਵੇਚਦੇ ਦੇਸ਼ ਕਾਰਪੋਰੇਟਾਂ ਨੂੰ ਵੇਚਣ ਲੱਗੇ ਹੋਏ ਹਨ ਜਿਸ ਦੀ ਸ਼ੁਰੂਆਤ ਬਹੁਤ ਪਹਿਲਾਂ ਹੋ ਚੁੱਕੀ ਸੀ ਪਰ ਮੌਜੂਦਾ ਸਰਕਾਰ ਉਸ ਤੋਂ ਅੱਗੇ ਵਧਦੇ ਹੋਈ ਖੇਤੀਬਾੜੀ ਨੂੰ ਤਬਾਹ ਕਰਨ 'ਤੇ ਤੁਲੀ ਹੋਈ ਹੈ। ਉਨ੍ਹਾਂ ਕਿਹਾ ਕਿ ਮੌਜੂਦਾ ਸਰਕਾਰ ਤਿਜੋਰੀਆਂ ਖਾਲੀ ਕਰਨ 'ਚ ਲੱਗੀ ਹੋਈ ਹੈ। ਅਜਿਹੀ ਸਰਕਾਰ ਨੂੰ ਕੁਰਸੀ 'ਤੇ ਬੈਠਣ ਦਾ ਕੋਈ ਅਧਿਕਾਰ ਨਹੀਂ ਹੈ। ਇਸ ਲਈ ਸਾਰਿਆਂ ਨੂੰ ਇਕੱਠੇ ਹੋ ਕੇ ਹੰਭਲਾ ਮਾਰਨ ਦੀ ਲੋੜ ਹੈ।

## ਲੋਕ ਵਿਰੋਧੀ ਫੈਸਲਿਆਂ ਖਿਲਾਫ ਏਕੇ ਦਾ ਹੋਕਾ

**ਚੰਡੀਗੜ੍ਹ:** ਪੰਜਾਬ ਵਿਚ 32 ਕਿਸਾਨ ਜਥੇਬੰਦੀਆਂ ਦੀ ਅਗਵਾਈ ਹੇਠ ਭਾਜਪਾ ਆਗੂਆਂ ਦੇ ਘਰਾਂ ਸਾਹਮਣੇ, ਟੌਲ ਪਲਾਜ਼ਿਆਂ ਉਪਰ, ਅੰਬਾਨੀ ਤੇ ਅਡਾਨੀ ਦੇ ਕਾਰੋਬਾਰੀ ਟਿਕਾਣਿਆਂ ਮੂਹਰੇ, ਰੇਲਵੇ ਸਟੇਸ਼ਨਾਂ ਦੇ ਪਾਰਕਾਂ ਅੰਦਰ, ਨਿੱਜੀ ਖੇਤਰ ਦੇ ਥਰਮਲ ਪਲਾਂਟ ਅਤੇ ਮੋਗਾ ਦੇ ਸਾਈਲੋ ਸਣੇ ਸਵਾ ਸੌ ਤੋਂ ਵੱਧ ਥਾਵਾਂ 'ਤੇ ਚੱਲ ਰਹੇ ਧਰਨਿਆਂ ਦੌਰਾਨ ਬੁਲਾਰਿਆਂ ਨੇ ਖੇਤੀ ਕਾਨੂੰਨਾਂ ਦੀ ਵਾਪਸੀ ਦੇ ਐਲਾਨ ਮਗਰੋਂ ਇਕਜੁੱਟਤਾ ਬਣਾਏ ਰੱਖਣ ਦਾ ਹੋਕਾ ਦਿੱਤਾ।

ਬੁਲਾਰਿਆਂ ਨੇ ਕਿਹਾ ਕਿ ਇਕ ਸਾਲ ਤੋਂ ਵੱਧ ਸਮੇਂ ਤੋਂ ਚੱਲ ਰਹੇ ਇਸ ਕਿਸਾਨ ਸੰਘਰਸ਼ ਸਾਹਮਣੇ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਦਾ ਝੁਕਣਾ ਇਹ ਸਾਬਤ ਕਰ ਰਿਹਾ ਹੈ ਕਿ ਲੋਕਾਂ ਦੇ ਏਕੇ ਨਾਲ ਜਾਬਰ ਤੋਂ ਜਾਬਰ ਹੁਕਮਰਾਨ ਨੂੰ ਵੀ ਉਸ ਦੇ ਲੋਕ ਵਿਰੋਧੀ ਫੈਸਲੇ ਵਾਪਸ ਲੈਣ ਲਈ ਮਜਬੂਰ ਕੀਤਾ ਜਾ ਸਕਦਾ ਹੈ। ਕਿਸਾਨ ਆਗੂਆਂ ਨੇ ਕਿਹਾ ਕਿ ਭਵਿੱਖ ਵਿਚ ਵੀ ਸਰਕਾਰਾਂ ਨੂੰ ਲੋਕ ਵਿਰੋਧੀ ਫੈਸਲੇ ਲੈਣ ਤੋਂ ਰੋਕਣ ਲਈ ਏਕਤਾ ਬਣਾਈ ਰੱਖਣਾ ਬਹੁਤ ਜਰੂਰੀ ਹੈ। ਆਗੂਆਂ ਨੇ ਦੱਸਿਆ ਕਿ ਸੰਯੁਕਤ ਕਿਸਾਨ ਮੋਰਚੇ ਦੇ ਸੱਦੇ ਅਨੁਸਾਰ ਅੰਦੋਲਨ ਦੀ ਪਹਿਲੀ ਵਰ੍ਹੇਗੰਢ ਮੌਕੇ ਦਿੱਲੀ 'ਚ ਵਿਸ਼ਾਲ ਇਕੱਠ ਕੀਤੇ ਜਾਣਗੇ। ਉਨ੍ਹਾਂ ਕਿਹਾ ਕਿ ਸੰਯੁਕਤ ਮੋਰਚੇ ਦੇ ਐਲਾਨ ਤੋਂ ਬਾਅਦ ਹੀ ਪੰਜਾਬ 'ਚੋਂ ਧਰਨੇ ਖਤਮ ਕੀਤੇ ਜਾਣਗੇ। ਆਗੂਆਂ ਨੇ ਕਿਹਾ ਕਿ ਪੰਜਾਬ ਦੇ ਨੌਜਵਾਨਾਂ ਅਤੇ ਔਰਤਾਂ ਨੇ ਕੇਂਦਰ ਸਰਕਾਰ ਦੇ 3 ਖੇਤੀ ਕਾਨੂੰਨਾਂ ਖਿਲਾਫ਼ ਸ਼ੁਰੂ ਕੀਤੇ ਦੇਸ਼-ਵਿਆਪੀ ਕਿਸਾਨ ਅੰਦੋਲਨ 'ਚ ਇਤਿਹਾਸਕ ਭੂਮਿਕਾ ਨਿਭਾਈ ਹੈ। ਹਾਲਾਂਕਿ ਵੱਖ-ਵੱਖ ਕਿਸਾਨ ਵਿਰੋਧੀ ਤਾਕਤਾਂ ਨੇ ਨੌਜਵਾਨਾਂ ਨੂੰ ਅੰਦੋਲਨ ਨਾਲੋਂ ਤੋੜਨ ਲਈ ਸਾਜ਼ਿਸ਼ਾਂ ਘੜੀਆਂ ਸਨ, ਪਰ ਨੌਜਵਾਨਾਂ ਨੇ ਸਾਰੀਆਂ ਸਾਜ਼ਿਸ਼ਾਂ ਨੂੰ ਬੇਨਕਾਬ ਕਰਦਿਆਂ ਸੁਚੇਤ ਹੋ ਕੇ ਇਸ ਲੜਾਈ ਨੂੰ ਜਾਰੀ ਰੱਖਿਆ। ਕਿਸਾਨ ਆਗੂਆਂ ਨੇ ਕਿਹਾ ਕਿ ਭਾਜਪਾ ਆਗੂ ਖੇਤੀ ਕਾਨੂੰਨ ਰੱਦ ਕਰਨ ਦੇ ਐਲਾਨ ਨੂੰ ਪ੍ਰਧਾਨ ਮੰਤਰੀ ਵੱਲੋਂ ਕਿਸਾਨਾਂ ਨੂੰ ਦਿੱਤੇ ਤੋਹਫੇ ਵਜੋਂ ਪੇਸ਼ ਕਰ ਰਹੇ ਹਨ। ਉਨ੍ਹਾਂ ਕਿਹਾ ਕਿ ਇਹ ਕੋਈ ਤੋਹਫਾ ਨਹੀਂ, ਸਗੋਂ ਕਿਸਾਨਾਂ ਦੇ ਦ੍ਰਿੜ੍ਹ, ਵਿਆਪਕ ਅਤੇ ਪੂਰੀ ਸੂਝ-ਬੂਝ ਨਾਲ ਲੜੇ ਲੰਮੇ ਸੰਘਰਸ਼ ਦੇ ਦਬਾਅ ਹੇਠ ਆਏ ਇਕ ਆਗੂ ਦੀ ਸਿਆਸੀ ਹਾਰ ਤੇ ਮਜਬੂਰੀ ਹੈ।

## ਭਾਜਪਾ ਸੰਸਦ ਮੈਂਬਰ ਨੇ ਮੋਦੀ ਸਰਕਾਰ ਨੂੰ ਹਲੂਣਿਆਂ

**ਨਵੀਂ ਦਿੱਲੀ:** ਭਾਜਪਾ ਦੇ ਸੰਸਦ ਮੈਂਬਰ ਵਰੁਣ ਗਾਂਧੀ ਨੇ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਨੂੰ ਅਪੀਲ ਕੀਤੀ ਹੈ ਕਿ ਉਹ ਫਸਲਾਂ 'ਤੇ ਘੱਟੋ ਘੱਟ ਸਮਰਥਨ ਮੁੱਲ ਦੇਣ ਦੀ ਕਿਸਾਨਾਂ ਦੀ ਮੰਗ ਨੂੰ ਵੀ ਸਵੀਕਾਰ ਕਰਨ। ਉਨ੍ਹਾਂ ਇਹ ਵੀ ਮੰਗ ਕੀਤੀ ਹੈ ਕਿ ਲਖੀਮਪੁਰ ਖੀਰੀ ਕਾਂਡ ਲਈ ਜ਼ਿੰਮੇਵਾਰ ਕੇਂਦਰੀ ਗ੍ਰਹਿ ਰਾਜ ਮੰਤਰੀ ਅਜੈ ਮਿਸ਼ਰਾ ਖਿਲਾਫ ਕਾਰਵਾਈ ਕੀਤੀ ਜਾਵੇ।

ਪ੍ਰਧਾਨ ਮੰਤਰੀ ਨੂੰ ਲਿਖੀ ਚਿੱਠੀ 'ਚ ਪੀਲੀਭੀਤ ਤੋਂ ਸੰਸਦ ਮੈਂਬਰ ਨੇ ਕਿਹਾ ਕਿ ਜਦੋਂ ਤੱਕ ਕਿਸਾਨਾਂ ਦੀ ਇਹ ਮੰਗ ਨਹੀਂ ਮੰਨ ਲਈ ਜਾਂਦੀ, ਉਦੋਂ ਤੱਕ ਅੰਦੋਲਨ ਖ਼ਤਮ ਨਹੀਂ ਹੋਵੇਗਾ। ਵਰੁਣ ਗਾਂਧੀ ਨੇ ਤਿੰਨ ਖੇਤੀ ਕਾਨੂੰਨ ਵਾਪਸ ਲਏ ਜਾਣ ਦੇ ਫੈਸਲੇ ਨੂੰ ਮੋਦੀ ਦੀ 'ਦਰਿਆਦਿਲੀ' ਕਰਾਰ ਦਿੰਦਿਆਂ ਉਨ੍ਹਾਂ ਦਾ ਧੰਨਵਾਦ ਕੀਤਾ ਪਰ ਨਾਲ ਹੀ ਕਿਹਾ ਕਿ ਅੰਦੋਲਨ ਦੌਰਾਨ 700 ਤੋਂ ਜ਼ਿਆਦਾ ਕਿਸਾਨ ਸ਼ਹੀਦ ਹੋ ਗਏ ਹਨ ਜਿਨ੍ਹਾਂ ਬਹੁਤ ਹੀ ਮੁਸ਼ਕਲ ਹਾਲਾਤ 'ਚ ਸ਼ਾਂਤਮਈ ਢੰਗ ਨਾਲ ਅੰਦੋਲਨ ਕੀਤਾ। 'ਜੇਕਰ ਇਹ ਫੈਸਲਾ ਪਹਿਲਾਂ ਲੈ ਲਿਆ ਜਾਂਦਾ ਤਾਂ ਬੇਕਸੂਰ ਜਾਨਾਂ ਅਜਾਈਂ ਨਾ ਜਾਂਦੀਆਂ।'

ਉਨ੍ਹਾਂ 'ਸ਼ਹੀਦ' ਹੋਏ ਕਿਸਾਨਾਂ ਨੂੰ ਇਕ-ਇਕ ਕਰੋੜ ਰੁਪਏ ਮੁਆਵਜ਼ਾ ਦੇਣ ਦੀ ਵੀ ਮੰਗ ਕੀਤੀ ਹੈ। ਇਸ ਦੇ ਨਾਲ ਕਿਸਾਨਾਂ ਖਿਲਾਫ ਦਰਜ ਐਫ.ਆਈ.ਆਰਜ. ਵੀ ਰੱਦ ਕਰਨ ਲਈ ਕਿਹਾ ਹੈ। ਟਵਿੱਟਰ 'ਤੇ ਨਸ਼ਰ ਚਿੱਠੀ 'ਚ ਭਾਜਪਾ ਆਗੂ ਨੇ ਕਿਹਾ ਕਿ ਜੇਕਰ ਐਮ.ਐਸ.ਪੀ. ਨੂੰ ਕਾਨੂੰਨੀ ਰੂਪ ਦੇ ਦਿੱਤਾ ਜਾਂਦਾ ਹੈ ਤਾਂ ਕਿਸਾਨਾਂ ਨੂੰ ਵੱਡੀ ਗਿਣਤੀ 'ਚ ਆਰਥਿਕ ਤੌਰ 'ਤੇ ਸੁਰੱਖਿਆ ਮਿਲ ਜਾਵੇਗੀ ਅਤੇ ਛੋਟੇ ਤੇ ਦਰਮਿਆਨੇ ਕਿਸਾਨ ਹੋਰ ਮਜ਼ਬੂਤ ਹੋਣਗੇ।

## ਕਾਨੂੰਨਾਂ ਲਈ ਭਾਜਪਾ, ਬਾਦਲ ਤੇ ਕੈਪਟਨ ਬਰਾਬਰ ਜ਼ਿੰਮੇਵਾਰ: ਚੀਮਾ

**ਚੰਡੀਗੜ੍ਹ:** ਆਮ ਆਦਮੀ ਪਾਰਟੀ ਪੰਜਾਬ ਦੇ ਸੀਨੀਅਰ ਆਗੂ ਅਤੇ ਵਿਰੋਧੀ ਧਿਰ ਦੇ ਨੇਤਾ ਹਰਪਾਲ ਸਿੰਘ ਚੀਮਾ ਨੇ ਕਿਹਾ ਕਿ ਦੇਸ਼ ਵਿਚ ਚੱਲ ਰਹੇ ਇਤਿਹਾਸਕ ਕਿਸਾਨ ਅੰਦੋਲਨ ਦੇ ਸੁਨਹਿਰੇ ਪੰਨਿਆਂ 'ਤੇ ਬਾਦਲ ਪਰਿਵਾਰ ਦੀ ਦੋਗਲੀ ਨੀਤੀ ਨੂੰ ਕਾਲੇ ਅੱਖਰਾਂ ਵਿਚ ਲਿਖਿਆ ਜਾਵੇਗਾ।

ਕਿਸਾਨਾਂ ਮਜ਼ਦੂਰਾਂ, ਕਿਸਾਨ ਜਥੇਬੰਦੀਆਂ ਅਤੇ ਮਾਹਿਰਾਂ ਦੇ ਵਿਰੋਧ ਦੇ ਬਾਵਜੂਦ ਖੇਤੀ ਕਾਨੂੰਨ ਥੋਪੇ ਜਾਣ ਲਈ ਭਾਜਪਾ ਦੇ ਨਾਲ-ਨਾਲ ਬਾਦਲ, ਤਤਕਾਲੀ ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ ਅਤੇ ਕਾਂਗਰਸ ਬਰਾਬਰ ਦੀ ਭਾਗੀਦਾਰ ਹੈ, ਜਿਨ੍ਹਾਂ ਕੁਰਸੀ ਲਈ ਆਪਣੀ ਬਣਦੀ ਜ਼ਿੰਮੇਵਾਰੀ ਨਹੀਂ ਨਿਭਾਈ ਪਰ ਕਿਸਾਨ ਅੰਦੋਲਨ ਦੀ ਇਤਿਹਾਸਕ ਜਿੱਤ 'ਤੇ ਆਪਣੀਆਂ ਪਿੱਠਾਂ ਥਾਪੜਨ ਲੱਗੇ ਹੋਏ ਹਨ। ਪੰਜਾਬ ਕਾਂਗਰਸ ਦੇ ਸਾਬਕਾ ਪ੍ਰਧਾਨ ਸੁਨੀਲ ਜਾਖੜ ਨੇ ਕਿਹਾ ਕਿ ਸਾਬਕਾ ਮੁੱਖ ਮੰਤਰੀ ਪ੍ਰਕਾਸ਼ ਸਿੰਘ ਬਾਦਲ ਨੂੰ ਸਮੁੱਚੀ ਕਿਸਾਨੀ ਤੋਂ ਮੁਆਫੀ ਮੰਗਣੀ ਚਾਹੀਦੀ ਹੈ ਕਿਉਂਕਿ ਕੇਂਦਰੀ ਖੇਤੀ ਕਾਨੂੰਨ ਬਣਾਉਣ ਵਿਚ ਬਾਦਲ ਪਰਿਵਾਰ ਭਾਗੀਦਾਰ ਰਿਹਾ ਹੈ। ਉਨ੍ਹਾਂ ਕਿਹਾ ਕਿ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਨੇ ਇਹ ਤਿੰਨ ਖੇਤੀ ਕਾਨੂੰਨ ਬਣਾਏ ਸਨ, ਜਿਨ੍ਹਾਂ ਹੁਣ ਖੇਤੀ ਕਾਨੂੰਨ ਵਾਪਸ ਲੈਂਦਿਆਂ ਮੁਆਫੀ ਵੀ ਮੰਗੀ ਹੈ। ਉਨ੍ਹਾਂ ਕਿਹਾ ਕਿ ਹੁਣ ਵਾਰੀ ਪ੍ਰਕਾਸ਼ ਸਿੰਘ ਬਾਦਲ ਦੀ ਹੈ ਜਿਨ੍ਹਾਂ ਇਨ੍ਹਾਂ ਖੇਤੀ ਕਾਨੂੰਨਾਂ ਨੂੰ ਜਾਇਜ਼ ਠਹਿਰਾਉਣ ਲਈ ਬਾਕਾਇਦਾ ਵੀਡੀਓ ਬਣਾ ਕੇ ਵਕਾਲਤ ਕੀਤੀ ਸੀ।

### ਭਾਜਪਾ ਨਾਲ ਗਠਜੋੜ ਨਹੀਂ ਕਰੇਗਾ ਅਕਾਲੀ ਦਲ: ਸੁਖਬੀਰ

**ਮੌੜ ਮੰਡੀ:** ਅਕਾਲੀ ਦਲ ਦੇ ਪ੍ਰਧਾਨ ਸੁਖਬੀਰ ਸਿੰਘ ਬਾਦਲ ਨੇ ਕਿਹਾ ਕਿ ਭਾਵੇਂ ਦੇਸ਼ ਦੇ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਨੇ ਖੇਤੀ ਕਾਨੂੰਨ ਵਾਪਸ ਲੈਣ ਦਾ ਐਲਾਨ ਕੀਤਾ ਹੈ, ਪਰ ਸ਼੍ਰੋਮਣੀ ਅਕਾਲੀ ਦਲ ਭਾਜਪਾ ਨਾਲ ਚੋਣ ਗਠਜੋੜ ਨਹੀਂ ਕਰੇਗਾ ਕਿਉਂਕਿ ਮੋਦੀ ਸਰਕਾਰ ਨੇ ਹੀ ਪਿਛਲੇ ਇਕ ਸਾਲ ਤੋਂ ਕਿਸਾਨਾਂ ਨੂੰ ਸੜਕਾਂ 'ਤੇ ਰੋਲਿਆ ਹੈ, ਜਿਸ ਕਾਰਨ 700 ਤੋਂ ਵੱਧ ਕਿਸਾਨ ਸ਼ਹੀਦ ਹੋ ਗਏ ਹਨ।

## ਕਿਸਾਨ ਜਥੇਬੰਦੀਆਂ ਨੇ ਚੜੂਨੀ ਦੇ 'ਪੰਜਾਬ ਮਿਸ਼ਨ' ਤੋਂ ਦੂਰੀ ਬਣਾਈ

**ਨਵੀਂ ਦਿੱਲੀ:** ਪੰਜਾਬ ਦੀਆਂ ਕਿਸਾਨ ਜਥੇਬੰਦੀਆਂ ਨੇ ਹਰਿਆਣਾ ਦੇ ਕਿਸਾਨ ਆਗੂ ਗੁਰਨਾਮ ਸਿੰਘ ਚੜੂਨੀ ਦੇ 'ਪੰਜਾਬ ਮਿਸ਼ਨ' ਤੋਂ ਦੂਰੀ ਬਣਾ ਲਈ ਹੈ। ਕਿਸਾਨ ਆਗੂਆਂ ਨੇ ਕਿਹਾ ਕਿ ਸਮੁੱਚੀ ਕਿਸਾਨੀ ਕੇਂਦਰ ਖਿਲਾਫ ਲੜਾਈ ਲੜ ਰਹੀ ਹੈ। ਇਸ ਹਾਲਤ ਵਿਚ ਕਿਸਾਨ ਜਥੇਬੰਦੀਆਂ ਸਿਆਸੀ ਧਿਰਾਂ ਨੂੰ ਰਾਜਨੀਤਕ ਗਤੀਵਿਧੀਆਂ ਕਰਨ ਤੋਂ ਵਰਜ ਰਹੀਆਂ ਹਨ ਤਾਂ ਜੋ ਕਿਸਾਨੀ ਅੰਦੋਲਨ ਪ੍ਰਭਾਵਿਤ ਨਾ ਹੋਵੇ। ਕਿਸਾਨ ਆਗੂਆਂ ਨੇ ਕਿਹਾ ਕਿ ਜਥੇਬੰਦੀਆਂ ਨੇ ਸਪੱਸ਼ਟ ਕੀਤਾ ਹੈ ਕਿ ਚੋਣਾਂ ਦਾ ਐਲਾਨ ਹੋਣ ਤੋਂ ਬਾਅਦ ਹੀ ਚੋਣ ਸਰਗਰਮੀਆਂ ਵਿੱਢੀਆਂ ਜਾਣ ਕਿਉਂਕਿ ਪਿੰਡਾਂ ਵਿਚ ਲੋਕ ਸਿਆਸੀ ਆਗੂਆਂ ਦੀ ਮੁਖ਼ਾਲਫ਼ਤ ਕਰ ਰਹੇ ਹਨ। ਉਨ੍ਹਾਂ ਕਿਹਾ ਕਿ ਅਜਿਹੇ ਮਾਹੌਲ ਵਿਚ ਜੇਕਰ ਕੋਈ ਕਿਸਾਨ ਆਗੂ ਵੀ ਸਿਆਸੀ ਗਤੀਵਿਧੀਆਂ 'ਚ ਸ਼ਾਮਲ ਹੁੰਦਾ ਹੈ ਤਾਂ ਉਸ ਨਾਲ ਵੀ ਹੋਰਨਾਂ ਸਿਆਸੀ ਧਿਰਾਂ ਵਾਲਾ ਹੀ ਸਲੂਕ ਕੀਤਾ ਜਾਵੇਗਾ। ਕਿਸਾਨ ਆਗੂਆਂ ਨੇ ਕਿਹਾ ਕਿ ਗੁਰਨਾਮ ਸਿੰਘ ਚੜੂਨੀ ਦੇ 'ਪੰਜਾਬ ਮਿਸ਼ਨ' ਨਾਲ ਪੰਜਾਬ ਦੀਆਂ ਕਿਸਾਨ ਜਥੇਬੰਦੀਆਂ ਦਾ ਕੋਈ ਸਬੰਧ ਨਹੀਂ ਹੈ।

## ਮੋਦੀ ਦਾ ਐਲਾਨ ਕਿਸਾਨਾਂ ਦੀ ਪਹਿਲੀ ਇਤਿਹਾਸਕ ਜਿੱਤ ਕਰਾਰ

**ਨਵੀਂ ਦਿੱਲੀ:** ਸੰਯੁਕਤ ਕਿਸਾਨ ਮੋਰਚੇ ਨੇ ਕਿਹਾ ਕਿ ਤਿੰਨ ਕਿਸਾਨ ਵਿਰੋਧੀ, ਲੋਕ ਵਿਰੋਧੀ ਅਤੇ ਕਾਰਪੋਰੇਟ ਪੱਖੀ ਕਾਲੇ ਕਾਨੂੰਨਾਂ ਨੂੰ ਰੱਦ ਕਰਨ ਸਬੰਧੀ ਪ੍ਰਧਾਨ ਮੰਤਰੀ ਵੱਲੋਂ ਸਵੇਰੇ ਕੀਤਾ ਗਿਆ ਐਲਾਨ ਸਵਾਗਤਯੋਗ ਹੈ ਤੇ ਇਹ ਕਿਸਾਨਾਂ ਦੀ ਪਹਿਲੀ ਇਤਿਹਾਸਕ ਜਿੱਤ ਹੈ।

ਕਾਨੂੰਨ ਰੱਦ ਕਰਨ ਲਈ ਮਜਬੂਰ ਕਰਕੇ ਕਿਸਾਨਾਂ ਦੇ ਸੰਘਰਸ਼ ਨੇ ਦੇਸ ਵਿਚ ਜਮਹੂਰੀਅਤ ਦੀ ਬਹਾਲੀ ਅਤੇ ਭਾਰਤ ਵਿਚ ਸੰਘੀ ਰਾਜ ਦੀ ਅਗਵਾਈ ਕੀਤੀ ਹੈ। ਮੋਰਚੇ ਨੇ ਕਿਹਾ ਕਿ ਇਸ ਸਮੇਂ ਵੀ ਕਈ ਬਕਾਇਆ ਮੰਗਾਂ ਹਨ ਤੇ ਪ੍ਰਧਾਨ ਮੰਤਰੀ ਇਨ੍ਹਾਂ ਮੰਗਾਂ ਬਾਰੇ ਜਾਣਦੇ ਹਨ। ਸੰਯੁਕਤ ਕਿਸਾਨ ਮੋਰਚੇ ਨੂੰ ਉਮੀਦ ਹੈ ਕਿ ਭਾਰਤ ਸਰਕਾਰ ਇਸ ਐਲਾਨ ਨੂੰ ਬੇਕਾਰ ਨਹੀਂ ਜਾਣ ਦੇਵੇਗੀ ਤੇ ਪ੍ਰਦਰਸ਼ਨ ਕਰ ਰਹੇ ਕਿਸਾਨਾਂ ਦੀਆਂ ਸਾਰੀਆਂ ਜਾਇਜ਼ ਮੰਗਾਂ ਪੂਰੀਆਂ ਕਰੇਗੀ।

ਇਕ ਲਾਭਕਾਰੀ ਐਮ.ਐਸ.ਪੀ. ਕਾਨੂੰਨ ਬਣਾਇਆ ਜਾਣਾ ਜਰੂਰੀ ਹੈ। ਆਗੂਆਂ ਨੇ ਕਿਹਾ ਕਿ ਸੰਯੁਕਤ ਕਿਸਾਨ ਮੋਰਚਾ ਸਾਰੇ ਵਿਕਾਸ ਦਾ



ਮੁਲਾਂਕਣ ਵੀ ਕਰੇਗਾ ਅਤੇ ਆਪਣੀ ਅਗਲੀ ਮੀਟਿੰਗ ਵਿਚ ਲੋੜੀਂਦੇ ਫੈਸਲੇ ਲਵੇਗਾ। ਇਸ ਮੌਕੇ ਮੋਰਚੇ ਨੇ ਇਸ ਅੰਦੋਲਨ ਵਿਚ ਹੁਣ ਤੱਕ ਸ਼ਹੀਦ ਹੋਏ ਲਗਭਗ 675 ਕਿਸਾਨਾਂ ਨੂੰ ਸਰਧਾਂਜਲੀ ਦਿੱਤੀ ਤੇ ਕਿਹਾ ਕਿ ਉਨ੍ਹਾਂ ਦੀ ਕੁਰਬਾਨੀ ਅਜਾਈਂ ਨਹੀਂ ਜਾਵੇਗੀ।

ਭਾਰਤੀ ਕਿਸਾਨ ਯੂਨੀਅਨ ਏਕਤਾ (ਉਗਰਾਹਾਂ) ਦੇ ਪ੍ਰਧਾਨ ਜੋਗਿੰਦਰ ਸਿੰਘ ਉਗਰਾਹਾਂ, ਭਾਰਤੀ ਕਿਸਾਨ ਯੂਨੀਅਨ (ਰਾਜੇਵਾਲ) ਦੇ ਪ੍ਰਧਾਨ ਬਲਬੀਰ ਸਿੰਘ ਰਾਜੇਵਾਲ ਨੇ ਕਿਹਾ ਕਿ ਪ੍ਰਧਾਨ ਮੰਤਰੀ ਦਾ ਐਲਾਨ ਦੇਰ ਨਾਲ ਲਿਆ ਗਿਆ ਦਰੁਸਤ ਫੈਸਲਾ ਹੈ। ਕਿਸਾਨ ਆਗੂਆਂ ਨੇ ਕਿਹਾ ਕਿ ਜੇਕਰ ਪ੍ਰਧਾਨ ਮੰਤਰੀ ਹਠਧਰਮੀ ਤਿਆਗ ਕੇ ਖੇਤੀ ਕਾਨੂੰਨਾਂ ਦਾ ਵਾਪਸੀ ਦਾ ਐਲਾਨ ਸਾਲ ਪਹਿਲਾਂ ਹੀ ਕਰ ਦਿੰਦੇ ਤਾਂ ਕਈ ਕਿਸਾਨਾਂ ਦੀਆਂ ਜਾਨਾਂ ਬਚਾਈਆਂ ਜਾ ਸਕਦੀਆਂ ਸਨ।

ਉਨ੍ਹਾਂ ਕਿਹਾ ਕਿ ਖੇਤੀ ਕਾਨੂੰਨਾਂ ਦੀ ਵਾਪਸੀ ਤੋਂ ਬਾਅਦ ਕਿਸਾਨ ਅੰਦੋਲਨ ਨੂੰ ਕਿਸ ਢੰਗ ਨਾਲ ਚਲਾਉਣਾ ਹੈ ਤੇ ਭਵਿੱਖ ਦਾ ਫੈਸਲਾ ਕੀ ਹੋਵੇਗਾ, ਇਸ ਸਬੰਧੀ ਵਿਚਾਰ ਚਰਚਾ ਸੰਯੁਕਤ ਕਿਸਾਨ ਮੋਰਚੇ ਦੀ ਮੀਟਿੰਗ 'ਚ ਕੀਤੀ ਜਾਵੇਗੀ। ਕਿਸਾਨ ਆਗੂਆਂ ਨੇ ਕਿਹਾ ਕਿ ਖੇਤੀ ਕਾਨੂੰਨਾਂ ਨੇ ਕਿਸਾਨ ਜਥੇਬੰਦੀਆਂ ਅਤੇ ਕਿਸਾਨਾਂ ਨੂੰ ਏਕਤਾ ਬਖਸ਼ੀ ਹੈ। ਇਸ ਲਈ ਭਵਿੱਖ ਵਿਚ ਵੀ ਕਿਸਾਨ ਜਥੇਬੰਦੀਆਂ ਦੀ ਪ੍ਰਮੁੱਖਤਾ ਏਕਤਾ ਬਣਾਈ ਰੱਖਣ ਦੀ ਹੋਵੇਗੀ ਤਾਂ ਜੋ ਸਰਕਾਰਾਂ ਨੂੰ ਕਿਸਾਨ ਵਿਰੋਧੀ ਤੇ ਲੋਕ ਵਿਰੋਧੀ ਫੈਸਲੇ ਲੈਣ ਤੋਂ ਰੋਕਿਆ ਜਾ ਸਕੇ।

# ਪਾਕਿਸਤਾਨ ’ਚ ਵੀ ਸ਼ਰਧਾ ਤੇ ਉਤਸ਼ਾਹ ਨਾਲ ਮਨਾਇਆ ਪ੍ਰਕਾਸ਼ ਪੁਰਬ

**ਲਾਹੌਰ:** ਗੁਰੂ ਨਾਨਕ ਦੇਵ ਜੀ ਦਾ ਪ੍ਰਕਾਸ਼ ਪੁਰਬ ਪਾਕਿਸਤਾਨ ਸਥਿਤ ਗੁਰਦੁਆਰਾ ਜਨਮ ਅਸਥਾਨ ਨਨਕਾਣਾ ਸਾਹਿਬ ਵਿਖੇ ਸ਼ਰਧਾ ਤੇ ਉਤਸ਼ਾਹ ਨਾਲ ਮਨਾਇਆ ਗਿਆ। ਇਸ ਮੌਕੇ ਭਾਰਤ ਦੇ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਵੱਲੋਂ ਖੇਤੀ ਕਾਨੂੰਨ ਵਾਪਸ ਲੈਣ ਦੇ ਕੀਤੇ ਗਏ ਐਲਾਨ ਨੂੰ ਕਿਸਾਨਾਂ ਦੀ ਜਿੱਤ ਦੱਸਦਿਆਂ ਜੈਕਾਰੇ ਵੀ ਲਾਏ ਗਏ।

ਪ੍ਰਕਾਸ਼ ਪੁਰਬ ਸਬੰਧੀ ਦੁਪਹਿਰੇ ਨਗਰ ਕੀਰਤਨ ਸਜਾਇਆ ਗਿਆ। ਗੁਰੂ ਗ੍ਰੰਥ ਸਾਹਿਬ ਨੂੰ ਸੁੰਦਰ ਪਾਲਕੀ ਅਤੇ ਫੁੱਲਾਂ ਨਾਲ ਸਜੇ ਵਾਹਨ ਵਿਚ ਸੁਸ਼ੋਭਿਤ ਕਰਨ ਮਗਰੋਂ ਪੰਜ ਪਿਆਰਿਆਂ ਦੀ ਅਗਵਾਈ ਹੇਠ ਨਗਰ ਕੀਰਤਨ ਆਰੰਭ ਹੋਇਆ। ਵੱਖ-ਵੱਖ ਗੁਰਦੁਆਰਿਆਂ ‘ਚੋਂ ਹੁੰਦਾ ਹੋਇਆ ਨਗਰ ਕੀਰਤਨ ਵਾਪਸ ਗੁਰਦੁਆਰਾ ਨਨਕਾਣਾ ਸਾਹਿਬ ਪੁੱਜ ਕੇ ਸਮਾਪਤ ਹੋਇਆ। ਨਗਰ ਕੀਰਤਨ ਵਿਚ ਭਾਰਤ ਅਤੇ ਹੋਰਨਾਂ ਮੁਲਕਾਂ ਤੋਂ ਆਏ ਸ਼ਰਧਾਲੂਆਂ ਸਣੇ ਪਾਕਿਸਤਾਨੀ ਸਿੱਖ ਵੀ ਸ਼ਾਮਲ ਸਨ।



ਨਗਰ ਕੀਰਤਨ ਦੌਰਾਨ ਪਾਕਿਸਤਾਨੀ ਸਿੱਖ ਆਗੂਆਂ ਵੱਲੋਂ ਭਾਰਤ ਦੇ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਵੱਲੋਂ ਖੇਤੀ ਕਾਨੂੰਨ ਵਾਪਸ ਲੈਣ ਦੇ ਐਲਾਨ ਬਾਰੇ ਜਾਣਕਾਰੀ ਦਿੱਤੀ ਗਈ ਅਤੇ ਇਸ ਨੂੰ ਕਿਸਾਨਾਂ ਦੀ ਵੱਡੀ ਜਿੱਤ ਕਰਾਰ ਦਿੰਦਿਆਂ ਜੈਕਾਰੇ ਲਾਏ ਗਏ।

ਇਸ ਦੌਰਾਨ ਗੁਰਦੁਆਰਾ ਨਨਕਾਣਾ ਸਾਹਿਬ ਸੁੰਦਰ ਫੁੱਲਾਂ ਨਾਲ ਸਜਾਇਆ ਗਿਆ ਅਤੇ ਗੁਰਦੁਆਰੇ ਦੀ ਇਮਾਰਤ ਤੋਂ ਇਲਾਵਾ ਹੋਰਨਾਂ ਗੁਰਦੁਆਰਿਆਂ ਦੀਆਂ ਇਮਾਰਤਾਂ ‘ਤੇ ਦੀਪ ਮਾਲਾ ਕੀਤੀ ਗਈ। ਭਾਰਤ ਤੋਂ ਵੱਡੀ ਗਿਣਤੀ ਸਿੱਖ ਸ਼ਰਧਾਲੂਆਂ ਨੇ ਵੀਜ਼ਾ-ਮੁਕਤ ਕਰਤਾਰਪੁਰ ਕੋਰੀਡੋਰ ਦੀ ਵਰਤੋਂ ਕਰ ਕੇ ਪਾਕਿਸਤਾਨ ਵਿਚ ਸਥਿਤ ਗੁਰਦੁਆਰਾ ਦਰਬਾਰ ਸਾਹਿਬ ਮੱਥਾ ਟੇਕਿਆ ਤੇ ਗੁਰੂ ਨਾਨਕ ਦੇਵ ਦੇ 552ਵੇਂ ਪ੍ਰਕਾਸ਼ ਪੁਰਬ ਮੌਕੇ ਕਰਵਾਏ ਗਏ ਸਮਾਗਮ ਵਿਚ ਹਿੱਸਾ ਲਿਆ। ਪ੍ਰਕਾਸ਼ ਪੁਰਬ ਸਬੰਧੀ ਮੁੱਖ ਸਮਾਗਮ ਗੁਰਦੁਆਰਾ ਜਨਮ ਅਸਥਾਨ ਨਨਕਾਣਾ ਸਾਹਿਬ ਵਿਚ ਹੋਇਆ ਜੋ ਲਾਹੌਰ ਤੋਂ ਤਕਰੀਬਨ 80 ਕਿਲੋਮੀਟਰ ਦੂਰ ਹੈ। ਵਾਹਗਾ ਬਾਰਡਰ ਤੋਂ ਇਥੇ ਪੁੱਜੇ 2,500 ਤੋਂ ਵੱਧ ਸਿੱਖਾਂ ਤੇ ਵੱਡੀ ਗਿਣਤੀ ਵਿਚ ਸਥਾਨਕ ਸ਼ਰਧਾਲੂਆਂ ਨੇ ਸਮਾਗਮ ਵਿਚ ਹਿੱਸਾ ਲਿਆ।

ਸਮਾਗਮ ਦੌਰਾਨ ਗੁਰਦੁਆਰਾ ਜਨਮ ਅਸਥਾਨ ਤੋਂ ਨਗਰ ਕੀਰਤਨ ਸਜਾਇਆ ਗਿਆ ਜੋ ਨਨਕਾਣਾ ਸਾਹਿਬ ਦੇ ਅੱਠ ਗੁਰਦੁਆਰਿਆਂ ‘ਚੋਂ ਹੋ ਕੇ ਲੰਘਿਆ। ਨਨਕਾਣਾ ਸਾਹਿਬ ਵਿਚ ਹੋਏ ਮੁੱਖ ਸਮਾਗਮ ਦੇ ਮੁੱਖ ਮਹਿਮਾਨ ਪਾਕਿਸਤਾਨ ਦੇ ਧਾਰਮਿਕ ਮਾਮਲਿਆਂ ਦੇ ਮੰਤਰੀ ਪੀਰ ਨੂਰੁਲ ਹੱਕ ਕਾਦਰੀ ਸਨ। ਇਸ ਮੌਕੇ ਲੰਗਰ ਦਾ ਪ੍ਰਬੰਧ ਵੀ ਕੀਤਾ ਗਿਆ ਸੀ। ਕਰਤਾਰਪੁਰ ਵਿਚ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੀ ਪ੍ਰਧਾਨ ਬੀਬੀ ਜਗੀਰ ਕੌਰ ਅਤੇ ਵਫਦ ਨੇ ਗੁਰਦੁਆਰੇ ਦਾ ਦੌਰਾ ਕੀਤਾ।

### ਅਮਰੀਕਾ ਦੇ ਰਾਸ਼ਟਰਪਤੀ ਵੱਲੋਂ ਪ੍ਰਕਾਸ਼ ਪੁਰਬ ਦੀ ਵਧਾਈ

**ਵਾਸ਼ਿੰਗਟਨ:** ਅਮਰੀਕਾ ਦੇ ਰਾਸ਼ਟਰਪਤੀ ਜੋਅ ਬਾਇਡਨ ਅਤੇ ਪ੍ਰਥਮ ਮਹਿਲਾ ਜਿਲ ਬਾਇਡਨ ਨੇ ਸਿੱਖ ਧਰਮ ਦੇ ਬਾਨੀ ਗੁਰੂ ਨਾਨਕ ਦੇਵ ਜੀ ਦੇ 552ਵੇਂ ਪ੍ਰਕਾਸ਼ ਪੁਰਬ ਮੌਕੇ ਸਿੱਖਾਂ ਨੂੰ ਵਧਾਈ ਦਿੰਦਿਆਂ ਕਿਹਾ ਹੈ ਕਿ ਬਰਾਬਰਤਾ, ਸ਼ਾਂਤੀ ਅਤੇ ਸੇਵਾ ਦੇ ਉਨ੍ਹਾਂ ਦੇ ਦੂਰ-ਅੰਦੇਸ਼ੀ ਸੰਦੇਸ਼ ਅੱਜ ਵੀ ਓਨੇ ਹੀ ਅਹਿਮ ਹਨ, ਜਿਵੇਂ ਪੰਜ ਸਦੀਆਂ ਪਹਿਲਾਂ ਸਨ। ਆਸਟਰੇਲੀਆ ਦੇ ਪ੍ਰਧਾਨ ਮੰਤਰੀ ਸਕੌਟ ਮੌਰੀਸਨ ਨੇ ਗੁਰੂ ਨਾਨਕ ਸਾਹਿਬ ਦੇ ਪ੍ਰਕਾਸ਼ ਪੁਰਬ ਉਤੇ ਦੁਨੀਆਂ ਭਰ ਵਿਚ ਵਸਦੇ ਸਿੱਖਾਂ ਦੇ ਨਾਂ ਵਧਾਈ ਸੰਦੇਸ ਜਾਰੀ ਕੀਤਾ ਹੈ। ਉਨ੍ਹਾਂ ਨੇ ਰਾਜਧਾਨੀ ਕੈਨਬਰਾ ਤੋਂ ਜਾਰੀ ਆਪਣੇ ਸੰਦੇਸ ਵਿਚ ਗੁਰੂ ਸਾਹਿਬ ਦੀਆਂ ਮਨੁੱਖਤਾ ਦੀ ਭਲਾਈ ਲਈ ਦਿੱਤੀਆਂ ਸਿੱਖਿਆਵਾਂ ਦਾ ਜ਼ਿਕਰ ਕਰਦਿਆਂ ਕਿਹਾ, ‘‘ਮਹਾਮਾਰੀ ਵਿਚ ਲੰਘੇ ਦੋ ਸਾਲਾਂ ਨੇ ਸਾਨੂੰ ਮੁੜ ਚੇਤੇ ਕਰਵਾਇਆ ਹੈ ਕਿ ਜ਼ਿੰਦਗੀ ਦੀ ਪ੍ਰਫੁੱਲਤਾ ਦੇ ਅਸਲ ਮਾਅਨੇ ਕੀ ਹਨ।’’

# ਸਿੱਖ ਜਥੇ ਗੁਰਦੁਆਰਾ ਕਰਤਾਰਪੁਰ ਸਾਹਿਬ ਨਤਮਸਤਕ



### ਜਗੀਰ ਕੌਰ ਦਾ ਭਾਰਤ ਸਰਕਾਰ ਨਾਲ ਗਿਲਾ

**ਅੰਮ੍ਰਿਤਸਰ:** ਦੇਸ਼ ਪਰਤਣ ਮਗਰੋਂ ਬੀਬੀ ਜਗੀਰ ਕੌਰ ਨੇ ਆਖਿਆ ਕਿ ਸ਼੍ਰੋਮਣੀ ਕਮੇਟੀ ਸਿੱਖਾਂ ਦੀ ਨੁਮਾਇੰਦਾ ਜਥੇਬੰਦੀ ਹੈ ਅਤੇ ਸਰਕਾਰਾਂ ਨੂੰ ਇਸ ਸੰਸਥਾ ਨੂੰ ਬਣਦਾ ਮਾਣ-ਸਨਮਾਨ ਦੇਣਾ ਚਾਹੀਦਾ ਹੈ। ਬੀਬੀ ਜਗੀਰ ਕੌਰ ਨੇ ਭਾਰਤ ਤੇ ਪੰਜਾਬ ਦੀ ਸਰਕਾਰ ‘ਤੇ ਗਿਲਾ ਕਰਦਿਆਂ ਕਿਹਾ ਕਿ ਸ਼੍ਰੋਮਣੀ ਕਮੇਟੀ ਵੱਲੋਂ ਸਰਕਾਰ ਦੇ ਸਬੰਧਤ ਅਧਿਕਾਰੀਆਂ ਦੇ ਕਹਿਣ ਅਨੁਸਾਰ 101 ਮੈਂਬਰਾਂ ਦੀ ਪ੍ਰਵਾਨਗੀ ਮੰਗੀ ਸੀ ਪਰ ਦੁੱਖ ਦੀ ਗੱਲ ਹੈ ਕਿ ਸਿਰਫ 20 ਜਣਿਆਂ ਨੂੰ ਹੀ ਪ੍ਰਵਾਨਗੀ ਦਿੱਤੀ ਗਈ। ਇਨ੍ਹਾਂ ‘ਚੋਂ ਤਿੰਨ ਮੈਂਬਰ ਸੂਚਨਾ ਮਿਲਣ ਵਿਚ ਹੋਈ ਦੇਰ ਕਾਰਨ ਨਹੀਂ ਜਾ ਸਕੇ, ਜਿਸ ਕਰ ਕੇ ਸਿਰਫ 17 ਮੈਂਬਰੀ ਵਫਦ ਹੀ ਗੁਰਦੁਆਰਾ ਕਰਤਾਰਪੁਰ ਸਾਹਿਬ ਹੋ ਕੇ ਪਰਤਿਆ ਹੈ।

**ਡੇਰਾ ਬਾਬਾ ਨਾਨਕ:** ਗੁਰੂ ਨਾਨਕ ਦੇਵ ਜੀ ਦੇ ਪ੍ਰਕਾਸ਼ ਪੁਰਬ ਮੌਕੇ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਪ੍ਰਧਾਨ ਬੀਬੀ ਜਗੀਰ ਕੌਰ ਦੀ ਅਗਵਾਈ ਹੇਠ ਪਾਕਿਸਤਾਨ ਗਏ ਸ਼੍ਰੋਮਣੀ ਕਮੇਟੀ ਦੇ 17 ਮੈਂਬਰੀ ਜਥੇ ਨੇ ਗੁਰਦੁਆਰਾ ਦਰਬਾਰ ਸਾਹਿਬ, ਕਰਤਾਰਪੁਰ ਮੱਥਾ ਟੇਕਿਆ।

ਇਸ ਮੌਕੇ ਬੀਬੀ ਜਗੀਰ ਕੌਰ ਨੇ ਐਲਾਨ ਕੀਤਾ ਕਿ ਸ਼੍ਰੋਮਣੀ ਕਮੇਟੀ ਵੱਲੋਂ ਰੋਜ਼ਾਨਾ ਗੁਰਦੁਆਰਾ ਕਰਤਾਰਪੁਰ ਸਾਹਿਬ ਵਿਖੇ ਰਾਗੀ ਜਥੇ ਭੇਜੇ ਜਾਣਗੇ। ਇਸ ਤੋਂ ਇਲਾਵਾ ਲੋੜ ਅਨੁਸਾਰ ਰਸਦਾਂ ਅਤੇ ਹੋਰ ਲੋੜੀਂਦਾ ਸਾਮਾਨ ਵੀ ਪੁੱਜਦਾ ਕੀਤਾ ਜਾਵੇਗਾ। ਪਾਕਿਸਤਾਨ ਸਿੱਖ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਪ੍ਰਧਾਨ ਅਮੀਰ ਸਿੰਘ, ਸਾਬਕਾ ਪ੍ਰਧਾਨ ਸਤਵੰਤ ਸਿੰਘ ਤੇ ਤਾਰੂ ਸਿੰਘ ਸਣੇ ਹੋਰ ਸਿੱਖ ਆਗੂਆਂ ਨੇ ਜਥੇ ਦਾ ਨਿੱਘਾ ਸਵਾਗਤ ਕੀਤਾ। ਗੁਰਦੁਆਰਾ ਕਰਤਾਰਪੁਰ ਸਾਹਿਬ ਪੁੱਜ ਕੇ ਬੀਬੀ ਜਗੀਰ ਕੌਰ ਨੇ ਗੁਰੂ ਗ੍ਰੰਥ ਸਾਹਿਬ ਨੂੰ ਰੁਮਾਲਾ ਭੇਟ ਕਰ ਕੇ ਸ਼ਰਧਾ ਪ੍ਰਗਟਾਈ ਅਤੇ ਸਰਬੱਤ ਦੀ ਚੜ੍ਹਦੀ ਕਲਾ ਲਈ ਅਰਦਾਸ ਕੀਤੀ। ਇਸੇ ਦੌਰਾਨ ਹਰਿਮੰਦਰ ਸਾਹਿਬ, ਅੰਮ੍ਰਿਤਸਰ ਦੇ ਹਜ਼ੂਰੀ ਰਾਗੀ ਭਾਈ ਸੁਰਿੰਦਰ ਸਿੰਘ ਅਤੇ ਭਾਈ ਗੁਰਕੀਰਤ ਸਿੰਘ ਦੇ ਜਥਿਆਂ ਨੇ ਕੀਰਤਨ ਕੀਤਾ।

# ਇਸਾਈ ਭਾਈਚਾਰੇ ਨੇ ਸਿੱਖ ਕੌਮ ਨੂੰ ਵਧਾਈ ਸੰਦੇਸ਼ ਭੇਜਿਆ

**ਅੰਮ੍ਰਿਤਸਰ:** ਇਸਾਈ ਭਾਈਚਾਰੇ ਦੇ ਵਫਦ ਨੇ ਵੈਟੀਕਨ ਸਿਟੀ ਰੋਮ ਦੀ ਅੰਤਰ ਧਾਰਮਿਕ ਵਾਰਤਾ ਕੌਂਸਲ ਵੱਲੋਂ ਗੁਰੂ ਨਾਨਕ ਦੇਵ ਜੀ ਦੇ ਪ੍ਰਕਾਸ਼ ਪੁਰਬ ਸਬੰਧੀ ਭੇਜਿਆ ਵਧਾਈ ਸੰਦੇਸ਼ ਸ੍ਰੀ ਅਕਾਲ ਤਖਤ ਦੇ ਕਾਰਜਕਾਰੀ ਜਥੇਦਾਰ ਗਿਆਨੀ ਹਰਪ੍ਰੀਤ ਸਿੰਘ ਨੂੰ ਸੌਂਪਿਆ ਹੈ।

ਕੈਥੋਲਿਕ ਧਰਮ ਦੇ ਮੁਖੀ ਪੋਪ ਫਰਾਂਸਿਸ ਦੀ ਅੰਤਰ ਧਾਰਮਿਕ ਵਾਰਤਾ ਕੌਂਸਲ ਵੱਲੋਂ ਭੇਜਿਆ ਵਧਾਈ ਸੰਦੇਸ਼ ਗਿਆਨੀ ਗੁਰਪ੍ਰੀਤ ਸਿੰਘ ਨੂੰ ਸੌਂਪਣ ਵਾਲੇ ਵਫਦ ਵਿਚ ਜਲੰਧਰ ਡਾਇਓਸਿਸ ਦੇ ਅੰਤਰ ਧਾਰਮਿਕ ਵਾਰਤਾ ਦੇ ਡਾਇਰੈਕਟਰ ਫਾਦਰ ਜੌਹਨ ਗਰੇਵਾਲ ਤੇ ਹੋਰ ਸ਼ਾਮਲ ਸਨ। ਇਸਾਈ ਭਾਈਚਾਰੇ ਵੱਲੋਂ ਵਧਾਈ ਸੰਦੇਸ਼ ਵਿਚ ਸਮੁੱਚੀ ਸਿੱਖ ਕੌਮ ਨੂੰ ਪ੍ਰਕਾਸ਼ ਪੁਰਬ ਦੀਆਂ ਸ਼ੁੱਭਕਾਮਨਾਵਾਂ ਭੇਟ ਕਰਦਿਆਂ ਕਿਹਾ ਗਿਆ ਹੈ, ‘ਜੋ ਧਰਮ ਸਰਬੱਤ ਦਾ ਭਲਾ ਅਤੇ ਧਰਤੀ ਦਾ ਭਲਾ ਚਾਹੁੰਦੇ ਹਨ, ਮਸੀਹ ਭਾਈਚਾਰਾ ਉਨ੍ਹਾਂ ਨਾਲ ਰਲ ਕੇ ਸਮੁੱਚੇ ਬ੍ਰਹਿਮੰਡ ਦੀ ਦੇਖਭਾਲ ਕਰਨਾ ਚਾਹੁੰਦਾ ਹੈ। ਦੋਵੇਂ ਭਾਈਚਾਰੇ ਅਜੋਕੇ ਸਮੇਂ ਵਿਚ ਇਕ ਦੂਜੇ ਦਾ ਸਨਮਾਨ ਕਰਦੇ ਹੋਏ ਸੱਭਿਆਚਾਰ ਅਤੇ ਆਪਸੀ ਮੇਲ ਮਿਲਾਪ ਨੂੰ ਹੋਰ ਉਤਸ਼ਾਹਿਤ ਕਰ ਸਕਦੇ ਹਨ।’

ਆਗੂਆਂ ਨੇ ਦੱਸਿਆ ਕਿ ਜਥੇਦਾਰ ਗਿਆਨੀ ਹਰਪ੍ਰੀਤ ਸਿੰਘ ਨੇ ਇਸਾਈ ਧਰਮ ਦੇ ਵਫਦ ਦਾ ਸਵਾਗਤ ਕੀਤਾ ਅਤੇ ਵਧੇਰੇ ਬੂਟੇ ਲਾਉਣ ਤੇ ਵੰਡ ਕੇ ਵਾਤਾਵਰਨ ਦੀ ਸੰਭਾਲ ਦਾ ਸੁਨੇਹਾ ਦਿੱਤਾ ਹੈ। ਉਨ੍ਹਾਂ ਕਿਹਾ ਹੈ ਕਿ ਸਿੱਖ ਧਰਮ ਵੀ ਸਮੁੱਚੇ ਧਰਮਾਂ ਦਾ ਸਤਿਕਾਰ ਕਰਦਾ ਹੈ। ਫਾਦਰ ਗਰੇਵਾਲ ਨੇ ਦੱਸਿਆ ਕਿ ਮਤਭੇਦ ਪੈਦਾ ਕਰਨ ਵਾਲੇ ਮੁੱਦੇ ਗੱਲਬਾਤ ਕਰਕੇ ਸੁਲਝਾਏ ਜਾਣਗੇ।

# ਹਰਿਮੰਦਰ ਸਾਹਿਬ ’ਚ ਸੁੰਦਰ ਜਲੌਅ ਅਤੇ ਦੀਪਮਾਲਾ

**ਅੰਮ੍ਰਿਤਸਰ:** ਇਥੇ ਹਰਿਮੰਦਰ ਸਾਹਿਬ ਵਿਖੇ ਗੁਰੂ ਨਾਨਕ ਦੇਵ ਜੀ ਦੇ ਪ੍ਰਕਾਸ਼ ਪੁਰਬ ਮੌਕੇ ਵੱਡੀ ਗਿਣਤੀ ਸੰਗਤ ਨੇ ਮੱਥਾ ਟੇਕਿਆ। ਇਸ ਮੌਕੇ ਹਰਿਮੰਦਰ ਸਾਹਿਬ, ਅਕਾਲ ਤਖ਼ਤ ਸਾਹਿਬ ਅਤੇ ਗੁਰਦੁਆਰਾ ਬਾਬਾ ਅਟੱਲ ਰਾਏ ਵਿਖੇ ਸੁੰਦਰ ਜਲੌਅ ਸਜਾਏ ਗਏ ਅਤੇ ਦੀਪਮਾਲਾ ਕੀਤੀ ਗਈ।

ਇਸੇ ਦੌਰਾਨ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਵੱਲੋਂ ਗੁਰਦੁਆਰਾ ਸ੍ਰੀ ਮੰਜੀ ਸਾਹਿਬ ਦੀਵਾਨ ਹਾਲ ਵਿਚ ਅਖੰਡ ਪਾਠ ਦੇ ਭੋਗ ਪਾਏ ਗਏ। ਭਾਈ ਧਰਮਵੀਰ ਸਿੰਘ ਦੇ ਰਾਗੀ ਜਥੇ ਨੇ ਕੀਰਤਨ ਕੀਤਾ। ਅਰਦਾਸ ਭਾਈ ਬਲਜੀਤ ਸਿੰਘ ਨੇ ਕੀਤੀ ਅਤੇ ਹੁਕਮਨਾਮਾ ਭਾਈ ਸੁਖਵਿੰਦਰ ਸਿੰਘ ਨੇ ਸਰਵਣ ਕਰਵਾਇਆ। ਉਨ੍ਹਾਂ ਨੇ ਗੁਰੂ ਨਾਨਕ ਦੇਵ ਜੀ ਦੇ ਜੀਵਨ ਬਾਰੇ ਚਾਨਣਾ ਪਾਉਂਦਿਆਂ ਸੰਗਤ ਨੂੰ ਗੁਰੂ ਸਾਹਿਬ ਦੇ ਉਪਦੇਸ਼ਾਂ ‘ਤੇ ਚੱਲਣ ਲਈ ਪ੍ਰੇਰਿਆ।

ਇਸ ਦੌਰਾਨ ਵੱਖ-ਵੱਖ ਸਿੱਖ ਜਥੇਬੰਦੀਆਂ ਵੱਲੋਂ ਭਾਈ ਵੀਰ ਸਿੰਘ ਨਿਵਾਸ ਤੋਂ ਪ੍ਰਭਾਤ ਫੇਰੀ ਵੀ ਕੱਢੀ ਗਈ, ਜੋ ਹਰਿਮੰਦਰ ਸਾਹਿਬ ਪੁੱਜ ਕੇ ਸਮਾਪਤ ਹੋਈ। ਪ੍ਰਕਾਸ਼ ਪੁਰਬ ਨੂੰ ਸਮਰਪਿਤ ਸੰਗਤ ਵੱਲੋਂ ਵੱਖ-ਵੱਖ ਥਾਵਾਂ ‘ਤੇ ਲੰਗਰ ਵੀ ਲਾਏ ਗਏ। ਇਸੇ ਤਰ੍ਹਾਂ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਵੱਲੋਂ ਭਗਤ ਸੈਣ ਜੀ ਦਾ ਜਨਮ ਦਿਹਾੜਾ ਸ਼ਰਧਾ ਤੇ ਸਤਿਕਾਰ ਨਾਲ ਮਨਾਇਆ ਗਿਆ। ਇਸ ਸਬੰਧੀ ਦਰਬਾਰ ਸਾਹਿਬ ਸਮੂਹ ਵਿਖੇ ਸਥਿਤ ਗੁਰਦੁਆਰਾ ਸ਼ਹੀਦ ਬਾਬਾ ਗੁਰਬਖਸ਼ ਸਿੰਘ ਵਿਖੇ ਅਖੰਡ ਪਾਠ ਦੇ ਭੋਗ ਪਾਏ ਗਏ, ਜਿਸ ਮਗਰੋਂ ਹਜ਼ੂਰੀ ਰਾਗੀ ਜਥੇ ਨੇ ਕੀਰਤਨ ਕੀਤਾ।

ਇਥੇ ਤਖਤ ਦਮਦਮਾ ਸਾਹਿਬ ਵਿਚ ਗੁਰੂ ਨਾਨਕ ਦੇਵ ਜੀ ਦਾ ਪ੍ਰਕਾਸ਼ ਪੁਰਬ ਸ਼ਰਧਾ ਤੇ ਉਤਸ਼ਾਹ ਨਾਲ ਮਨਾਇਆ ਗਿਆ। ਇਸ ਮੌਕੇ ਵੱਡੀ ਗਿਣਤੀ ਸੰਗਤ ਤਖਤ ਸਾਹਿਬ ਸਮੇਤ ਇੱਥੋਂ ਦੇ ਹੋਰ ਗੁਰਦੁਆਰਿਆਂ ਵਿਚ ਨਤਮਸਤਕ ਹੋਈ। ਇਸ ਦੌਰਾਨ ਅਖੰਡ ਪਾਠ ਦੇ ਭੋਗ ਪਾਉਣ ਮਗਰੋਂ ਕੀਰਤਨ ਕੀਤਾ ਗਿਆ।

## ਹਰਿਆਣਾ ’ਚ ਗੁਰਦੁਆਰਾ ਕਮੇਟੀ ਨੇ ਮੁਸਲਮਾਨਾਂ ਲਈ ਖੋਲ੍ਹੇ ਦਰਵਾਜ਼ੇ

**ਗੁਰੂਗ੍ਰਾਮ:** ਸੰਯੁਕਤ ਹਿੰਦੂ ਸੰਘਰਸ਼ ਕਮੇਟੀ ਸਮੇਤ ਬਜਰੰਗ ਦਲ, ਵਿਸ਼ਵ ਹਿੰਦੂ ਪ੍ਰੀਸ਼ਦ ਅਤੇ ਦੁਰਗਾ ਵਾਹਿਨੀ ਦੁਆਰਾ ਮੁਸਲਮਾਨਾਂ ਦੇ ਖੁੱਲ੍ਹੇ ‘ਚ ਨਮਾਜ਼ ਪੜ੍ਹਨ ਉਤੇ ਇਤਰਾਜ਼ ਕਰਨ ਦੇ ਕੁਝ ਦਿਨ ਬਾਅਦ ਸ਼ਹਿਰ ਦੀ ਗੁਰਦੁਆਰਾ ਸੰਸਥਾ ਨੇ ਮੁਸਲਮਾਨਾਂ ਲਈ ਆਪਣੇ ਦਰਵਾਜੇ ਖੋਲ੍ਹ ਦਿੱਤੇ ਹਨ।

ਗੁਰੂਗ੍ਰਾਮ ‘ਚ ਸਦਰ ਬਾਜ਼ਾਰ ਦੀ ਗੁਰਦੁਆਰਾ ਸੰਸਥਾ ਨੇ ਮੁਸਲਮਾਨਾਂ ਨੂੰ ਸ਼ੁੱਕਰਵਾਰ ਦੀ ਨਮਾਜ਼ ਗੁਰਦੁਆਰਾ ਸਾਹਿਬ ‘ਚ ਪੜ੍ਹਨ ਦੀ ਪੇਸ਼ਕਸ਼ ਕੀਤੀ ਹੈ। ਸਦਰ ਬਾਜ਼ਾਰ ਗੁਰਦੁਆਰਾ ਗੁਰੂ ਸਿੰਘ ਸਭਾ ਦੇ ਪ੍ਰਧਾਨ ਸ਼ੇਰਦਿਲ ਸਿੰਘ ਸਿੱਧੂ ਨੇ ਕਿਹਾ ਕਿ ਇਹ ਗੁਰੂ ਘਰ ਹੈ, ਜੋ ਬਿਨਾਂ ਕਿਸੇ ਪੱਖਪਾਤ ਦੇ ਸਾਰੇ ਭਾਈਚਾਰਿਆਂ ਲਈ ਖੁੱਲ੍ਹਾ ਹੈ। ਇਥੇ ਕੋਈ ਰਾਜਨੀਤੀ ਨਹੀਂ ਹੋਣੀ ਚਾਹੀਦੀ। ਉਨ੍ਹਾਂ ਕਿਹਾ ਕਿ ਗੁਰਦੁਆਰਾ ਸਾਹਿਬ ਦੀ ਬੇਸਮੈਂਟ ਮੁਸਲਮਾਨਾਂ ਲਈ ਖੁੱਲ੍ਹੀ ਹੈ, ਜੋ ਜੁੰਮੇ ਦੀ ਨਮਾਜ਼ ਪੜ੍ਹਨਾ ਚਾਹੁੰਦੇ ਹਨ।

# ਕੇਂਦਰ ਵੱਲੋਂ ਗੁਰੂ ਤੇਗ ਬਹਾਦਰ ਨੂੰ ਸਮਰਪਿਤ ਯਾਦਗਾਰ ਬਣਾਉਣ ਦੀ ਤਿਆਰੀ

**ਅੰਮ੍ਰਿਤਸਰ:** ਕੇਂਦਰ ਸਰਕਾਰ ਸ੍ਰੀ ਗੁਰੂ ਤੇਗ ਬਹਾਦਰ ਸਾਹਿਬ ਦੇ 400 ਸਾਲਾ ਪ੍ਰਕਾਸ਼ ਪੁਰਬ ਨੂੰ ਸਮਰਪਿਤ ਇਕ ਵਿਸ਼ਵ ਪੱਧਰੀ ਯਾਦਗਾਰ ਬਣਾਉਣ ਦੀ ਇਛੁੱਕ ਹੈ ਅਤੇ ਇਸ ਸਬੰਧੀ ਸ਼੍ਰੋਮਣੀ ਕਮੇਟੀ ਕੋਲੋਂ ਧਾਰਮਿਕ ਪੱਧਰ ‘ਤੇ ਸਲਾਹ ਮੰਗੀ ਗਈ ਹੈ। ਇਸ ਸਬੰਧ ਵਿਚ ਕੇਂਦਰ ਦੇ ਸਭਿਆਚਾਰਕ ਵਿਭਾਗ ਦੇ ਸਕੱਤਰ ਗੋਵਿੰਦ ਮੋਹਨ ਨੇ ਇਥੇ ਸ਼੍ਰੋਮਣੀ ਕਮੇਟੀ ਦੀ ਪ੍ਰਧਾਨ ਬੀਬੀ ਜਗੀਰ ਕੌਰ ਨਾਲ ਮੁਲਾਕਾਤ ਕੀਤੀ ਹੈ।

ਭਾਰਤ ਸਰਕਾਰ ਵੱਲੋਂ ਸ੍ਰੀ ਗੁਰੂ ਤੇਗ ਬਹਾਦਰ ਸਾਹਿਬ ਦੇ 400 ਸਾਲਾ ਪ੍ਰਕਾਸ਼ ਪੁਰਬ ਨਾਲ ਸਬੰਧਤ ਸਮਾਗਮ ਕਰੋਨਾ ਕਾਰਨ ਪੱਛੜ ਕੇ ਕਰਵਾਏ ਜਾ ਰਹੇ ਹਨ। ਇਹ ਯਾਦਗਾਰ ਕਿਸ ਤਰ੍ਹਾਂ ਦੀ ਹੋਵੇ, ਗੁਰੂ ਸਾਹਿਬ ਦੇ ਜੀਵਨ, ਉਪਦੇਸ਼ ਅਤੇ ਕੁਰਬਾਨੀ ਨੂੰ ਕਿਵੇਂ ਰੂਪਮਾਨ ਕੀਤਾ ਜਾਵੇ, ਬਾਰੇ ਸ਼੍ਰੋਮਣੀ ਕਮੇਟੀ ਨਾਲ ਵਿਚਾਰ ਚਰਚਾ ਕੀਤੀ ਗਈ ਹੈ। ਬੀਬੀ ਜਗੀਰ ਕੌਰ ਨਾਲ ਕੇਂਦਰੀ ਨੁਮਾਇੰਦੇ ਦੀ ਹੋਈ ਮੀਟਿੰਗ ਵਿਚ ਸਿੱਖ ਵਿਦਵਾਨ ਸਿਮਰਜੀਤ ਸਿੰਘ ਕੰਗ, ਇੰਦਰਪਾਲ



ਸਿੰਘ, ਡਾ. ਅਮਰਜੀਤ ਸਿੰਘ, ਡਾ. ਸੁਖਬੀਰ ਸਿੰਘ, ਡਾ. ਜੋਗੇਸ਼ਵਰ ਸਿੰਘ ਸਮੇਤ ਐਸ.ਡੀ.ਐਮ. ਮੌਜੂਦ ਸਨ। ਗੋਵਿੰਦ ਮੋਹਨ ਨੇ ਭਾਰਤ ਸਰਕਾਰ ਵੱਲੋਂ 400 ਸਾਲਾ ਪ੍ਰਕਾਸ਼ ਪੁਰਬ ਸਬੰਧੀ ਉਲੀਕੀਆਂ ਯੋਜਨਾਵਾਂ ਤੋਂ ਬੀਬੀ ਜਗੀਰ ਕੌਰ ਨੂੰ ਜਾਣੂ ਕਰਵਾਇਆ।

ਉਨ੍ਹਾਂ ਕਿਹਾ ਕਿ ਭਾਰਤ ਸਰਕਾਰ, ਪ੍ਰਕਾਸ਼ ਪੁਰਬ ਸਬੰਧੀ ਜੋ ਵੀ ਸਮਾਗਮ ਕਰਨਾ ਚਾਹੁੰਦੀ ਹੈ ਜਾਂ ਯਾਦਗਾਰਾਂ ਬਣਾਉਣੀਆਂ ਚਾਹੁੰਦੀ ਹੈ, ਉਹ ਸ਼੍ਰੋਮਣੀ ਕਮੇਟੀ ਦੇ ਸੁਝਾਅ ਅਨੁਸਾਰ ਹੀ ਕੀਤਾ ਜਾਵੇਗਾ।

ਬੀਬੀ ਜਗੀਰ ਕੌਰ ਨੇ ਭਾਰਤ ਦੇ ਸੱਭਿਆਚਾਰਕ ਵਿਭਾਗ ਦੇ ਸਕੱਤਰ ਨੂੰ ਭਰੋਸਾ ਦਿੱਤਾ ਕਿ ਸਰਕਾਰ ਵੱਲੋਂ ਉਲੀਕੇ ਹਰ ਤਰ੍ਹਾਂ ਦੇ ਸਮਾਗਮ ਵਿਚ ਭਰਵਾਂ ਸਹਿਯੋਗ ਦਿੱਤਾ ਜਾਵੇਗਾ। ਉਨ੍ਹਾਂ ਕਿਹਾ ਕਿ ਇਸ ਸਬੰਧੀ ਇਕ ਕਮੇਟੀ ਸਥਾਪਤ ਕੀਤੀ ਜਾਵੇਗੀ, ਜੋ ਭਾਰਤ ਸਰਕਾਰ ਨਾਲ ਰਾਬਤਾ ਬਣਾਈ ਰੱਖੇਗੀ। ਬੀਬੀ ਜਗੀਰ ਕੌਰ ਨੇ ਕੇਂਦਰੀ ਨੁਮਾਇੰਦੇ ਕੋਲ ਆਨੰਦਪੁਰ ਵਿਖੇ ਬਣਾਏ ਗਏ ਵਿਰਾਸਤ-ਏ-ਖਾਲਸਾ ਯਾਦਗਾਰ ਦੀ ਤਰਜ਼ ‘ਤੇ ਵਿਸ਼ਵ ਪੱਧਰੀ ਯਾਦਗਾਰ ਬਣਾਉਣ ਦੀ ਤਜਵੀਜ਼ ਦਿੱਤੀ ਹੈ। ਇਸ ਦੌਰਾਨ ਸ਼੍ਰੋਮਣੀ ਕਮੇਟੀ ਦੀ ਪ੍ਰਧਾਨ ਵੱਲੋਂ ਕੇਂਦਰ ਸਰਕਾਰ ਦੇ ਨੁਮਾਇੰਦੇ ਦਾ ਸਨਮਾਨ ਵੀ ਕੀਤਾ ਗਿਆ।

# ਬ੍ਰਿਟਿਸ਼ ਕੋਲੰਬੀਆ ਵਿਚ ਹੜ੍ਹਾਂ ਕਾਰਨ ਹਜ਼ਾਰਾਂ ਪਸ਼ੂਆਂ ਦੀ ਮੌਤ

## ਸਟੇਟ ਆਫ ਐਮਰਜੈਂਸੀ ਦਾ ਐਲਾਨ; ਖਾਲਸਾ ਏਡ ਤੇ ਪੰਜਾਬੀ ਭਾਈਚਾਰਾ ਲੋਕਾਂ ਦੀ ਮਦਦ 'ਚ ਜੁਟਿਆ





**ਸਰੀ (ਬਿਊਰੋ):** ਬ੍ਰਿਟਿਸ਼ ਕੋਲੰਬੀਆ (ਬੀ.ਸੀ.) ਵਿਚ ਆਏ ਹੜ੍ਹਾਂ ਕਾਰਨ ਹਜ਼ਾਰਾਂ ਪਸ਼ੂਆਂ ਦੀ ਮੌਤ ਹੋ ਗਈ ਹੈ। ਸੂਬੇ ਦੀ ਖੇਤੀਬਾੜੀ ਮੰਤਰੀ ਲਾਨਾ ਪੌਪਹਮ ਨੇ ਦੱਸਿਆ ਕਿ ਹੜ੍ਹ ਕਾਰਨ ਸਾਰੇ ਕਿਸਾਨਾਂ ਕੋਲ ਏਨਾ ਸਮਾਂ ਜਾਂ ਸਾਧਨ ਨਹੀਂ ਸਨ ਕਿ ਉਹ ਆਪਣੇ ਪਸ਼ੂਆਂ ਨੂੰ ਬਚਾ ਕੇ ਪਾਣੀ ਵਿਚੋਂ ਕੱਢ ਲਿਆਉਂਦੇ। ਤੇਜ਼ੀ ਨਾਲ ਵਧੇ ਪਾਣੀ ਦੇ ਪੱਧਰ ਕਾਰਨ ਕਈ ਥਾਵਾਂ 'ਤੇ ਲੋਕਾਂ ਨੂੰ ਆਪਣੇ ਪਾਲਤੂ ਪਸ਼ੂਆਂ ਨੂੰ ਛੱਡ ਕੇ ਸੁਰੱਖਿਅਤ ਥਾਵਾਂ 'ਤੇ ਪਹੁੰਚਣ ਲਈ ਮਜਬੂਰ ਹੋਣਾ ਪਿਆ। ਪ੍ਰਭਾਵਿਤ ਇਲਾਕਿਆਂ ਵਿਚ ਜਿਹੜੇ ਪਸ਼ੂ ਬਚਾਏ ਗਏ ਹਨ, ਉਨ੍ਹਾਂ ਨੂੰ ਡਾਕਟਰੀ ਮਦਦ ਪਹੁੰਚਾਉਣ ਦੀਆਂ ਕੋਸ਼ਿਸ਼ਾਂ ਕੀਤੀਆਂ ਜਾ ਰਹੀਆਂ ਹਨ। ਖੇਤੀਬਾੜੀ ਮੰਤਰੀ ਨੇ ਕਿਹਾ ਕਿ ਸੂਬੇ ਦੇ ਖੇਤੀਬਾੜੀ ਖੇਤਰ, ਖਾਸ ਕਰ ਫਰੇਜ਼ਰ ਵੈਲੀ ਲਈ ਇਹ ਬਹੁਤ ਮੁਸੀਬਤ ਭਰਿਆ ਸਮਾਂ ਹੈ। ਦੋ ਦਿਨ ਪਏ ਭਾਰੀ ਮੀਂਹ ਤੇ ਹੜ੍ਹ ਕਾਰਨ ਹਜ਼ਾਰਾਂ ਪਸ਼ੂਆਂ ਦੀ ਜਾਨ ਚਲੀ ਗਈ ਹੈ ਅਤੇ ਹਜ਼ਾਰਾਂ ਪਸ਼ੂ ਮੁਸੀਬਤ ਵਿਚ ਫਸੇ ਹੋਏ ਹਨ।

ਬੀ.ਸੀ. ਵਿਚ ਸਟੇਟ ਆਫ ਐਮਰਜੈਂਸੀ ਐਲਾਨੀ ਜਾ ਚੁੱਕੀ ਹੈ। ਬੀ.ਸੀ. ਦੇ ਪਬਲਿਕ ਸੇਫਟੀ ਮੰਤਰੀ ਅਤੇ ਸੌਲੀਸਟਰ ਜਨਰਲ, ਮਾਈਕ ਫਾਰਨਵਰਥ ਨੇ ਕਿਹਾ ਹੈ ਕਿ ਸਟੇਟ ਆਫ ਐਮਰਜੈਂਸੀ ਐਲਾਨੇ ਜਾਣ ਤੋਂ ਬਾਅਦ ਪ੍ਰਭਾਵਿਤ ਲੋਕਾਂ ਤਕ ਖਾਣਾ, ਪਾਣੀ ਅਤੇ ਜ਼ਰੂਰੀ ਸਮੱਗਰੀ ਦੀ ਸਪਲਾਈ ਨੂੰ ਜਾਰੀ ਰੱਖਣਾ ਉਨ੍ਹਾਂ ਦੀ ਤਰਜੀਹ ਹੈ। ਹੜ੍ਹਾਂ ਕਾਰਨ ਸੈਂਕੜੇ ਲੋਕਾਂ ਨੂੰ ਆਪਣਾ ਘਰ-ਬਾਰ ਛੱਡ ਕੇ ਹੋਰਨਾਂ ਥਾਵਾਂ 'ਤੇ ਸ਼ਰਨ ਲੈਣ ਲਈ ਮਜਬੂਰ ਹੋਣਾ ਪਿਆ ਹੈ। ਉਨ੍ਹਾਂ ਨੇ ਸੂਬੇ ਦੇ ਲੋਕਾਂ ਨੂੰ ਗੈਰ-ਜ਼ਰੂਰੀ ਯਾਤਰਾ ਤੋਂ ਗੁਰੇਜ਼ ਕਰਨ ਦੀ ਅਪੀਲ ਕੀਤੀ ਹੈ।

ਇਸੇ ਦੌਰਾਨ ਬੀ.ਸੀ. ਦੇ ਹੜ੍ਹਾਂ ਨਾਲ ਪ੍ਰਭਾਵਿਤ ਇਲਾਕਿਆਂ ਵਿਚ ਡੇਅਰੀ ਫਾਰਮਰਜ਼ ਨੂੰ ਪਸ਼ੂਆਂ ਦਾ ਦੁੱਧ ਡੋਲ੍ਹਣ ਜਾਂ ਨਸ਼ਟ ਕਰ ਦੇਣ ਲਈ ਕਿਹਾ ਗਿਆ ਹੈ ਕਿਉਂਕਿ ਸਾਰੇ ਰਸਤੇ ਬੰਦ ਹੋਣ ਕਾਰਨ ਇਸ ਦੁੱਧ ਨੂੰ ਟਰਾਂਸਪੋਰਟ ਕਰਨਾ ਮੁਸ਼ਕਿਲ ਹੋ ਗਿਆ ਹੈ। ਕਈ ਡੇਅਰੀ ਉਤਪਾਦਕਾਂ ਲਈ ਆਪਣੇ ਫਾਰਮ ਤਕ ਪਹੁੰਚਣ ਦਾ ਕੋਈ ਸੜਕੀ ਰਸਤਾ ਉਪਲੱਬਧ ਨਹੀਂ ਹੈ। ਕਈ ਥਾਵਾਂ 'ਤੇ ਜਿੱਥੇ ਫਾਰਮ ਤੋਂ ਦੁੱਧ ਇਕੱਠਾ ਕੀਤਾ ਜਾ ਸਕਦਾ ਹੈ, ਉੱਥੇ ਇਸ ਨੂੰ ਕਿਸੇ ਟਿਕਾਣੇ ਪਹੁੰਚਾਉਣ ਦੇ ਸਾਧਨ ਉਪਲੱਬਧ ਨਹੀਂ ਹਨ। ਬੀ.ਸੀ. ਮਿਲਕ ਮਾਰਕੀਟਿੰਗ ਬੋਰਡ ਵਲੋਂ ਐਬਟਸਫੋਰਡ, ਚਿਲਿਵੈਕ ਅਤੇ ਬੀ.ਸੀ. ਦੇ ਇੰਟੀਰੀਅਰ ਇਲਾਕੇ ਵਿਚ ਦੁੱਧ ਉਤਪਾਦਕਾਂ ਨੂੰ ਅਪੀਲ ਕੀਤੀ ਜਾ ਰਹੀ ਹੈ ਕਿ ਉਹ ਦੁੱਧ ਨੂੰ ਡੰਪ ਕਰ ਦੇਣ। ਇਸੇ ਦੌਰਾਨ ਹੜ੍ਹ ਪੀੜਤਾਂ ਦੀ ਮਦਦ ਲਈ ਸਰੀ, ਐਬਟਸਫੋਰਡ ਅਤੇ ਹੋਰ ਥਾਵਾਂ ਤੋਂ ਵੱਖ-ਵੱਖ ਭਾਈਚਾਰਿਆਂ ਦੇ ਲੋਕ ਅੱਗੇ ਆਏ ਹਨ ਅਤੇ ਰਸਤਿਆਂ ਦੇ ਕੱਟ ਜਾਣ ਕਾਰਨ ਰਾਹਾਂ ਵਿਚ ਫਸੇ ਲੋਕਾਂ ਤਕ ਖਾਣ-ਪੀਣ, ਕੰਬਲ ਆਦਿ ਹੈਲੀਕਾਪਟਰਾਂ ਰਾਹੀਂ ਪਹੁੰਚਾਏ ਜਾ ਰਹੇ ਹਨ। ਖਾਲਸਾ ਏਡ ਅਤੇ ਪੰਜਾਬੀ ਭਾਈਚਾਰਾ ਵੀ ਹਮੇਸ਼ਾ ਵਾਂਗ ਇਸ ਬਿਪਤਾ ਵਿਚ ਘਿਰੇ ਲੋਕਾਂ ਦੀ ਮਦਦ ਕਰਨ ਵਿਚ ਜੁਟਿਆ ਹੋਇਆ ਹੈ। ਸਰੀ ਦੇ ਪੰਜਾਬੀ ਭਾਈਚਾਰੇ ਵੱਲੋਂ ਤਿੰਨ ਹਜ਼ਾਰ ਖਾਣੇ ਦੇ ਪੈਕਟ ਤਿਆਰ ਕਰ ਕੇ ਪੀੜਤਾਂ ਤਕ ਪਹੁੰਚਾਏ ਗਏ ਹਨ।

## ਵਿਧਾਇਕ ਬੈਂਸ ਖਿਲਾਫ ਗੈਰਜ਼ਮਾਨਤੀ ਵਾਰੰਟ ਜਾਰੀ



**ਲੁਧਿਆਣਾ:** ਸਨਅਤੀ ਸ਼ਹਿਰ ਦੀ ਇਕ ਔਰਤ ਵੱਲੋਂ ਦਰਜ ਕਰਵਾਏ ਗਏ ਜਬਰ ਜਨਾਹ ਦੇ ਕੇਸ 'ਚ ਲੋਕ ਇਨਸਾਫ਼ ਪਾਰਟੀ ਦੇ ਮੁਖੀ ਤੇ ਵਿਧਾਇਕ ਸਿਮਰਜੀਤ ਸਿੰਘ ਬੈਂਸ ਦੀਆਂ ਮੁਸ਼ਕਲਾਂ ਲਗਾਤਾਰ ਵਧਦੀਆਂ ਜਾ ਰਹੀਆਂ ਹਨ। ਇਸ ਮਾਮਲੇ ਵਿਚ ਅਦਾਲਤ ਨੇ ਵਿਧਾਇਕ ਬੈਂਸ ਖਿਲਾਫ਼ ਗੈਰਜ਼ਮਾਨਤੀ ਵਾਰੰਟ ਜਾਰੀ ਕਰਦਿਆਂ ਪਹਿਲੀ ਦਸੰਬਰ ਨੂੰ ਅਦਾਲਤ ਵਿਚ ਪੇਸ਼ ਹੋਣ ਦੇ ਹੁਕਮ ਜਾਰੀ ਕੀਤੇ ਹਨ।

ਦੱਸ ਦਈਏ ਕਿ ਲੁਧਿਆਣਾ ਵਿਚ 44 ਸਾਲਾ ਔਰਤ ਨੇ ਵਿਧਾਇਕ ਸਿਮਰਜੀਤ ਸਿੰਘ ਬੈਂਸ 'ਤੇ ਜਬਰ ਜਨਾਹ ਦੇ ਦੋਸ਼ ਲਾਏ ਸਨ। ਔਰਤ ਨੇ ਦੋਸ਼ ਲਾਇਆ ਕਿ ਉਹ ਪ੍ਰਾਪਰਟੀ ਦੇ ਮਾਮਲੇ ਵਿਚ ਵਿਧਾਇਕ ਨੂੰ ਮਿਲੀ ਸੀ। ਵਿਧਾਇਕ ਨੇ ਇਹ ਮਾਮਲਾ ਸੁਲਝਾਉਣ ਦਾ ਭਰੋਸਾ ਦਿੰਦਿਆਂ ਆਪਣੇ ਦਫਤਰ ਦੇ ਇਕ ਕਮਰੇ ਵਿਚ ਉਸ ਨਾਲ ਜਬਰ ਜਨਾਹ ਕੀਤਾ। ਇਸ ਮਾਮਲੇ ਵਿਚ ਪੁਲਿਸ ਨੇ ਸ਼ਿਕਾਇਤ ਮਿਲਣ ਮਗਰੋਂ ਕੋਈ ਕਾਰਵਾਈ ਨਹੀਂ ਕੀਤੀ ਪਰ ਔਰਤ ਇਸ ਕੇਸ ਸਬੰਧੀ ਅਦਾਲਤ ਵਿਚ ਪੁੱਜ ਗਈ, ਜਿਥੇ 7 ਜੁਲਾਈ 2021 ਨੂੰ ਅਦਾਲਤ ਦੇ ਹੁਕਮਾਂ 'ਤੇ ਥਾਣਾ ਡਵੀਜ਼ਨ ਨੰਬਰ 6 ਦੀ ਪੁਲਿਸ ਨੇ ਵਿਧਾਇਕ ਸਿਮਰਜੀਤ ਸਿੰਘ ਬੈਂਸ, ਕਮਲਜੀਤ ਸਿੰਘ, ਬਲਜਿੰਦਰ ਕੌਰ, ਜਸਬੀਰ ਕੌਰ, ਸੁਖਚੈਨ ਸਿੰਘ, ਪਰਮਜੀਤ ਸਿੰਘ, ਗੋਗੀ ਸ਼ਰਮਾ ਖ਼ਿਲਾਫ਼ ਕੇਸ ਦਰਜ ਕਰਨ ਦੇ ਹੁਕਮ ਜਾਰੀ ਕੀਤੇ ਸਨ। ਨਾਲ ਹੀ ਸਾਰਿਆਂ ਖ਼ਿਲਾਫ਼ ਜ਼ਮਾਨਤੀ ਵਾਰੰਟ ਵੀ ਜਾਰੀ ਕੀਤੇ ਸਨ ਪਰ ਇਸ ਮਾਮਲੇ ਵਿਚ ਜਦੋਂ ਕੋਈ ਵੀ ਮੁਲਜ਼ਮ ਅਦਾਲਤ ਸਾਹਮਣੇ ਪੇਸ਼ ਨਹੀਂ ਹੋਇਆ ਤਾਂ ਅਦਾਲਤ ਨੇ ਗੈਰਜ਼ਮਾਨਤੀ ਵਾਰੰਟ ਜਾਰੀ ਕਰ ਦਿੱਤੇ ਹਨ।

## ਅਭਿਨੰਦਨ ਵਰਤਮਾਨ ਦਾ ਵੀਰ ਚੱਕਰ ਨਾਲ ਸਨਮਾਨ

**ਨਵੀਂ ਦਿੱਲੀ:** ਹਵਾਈ ਫੌਜ ਦੇ ਗਰੁੱਪ ਕੈਪਟਨ ਅਭਿਨੰਦਨ ਵਰਤਮਾਨ ਨੂੰ ਬਹਾਦਰੀ ਅਤੇ ਹੌਸਲੇ ਲਈ ਰਾਸ਼ਟਰਪਤੀ ਰਾਮਨਾਥ ਕੋਵਿੰਦ ਨੇ 'ਵੀਰ ਚੱਕਰ' ਨਾਲ ਸਨਮਾਨਿਤ ਕੀਤਾ ਹੈ। ਅਭਿਨੰਦਨ ਨੇ 2019 ਵਿਚ ਪਾਕਿਸਤਾਨ ਨਾਲ ਹਵਾਈ ਸੰਘਰਸ਼ ਦੌਰਾਨ ਦੁਸ਼ਮਣ ਦੇ ਐੱਫ-16 ਲੜਾਕੂ ਜਹਾਜ਼ ਨੂੰ ਡੇਗਿਆ ਸੀ ਅਤੇ ਪਾਕਿਸਤਾਨ ਵੱਲੋਂ ਅਭਿਨੰਦਨ ਨੂੰ ਤਿੰਨ ਦਿਨਾਂ ਤੱਕ ਬੰਦੀ ਬਣਾ ਕੇ ਰੱਖਿਆ ਗਿਆ ਸੀ। ਸਨਮਾਨ ਨਾਲ ਦਿੱਤੇ ਗਏ ਪ੍ਰਸ਼ੰਸਾ ਪੱਤਰ ਵਿਚ ਕਿਹਾ ਗਿਆ ਕਿ ਹਵਾਈ ਸੈਨਾ ਦੇ ਲੜਾਕੂ ਪਾਇਲਟ ਨੂੰ ਹਵਾਈ ਸੰਘਰਸ਼ ਦੌਰਾਨ 'ਫਰਜ਼ਾਂ ਦੀ ਗੈਰਸਧਾਰਨ ਭਾਵਨਾ' ਵਿਖਾਉਣ ਲਈ ਭਾਰਤ ਦੇ ਤੀਜੇ ਸਭ ਤੋਂ ਵੱਡੇ 'ਜੰਗੀ ਬਹਾਦਰੀ ਤਗਮੇ' ਨਾਲ ਸਨਮਾਨਿਤ ਕੀਤਾ ਜਾਂਦਾ ਹੈ। ਇਸ ਮੌਕੇ ਕਈ ਹੋਰ ਫੌਜੀ ਅਧਿਕਾਰੀਆਂ ਨੂੰ ਵੀ ਸਨਮਾਨਿਤ ਕੀਤਾ ਗਿਆ। ਜ਼ਿਕਰਯੋਗ ਹੈ ਹਵਾਈ ਸੈਨਾ ਵੱਲੋਂ ਇਸ ਮਹੀਨੇ ਦੇ ਸ਼ੁਰੂ ਵਿਚ ਹੀ ਅਭਿਨੰਦਨ ਨੂੰ ਗਰੁੱਪ ਕੈਪਟਨ ਵਜੋਂ ਤਰੱਕੀ ਦਿੱਤੀ ਗਈ ਸੀ। ਪਾਕਿਸਤਾਨ ਨਾਲ ਹਵਾਈ ਸੰਘਰਸ਼ ਸਮੇਂ ਉਹ ਵਿੰਗ ਕਮਾਂਡਰ ਦੇ ਅਹੁਦੇ 'ਤੇ ਸਨ।

## ਦਿੱਲੀ ਸਿੱਖ ਕਮੇਟੀ ਵੱਲੋਂ ਕੰਗਣਾ ਖਿਲਾਫ ਸ਼ਿਕਾਇਤ ਦਰਜ



**ਮੁੰਬਈ:** ਦਿੱਲੀ ਸਿੱਖ ਗੁਰਦੁਆਰਾ ਪ੍ਰਬੰਧਕ ਕਮੇਟੀ ਨੇ ਮੁੰਬਈ ਵਿਚ ਸ਼ਿਕਾਇਤ ਦਰਜ ਕਰਵਾ ਕੇ ਬਾਲੀਵੁੱਡ ਅਦਾਕਾਰਾ ਕੰਗਨਾ ਰਣੌਤ ਖਿਲਾਫ ਐਫ.ਆਈ.ਆਰ. ਦਰਜ ਕਰਨ ਦੀ ਮੰਗ ਕੀਤੀ ਹੈ।

ਸ਼ਿਕਾਇਤ ਵਿਚ ਦੋਸ਼ ਲਾਇਆ ਗਿਆ ਹੈ ਕਿ ਰਣੌਤ ਨੇ ਆਪਣੀਆਂ ਸੋਸ਼ਲ ਮੀਡੀਆ ਪੋਸਟਾਂ ਵਿਚ ਸਿੱਖ ਭਾਈਚਾਰੇ ਵਿਰੁੱਧ ਅਪਮਾਨਜਨਕ ਭਾਸ਼ਾ ਦੀ ਵਰਤੋਂ ਕੀਤੀ ਹੈ। ਖਾਰ ਪੁਲਿਸ ਸਟੇਸ਼ਨ ਦੇ ਇਕ ਅਧਿਕਾਰੀ ਨੇ ਦੱਸਿਆ ਕਿ ਦਿੱਲੀ ਸਿੱਖ ਗੁਰਦੁਆਰਾ ਪ੍ਰਬੰਧਕ ਕਮੇਟੀ ਤੋਂ ਇੱਕ ਸ਼ਿਕਾਇਤ ਮਿਲੀ ਸੀ ਅਤੇ ਉਹ ਇਸ ਦੀ ਜਾਂਚ ਕਰ ਰਹੇ ਹਨ। ਉਨ੍ਹਾਂ ਕਿਹਾ ਕਿ ਸ਼੍ਰੋਮਣੀ ਅਕਾਲੀ ਦਲ ਦੇ ਆਗੂ ਮਨਜਿੰਦਰ ਸਿੰਘ ਸਿਰਸਾ ਦੀ ਅਗਵਾਈ ਵਿਚ ਇਕ ਵਫਦ ਨੇ ਰਣੌਤ ਖਿਲਾਫ ਸ਼ਿਕਾਇਤ ਦਰਜ ਕਰਵਾਈ ਹੈ।

ਉਨ੍ਹਾਂ ਕਿਹਾ ਕਿ ਇਸ ਵਿਚ, ਡੀ.ਐਸ.ਜੀ.ਐਮ.ਸੀ. ਨੇ ਜਿਕਰ ਕੀਤਾ ਕਿ ਰਣੌਤ ਨੇ ਜਾਣਬੁੱਝ ਕੇ ਕਿਸਾਨਾਂ ਦੇ ਵਿਰੋਧ (ਕਿਸਾਨ ਮੋਰਚੇ) ਨੂੰ ਖਾਲਿਸਤਾਨੀ ਅੰਦੋਲਨ ਵਜੋਂ ਦਰਸਾਇਆ ਅਤੇ ਸਿੱਖ ਭਾਈਚਾਰੇ ਨੂੰ ਖਾਲਿਸਤਾਨੀ ਅਤਿਵਾਦੀ ਕਰਾਰ ਦਿੱਤਾ। ਅਧਿਕਾਰੀ ਨੇ ਸ਼ਿਕਾਇਤ ਦੇ ਹਵਾਲੇ ਨਾਲ ਕਿਹਾ ਕਿ ਇਸ ਵਿਚ ਦਾਅਵਾ ਕੀਤਾ ਗਿਆ ਹੈ ਕਿ ਉਸ ਨੇ 1984 ਅਤੇ ਇਸ ਤੋਂ ਪਹਿਲਾਂ ਦੀ ਨਸਲਕੁਸ਼ੀ ਨੂੰ ਤਤਕਾਲੀ ਪ੍ਰਧਾਨ ਮੰਤਰੀ ਇੰਦਰਾ ਗਾਂਧੀ ਦੀ ਯੋਜਨਾਬੱਧ ਕਦਮ ਦੱਸਿਆ ਸੀ।

## ਚੀਨ ਨੇ ਡੋਕਲਾਮ ਨੇੜੇ ਭੂਟਾਨ ਦੀ ਜ਼ਮੀਨ 'ਤੇ ਚਾਰ ਪਿੰਡ ਬਣਾਏ

**ਬੀਜਿੰਗ:** ਚੀਨ ਨੇ ਭੂਟਾਨ ਦੀ ਜਮੀਨ ਉਤੇ ਇਕ ਨਹੀਂ ਬਲਕਿ 4 ਪਿੰਡ ਬਣਾ ਲਏ ਹਨ। ਇਹ ਪਿੰਡ ਡੋਕਲਾਮ ਦੇ ਨਜ਼ਦੀਕ ਹੈ ਅਤੇ ਇਹ ਪੂਰਾ ਇਲਾਕਾ ਭਾਰਤ ਦੇ 'ਚਿਕਨ ਨੈੱਕ' ਕਹੇ ਜਾਣ ਵਾਲੇ ਸਿਲੀਗੁੜੀ ਲਾਂਘੇ ਦੇ ਨਜ਼ਦੀਕ ਸਥਿਤ ਹੈ। ਜ਼ਿਕਰਯੋਗ ਹੈ ਕਿ ਡੋਕਲਾਮ 'ਚ ਸੜਕ ਬਣਾਉਣ ਉਤੇ ਭਾਰਤ ਤੇ ਚੀਨ ਦੀ ਫੌਜ ਵਿਚਕਾਰ ਟਕਰਾਅ ਦੀ ਸਥਿਤੀ ਪੈਦਾ ਹੋ ਗਈ ਸੀ ਅਤੇ ਭਾਰਤ ਦੇ ਸਖਤ ਰੁਖ ਤੋਂ ਬਾਅਦ ਚੀਨ ਪਿੱਛੇ ਹਟ ਗਿਆ ਸੀ ਪਰ ਬਾਅਦ 'ਚ ਉਸ ਨੇ ਡੋਕਲਾਮ 'ਚ ਆਪਣੀ ਪਕੜ ਕਾਫੀ ਮਜ਼ਬੂਤ ਕਰ ਲਈ ਸੀ।

ਤਾਜ਼ਾ ਸੈੱਟਲਾਈਟ ਤਸਵੀਰਾਂ ਤੋਂ ਖੁਲਾਸਾ ਹੋਇਆ ਹੈ ਕਿ ਚੀਨ ਨੇ ਸਾਲ 2020-21 ਦੇ ਵਿਚਕਾਰ ਡੋਕਲਾਮ ਦੇ ਨਜ਼ਦੀਕ ਇਹ ਪਿੰਡ ਭੂਟਾਨ ਤੇ ਚੀਨ ਦੇ ਵਿਵਾਦਿਤ ਇਲਾਕੇ 'ਚ ਬਣਾਏ ਹਨ। ਓਪਨ ਸੋਰਸ ਇੰਟੈਲੀਜੈਂਸ ਨੇ ਖੁਲਾਸਾ



ਕੀਤਾ ਹੈ ਕਿ ਚੀਨ ਦੇ ਉਕਤ ਪਿੰਡ 100 ਕਿਲੋਮੀਟਰ ਦੇ ਇਲਾਕੇ 'ਚ ਫੈਲੇ ਹੋਏ ਹਨ। ਇਨ੍ਹਾਂ ਸੈੱਟਲਾਈਟ ਤਸਵੀਰਾਂ 'ਚ ਨਜ਼ਰ ਆ ਰਿਹਾ ਹੈ ਕਿ ਚੀਨ ਨੇ 4 ਪਿੰਡ ਵਸਾਏ ਹਨ। ਉਥੇ ਕੁਝ ਹੋਰਨਾਂ ਰੱਖਿਆ ਮਾਹਿਰਾਂ ਦਾ ਕਹਿਣਾ ਹੈ ਕਿ ਚੀਨੀ ਪਿੰਡਾਂ ਦੀ ਗਿਣਤੀ 4 ਤੋਂ ਵੀ ਵੱਧ ਹੈ। ਇਹੀ ਹੀ ਨਹੀਂ, ਚੀਨ ਨੇ ਇਥੇ ਵੱਡੇ ਪੱਧਰ ਉਤੇ ਆਪਣੇ ਸੈਨਿਕਾਂ ਨੂੰ ਵੀ ਤਾਇਨਾਤ ਕੀਤਾ ਹੈ। ਜ਼ਿਕਰਯੋਗ ਹੈ ਕਿ ਭੂਟਾਨ ਦੀ ਸੁਰੱਖਿਆ ਦੀ ਜ਼ਿੰਮੇਵਾਰੀ ਭਾਰਤ 'ਤੇ ਹੈ ਅਤੇ ਅਜਿਹੇ ਚੀਨੀ ਪਿੰਡਾਂ ਨੂੰ ਲੈ ਕੇ ਕਈ ਤਰ੍ਹਾਂ ਦੇ ਸਵਾਲ ਉੱਠ ਰਹੇ ਹਨ, ਕਿਉਂਕਿ ਭਾਰਤ ਹੀ ਭੂਟਾਨ ਨੂੰ ਵਿਦੇਸ਼ੀ ਮਾਮਲਿਆਂ 'ਤੇ ਸਲਾਹ ਦੇਣ ਦੇ ਨਾਲ-ਨਾਲ ਉਸ ਦੀ ਫੌਜ ਨੂੰ ਸਿਖਲਾਈ ਵੀ ਦਿੰਦਾ ਹੈ।

## ਪੰਜਾਬੀ ਭਾਸ਼ਾ ਨੂੰ ਮਾਣ ਦੇਣ ਲਈ ਪਹਿਲਕਦਮੀ

**ਚੰਡੀਗੜ੍ਹ:** ਇਕ ਵਾਰ ਫਿਰ ਪੰਜਾਬੀ ਬੋਲੀ ਨੂੰ ਸਿਰ ਦਾ ਤਾਜ ਬਣਾਉਣ ਦੀ ਗੱਲ ਚੱਲੀ ਹੈ। ਸੂਬੇ 'ਚ ਖਾਲੀ ਪਈਆਂ ਜਿਲ੍ਹਾ ਭਾਸ਼ਾ ਅਫਸਰਾਂ ਦੀਆਂ ਅਸਾਮੀਆਂ ਨੂੰ ਭਰਨ ਦੀ ਚਿਰੋਕਣੀ ਮੰਗ ਨੂੰ ਪੂਰਾ ਕਰਦਿਆਂ ਅਤੇ ਰਾਜ ਭਾਸ਼ਾ ਐਕਟ ਨੂੰ ਸਖਤੀ ਨਾਲ ਲਾਗੂ ਕਰਨ ਲਈ ਪੰਜਾਬ ਸਰਕਾਰ ਨੇ 15 ਜਿਲ੍ਹਿਆਂ 'ਚ ਜਿਲ੍ਹਾ ਭਾਸ਼ਾ ਅਫਸਰ ਤਾਇਨਾਤ ਕੀਤੇ ਹਨ। ਉਚੇਰੀ ਸਿੱਖਿਆ ਤੇ ਭਾਸ਼ਾਵਾਂ ਬਾਰੇ ਮੰਤਰੀ ਪਰਗਟ ਸਿੰਘ ਨੇ ਪੰਜਾਬ ਸਿਵਲ ਸਕੱਤਰੇਤ ਸਥਿਤ ਆਪਣੇ ਦਫਤਰ ਵਿਖੇ ਜਿਲ੍ਹਾ ਭਾਸ਼ਾ ਅਫਸਰਾਂ ਨੂੰ ਸਟੇਸ਼ਨਾਂ ਦੀ ਵੰਡ ਸਬੰਧੀ ਪੱਤਰ ਸੌਂਪੇ। ਉਨ੍ਹਾਂ ਕਿਹਾ ਕਿ ਪਿਛਲੇ 25 ਸਾਲ ਤੋਂ ਵੀ ਵੱਧ ਸਮੇਂ ਤੋਂ ਜਿਲ੍ਹਾ ਭਾਸ਼ਾ ਅਫਸਰਾਂ ਦੀ ਭਰਤੀ ਨਹੀਂ ਹੋਈ ਜਿਸ ਕਾਰਨ 21 ਭਾਸ਼ਾ ਅਫਸਰਾਂ ਦੀਆਂ ਅਸਾਮੀਆਂ ਖਾਲੀ ਪਈਆਂ ਸਨ। ਮੰਤਰੀ ਨੇ ਕਿਹਾ ਕਿ ਰਾਜ ਭਾਸ਼ਾ ਐਕਟ ਨੂੰ ਭਾਸ਼ਾ ਵਿਭਾਗ ਨੇ ਹੀ ਜ਼ਮੀਨੀ ਪੱਧਰ 'ਤੇ ਲਾਗੂ ਕਰਨਾ ਹੈ ਜਿਸ ਲਈ ਵਿਭਾਗ ਹੁਣ ਪੂਰੀ ਤਰ੍ਹਾਂ ਤਿਆਰ ਹੈ।

## ਟੀਕਾਕਰਨ ਕਰਵਾ ਚੁੱਕੇ ਯਾਤਰੀਆਂ ਨੂੰ ਕੈਨੇਡਾ ਜਾਣ ਦੀ ਖੁੱਲ੍ਹ

**ਓਟਾਵਾ:** ਸਿਨੋਫਾਰਮ, ਸਿਨੋਵੈਕ ਅਤੇ ਕੋਵੈਕਸੀਨ ਨਾਲ ਮੁਕੰਮਲ ਟੀਕਾਕਰਨ ਕਰਵਾ ਚੁੱਕੇ ਯਾਤਰੀਆਂ ਨੂੰ 30 ਨਵੰਬਰ ਤੋਂ ਕੈਨੇਡਾ ਵਿਚ ਆਉਣ ਦੀ ਆਗਿਆ ਹੋਵੇਗੀ। ਕੈਨੇਡੀਅਨ ਸਰਕਾਰ ਨੇ ਦੱਸਿਆ ਕਿ ਮੌਜੂਦਾ ਸਮੇਂ ਕੈਨੇਡਾ ਵਿਚ ਸਿਰਫ ਉਹ ਯਾਤਰੀ ਆ ਸਕਦੇ ਹਨ, ਜਿਨ੍ਹਾਂ ਨੇ ਫਾਈਜਰ, ਮੋਡਰਨਾ, ਐਸਟਰਾਜੈਨੇਕਾ ਅਤੇ ਜੌਹਨਸਨ ਐਂਡ ਜੌਹਨਸਨ ਦੀਆਂ ਡੋਜਾਂ ਲਈਆਂ ਹੋਣ।

ਸ਼ਿਨਹੂਆ ਖਬਰ ਏਜੰਸੀ ਦੀ ਰਿਪੋਰਟ ਮੁਤਾਬਕ ਇਸੇ ਤਰ੍ਹਾਂ 30 ਨਵੰਬਰ ਤੋਂ ਕੈਨੇਡਾ ਤੋਂ ਥਲ ਜਾਂ ਹਵਾਈ ਮਾਰਗ ਰਾਹੀਂ 72 ਤੋਂ ਘੱਟ ਸਮੇਂ ਲਈ ਬਾਹਰ ਜਾਣ ਵਾਲੇ ਲੋਕਾਂ ਨੂੰ ਦੁਬਾਰਾ ਮੁਲਕ 'ਚ ਦਾਖਲ ਹੋਣ ਲਈ ਕਰੋਨਾ ਦੀ ਨੈਗੇਟਿਵ ਰਿਪੋਰਟ ਵਿਖਾਉਣੀ ਲਾਜ਼ਮੀ ਨਹੀਂ ਹੋਵੇਗੀ। ਇਹ ਤਬਦੀਲੀ ਸਿਰਫ ਕੈਨੇਡੀਅਨ ਨਾਗਰਿਕਾਂ, ਪੱਕੇ ਵਸਨੀਕਾਂ ਅਤੇ ਭਾਰਤੀ ਐਕਟ ਤਹਿਤ ਰਜਿਸਟਰਡ ਵਿਅਕਤੀਆਂ, 12 ਸਾਲ ਤੋਂ ਘੱਟ ਉਮਰ ਦੇ ਬੱਚਿਆਂ ਤੇ ਵੈਕਸੀਨੇਸ਼ਨ ਸਬੰਧੀ ਮੈਡੀਕਲ ਦਿੱਕਤਾਂ ਦਾ ਸਾਹਮਣਾ ਕਰ ਰਹੇ ਲੋਕਾਂ 'ਤੇ ਲਾਗੂ ਹੋਵੇਗੀ।



ਇਸ ਤੋਂ ਇਲਾਵਾ 15 ਜਨਵਰੀ ਤੋਂ ਯਾਤਰੀਆਂ ਦੇ ਕੁਝ ਸਮੂਹਾਂ, ਜਿਨ੍ਹਾਂ ਨੂੰ ਮੁਲਕ ਵਿਚ ਦਾਖਲ ਹੋਣ ਸਬੰਧੀ ਲੋੜੀਂਦੀਆਂ ਸ਼ਰਤਾਂ ਤੋਂ ਛੋਟ ਹੈ, ਨੂੰ ਕੈਨੇਡਾ ਵਿਚ ਸਿਰਫ ਉਸੇ ਸਮੇਂ ਆਉਣ ਦੀ ਆਗਿਆ ਹੋਵੇਗੀ ਜਿਨ੍ਹਾਂ ਦਾ ਮੁਕੰਮਲ ਟੀਕਾਕਰਨ ਹੋਇਆ ਹੋਵੇ। ਇਨ੍ਹਾਂ ਸਮੂਹਾਂ ਵਿਚ ਆਪਣੇ ਪਰਿਵਾਰ ਨਾਲ ਮੁੜ ਇਕੱਠੇ ਹੋਣ ਵਾਲੇ ਵਿਅਕਤੀ, ਕੌਮਾਂਤਰੀ ਵਿਦਿਆਰਥੀ, ਪੇਸ਼ਾਵਰ ਅਤੇ ਗੈਰ-ਪੇਸ਼ੇਵਰ ਅਥਲੀਟ, ਪੁਖਤਾ ਕੰਮ ਸਬੰਧੀ ਪਰਮਿਟ ਹਾਸਲ ਵਿਅਕਤੀ ਤੇ ਟਰੱਕ ਡਰਾਈਵਰਾਂ ਸਮੇਤ ਦੂਜੀਆਂ ਜਰੂਰੀ ਸੇਵਾਵਾਂ ਵਾਲੇ ਕਾਮੇ ਸ਼ਾਮਲ ਹਨ। ਕੈਨੇਡਾ ਦੇ ਸਿਹਤ ਮੰਤਰੀ ਨੇ ਕਿਹਾ,'ਰੋਜ਼ਾਨਾ ਕੈਨੇਡੀਅਨ ਨਾਗਰਿਕਾਂ ਦੇ ਟੀਕਾਕਰਨ ਨਾਲ, ਅਸੀਂ ਸੁਚੇਤ ਢੰਗ ਨਾਲ ਖੁੱਲ੍ਹੀ ਅਰਥਵਿਵਸਥਾ ਤੇ ਸਮਾਜ ਵੱਲ ਵਧ ਸਕਦੇ ਹਾਂ।

### ਆਸਟਰੇਲੀਆ ਨੇ ਵੀ ਦਿੱਤੀ ਛੋਟ

**ਬ੍ਰਿਸਬੇਨ:** ਆਸਟਰੇਲੀਆ ਨੇ ਕਿਹਾ ਕਿ ਪੂਰੀ ਤਰ੍ਹਾਂ ਟੀਕਾਕਰਨ ਵਾਲੇ ਯੋਗ ਵੀਜ਼ਾ ਧਾਰਕ 1 ਦਸੰਬਰ ਤੋਂ ਯਾਤਰਾ ਛੋਟ ਲਈ ਅਰਜ਼ੀ ਦਿੱਤੇ ਬਿਨਾਂ ਆਸਟਰੇਲੀਆ ਆ ਸਕਦੇ ਹਨ। ਸਰਕਾਰ ਦਾ ਇਹ ਕਦਮ ਸੈਲਾਨੀਆਂ, ਬੈਕਪੈਕਰਾਂ, ਹੁਨਰਮੰਦ ਪਰਵਾਸੀਆਂ ਅਤੇ ਅੰਤਰਰਾਸ਼ਟਰੀ ਪਾੜ੍ਹਿਆਂ ਲਈ ਗਰਮੀਆਂ ਵਿਚ ਆਮਦ ਲਈ ਦਰਵਾਜ਼ਾ ਖੋਲ੍ਹਦਾ ਹੈ। ਪ੍ਰਧਾਨ ਮੰਤਰੀ ਸਕੌਟ ਮੌਰੀਸਨ ਨੇ ਕਿਹਾ ਕਿ ਜਾਪਾਨੀ ਅਤੇ ਕੋਰਿਆਈ ਨਾਗਰਿਕ ਜਿਨ੍ਹਾਂ ਨੇ ਡਬਲ ਡੋਜ਼ ਲਈ ਹੈ, ਵੀ ਉਕਤ ਤਰੀਕ ਤੋਂ ਬਿਨਾਂ ਇਕਾਂਤਵਾਸ ਦੇ ਆਸਟਰੇਲੀਆ ਦਾ ਦੌਰਾ ਕਰ ਸਕਦੇ ਹਨ। ਇਨ੍ਹਾਂ 28 ਸ਼੍ਰੇਣੀਆਂ ਯੋਗ ਵੀਜ਼ਾ ਧਾਰਕਾਂ ਦੀ ਪੂਰੀ ਸੂਚੀ 'ਹੋਮ ਅਫੇਅਰਜ਼' ਦੀ ਵੈੱਬਸਾਈਟ 'ਤੇ ਉਪਲੱਬਧ ਹੈ।

ਪੰਜਾਬ ਟਾਈਮਜ਼

ਸਨਿਚਰਵਾਰ, 27 ਨਵੰਬਰ 2021

# ਕਿਸਾਨਾਂ ਦੀ ਫਤਹਿ

ਪ੍ਰਧਾਨ ਮੰਤਰੀ ਨਰਿੰਦਰ ਮੋਦੀ ਵੱਲੋਂ ਵਿਵਾਦਾਂ ਵਿਚ ਘਿਰੇ ਤਿੰਨ ਖੇਤੀ ਕਾਨੂੰਨ ਵਾਪਸ ਲੈਣ ਨਾਲ ਕਿਸਾਨ ਕੈਂਪ ਵਿਚ ਜਿੱਤ ਦੇ ਨਗਾਰੇ ਵੱਜ ਗਏ ਹਨ। ਕਿਸਾਨ ਪਿਛਲੇ ਇਕ ਸਾਲ ਤੋਂ ਦਿੱਲੀ ਦੇ ਬਾਰਡਰਾਂ ਉਤੇ ਬੈਠੇ ਸਨ; ਪੰਜਾਬ ਵਿਚ ਤਾਂ ਇਨ੍ਹਾਂ ਖੇਤੀ ਕਾਨੂੰਨਾਂ ਖਿਲਾਫ ਰੋਹ ਉਸ ਵਕਤ ਹੀ ਸ਼ੁਰੂ ਹੋ ਗਿਆ ਸੀ ਜਦੋਂ ਜੂਨ 2020 ਨੂੰ ਮੋਦੀ ਸਰਕਾਰ ਨੇ ਇਸ ਸਬੰਧੀ ਆਰਡੀਨੈਂਸ ਜਾਰੀ ਕਰ ਦਿੱਤੇ ਸਨ। ਮੋਦੀ ਸਰਕਾਰ ਨੂੰ ਭੁਲੇਖਾ ਸੀ ਕਿ ਕਰੋਨਾ ਮਹਾਮਾਰੀ ਕਾਰਨ ਸ਼ਿਕੰਜੇ ਵਿਚ ਕੱਸੇ ਲੋਕਾਂ ਉਤੇ ਇਹ ਕਾਨੂੰਨ ਆਸਾਨੀ ਨਾਲ ਥੋਪੇ ਜਾ ਸਕਦੇ ਹਨ ਪਰ ਪੰਜਾਬ ਦੇ ਕਿਸਾਨਾਂ ਨੇ ਇਹ ਗੱਲ ਝੱਟ ਸਮਝ ਲਈ ਕਿ ਇਨ੍ਹਾਂ ਕਾਨੂੰਨਾਂ ਰਾਹੀਂ ਖੇਤੀ ਖੇਤਰ ਵਿਚ ਕਾਰਪੋਰੇਟ ਘਰਾਣਿਆਂ ਦਾ ਦਾਖਲਾ ਕਰਵਾਇਆ ਜਾ ਰਿਹਾ ਹੈ। ਇਸ ਪੱਖੋਂ ਕਿਸਾਨ ਜਥੇਬੰਦੀਆਂ ਅਤੇ ਇਨ੍ਹਾਂ ਦੇ ਆਗੂਆਂ ਦੀ ਸਿਫਤ ਕਰਨੀ ਬਣਦੀ ਹੈ ਕਿ ਇਨ੍ਹਾਂ ਨੇ ਪੜਾਅਵਾਰ ਇਸ ਕਿਸਾਨ ਮੋਰਚੇ ਨੂੰ ਸਿਖਰ ਤੱਕ ਪਹੁੰਚਾਇਆ। ਪਹਿਲਾਂ-ਪਹਿਲ ਵੱਖ-ਵੱਖ ਵਿਚਾਰਧਾਰਾਵਾਂ ਨਾਲ ਜੁੜੀਆਂ ਇਨ੍ਹਾਂ ਜਥੇਬੰਦੀਆਂ ਵਿਚਕਾਰ ਆਪਸੀ ਮੱਤਭੇਦ ਵੀ ਉਭਰੇ ਪਰ ਛੇਤੀ ਹੀ ਸਾਰੀਆਂ ਧਿਰਾਂ ਸਾਂਝੀ ਸਰਗਰਮੀ ਲਈ ਇਕਜੁਟ ਹੋ ਗਈਆਂ, ਹਾਲਾਂਕਿ ਕੁਝ ਹੋਰ ਧਿਰਾਂ ਨੇ ਮੁੱਢ ਤੋਂ ਹੀ ਇਸ ਏਕੇ ਵਿਚ ਭੰਗ ਪਾਉਣ ਦੀ ਵੀ ਲਗਾਤਾਰ ਕੋਸ਼ਿਸ਼ ਕੀਤੀ।

ਇਸ ਕਿਸਾਨ ਅੰਦੋਲਨ ਨੇ ਪਿਛਲੇ ਸਮੇਂ ਦੌਰਾਨ ਬੜੇ ਉਤਰਾਅ-ਚੜ੍ਹਾਅ ਦੇਖੇ ਪਰ ਇਸ ਦਾ ਸਭ ਤੋਂ ਵੱਡਾ ਅਤੇ ਨਾਜ਼ੁਕ ਮੋੜ ਦਿੱਲੀ ਬਾਰਡਰਾਂ 'ਤੇ ਡਟਣਾ ਸੀ। ਪੰਜਾਬ ਦੀਆਂ ਕਿਸਾਨ ਜਥੇਬੰਦੀਆਂ ਦੀ ਅਗਵਾਈ ਹੇਠ ਮੁਲਕ ਦੀਆਂ ਕਈ ਕਿਸਾਨ ਜਥੇਬੰਦੀਆਂ ਨੇ 26-27 ਨਵੰਬਰ 2020 ਨੂੰ 'ਦਿੱਲੀ ਚਲੋ' ਦਾ ਹੋਕਾ ਦਿੱਤਾ ਸੀ। ਇਸ ਦੋ ਰੋਜ਼ਾ ਰੋਸ ਪ੍ਰੋਗਰਾਮ ਦੌਰਾਨ ਕਿਸਾਨਾਂ ਨੇ ਦਿੱਲੀ ਜੰਤਰ ਮੰਤਰ ਵਿਖੇ ਧਰਨਾ ਦੇਣਾ ਸੀ ਤਾਂ ਕਿ ਮੋਦੀ ਸਰਕਾਰ ਨੂੰ ਕੁਝ ਹਲੂਣਿਆ ਜਾ ਸਕੇ ਪਰ ਮੋਦੀ ਸਰਕਾਰ ਨੇ ਹਰਿਆਣਾ ਦੀ ਭਾਰਤੀ ਜਨਤਾ ਪਾਰਟੀ ਦੀ ਸਰਕਾਰ ਨੂੰ ਅੱਗੇ ਲਾ ਕੇ ਕਿਸਾਨਾਂ ਨੂੰ ਦਿੱਲੀ ਪੁੱਜਣ ਤੋਂ ਡੱਕਣ ਲਈ ਪੂਰਾ ਜ਼ੋਰ ਲਾ ਦਿੱਤਾ। ਉਂਜ, 25 ਨਵੰਬਰ ਨੂੰ ਹਰਿਆਣਾ ਦੇ ਕਿਸਾਨਾਂ ਵੱਲੋਂ ਨਾਕੇ ਤੋੜਨ ਤੋਂ ਬਾਅਦ ਜਿਸ ਤਰ੍ਹਾਂ ਦਾ ਮਾਹੌਲ ਅਗਲੇ ਦਿਨ ਬਣਿਆ, ਕਿਸਾਨਾਂ ਨੇ ਫਿਰ ਹਰ ਨਾਕਾ ਤੋੜਦਿਆਂ ਦਿੱਲੀ ਬਾਰਡਰਾਂ 'ਤੇ ਜਾ ਕੇ ਹੀ ਸਾਹ ਲਿਆ। ਇਸ ਦੌਰਾਨ ਸਰਕਾਰ ਨੇ ਕਿਸਾਨਾਂ ਨੂੰ ਦਿੱਲੀ ਬਾਰਡਰਾਂ ਤੋਂ ਖਦੇੜਨ ਲਈ ਹਰ ਹਰਬਾ ਵਰਤਿਆ ਪਰ ਕਿਸਾਨ ਮੋਰਚੇ ਵਿਚ ਸ਼ਾਮਿਲ ਵੱਖ-ਵੱਖ ਧਿਰਾਂ ਵੱਲੋਂ ਕਈ ਮੌਕਿਆਂ 'ਤੇ ਨਿਭਾਈ ਅਹਿਮ ਭੂਮਿਕਾ ਕਰਕੇ ਸਰਕਾਰ ਦੇ ਹੱਥ ਸਿਰਫ ਨਾਕਾਮੀ ਹੀ ਲੱਗੀ। ਇਥੋਂ ਤੱਕ ਕਿ ਕਿਸਾਨਾਂ ਨੇ ਸਰਕਾਰ ਵੱਲੋਂ 26 ਜਨਵਰੀ ਨੂੰ ਕੀਤਾ ਤਕੜਾ ਹੱਲਾ ਵੀ ਝੱਲ ਲਿਆ। ਇਹ ਅੰਦੋਲਨ ਭਾਵੇਂ ਨਵੇਂ ਬਣਾਏ ਤਿੰਨ ਖੇਤੀ ਕਾਨੂੰਨਾਂ ਖਿਲਾਫ ਸ਼ੁਰੂ ਹੋਇਆ ਸੀ ਪਰ ਮਗਰੋਂ ਫਸਲਾਂ ਦੇ ਭਾਅ (ਐਮ.ਐਸ.ਪੀ.), ਬਿਜਲੀ ਬਿੱਲ ਆਦਿ ਮੰਗਾਂ ਵੀ ਇਸ ਨਾਲ ਜੁੜ ਗਈਆਂ।

ਪੰਜਾਬ ਤੋਂ ਉਠਿਆ ਇਹ ਅੰਦੋਲਨ ਹਰਿਆਣਾ ਨੂੰ ਗਲਵੱਕੜੀ ਵਿਚ ਲੈਂਦਾ ਹੌਲੀ-ਹੌਲੀ ਸਮੁੱਚੇ ਉਤਰੀ ਭਾਰਤ ਵਿਚ ਫੈਲਦਾ ਗਿਆ ਅਤੇ ਫਿਰ ਇਸ ਦਾ ਮੁਹਾਂਦਰਾ ਕੌਮੀ ਤੇ ਕੌਮਾਂਤਰੀ ਹੋ ਨਿਬੜਿਆ। ਹੁਣ ਗੁਰੂ ਨਾਨਕ ਜੀ ਦੇ ਪ੍ਰਕਾਸ਼ ਪੁਰਬ ਮੌਕੇ ਕਾਨੂੰਨ ਵਾਪਸੀ ਦਾ ਐਲਾਨ ਕਰਕੇ ਭਾਵੇਂ ਪ੍ਰਧਾਨ ਮੰਤਰੀ ਨੇ ਸਿੱਖਾਂ ਨੂੰ ਖੁਸ਼ ਕਰਨ ਦੀ ਕੋਸ਼ਿਸ਼ ਕੀਤੀ ਹੈ। ਇਸ ਤੋਂ ਪਹਿਲਾਂ ਕਰਤਾਰਪੁਰ ਸਾਹਿਬ ਲਾਂਘਾ ਵੀ ਖੋਲ੍ਹ ਦਿੱਤਾ ਗਿਆ ਸੀ ਪਰ ਹਕੀਕਤ ਇਹ ਹੈ ਕਿ ਪੰਜ ਰਾਜਾਂ ਜਿਨ੍ਹਾਂ ਵਿਚ ਉਤਰ ਪ੍ਰਦੇਸ਼ ਤੇ ਪੰਜਾਬ ਵੀ ਸ਼ਾਮਿਲ ਹਨ, ਦੀਆਂ ਚੋਣਾਂ ਸਿਰ 'ਤੇ ਹਨ ਅਤੇ ਉਤਰ ਪ੍ਰਦੇਸ਼ ਤੋਂ ਜੋ ਖਬਰਾਂ ਆ ਰਹੀਆਂ ਹਨ, ਉਸ ਨੇ ਸੱਤਾਧਾਰੀ ਭਾਰਤੀ ਜਨਤਾ ਪਾਰਟੀ ਦੀਆਂ ਚੂਲਾਂ ਹਿਲਾ ਦਿੱਤੀਆਂ ਹਨ। ਉਤਰ ਪ੍ਰਦੇਸ਼ ਦੇ ਪੱਛਮੀ ਹਿੱਸੇ ਵਿਚ ਭਾਰਤੀ ਜਨਤਾ ਪਾਰਟੀ ਦਾ ਹਾਲ ਪੰਜਾਬ ਵਾਲਾ ਹੀ ਹੋ ਗਿਆ ਸੀ ਜਿਥੇ ਭਾਰਤੀ ਜਨਤਾ ਪਾਰਟੀ ਦੇ ਆਗੂਆਂ ਦਾ ਘਰੋਂ ਨਿੱਕਲਣਾ ਵੀ ਔਖਾ ਹੋਇਆ ਪਿਆ ਸੀ। ਕੁਝ ਵਿਦਵਾਨਾਂ ਦੀ ਰਾਏ ਹੈ ਕਿ ਭਾਰਤੀ ਜਨਤਾ ਪਾਰਟੀ ਅਤੇ ਇਸ ਦੀ ਸਰਪ੍ਰਸਤ ਆਰ.ਐਸ.ਐਸ. ਮੁਸਲਮਾਨਾਂ ਤੇ ਸਿੱਖਾਂ ਦੇ ਆਪਸੀ ਰਾਬਤੇ ਤੋਂ ਪ੍ਰੇਸ਼ਾਨ ਹੈ। ਪਹਿਲਾਂ ਸ਼ਾਹੀਨ ਬਾਗ ਨੂੰ ਪੰਜਾਬ ਤੋਂ ਭਰਵੀਂ ਹਮਾਇਤ ਮਿਲੀ ਸੀ ਅਤੇ ਫਿਰ ਜਦੋਂ ਦਿੱਲੀ ਨੇੜਲੇ ਇਲਾਕਿਆਂ ਵਿਚ ਮੁਸਲਾਨਾਂ ਨੂੰ ਜਨਤਕ ਥਾਵਾਂ 'ਤੇ ਨਮਾਜ਼ ਅਦਾ ਕਰਨ ਤੋਂ ਰੋਕਣ ਦਾ ਯਤਨ ਕੀਤਾ ਗਿਆ ਤਾਂ ਸਿੱਖਾਂ ਨੇ ਮੁਸਲਾਮਨਾਂ ਲਈ ਗੁਰਦੁਆਰੇ ਖੋਲ੍ਹ ਦਿੱਤੇ। 2019 ਵਿਚ ਜਦੋਂ ਜੰਮੂ ਕਸ਼ਮੀਰ ਤੋਂ ਰਾਜ ਦਾ ਦਰਜਾ ਖੋਹ ਕੇ ਇਸ ਨੂੰ ਕੇਂਦਰ ਸ਼ਾਸਤ ਪ੍ਰਦੇਸ਼ ਵਿਚ ਤਬਦੀਲ ਕੀਤਾ ਗਿਆ, ਉਸ ਵਕਤ ਜੰਮੂ ਕਸ਼ਮੀਰ ਤੋਂ ਬਾਹਰ ਵੱਸਦੇ ਕਸ਼ਮੀਰੀਆਂ ਦੀ ਸਭ ਤੋਂ ਵੱਧ ਮਦਦ ਪੰਜਾਬੀਆਂ, ਖਾਸਕਰ ਸਿੱਖਾਂ ਨੇ ਹੀ ਕੀਤੀ ਸੀ।

ਬਿਨਾਂ ਸ਼ੱਕ, ਹੁਣ ਸਭ ਦੀਆਂ ਨਜ਼ਰਾਂ ਅਗਲੇ ਸਾਲ ਹੋਣ ਵਾਲੀਆਂ ਵਿਧਾਨ ਸਭਾ ਚੋਣਾਂ 'ਤੇ ਹਨ। ਇਨ੍ਹਾਂ ਚੋਣਾਂ ਵਿਚ ਜੇ ਉਤਰ ਪ੍ਰਦੇਸ਼ ਵਿਚ ਭਾਰਤੀ ਜਨਤਾ ਪਾਰਟੀ ਨੂੰ ਤਕੜਾ ਝਟਕਾ ਲੱਗਦਾ ਹੈ ਤਾਂ ਮੁਲਕ ਅੰਦਰ ਨਵੀਂ ਸਿਆਸਤ ਦਾ ਆਗਾਜ਼ ਸੰਭਵ ਹੈ। ਫਿਲਹਾਲ, ਮੁੱਖ ਵਿਰੋਧੀ ਧਿਰ ਕਾਂਗਰਸ ਵਿਚ ਭਾਵੇਂ ਬਹੁਤੀ ਜਾਨ ਨਹੀਂ ਪਰ ਖੇਤਰੀ ਪਾਰਟੀਆਂ ਦਾ ਤਾਲਮੇਲ ਭਾਰਤੀ ਜਨਤਾ ਪਾਰਟੀ ਦੀ ਸਿਆਸਤ ਨੂੰ ਵੱਡੀ ਵੰਗਾਰ ਦੇ ਸਕਦਾ ਹੈ। ਪੱਛਮੀ ਬੰਗਾਲ ਵਿਚ ਇਸ ਪਾਰਟੀ ਨੂੰ ਪਈ ਪਛਾੜ ਤੋਂ ਬਾਅਦ ਵਿਰੋਧੀ ਧਿਰ ਦਾ ਮੂੰਹ-ਮੱਥਾ ਬਣਨਾ ਸ਼ੁਰੂ ਹੋ ਗਿਆ ਸੀ। ਕਈ ਰਾਜਾਂ ਦੇ ਆਗੂਆਂ ਨੇ ਆਪਸ ਵਿਚ ਤਾਲਮੇਲ ਬਿਠਾਇਆ ਵੀ ਹੈ। ਇਸ ਸੂਰਤ ਵਿਚ ਕਿਸਾਨ ਅੰਦੋਲਨ ਦਾ ਵੱਡਾ ਯੋਗਦਾਨ ਗਿਣਿਆ ਜਾਵੇਗਾ। ਭਾਰਤ ਅੰਦਰ ਜਿਸ ਤਰ੍ਹਾਂ ਦੀ ਚੁਣਾਵੀ ਸਿਆਸਤ ਹੈ, ਉਸ ਤੋਂ ਸਿਆਸੀ ਖੇਤਰ ਵਿਚ ਕਿਸੇ ਵੱਡੀ ਤਬਦੀਲੀ ਦੀ ਤਾਂ ਤਵੱਕੋ ਨਹੀਂ ਕੀਤੀ ਜਾ ਸਕਦੀ ਪਰ ਭਾਰਤੀ ਜਨਤਾ ਪਾਰਟੀ ਅਤੇ ਆਰ.ਐਸ.ਐਸ. ਦੀ ਜ਼ਹਿਰੀਲੀ ਸਿਆਸਤ ਨੂੰ ਮੋੜਾ ਤਾਂ ਪਾਇਆ ਹੀ ਜਾ ਸਕਦਾ ਹੈ। ਕੁਝ ਸਿਆਸੀ ਵਿਸ਼ਲੇਸ਼ਕਾਂ ਨੇ ਤਾਂ ਇਥੋਂ ਤੱਕ ਕਹਿ ਦਿੱਤਾ ਹੈ ਕਿ ਹੁਣ ਭਾਰਤੀ ਜਨਤਾ ਪਾਰਟੀ ਦੇ ਉਤਰਾਅ ਦੀ ਕਹਾਣੀ ਸ਼ੁਰੂ ਹੋ ਚੁੱਕੀ ਹੈ। ਇਸ ਲਈ ਹੁਣ ਕਿਸਾਨ ਅੰਦੋਲਨ ਵਾਂਗ ਸਿਆਸੀ ਧਿਰਾਂ ਨੂੰ ਵੀ ਏਕਾ ਬਣਾਉਣ ਦੀ ਲੋੜ ਹੈ।

## ਠਾਹ-ਸੋਟਾ

-ਚਾਚਾ ਬੇਲਿਹਾਜ਼


### ਜਾਬਰਾਂ 'ਤੇ ਨਾਬਰਾਂ ਦੀ ਜਿੱਤ

ਪੜ੍ਹਦੇ ਆਏ ਕਿਤਾਬਾਂ ਦੇ ਵਿਚ ਆਪਾਂ, ਦੇਖ ਲਿਆ ਏ ਬਣਦਾ ਇਤਿਹਾਸ ਕਿੱਦਾਂ।
ਸਾਂਝੇ ਮਾਨਵੀ-ਹਿੱਤਾਂ ਲਈ ਤੁਰਨ ਜਿਹੜੇ, ਲੋਕੀਂ ਜੁੜਦੇ ਨੇ ਕਰ ਕੇ ਵਿਸ਼ਵਾਸ ਕਿੱਦਾਂ।
ਆਪਾ ਵਾਰਨਾ ਹੱਕਾਂ ਨੂੰ ਲੈਣ ਖਾਤਿਰ,ਜਾਗੇ ਪੁਰਖਿਆਂ ਵਾਲ਼ਾ ਅਹਿਸਾਸ ਕਿੱਦਾਂ।
ਭੁੱਖ ਚੌਧਰ ਦੀ ਮਾਰੇ ਕਈ ਨਫਰਤਾਂ ਦੇ, ਪਿਛਾਂਹ-ਖਿੱਚੂ ਵੀ ਕਰਦੇ ਨਿਰਾਸ਼ ਕਿੱਦਾਂ।
ਰਹਿ ਕੇ ਜ਼ਬਤ ਵਿਚ ਕਿੰਨੇ ਕੁ ਜੂਝਦੇ ਨੇ,ਹੁੰਦੀ ਇਹ ਵੀ ਪਹਿਚਾਣ ਹੈ ਨਾਬਰਾਂ ਦੀ।
ਇਹ 'ਇਕੱਠ ਹੀ ਲੋਹੇ ਦੀ ਲੱਠ' ਬਣ ਕੇ, ਆਕੜ ਭੰਨਦਾ ਆਇਆ ਹੈ ਜਾਬਰਾਂ ਦੀ!

# ਭਾਜਪਾ ਦੀ ਅੱਖ ਹੁਣ ਸਿੱਧੀ ਪੰਜਾਬ ਅਤੇ ਯੂਪੀ 'ਤੇ

*ਪ੍ਰਧਾਨ ਮੰਤਰੀ ਨਰਿੰਦਰ ਮੋਦੀ ਨੇ ਆਪਣੇ ਪੁਰਾਣੇ ਸਟਾਈਲ ਮੁਤਾਬਿਕ ਅਚਾਨਕ ਤਿੰਨੇ ਖੇਤੀ ਕਾਨੂੰਨ ਵਾਪਸ ਲੈਣ ਦਾ ਐਲਾਨ ਕਰ ਦਿੱਤਾ। ਕਿਸਾਨ ਦਿੱਲੀ ਦੇ ਬਾਰਡਰਾਂ ਉਤੇ ਪਿਛਲੇ ਇਕ ਸਾਲ ਤੋਂ ਘੋਲ ਕਰ ਰਹੇ ਹਨ। ਪੰਜਾਬ ਵਿਚ ਤਾਂ ਇਹ ਘੋਲ ਇਸ ਤੋਂ ਵੀ ਪਹਿਲਾਂ ਸ਼ੁਰੂ ਹੋ ਗਿਆ ਸੀ ਪਰ ਸਰਕਾਰ ਨੇ ਆਪਣੀ ਅੜੀ ਕਾਰਨ ਇਸ ਨੂੰ ਲਮਕਾਈ ਰੱਖਿਆ। ਹੁਣ ਜਦੋਂ ਬਹੁਤ ਹੀ ਅਹਿਮ ਮੰਨੇ ਜਾਂਦੇ ਸੂਬੇ ਯੂ.ਪੀ. ਵਿਚ ਚੋਣਾਂ ਸਿਰ 'ਤੇ ਹਨ ਅਤੇ ਭਾਜਪਾ ਦੇ ਅੰਦਰੂਨੀ ਸਰਵੇਖਣ ਦੱਸ ਰਹੇ ਹਨ ਕਿ ਕਿਸਾਨ ਅੰਦੋਲਨ ਦਾ ਸਿੱਧਾ ਅਸਰ ਇਨ੍ਹਾਂ ਚੋਣਾਂ ਉਤੇ ਪਵੇਗਾ ਤਾਂ ਇਸੇ ਸਿਆਸਤ ਵਿਚੋਂ ਮੋਦੀ ਨੇ ਕਾਨੂੰਨ ਵਾਪਸੀ ਦਾ ਐਲਾਨ ਕੀਤਾ। ਕੀ ਇਸ ਐਲਾਨ ਦਾ ਚੁਣਾਵੀ ਫਾਇਦਾ ਭਾਜਪਾ ਨੂੰ ਹੋਵੇਗਾ, ਇਸ ਬਾਰੇ ਚਰਚਾ ਉਘੇ ਵਿਦਵਾਨ ਅਭੈ ਕੁਮਾਰ ਦੂਬੇ ਨੇ ਇਸ ਲੇਖ ਵਿਚ ਕੀਤੀ ਹੈ।*

ਹਾਲ ਹੀ ਵਿਚ ਸੀ-ਵੋਟਰ ਦਾ ਸਰਵੇਖਣ ਆਇਆ। ਸਰਵੇਖਣ ਦੱਸਦਾ ਹੈ ਕਿ ਤਿੰਨ ਮਹੀਨਿਆਂ ਦੇ ਅੰਦਰ-ਅੰਦਰ ਚੋਣਾਂ ਦੇ ਦੌਰ ਵਿਚੋਂ ਲੰਘਣ ਵਾਲੇ ਪੰਜ ਰਾਜਾਂ ਵਿਚ ਭਾਜਪਾ ਦਾ ਗਰਾਫ ਹੌਲੀ-ਹੌਲੀ ਹੇਠਾਂ ਡਿਗ ਰਿਹਾ ਹੈ। 19 ਨਵੰਬਰ ਨੂੰ ਸਵੇਰੇ-ਸਵੇਰੇ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਨੇ ਜਿਸ ਤਰ੍ਹਾਂ ਅਚਾਨਕ ਟੀ.ਵੀ. 'ਤੇ ਆ ਕੇ ਵਿਵਾਦਾਂ ਵਿਚ ਘਿਰੇ ਤਿੰਨ ਖੇਤੀ ਕਾਨੂੰਨ ਵਾਪਸ ਲੈਣ ਦਾ ਐਲਾਨ ਕੀਤਾ, ਉਸ ਨਾਲ ਇਹ ਗੱਲ ਹੋਰ ਸਪੱਸ਼ਟ ਹੋ ਗਈ ਹੈ ਕਿ ਖੁਦ ਭਾਜਪਾ ਤੇ ਰਾਸ਼ਟਰੀ ਸਵੈਮ-ਸੇਵਕ ਸੰਘ (ਆਰ.ਐਸ.ਐਸ.) ਨੂੰ ਵੀ ਇਸ ਡਿਗਦੇ ਹੋਏ ਗਰਾਫ ਦੀ ਚਿੰਤਾ ਹੈ। ਜੇ ਅਜਿਹਾ ਨਾ ਹੁੰਦਾ ਤਾਂ ਮੋਦੀ ਕਦੇ ਅਜਿਹਾ ਕਦਮ ਨਾ ਚੁੱਕਦੇ। ਜੇ ਇਹ ਚੋਣਾਂ ਛੇ ਮਹੀਨਿਆਂ ਜਾਂ ਸਾਲ ਦੂਰ ਹੁੰਦੀਆਂ ਤਾਂ ਵੀ ਭਾਜਪਾ ਅਜਿਹਾ ਕਰਨ ਦੀ ਬਜਾਇ ਆਖਰੀ



**ਅਭੈ ਕੁਮਾਰ ਦੂਬੇ**

ਸਮੇਂ ਤੱਕ ਹਾਲਾਤ ਨੂੰ ਆਪਣੇ ਹੱਕ 'ਚ ਬਣਾਉਣ ਦਾ ਜੁਗਾੜ ਕਰਦੀ ਰਹਿੰਦੀ। ਮੈਂ ਤਾਂ ਇਹ ਵੀ ਮੰਨਦਾ ਹਾਂ ਕਿ ਜੇ ਭਾਜਪਾ ਨੇ ਬੰਗਾਲ ਦੀਆਂ ਚੋਣਾਂ ਜਿੱਤ ਲਈਆਂ ਹੁੰਦੀਆਂ, ਤਾਂ ਚੋਣ ਨਤੀਜੇ ਆਉਣ ਦੇ ਹਫਤੇ-ਦਸ ਦਿਨਾਂ ਦੇ ਅੰਦਰ-ਅੰਦਰ ਹਮਲਾਵਰ ਰਵੱਈਆ ਅਪਣਾਉਂਦੇ ਹੋਏ ਕਿਸਾਨਾਂ ਨੂੰ ਦਿੱਲੀ ਦੀਆਂ ਤਿੰਨਾਂ ਸਰਹੱਦਾਂ ਤੋਂ ਖਦੇੜ ਦਿੱਤਾ ਗਿਆ ਹੁੰਦਾ; ਇਸ ਕਾਰਨ ਭਾਵੇਂ ਹਿੰਸਾ ਹੁੰਦੀ, ਕੁਝ ਜਾਨਾਂ ਵੀ ਕਿਉਂ ਨਾ ਜਾਂਦੀਆਂ! ਇਕ ਤਾਂ ਭਾਜਪਾ ਬੰਗਾਲ ਦੀਆਂ ਚੋਣਾਂ 'ਚ ਅਸਫਲ ਰਹੀ ਅਤੇ ਦੂਜਾ ਖੁਦ ਉਸ ਦੇ ਕਰਵਾਏ ਸਰਵੇਖਣਾਂ ਨਾਲ ਉਸ ਦੇ ਸਾਹਮਣੇ ਸਪੱਸ਼ਟ ਹੋ ਗਿਆ ਕਿ ਜੇ ਕਿਸਾਨ ਅੰਦੋਲਨ ਚਲਦਾ ਰਿਹਾ ਤਾਂ ਪੱਛਮੀ ਉੱਤਰ ਪ੍ਰਦੇਸ਼, ਉੱਤਰ ਪ੍ਰਦੇਸ਼ ਦੇ ਤਰਾਈ ਖੇਤਰ, ਹਰਿਆਣਾ ਅਤੇ ਪੰਜਾਬ 'ਚ ਉਸ ਨੂੰ ਮੂੰਹ ਦੀ ਖਾਣੀ ਪੈ ਸਕਦੀ ਹੈ।

ਮੈਂ ਪਿਛਲੇ ਛੇ ਮਹੀਨਿਆਂ ਦੌਰਾਨ ਵਾਰ-ਵਾਰ ਕਿਹਾ ਹੈ ਕਿ ਭਾਰਤ ਦੀ ਸਿਆਸਤ ਵਿਚ ਜਦੋਂ ਨੇਤਾ ਨੂੰ ਆਪਣੀਆਂ ਵੋਟਾਂ ਘਟਦੀਆਂ ਦਿਖਾਈ ਦਿੰਦੀਆਂ ਹਨ ਤਾਂ ਉਹ ਸੱਤਾ ਅਤੇ ਸਮਰਥਨ ਬਚਾਉਣ ਲਈ ਕਿਸੇ ਵੀ ਤਰ੍ਹਾਂ ਦਾ ਕੰਮ ਕਰਨ ਲਈ ਤਿਆਰ ਹੋ ਜਾਂਦਾ ਹੈ। ਇਸ ਸਮੇਂ ਨਰਿੰਦਰ ਮੋਦੀ ਦੀ ਸਰਕਾਰ ਅਜਿਹਾ ਹੀ ਕਰ ਰਹੀ ਹੈ। ਉਹ ਪੈਟਰੋਲੀਅਮ ਪਦਾਰਥਾਂ ਦੇ ਭਾਅ ਘੱਟ ਕਰਕੇ ਮਹਿੰਗਾਈ ਰੋਕਣ ਦੀ ਕੋਸ਼ਿਸ਼ ਵਿਚ ਲੱਗੀ ਹੋਈ ਹੈ ਅਤੇ ਹੁਣ ਕਿਸਾਨ ਅੰਦੋਲਨ ਨੂੰ ਸਮਾਪਤ ਕਰਨ ਦੀ ਉਸ ਦੀ ਰਣਨੀਤਕ ਪਹਿਲਕਦਮੀ ਸਰਕਾਰ ਦੀ ਬੇਚੈਨੀ ਦੀ ਦਾਸਤਾਨ ਬਿਆਨ ਕਰ ਰਹੀ ਹੈ। ਕੀ ਪਿਛਲੇ ਸਾਢੇ ਸੱਤ ਸਾਲ ਵਿਚ ਮੋਦੀ ਸਰਕਾਰ ਨੇ ਕਦੇ ਅਜਿਹੇ ਸੰਕਟ ਦਾ ਸਾਹਮਣਾ ਕੀਤਾ ਹੈ? ਕਦੇ ਨਹੀਂ। ਬਿਨਾ ਕਿਸੇ ਸ਼ੱਕ ਦੇ ਕਿਹਾ ਜਾ ਸਕਦਾ ਹੈ ਕਿ ਸਰਕਾਰ ਲਈ ਇਹ ਅੱਜ ਤੱਕ ਦਾ ਸਭ ਤੋਂ ਜ਼ਿਆਦਾ ਗੰਭੀਰ ਸਮਾਂ ਹੈ। ਮੋਦੀ ਸਰਕਾਰ ਨੂੰ ਇਹ ਵੀ ਡਰ ਹੈ ਕਿ ਮਹਿੰਗਾਈ ਅਤੇ ਕਿਸਾਨ ਅੰਦੋਲਨ ਕਾਰਨ ਜੇਕਰ ਭਾਜਪਾ ਦੀਆਂ ਵੋਟਾਂ ਘਟੀਆਂ ਤਾਂ ਉਹ ਕੇਂਦਰ ਸਰਕਾਰ ਖਿਲਾਫ ਸਰਕਾਰ ਵਿਰੋਧੀ ਭਾਵਨਾ ਹੋਵੇਗੀ। ਇਸ ਦਾ ਅਸਰ 2024 ਦੀਆਂ ਲੋਕ ਸਭਾ ਚੋਣਾਂ ਤੱਕ ਜਾ ਸਕਦਾ ਹੈ।

ਪ੍ਰਧਾਨ ਮੰਤਰੀ ਮੋਦੀ ਖੇਤੀ ਕਾਨੂੰਨਾਂ ਨੂੰ ਵਾਪਸ ਲੈਣ ਦਾ ਕਦਮ ਚੁੱਕ ਸਕਦੇ ਹਨ, ਇਸ ਸਦਭਾਵਨਾ ਦੀ ਚਰਚਾ ਸਮੀਖਿਅਕਾਂ ਦੇ ਵਿਚਾਲੇ ਉਸ ਸਮੇਂ ਤੋਂ ਹੋ ਰਹੀ ਹੈ, ਜਦੋਂ ਤੋਂ ਕੈਪਟਨ ਅਮਰਿੰਦਰ ਸਿੰਘ ਕਾਂਗਰਸ ਤੋਂ ਵੱਖ ਹੋਣ ਤੋਂ ਬਾਅਦ ਦਿੱਲੀ ਆ ਕੇ ਅਮਿਤ ਸ਼ਾਹ ਨੂੰ ਮਿਲੇ ਸਨ।




ਦੋਵਾਂ ਵਿਚਾਲੇ ਕਿਸਾਨ ਅੰਦੋਲਨ ਬਾਰੇ ਹੀ ਗੱਲ ਹੋਈ ਸੀ। ਸਰਕਾਰ ਨਾਲ ਹਮਦਰਦੀ ਰੱਖਣ ਵਾਲੇ ਟੀ.ਵੀ. ਚੈਨਲਾਂ ਨੇ ਤੁਰੰਤ ਪ੍ਰੋਗਰਾਮ ਕਰਨੇ ਸ਼ੁਰੂ ਕਰ ਦਿੱਤੇ ਸਨ ਕਿ ਕੀ ਅਮਰਿੰਦਰ ਸਿੰਘ ਕਿਸਾਨ ਅੰਦੋਲਨਕਾਰੀਆਂ ਵਿਚਾਲੇ ਆਪਣੀ ਸਾਖ ਕਾਰਨ ਸਰਕਾਰ ਨਾਲ ਅੰਦੋਲਨ ਦੀ ਗੱਲਬਾਤ ਨੂੰ ਨਵੇਂ ਮੁਕਾਮ ਤੱਕ ਪਹੁੰਚਾ ਸਕਦੇ ਹਨ?

ਜਦੋਂ ਅੰਦੋਲਨਕਾਰੀਆਂ ਦੇ ਸਾਹਮਣੇ ਇਹ ਸਵਾਲ ਰੱਖਿਆ ਗਿਆ ਤਾਂ ਉਨ੍ਹਾਂ ਕਿਹਾ ਸੀ ਕਿ ਜੇ ਕੋਈ ਵਿਚੋਲਗੀ ਕਰਕੇ ਸਾਡੀਆਂ ਤਿੰਨਾਂ ਮੰਗਾਂ ਪੂਰੀਆਂ ਕਰਨ ਲਈ ਸਰਕਾਰ ਨੂੰ ਮਨਾ ਸਕਦਾ ਹੈ ਤਾਂ ਇਸ ਵਿਚ ਬੁਰੀ ਗੱਲ ਕੀ ਹੈ? ਹੋ ਸਕਦਾ ਹੈ ਕਿ ਭਾਜਪਾ ਦੇ ਨੀਤੀਘਾੜੇ ਪਹਿਲਾਂ ਤੋਂ ਇਸ ਬਾਰੇ ਸੋਚ ਰਹੇ ਹੋਣ ਪਰ ਇਹ ਸਪੱਸ਼ਟ ਸੀ ਕਿ ਇਕ ਬਹੁਤ ਵੱਡੇ ਇਲਾਕੇ ਵਿਚ ਚੁਣਾਵੀ ਨੁਕਸਾਨ ਦੇ ਕਿਆਸ ਮਜ਼ਬੂਤ ਹੋ ਰਹੇ ਸਨ। ਨਾਲ ਹੀ ਉਹ ਜਾਤੀਵਾਦੀ ਸਮੀਕਰਨ ਵੀ ਵਿਗੜ ਰਿਹਾ ਸੀ ਜੋ ਭਾਜਪਾ ਨੇ ਰਾਸ਼ਟਰਵਾਦ ਅਤੇ ਸੰਪਰਦਾਇਕਤਾ ਦੇ ਮਿਸ਼ਰਨ ਰਾਹੀਂ ਤਿਆਰ ਕੀਤਾ ਸੀ।

ਪੱਛਮੀ ਉੱਤਰ ਪ੍ਰਦੇਸ਼ 'ਚ ਮੁਸਲਮਾਨ ਕਿਸਾਨਾਂ ਅਤੇ ਜਾਟ-ਗੁੱਜਰ ਕਿਸਾਨਾਂ ਵਿਚਾਲੇ ਪਰੰਪਰਕ ਏਕਤਾ (ਜਿਸ ਕਾਰਨ ਚੌਧਰੀ ਚਰਨ ਸਿੰਘ ਦੀ ਸਿਆਸਤ ਪ੍ਰਵਾਨ ਚੜ੍ਹੀ ਸੀ ਅਤੇ ਜਿਸ ਦੇ ਟੁੱਟਣ ਕਾਰਨ ਭਾਜਪਾ ਇਸ ਖੇਤਰ 'ਚ ਇਕ ਤੋਂ ਬਾਅਦ ਇਕ ਤਿੰਨ ਚੋਣਾਂ ਜਿੱਤ ਸਕੀ ਸੀ) ਨੂੰ ਤੋੜਨ ਵਾਲਾ ਇਹ ਸਮੀਕਰਨ ਕਿਸਾਨ ਅੰਦੋਲਨ ਦੇ ਪ੍ਰਭਾਵ ਦੇ ਕਾਰਨ ਮੁੜ ਆਪਣੀ ਪੁਰਾਣੀ ਸਥਿਤੀ, ਭਾਵ ਜਾਤੀਵਾਦੀ ਏਕਤਾ ਦੀ ਸਥਿਤੀ 'ਚ ਆ ਗਿਆ। ਭਾਜਪਾ ਅਤੇ ਸੰਘ ਲਈ ਇਹ ਖਾਸ ਤੌਰ 'ਤੇ ਹੈਰਾਨ ਕਰਨ ਵਾਲੀ ਗੱਲ ਹੋਣੀ ਚਾਹੀਦੀ ਸੀ। ਕਾਰਨ ਇਹ ਹੈ ਕਿ ਜਿੱਥੇ-ਜਿੱਥੇ ਹਿੰਦੂਵਾਦੀਆਂ ਨੇ ਜਾਤੀਵਾਦੀ ਦੁਸ਼ਮਣੀ ਫੈਲਾਉਣ ਦੇ ਪ੍ਰਯੋਗ ਕੀਤੇ, ਉੱਥੇ ਕਦੇ ਦੁਬਾਰਾ ਜਾਤੀਵਾਦੀ ਏਕਤਾ ਨਹੀਂ ਬਣ ਸਕੀ। ਸਮਾਜ 'ਚ ਇਕ ਵਾਰ ਜੋ ਦਰਾੜ ਪੈ ਗਈ, ਫਿਰ ਉਹ ਕਦੇ ਨਹੀਂ ਭਰ ਸਕੀ। ਇਹ ਪਹਿਲੀ ਵਾਰ ਪੱਛਮੀ ਉੱਤਰ ਪ੍ਰਦੇਸ਼ 'ਚ ਹੀ ਹੋਇਆ ਹੈ। ਅਜਿਹਾ ਕਿਸਾਨ ਅੰਦੋਲਨ ਸੰਘ ਦੇ ਪ੍ਰੋਜੈਕਟ ਲਈ ਬਹੁਤ ਨੁਕਸਾਨਦੇਹ ਹੋ ਸਕਦਾ ਸੀ।

*ਭਾਜਪਾ ਨੂੰ ਉਮੀਦ ਹੈ ਕਿ ਖੇਤੀ ਕਾਨੂੰਨ ਵਾਪਸ ਲੈਣ ਵਾਲੇ ਫੈਸਲੇ ਤੋਂ ਬਾਅਦ ਕਿਸਾਨ ਅੰਦੋਲਨ ਦੇ ਪ੍ਰਭਾਵ ਵਾਲੇ ਇਲਾਕਿਆਂ ਵਿਚ ਉਸ ਨੂੰ ਇਕ ਵਾਰ ਫਿਰ ਗੁਆਚੀ ਹੋਈ ਜ਼ਮੀਨ ਪ੍ਰਾਪਤ ਕਰਨ ਦਾ ਮੌਕਾ ਮਿਲੇਗਾ ਪਰ ਇਸ ਦੇ ਲਈ ਉਸ ਨੂੰ ਪੱਛਮੀ ਉੱਤਰ ਪ੍ਰਦੇਸ਼ ਵਿਚ ਜਾਤੀਵਾਦੀ ਕਾਰਡ ਖੇਡਣਾ ਪਵੇਗਾ। ਉਹ ਇਸ ਕੰਮ ਵਿਚ ਮਾਹਰ ਹੈ ਪਰ ਆਪਣੀ ਹੀ ਸਰਕਾਰ ਹੋਣ ਕਾਰਨ ਉਸ ਨੂੰ ਇਹ ਹੱਥਕੰਡਾ ਅਜ਼ਮਾਉਣ ਦੀ ਉਹ ਸਹੂਲਤ ਪ੍ਰਾਪਤ ਨਹੀਂ ਹੋ ਸਕੇਗੀ ਜੋ 2013 ਵਿਚ ਕਾਂਗਰਸ ਦੀ ਕੇਂਦਰ ਵਿਚ ਅਤੇ ਸੂਬੇ ਵਿਚ ਸਮਾਜਵਾਦੀ ਪਾਰਟੀ ਦੀ ਸਰਕਾਰ ਹੋਣ ਕਾਰਨ ਮਿਲ ਸਕੀ ਸੀ।*

ਦੂਜਾ, ਚੁਣਾਵੀ ਰਣਨੀਤੀ ਤੋਂ ਦੂਰ ਹੋ ਕੇ ਜੇ ਲੰਮੀ ਲੜਾਈ ਦੇ ਨਜ਼ਰੀਏ ਨਾਲ ਹਾਲਾਤ ਦਾ ਮੁਲੰਕਣ ਕੀਤਾ ਜਾਵੇ ਤਾਂ ਕਿਸਾਨ ਅੰਦੋਲਨ ਦਾ ਜ਼ਬਰਦਸਤ ਟਿਕਾਊਪਨ ਸੰਘ ਪਰਿਵਾਰ ਦੀ ਉਸ ਯੋਜਨਾ ਦਾ ਪ੍ਰਭਾਵਸ਼ਾਲੀ ਵਿਰੋਧੀ ਬਣ ਰਿਹਾ ਸੀ ਜਿਸ ਨੂੰ ਮੈਂ 'ਆਗਿਆਪਾਲਕ ਸਮਾਜ' ਬਣਾਉਣ ਦੀ ਯੋਜਨਾ ਕਹਿੰਦਾ ਹਾਂ। ਸੰਘ ਪਰਿਵਾਰ ਚਾਹੁੰਦਾ ਹੈ ਕਿ ਲੋਕਤੰਤਰੀ ਸਿਆਸਤ ਨਾਲ ਸੰਘਰਸ਼ ਦੇ ਸਾਰੇ ਪਹਿਲੂ ਖਤਮ ਕਰ ਦਿੱਤੇ ਜਾਣ। ਨਾਗਰਿਕ ਪੰਜ ਸਾਲ ਵਿਚ ਇਕ ਵਾਰ ਵੋਟ ਪਾਉਣ ਵਾਲੇ ਬਣ ਕੇ ਰਹਿ ਜਾਣ। ਲੋਕਤੰਤਰ ਸਿਰਫ ਮਾਤਰਾਤਮਕ ਅਤੇ ਤਕਨੀਕੀ ਰਹਿ ਜਾਵੇ। ਉਸ ਦੀ ਜੀਵਨ ਸ਼ਕਤੀ, ਬਹਿਸ ਅਤੇ ਉਸ ਦੇ ਜ਼ਰੀਏ ਸਿਆਸਤ ਨੂੰ ਪ੍ਰਭਾਵਿਤ ਕਰਨ ਦੀ ਉਸ ਦੀ ਸਮਰੱਥਾ ਨੂੰ ਅਸਵੀਕਾਰ ਕਰ ਦਿੱਤਾ ਜਾਵੇ। ਪ੍ਰਧਾਨ ਮੰਤਰੀ ਇਸ ਗੱਲ ਨੂੰ ਵਾਰ-ਵਾਰ ਕਹਿੰਦੇ ਰਹੇ ਹਨ ਕਿ ਚੁਣੀ ਹੋਈ ਸਰਕਾਰ ਖਿਲਾਫ ਅੰਦੋਲਨ ਨਹੀਂ ਚਲਾਉਣਾ ਚਾਹੀਦਾ।

ਹਾਲ ਹੀ 'ਚ ਉਨ੍ਹਾਂ ਦੇ ਕੌਮੀ ਸੁਰੱਖਿਆ ਸਲਾਹਕਾਰ ਅਜੀਤ ਡੋਵਾਲ ਨੇ ਸਿਵਲ ਸੁਸਾਇਟੀ ਨੂੰ ਨਵੀਂ ਜੰਗ ਦੇ ਕੇਂਦਰ ਦੀ ਤਰ੍ਹਾਂ ਪਰਿਭਾਸ਼ਿਤ ਕਰਕੇ ਸਾਰਿਆਂ ਨੂੰ ਹੈਰਾਨ ਕਰ ਦਿੱਤਾ ਹੈ। ਸਿਵਲ ਸੁਸਾਇਟੀ ਸਰਕਾਰ ਨੂੰ ਪਸੰਦ ਹੋਵੇ ਜਾਂ ਨਾ ਹੋਵੇ, ਉਹ ਹੈ ਤਾਂ ਇਸੇ ਦੇਸ਼ ਅਤੇ ਸਮਾਜ ਦਾ ਅੰਗ। ਕੀ ਭਾਰਤ ਦੀ ਸਰਕਾਰ ਆਪਣੇ ਹੀ ਦੇਸ਼ਵਾਸੀਆਂ ਦੇ ਇਕ ਹਿੱਸੇ ਖਿਲਾਫ ਲੜਾਈ ਦਾ ਐਲਾਨ ਕਰ ਸਕਦੀ ਹੈ? ਗੈਰ-ਸਰਕਾਰੀ ਸੰਗਠਨਾਂ ਪ੍ਰਤੀ ਇਸ ਸਰਕਾਰ ਅਤੇ ਉਸ ਦੇ ਪੈਰੋਕਾਰਾਂ ਦੀ ਗੰਭੀਰ ਬੇਚੈਨੀ ਜੱਗ ਜ਼ਾਹਿਰ ਹੈ। ਜੇ ਇਸ ਸਰਕਾਰ ਅਤੇ ਸਰਕਾਰੀ ਪਾਰਟੀ ਨੂੰ ਯਾਦ ਦਿਵਾਇਆ ਜਾਵੇ ਕਿ ਨੱਬੇ ਦੇ ਦਹਾਕੇ ਵਿਚ ਦਿੱਲੀ ਦੀ ਸੱਤਾ 'ਤੇ ਪਹਿਲੀ ਦਸਤਕ ਭਾਰਤੀ ਜਨਤਾ ਪਾਰਟੀ ਨੇ ਹਮਲਾਵਰ, ਹਿੰਸਕ, ਸੰਪਰਦਾਇਕ ਅੰਦੋਲਨ ਜ਼ਰੀਏ ਹੀ ਦਿੱਤੀ ਸੀ। ਉਸ ਅੰਦੋਲਨ ਦੇ ਕਈ ਸੂਤਰਧਾਰਾਂ ਵਿਚੋਂ ਇਕ ਨਰਿੰਦਰ ਮੋਦੀ ਸਨ। ਉਸ ਸਮੇਂ ਇਹ ਲੋਕ ਨਾ ਕਿਸੇ ਸੰਵਿਧਾਨ ਦਾ ਤਰਕ ਮੰਨਦੇ ਸਨ ਅਤੇ ਨਾ ਹੀ ਕਿਸੇ ਕਾਨੂੰਨ ਦਾ। ਇਨ੍ਹਾਂ ਲੋਕਾਂ ਨੇ ਸੁਪਰੀਮ ਕੋਰਟ 'ਚ ਦਿੱਤੇ ਆਪਣੇ ਹਲਫਨਾਮੇ ਦੀ ਵੀ ਪ੍ਰਵਾਹ ਨਹੀਂ ਕੀਤੀ ਸੀ। ਅੱਜ ਇਹੀ ਲੋਕ ਕਿਸੇ ਵੀ ਤਰ੍ਹਾਂ ਦੇ ਲੋਕ ਅੰਦੋਲਨ ਦੇ ਖਿਲਾਫ ਹੋ ਗਏ ਹਨ।

ਭਾਜਪਾ ਨੂੰ ਉਮੀਦ ਹੈ ਕਿ ਖੇਤੀ ਕਾਨੂੰਨ ਵਾਪਸ ਲੈਣ ਵਾਲੇ ਫੈਸਲੇ ਤੋਂ ਬਾਅਦ ਕਿਸਾਨ ਅੰਦੋਲਨ ਦੇ ਪ੍ਰਭਾਵ ਵਾਲੇ ਇਲਾਕਿਆਂ 'ਚ ਉਸ ਨੂੰ ਇਕ ਵਾਰ ਫਿਰ ਗੁਆਚੀ ਹੋਈ ਜ਼ਮੀਨ ਪ੍ਰਾਪਤ ਕਰਨ ਦਾ ਮੌਕਾ ਮਿਲੇਗਾ ਪਰ ਇਸ ਦੇ ਲਈ ਉਸ ਨੂੰ ਪੱਛਮੀ ਉੱਤਰ ਪ੍ਰਦੇਸ਼ ਵਿਚ ਜਾਤੀਵਾਦੀ ਕਾਰਡ ਖੇਡਣਾ ਪਵੇਗਾ। ਉਹ ਇਸ ਕੰਮ ਵਿਚ ਮਾਹਰ ਹੈ ਪਰ ਆਪਣੀ ਹੀ ਸਰਕਾਰ ਹੋਣ ਕਾਰਨ ਉਸ ਨੂੰ ਇਹ ਹੱਥਕੰਡਾ ਅਜ਼ਮਾਉਣ ਦੀ ਉਹ ਸਹੂਲਤ ਪ੍ਰਾਪਤ ਨਹੀਂ ਹੋ ਸਕੇਗੀ ਜੋ 2013 ਵਿਚ ਕਾਂਗਰਸ ਦੀ ਕੇਂਦਰ ਵਿਚ ਅਤੇ ਸੂਬੇ ਵਿਚ ਸਮਾਜਵਾਦੀ ਪਾਰਟੀ ਦੀ ਸਰਕਾਰ ਹੋਣ ਕਾਰਨ ਮਿਲ ਸਕੀ ਸੀ।

# ਮਹਾ ਅੰਦੋਲਨ, ਕਾਨੂੰਨ ਵਾਪਸੀ ਅਤੇ ਭਵਿੱਖੀ ਚੁਣੌਤੀਆਂ

ਬੂਟਾ ਸਿੰਘ
ਫੋਨ: +91-94634-74342

ਗੁਰੂ ਨਾਨਕ ਦੇ ਪ੍ਰਕਾਸ਼ ਦਿਵਸ ਮੌਕੇ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਆਪਣੇ 'ਮਾਸਟਰ ਸਟਰੋਕ' ਅੰਦਾਜ਼ 'ਚ ਟੀ.ਵੀ. ਚੈਨਲਾਂ ਉਪਰ ਪ੍ਰਗਟ ਹੋਇਆ। ਇਸ ਵਾਰ 'ਮਾਸਟਰ ਸਟਰੋਕ' ਕੇਂਦਰ ਸਰਕਾਰ ਵੱਲੋਂ ਖੇਤੀ ਨੂੰ 'ਸਭ ਤੋਂ ਸਿਖਰਲੀ ਤਰਜੀਹ ਦੇ ਕੇ' ਕਿਸਾਨਾਂ ਦੀ ਕਥਿਤ ਭਲਾਈ ਲਈ ਕੀਤੇ ਕੰਮ ਗਿਣਾਉਣ ਤੋਂ ਬਾਅਦ ਤਿੰਨ ਕਾਲੇ ਕਾਨੂੰਨ ਵਾਪਸ ਲੈਣ ਦਾ ਐਲਾਨ ਸੀ। ਇਖਲਾਕੀ ਤੌਰ 'ਤੇ ਤਾਂ ਕਿਸਾਨ ਸੰਘਰਸ਼ ਪਹਿਲੇ ਦਿਨ ਤੋਂ ਹੀ ਜਿੱਤ ਚੁੱਕਾ ਸੀ, ਇਹ ਆਰ.ਐਸ.ਐਸ.-ਬੀ.ਜੇ.ਪੀ. ਹਕੂਮਤ ਦਾ ਹਾਰ ਮੰਨਣ ਦਾ ਰਸਮੀ ਐਲਾਨ ਹੈ। ਜਿਸ ਸ਼ਖਸ ਨੇ ਮਹਾ ਅੰਦੋਲਨ ਦੌਰਾਨ ਪੂਰਾ ਸਾਲ ਮੂੰਹ ਨਹੀਂ ਖੋਲ੍ਹਿਆ, ਜਦੋਂ ਖੋਲ੍ਹਿਆ ਤਾਂ ਕਿਸਾਨਾਂ ਨੂੰ 'ਅੰਦੋਲਨਜੀਵੀ' ਕਹਿ ਕੇ ਭੰਡਣ ਲਈ; ਜਿਸ ਦਾ ਪੱਥਰ ਦਿਲ ਲਖੀਮਪੁਰ ਖੀਰੀ ਅਤੇ ਟਿਕਰੀ 'ਚ ਬੇਕਿਰਕੀ ਨਾਲ ਗੱਡੀਆਂ ਹੇਠ ਕੁਚਲ ਕੇ ਮਾਰੇ ਗਏ ਕਿਸਾਨਾਂ ਅਤੇ ਬੀਬੀਆਂ ਲਈ ਵੀ ਨਹੀਂ ਸੀ ਪਸੀਜਿਆ; ਉਸ ਨੇ ਮੁਲਕ ਤੋਂ ਮੁਆਫੀ ਤਾਂ ਮੰਗੀ ਪਰ ਉਨ੍ਹਾਂ ਮਹਾਂ ਪਾਪਾਂ ਦੀ ਨਹੀਂ ਜੋ ਉਸ ਦੀ ਹਕੂਮਤ ਨੇ ਪਿਛਲੇ ਇਕ ਸਾਲ 'ਚ ਕਿਸਾਨ ਸੰਘਰਸ਼ ਵਿਰੁਧ ਕੀਤੇ ਸਨ। ਨਾ ਉਸ ਨੇ ਅੰਦੋਲਨ ਦੌਰਾਨ ਫੌਤ ਹੋਏ 700 ਦੇ ਕਰੀਬ ਕਿਸਾਨਾਂ ਲਈ ਹਮਦਰਦੀ ਪ੍ਰਗਟਾਈ ਜੋ ਅੰਦੋਲਨ ਪ੍ਰਤੀ ਮੌਜੂਦਾ ਹਕੂਮਤ ਦੇ ਅਤਿ ਬੇਕਿਰਕ ਰਵੱਈਏ ਕਾਰਨ ਬੇਵਕਤ ਇਸ ਦੁਨੀਆ ਤੋਂ ਤੁਰ ਗਏ। ਨਾ ਉਸ ਦੇ ਸੰਬੋਧਨ ਵਿਚ ਆਰ.ਐਸ.ਐਸ.-ਬੀ.ਜੇ.ਪੀ. ਦੇ ਮੰਤਰੀਆਂ, ਆਈ.ਟੀ. ਫੌਜ ਅਤੇ ਗੋਦੀ ਮੀਡੀਆ ਦੇ ਘਿਨਾਉਣੇ ਭੰਡੀ ਪ੍ਰਚਾਰ ਬਾਰੇ ਕੋਈ ਪਛਤਾਵਾ ਸੀ ਜੋ ਹੱਕ-ਸੱਚ ਦੀ ਲੜਾਈ ਲੜ ਰਹੇ ਕਿਸਾਨਾਂ ਨੂੰ ਖਾਲਿਸਤਾਨੀ, ਅਤਿਵਾਦੀ, ਦਿਹਾੜੀ 'ਤੇ ਲਿਆਂਦੇ ਨਕਲੀ ਕਿਸਾਨ, ਨਕਸਲੀ/ਮਾਓਵਾਦੀ ਆਦਿ ਨਾਂ ਦੇ ਕੇ ਭੰਡਦੇ ਰਹੇ। ਮੀਡੀਆ ਦਾ ਵੱਡਾ ਹਿੱਸਾ ਵੀ ਮਹਾ ਅੰਦੋਲਨ ਨੂੰ 'ਦਹਿਸ਼ਤਵਾਦੀ' ਕਰਾਰ ਦੇ ਕੇ ਭੰਡਣ ਦੀ ਮੁਹਿੰਮ ਚਲਾਉਂਦਾ ਰਿਹਾ। ਇਹ ਮੀਡੀਆ ਦੀ ਭੂਮਿਕਾ ਤੋਂ ਪੂਰੀ ਤਰ੍ਹਾਂ ਉਲਟ ਹੈ, ਮੀਡੀਆ ਜਾਂ ਤਾਂ ਹਕੂਮਤ ਵਿਰੋਧੀ ਜਾਇਜ਼ ਅੰਦੋਲਨਾਂ ਦੀ ਹਮਾਇਤ ਕਰਦਾ ਹੈ ਜਾਂ ਘੱਟੋ-ਘੱਟ ਨਿਰਪੱਖ ਰਿਪੋਰਟਿੰਗ ਕਰਦਾ ਹੈ।

ਮੋਦੀ ਅਤੇ ਆਰ.ਐਸ.ਐਸ.-ਬੀ.ਜੇ.ਪੀ. ਅਜੇ ਵੀ ਬਜ਼ਿੱਦ ਹਨ ਕਿ ਉਨ੍ਹਾਂ ਦੇ ਲਿਆਂਦੇ ਖੇਤੀ ਕਾਨੂੰਨ ਕਿਸਾਨਾਂ ਦੀ ਬਿਹਤਰੀ ਲਈ ਸਨ, ਇਨ੍ਹਾਂ ਵਿਚ ਕੁਛ ਵੀ 'ਕਾਲਾ' ਨਹੀਂ ਹੈ। ਮੋਦੀ ਨੂੰ ਝੋਰਾ ਸਿਰਫ ਇਸ ਗੱਲ ਦਾ ਹੈ ਕਿ ਉਸ ਦੀ ਕਾਰਪੋਰੇਟ ਹਿਤੈਸ਼ੀ 'ਤਪੱਸਿਆ' ਵਿਚ ਕੋਈ ਕਮੀ ਰਹਿ ਗਈ ਜਿਸ ਕਰਕੇ ਉਹ 'ਕੁਛ ਕਿਸਾਨਾਂ' ਨੂੰ ਆਪਣੀ 'ਦੀਵੇ ਦੇ ਚਾਨਣ ਵਰਗਾ ਪਵਿੱਤਰ ਸੱਚ' ਸਮਝਾ ਨਹੀਂ ਸਕਿਆ। ਭਗਵੇਂ ਆਗੂ ਪੰਜਾਬ-ਹਰਿਆਣਾ ਅਤੇ ਪੱਛਮੀ ਯੂ.ਪੀ. ਦੇ ਇਕ ਆਵਾਜ਼ ਹੋ ਕੇ ਜੂਝ ਰਹੇ ਕਿਸਾਨਾਂ ਨੂੰ ਅਜੇ ਵੀ ''ਕੁਛ ਕਿਸਾਨ'' ਹੀ ਦੱਸ ਰਹੇ ਹਨ ਜਿਨ੍ਹਾਂ ਦੀ ਹਮਾਇਤ 'ਚ ਪੂਰੇ ਮੁਲਕ ਦੇ ਕਿਸਾਨ ਬਾਰਡਰਾਂ ਉਪਰ ਕਾਫਲੇ ਲੈ ਕੇ ਸ਼ਾਮਿਲ ਹੋ ਰਹੇ ਹਨ। ਸ਼ੁਰੂ ਤੋਂ ਹੀ ਸੱਤਾਧਾਰੀ ਧਿਰ ਦਾ ਇਹੀ ਰਵੱਈਆ ਹੈ। ਜਨਵਰੀ ਮਹੀਨੇ ਸੁਪਰੀਮ ਕੋਰਟ ਵਿਚ ਦਿੱਤੇ ਹਲਫਨਾਮੇ ਵਿਚ ਸਰਕਾਰ ਨੇ ਸਾਫ ਕਿਹਾ ਸੀ ਕਿ ਕਾਨੂੰਨਾਂ ਨੂੰ ਵਾਪਸ ਲੈਣ ਦੀ ਮੰਗ ''ਨਾ ਤਾਂ ਜਾਇਜ਼ ਹੈ ਨਾ ਮੰਨਣਯੋਗ'', ਕਿ ਅੰਦੋਲਨ ਤਾਂ ਪੰਜਾਬ ਦੇ ਕੁਛ ਸੌੜੇ ਹਿਤਾਂ ਵਾਲੇ ਲੋਕਾਂ ਵੱਲੋਂ ਪੈਦਾ ਕੀਤੇ 'ਸ਼ੰਕਿਆਂ ਅਤੇ ਭਰਮ, ਭੁਲੇਖਿਆਂ' 'ਤੇ ਆਧਾਰਿਤ ਹੈ।''

ਗੁਰਬਾਣੀ 'ਚੋਂ ''ਵਿਚਿ ਦੁਨੀਆ ਸੇਵ ਕਮਾਈਐ। ਤਾ ਦਰਗਹ ਬੈਸਣੁ ਪਾਈਐ।।'' ਦਾ ਹਵਾਲਾ ਦਿੰਦਿਆਂ ਮੋਦੀ ਇਕ ਸ਼ਬਦ ਵੀ ਨਹੀਂ ਬੋਲਿਆ ਕਿ ਕੋਰੋਨਾ ਮਹਾਮਾਰੀ ਦੌਰਾਨ 'ਆਤਮਨਿਰਭਰ ਭਾਰਤ ਅਭਿਆਨ' ਦੇ ਨਾਂ ਹੇਠ ਚੁੱਪਚੁਪੀਤੇ ਤਿੰਨ ਖੇਤੀ ਆਰਡੀਨੈਂਸ ਥੋਪਣਾ ਅਤੇ ਰਾਜ ਸਭਾ ਵਿਚ ਜ਼ਬਾਨੀ ਵੋਟਾਂ ਦੀ ਚਲਾਕੀ ਨਾਲ ਵਿਵਾਦਪੂਰਨ ਕਾਨੂੰਨ ਪਾਸ ਕਰਾਉਣਾ ਕਿਸ ਦੀ ਸੇਵਾ ਲਈ ਸੀ? ਖੇਤੀ ਤਾਂ ਰਾਜਾਂ ਦਾ ਵਿਸ਼ਾ ਹੈ, ਫਿਰ ਕੇਂਦਰ ਵੱਲੋਂ ਰਾਜਾਂ ਦੇ ਅਧਿਕਾਰ ਖੇਤਰ ਦੀ ਉਲੰਘਣਾ ਕਰਕੇ ਬਣਾਏ ਕਾਨੂੰਨ ਸੰਵਿਧਾਨਕ ਤੌਰ 'ਤੇ ਕਿਵੇਂ ਸਹੀ ਹਨ? ਇਸ ਪੂਰੀ ਧੋਖੇਬਾਜ਼ੀ ਦੇ ਮੱਦੇਨਜ਼ਰ ਇਹ ਸਮਝ ਲੈਣਾ ਚਾਹੀਦਾ ਹੈ ਕਿ ਨਿਸ਼ਚੇ ਹੀ ਤਿੰਨ ਕਾਨੂੰਨਾਂ ਦੀ ਵਾਪਸੀ ਦਾ ਐਲਾਨ ਫਾਸ਼ੀਵਾਦੀ ਹਕੂਮਤ ਦੀਆਂ ਗੋਡਣੀਆਂ ਲਵਾਊ ਇਤਿਹਾਸਕ ਜਿੱਤ ਤਾਂ ਹੈ ਪਰ ਜਿਸ ਖੁੱਲ੍ਹੀ ਮੰਡੀ ਹਿਤੈਸ਼ੀ ਆਰਥਕ ਮਾਡਲ ਦੇ ਹੱਕ 'ਚ ਆਰ.ਐਸ.ਐਸ.-ਬੀ.ਜੇ.ਪੀ. ਐਨੀ ਬੇਸ਼ਰਮੀ ਨਾਲ ਡਟੀ ਹੋਈ ਹੈ ਉਸ ਵਿਰੁੱਧ ਭਾਰਤੀ ਅਵਾਮ ਦੀ ਲੜਾਈ ਐਨੀ ਛੇਤੀ ਮੁੱਕਣ ਵਾਲੀ ਨਹੀਂ ਹੈ। ਭਗਵਾਂ-ਕਾਰਪੋਰੇਟ ਪ੍ਰਚਾਰਤੰਤਰ ਹੁਣ ਵੀ ਰਾਸ਼ਟਰ ਵਿਰੋਧੀ ਦਾ ਉਹੀ ਘਿਨਾਉਣਾ ਬਿਰਤਾਂਤ ਪ੍ਰਚਾਰਨ 'ਚ ਜੁੱਟਿਆ ਹੋਇਆ ਹੈ ਕਿ ਪ੍ਰਧਾਨ ਮੰਤਰੀ ਨੇ ਖੇਤੀ ਕਾਨੂੰਨ 'ਖੱਬੇਪੱਖੀ ਅੱਤਵਾਦੀ' ਘੁਸਪੈਠ ਵਾਲੇ ਅੰਦੋਲਨ ਵੱਲੋਂ ਮੁਲਕ ਦੀ ਸੁਰੱਖਿਆ ਲਈ ਪੈਦਾ ਕੀਤੇ ਜਾ ਰਹੇ ਖਤਰੇ ਨੂੰ ਰੋਕਣ ਲਈ 'ਕੌਮੀ ਹਿਤ' 'ਚ ਵਾਪਸ ਲਏ ਹਨ। ਕਿ ਇਹ ਅੰਦੋਲਨ ਚੀਨ-ਪਾਕਿਸਤਾਨ ਵੱਲੋਂ ਦਿੱਤੇ ਜਾ ਰਹੇ ਫੰਡਾਂ ਨਾਲ ਚਲਾਇਆ ਜਾ ਰਿਹਾ ਹੈ ਅਤੇ ਕਾਨੂੰਨ ਵਾਪਸ ਲੈ ਕੇ ਮੋਦੀ ਨੇ ਮੁਲਕ ਨੂੰ ਟੁੱਟਣ ਤੋਂ ਬਚਾ ਲਿਆ ਹੈ। ਯਾਨੀ ਕਾਨੂੰਨ ਥੋਪਣਾ ਵੀ ਸਹੀ ਸੀ ਅਤੇ ਵਾਪਸ ਲੈਣਾ ਵੀ ਸਹੀ ਹੈ! ਮੋਦੀ ਵੱਲੋਂ ਭਵਿੱਖ 'ਚ ਕਿਸਾਨਾਂ ਨਾਲ ਮਸ਼ਵਰਾ ਕਰਕੇ ਖੇਤੀ ਸੁਧਾਰਾਂ ਦੀ ਰਟ ਸਾਫ ਇਸ਼ਾਰਾ ਹੈ ਕਿ ਆਉਣ ਵਾਲੇ ਸਮੇਂ 'ਚ, ਖਾਸ ਕਰਕੇ ਪੰਜ ਰਾਜਾਂ ਦੀਆਂ ਚੋਣਾਂ ਤੋਂ ਬਾਅਦ ਮੋਦੀ ਹਕੂਮਤ ਇਹੀ ਕਾਰਪੋਰੇਟ ਏਜੰਡਾ ਕਿਸੇ ਨਵੇਂ ਅਤੇ ਵਧੇਰੇ ਘਾਤਕ ਰੂਪ 'ਚ ਥੋਪਣ ਦੀ ਕੋਸ਼ਿਸ਼ ਕਰੇਗੀ। ਬਹੁਤ ਸਾਰੇ ਰਾਜਨੀਤਕ ਮਾਹਿਰ ਵੀ ਇਹੀ ਖਦਸ਼ਾ ਜ਼ਾਹਿਰ ਕਰ ਰਹੇ ਹਨ ਅਤੇ ਖੁਦ ਬੀ.ਜੇ.ਪੀ. ਦੇ ਆਗੂ ਵੀ ਇਹ ਗੱਲ ਸਾਫ ਤੌਰ 'ਤੇ ਕਹਿ ਰਹੇ ਹਨ।




ਕਪਟੀ ਕਿਰਦਾਰਾਂ ਨੂੰ ਸਮਝਣ ਲਈ ਗੁਰਬਾਣੀ ਦੀ ਸਿੱਖਿਆ 'ਅਪਰਾਧੀ ਦੂਣਾ ਨਿਵੈ ਜੋ ਹੰਤਾ ਮਿਰਗਾਹਿ॥ ਸੀਸਿ ਨਿਵਾਇਐ ਕਿਆ ਥੀਐ ਜਾ ਰਿਦੈ ਕੁਸੁਧੇ ਜਾਹਿ}' ਇੱਥੇ ਪੂਰੀ ਢੁੱਕਦੀ ਹੈ। ਜਿੱਤ ਦੇ ਬਾਵਜੂਦ ਹੁਣ ਹੋਰ ਵੀ ਚੁਕੰਨੇ ਰਹਿਣਾ ਪਵੇਗਾ ਕਿ ਹਕੂਮਤ ਦਾ ਕਪਟੀ ਮਨ ਬਦਲਿਆ ਨਹੀਂ ਹੈ, ਇਹ ਸਿਰਫ ਹਾਲਾਤ ਦੇ ਦਬਾਓ ਹੇਠ ਝੁਕੀ ਹੈ। ਇਸ ਨੇ ਸਿਰਫ ਕਾਨੂੰਨ ਵਾਪਸ ਲੈਣ ਦਾ ਐਲਾਨ ਕੀਤਾ ਹੈ, ਖੇਤੀ ਖੇਤਰ ਉਪਰ ਕਾਰਪੋਰੇਟਾਂ ਦਾ ਕਬਜ਼ਾ ਕਰਾਉਣ ਦਾ ਏਜੰਡਾ ਨਹੀਂ ਤਿਆਗਿਆ। ਇਸ ਨੇ ਅੰਦੋਲਨ ਦੇ ਆਗੂਆਂ ਨਾਲ ਸਹਿਮਤੀ ਦੇ ਆਧਾਰ 'ਤੇ ਕਾਨੂੰਨ ਰੱਦ ਕਰਨ ਦਾ ਫੈਸਲਾ ਲੈਣ ਅਤੇ ਪ੍ਰੈੱਸ ਕਾਨਫਰੰਸ ਕਰਕੇ ਸਵਾਲਾਂ ਦੀ ਵਾਛੜ ਦਾ ਸਾਹਮਣਾ ਕਰਨ ਦੀ ਬਜਾਇ ਅਚਾਨਕ ਐਲਾਨ ਕਰਨ ਦਾ ਤਰੀਕਾ ਅਪਨਾਇਆ ਜਿਸ ਪਿੱਛੇ ਇਸ ਦੀ ਬਦਨੀਅਤ ਅਤੇ ਸਿਆਸੀ ਨੁਕਸਾਨ ਪੂਰਤੀ ਦੀਆਂ ਗਿਣਤੀ-ਮਿਣਤੀਆਂ ਕੰਮ ਕਰਦੀਆਂ ਹਨ। ਗੁਰਪੁਰਬ ਦੇ ਪਵਿੱਤਰ ਮੌਕੇ ਉਪਰ ਕਰਤਾਰਪੁਰ ਸਾਹਿਬ ਦਾ ਲਾਂਘਾ ਖੁੱਲ੍ਹਵਾ ਕੇ ਅਤੇ ਕਾਨੂੰਨ ਵਾਪਸੀ ਦਾ ਐਲਾਨ ਕਰਕੇ ਆਰ.ਐਸ.ਐਸ.-ਬੀ.ਜੇ.ਪੀ. ਆਪਣਾ ਅਕਸ ਸੁਧਾਰਨ ਦੀ ਕੋਸ਼ਿਸ਼ 'ਚ ਹੈ। ਪੰਜਾਬ ਦੀ ਕਿਸਾਨੀ ਜੋ ਮੁੱਖ ਤੌਰ 'ਤੇ ਸਿੱਖ ਹੈ, ਨੂੰ ਧਾਰਮਿਕ ਤੌਰ 'ਤੇ ਭਰਮਾਉਣ ਲਈ ਇਹ ਦਿਨ ਚੁਣਿਆ ਗਿਆ। ਭਗਵੇਂ ਗੈਂਗ ਨੂੰ ਭਲੀਭਾਂਤ ਅਹਿਸਾਸ ਹੋ ਗਿਆ ਸੀ ਕਿ ਪੰਜਾਬ ਦੇ ਕਿਸਾਨਾਂ ਅਤੇ ਹੋਰ ਲੋਕਾਂ ਵੱਲੋਂ ਕਾਲੇ ਕਾਨੂੰਨਾਂ ਵਿਰੁੱਧ ਸਿਰੜੀ ਲੜਾਈ 'ਚ ਡਟਣ ਪਿੱਛੇ ਇਸ ਮਿੱਟੀ ਦੇ ਜਾਇਆਂ ਦਾ ਜਰਵਾਣੇ ਹਾਕਮਾਂ ਵਿਰੁੱਧ ਲੜਨ ਦਾ ਸਦੀਆਂ ਦਾ ਸ਼ਾਨਾਮੱਤਾ ਇਤਿਹਾਸ ਵੱਡਾ ਪ੍ਰੇਰਨਾ ਸਰੋਤ ਹੈ ਜਿਸ ਦੇ ਕੇਂਦਰ 'ਚ ਸਿੱਖ ਲਹਿਰ ਦੇ ਯੋਧਿਆਂ ਅਤੇ ਗਦਰੀਆਂ-ਬੱਬਰ ਅਕਾਲੀਆਂ ਅਤੇ ਸ਼ਹੀਦ ਭਗਤ ਸਿੰਘ ਵਰਗੇ ਸੂਰਮਿਆਂ ਦੀਆਂ ਕੁਰਬਾਨੀਆਂ ਹਨ।

ਸੰਯੁਕਤ ਕਿਸਾਨ ਮੋਰਚੇ ਦੀ ਕੋਰ ਕਮੇਟੀ ਸਾਰੇ ਪੱਖਾਂ ਬਾਰੇ ਸੋਚ-ਵਿਚਾਰ ਕਰਕੇ ਸਹੀ ਫੈਸਲੇ 'ਤੇ ਪਹੁੰਚੀ ਹੈ ਕਿ ਅਜੇ ਸਿਰਫ ਐਲਾਨ ਕੀਤਾ ਗਿਆ ਹੈ, ਕਾਨੂੰਨ ਰੱਦ ਨਹੀਂ ਹੋਏ। ਇਸ ਕਰਕੇ ਤੈਅ ਕੀਤੇ ਗਏ ਪ੍ਰੋਗਰਾਮ ਬਰਕਰਾਰ ਰਹਿਣਗੇ। 26 ਨਵੰਬਰ ਦੇ ਇਕੱਠ ਅਤੇ 29 ਦੇ ਟਰੈਕਟਰ ਮਾਰਚ ਦੇ ਪ੍ਰੋਗਰਾਮ ਪਹਿਲਾਂ ਵਾਂਗ ਜੋਰ-ਸ਼ੋਰ ਨਾਲ ਕੀਤੇ ਜਾਣਗੇ। ਕਾਨੂੰਨਾਂ ਨੂੰ ਪਾਰਲੀਮੈਂਟ ਵਿਚ ਰੱਦ ਕਰਵਾਏ ਬਗੈਰ ਅਤੇ ਐਮ.ਐਸ.ਪੀ. ਦੀ ਕਾਨੂੰਨੀ ਗਾਰੰਟੀ ਦੀ ਦੂਜੀ ਮੁੱਖ ਮੰਗ ਅਤੇ ਹੋਰ ਮੰਗਾਂ ਦਾ ਨਿਬੇੜਾ ਕਰਵਾਏ ਬਗੈਰ ਕਿਸਾਨ ਕਾਫਲੇ ਬਾਰਡਰਾਂ ਤੋਂ ਨਹੀਂ ਉਠਣਗੇ।

ਕਿਸਾਨ ਜਥੇਬੰਦੀਆਂ ਨੇ ਕਾਲੇ ਕਾਨੂੰਨਾਂ ਦੇ ਖਿਲਾਫ ਵਿਰੋਧ ਦਰਜ ਕਰਾਉਣ ਲਈ ਰਾਜਧਾਨੀ ਵਿਚ ਦੋ ਦਿਨ ਪੁਰਅਮਨ ਧਰਨੇ ਦਾ ਪ੍ਰੋਗਰਾਮ ਉਲੀਕ ਕੇ 26 ਨਵੰਬਰ 2020 ਨੂੰ 'ਦਿੱਲੀ ਚੱਲੋ' ਦਾ ਸੱਦਾ ਦਿੱਤਾ ਸੀ ਪਰ ਉਨ੍ਹਾਂ ਨੂੰ ਦਿੱਲੀ ਜਾਣ ਤੋਂ ਰੋਕਣ ਲਈ ਹਰਿਆਣੇ ਵਿਚ ਲਾਈਆਂ ਜਾਬਰ ਰੋਕਾਂ ਨੇ ਲੋਕ ਰੋਹ ਨੂੰ ਜ਼ਰਬਾਂ ਦੇ ਦਿੱਤੀਆਂ ਅਤੇ 26 ਨਵੰਬਰ ਤੋਂ ਸਿੰਘੂ ਅਤੇ ਟੀਕਰੀ ਹੱਦਾਂ ਉਪਰ ਬੇਮਿਸਾਲ ਮਹਾ ਅੰਦੋਲਨ ਦਾ ਪਿੜ ਬੱਝ ਗਿਆ। ਲੋਕ ਤਾਕਤ ਨੇ ਓੜਕ ਇਸ ਹੰਕਾਰੇ ਹੋਏ ਹੁਕਮਰਾਨ ਨੂੰ ਝੁਕਣ ਲਈ ਮਜਬੂਰ ਕਰ ਦਿੱਤਾ ਜਿਸ ਨੇ ਆਪਣਾ ਇਹ ਅਕਸ ਬਣਾ ਰੱਖਿਆ ਹੈ ਕਿ ਉਹ ਮੂੰਹੋਂ ਕੱਢਿਆ ਸ਼ਬਦ ਕਦੇ ਵਾਪਸ ਨਹੀਂ ਲੈਂਦਾ। ਮਹਾ ਅੰਦੋਲਨ ਦਾ ਦਬਾਓ ਇਸ ਕਦਰ ਸੀ ਕਿ ਉਸ ਹਕੂਮਤ ਨੂੰ ਕਿਸਾਨ ਜਥੇਬੰਦੀਆਂ ਨਾਲ ਲਗਾਤਾਰ ਗੱਲਬਾਤ ਕਰਨ ਲਈ ਮਜਬੂਰ ਹੋਣਾ ਪਿਆ ਜੋ ਧਾਰਾ 370 ਨੂੰ ਖਤਮ ਕਰਨ, ਸੀ.ਏ.ਏ.-ਐਨ.ਆਰ.ਸੀ. ਵਿਰੁਧ ਵਿਆਪਕ ਪੁਰਅਮਨ ਵਿਰੋਧ ਸਮੇਤ ਹਰ ਜਾਇਜ਼ ਵਿਰੋਧ ਨੂੰ ਟਿੱਚ ਸਮਝ ਕੇ ਡੰਡੇ ਨਾਲ ਦਬਾਉਂਦੀ ਆ ਰਹੀ ਸੀ। ਅੰਦੋਲਨ ਦਾ ਦਬਦਬਾ ਇੰਨਾ ਜ਼ਬਰਦਸਤ ਸੀ ਕਿ ਕਾਨੂੰਨਾਂ ਦੀ ਵਕਾਲਤ ਕਰਨ ਵਾਲੇ ਬੀ.ਜੇ.ਪੀ. ਦੇ ਜੋਟੀਦਾਰ ਬਾਦਲਕਿਆਂ ਨੂੰ ਹਰਸਿਮਰਤ ਕੌਰ ਤੋਂ ਅਸਤੀਫਾ ਦਿਵਾ ਕੇ ਅਤੇ ਬੀ.ਜੇ.ਪੀ. ਨਾਲ 'ਨਹੁੰ-ਮਾਸ ਦਾ ਰਿਸ਼ਤਾ' ਤੋੜ ਕੇ ਕਾਨੂੰਨਾਂ ਦਾ ਵਿਰੋਧ ਕਰਨਾ ਪੈ ਪਿਆ। ਇਸੇ ਤਰ੍ਹਾਂ, ਕੈਪਟਨ ਅਤੇ ਚੰਨੀ ਸਰਕਾਰ ਨੂੰ ਵਿਧਾਨ ਸਭਾ 'ਚ ਖੇਤੀ ਕਾਨੂੰਨਾਂ ਨੂੰ ਰੱਦ ਕਰਨ ਦਾ ਮਤਾ ਦੋ ਵਾਰ ਪਾਸ ਕਰਨਾ ਪਿਆ। ਸਾਰੀਆਂ ਪਾਰਟੀਆਂ ਨੂੰ ਲੋਕ ਵ੍ਹਿਪ ਦੀ ਪਾਲਣਾ ਕਰਨੀ ਪਈ। ਹਕੂਮਤ ਦੀਆਂ ਤਮਾਮ ਭੜਕਾਊ ਅਤੇ ਫੁੱਟਪਾਊ ਚਾਲਾਂ ਨੂੰ ਨਾਕਾਮ ਬਣਾ ਕੇ ਅੰਦੋਲਨ ਦੀ ਬੁਲੰਦੀ ਅਤੇ ਲਗਾਤਾਰਤਾ ਨੇ ਇਸ ਸਚਾਈ ਉਪਰ ਮੋਹਰ ਲਾ ਦਿੱਤੀ ਕਿ ਹੁਕਮਰਾਨ ਕਿੰਨਾ ਵੀ ਹੰਕਾਰਿਆ ਕਿਉਂ ਨਾ ਹੋਵੇ ਜਿੱਤ ਓੜਕ ਸੱਚੇ ਮਾਰਗ 'ਤੇ ਡਟੇ ਰਹਿਣ ਵਾਲਿਆਂ ਦੀ ਹੁੰਦੀ ਹੈ, ਕਿ ਤਾਨਾਸ਼ਾਹਾਂ ਦੇ ਅਮੋੜ ਫੈਸਲੇ ਵੀ ਲੋਕ ਤਾਕਤ ਦੇ ਜ਼ੋਰ ਉਲਟਾਏ ਜਾ ਸਕਦੇ ਹਨ, ਕਿ ਪਾਸ ਕੀਤੇ ਕਾਨੂੰਨ ਰੱਦ ਕਰਾਏ ਜਾ ਸਕਦੇ ਹਨ।

ਕਿਸਾਨ ਜਥੇਬੰਦੀਆਂ ਦੀ ਅਗਵਾਈ ਹੇਠ ਕਿਸਾਨਾਂ ਨੇ ਹਕੂਮਤੀ ਕਪਟ ਅਤੇ ਜਬਰ ਦਾ ਮੁਕਾਬਲਾ ਸਿਦਕ, ਸਿਰੜ ਅਤੇ ਤਹੱਮਲ ਨਾਲ ਕਰਕੇ ਨਵਾਂ ਇਤਿਹਾਸ ਰਚਿਆ। ਸਮਾਜ ਦਾ ਅੱਧ ਔਰਤਾਂ ਅਤੇ ਨੌਜਵਾਨਾਂ ਦੀ ਭਰਵੀਂ ਹਿੱਸੇਦਾਰੀ ਨੇ ਅੰਦੋਲਨ ਦੀ ਤਾਕਤ ਦੂਣ-ਸਵਾਈ ਕਰ ਦਿੱਤੀ। ਦੁਕਾਨਦਾਰ, ਮਜ਼ਦੂਰ, ਮੁਲਾਜ਼ਮ, ਹੋਰ ਛੋਟੇ ਕਾਰੋਬਾਰੀ, ਪੂਰੇ ਮੁਲਕ ਦੇ ਮੱਧ ਵਰਗੀ ਹਿੱਸੇ, ਬੁੱਧੀਜੀਵੀ, ਲੇਖਕ ਅਤੇ ਵੰਨ-ਸਵੰਨੇ ਕਲਾਕਾਰ ਵੀ ਅੰਦੋਲਨ ਨਾਲ ਮਨੋਂ ਜੁੜ ਗਏ ਜਿਨ੍ਹਾਂ ਦਾ ਖੇਤੀ ਨਾਲ ਸਿੱਧਾ ਸੰਬੰਧ ਨਹੀਂ ਸੀ। ਪਰਵਾਸੀ ਭਾਰਤੀਆਂ ਨੇ ਅੰਦੋਲਨ ਦੇ ਹੱਕ 'ਚ ਕੌਮਾਂਤਰੀ ਇਕਮੁੱਠਤਾ ਲਹਿਰ ਉਸਾਰਨ 'ਚ ਬਹੁਤ ਹੀ ਕਾਬਲੇ-ਤਾਰੀਫ ਭੂਮਿਕਾ ਨਿਭਾਈ। ਇਸ ਅੰਦੋਲਨ ਨੇ ਅਵਾਮ ਦਾ ਸਮੂਹਿਕ ਸੰਘਰਸ਼ਾਂ ਰਾਹੀਂ ਆਪਣੇ ਹਿਤਾਂ ਦੀ ਰਾਖੀ ਵਿਚ ਵਿਸ਼ਵਾਸ ਬਣਾਉਣ ਅਤੇ ਬਦਲਾਓ ਲਈ ਪ੍ਰੇਰਨ 'ਚ ਮਹੱਤਵਪੂਰਨ ਭੂਮਿਕਾ ਨਿਭਾਈ। ਸੰਯੁਕਤ ਕਿਸਾਨ ਮੋਰਚੇ ਦਾ ਧੁਰਾ ਅਤੇ ਅਸਲ ਤਾਕਤ ਦਹਾਕਿਆਂ ਤੋਂ ਸਰਗਰਮ ਸੰਘਰਸ਼ਸ਼ੀਲ ਕਿਸਾਨ ਜਥੇਬੰਦੀਆਂ ਹਨ ਜਿਨ੍ਹਾਂ ਦੀ ਦੂਰਅੰਦੇਸ਼ ਅਗਵਾਈ ਨੇ ਮੋਰਚੇ ਦਾ ਧਰਮ-ਨਿਰਲੇਪ ਸਰੂਪ ਵੀ ਬਣਾਈ ਰੱਖਿਆ ਅਤੇ ਹਾਕਮ ਜਮਾਤੀ ਧੜਿਆਂ ਤੋਂ ਵੀ ਫਾਸਲਾ ਬਣਾਈ ਰੱਖਿਆ ਜੋ ਹਮੇਸ਼ਾ ਅੰਦੋਲਨਾਂ ਨੂੰ ਆਪਣੀ ਲੋਕ ਵਿਰੋਧੀ ਸਿਆਸਤ ਦੇ ਹੱਕ 'ਚ ਭੁਗਤਾ ਲੈਣ ਦੀ ਤਾਕ 'ਚ ਰਹਿੰਦੇ ਹਨ। ਮਹਾ ਅੰਦੋਲਨ ਨੇ ਕੇਵਲ ਮੁਲਕ ਦੇ ਕਾਰਪੋਰੇਟ ਮਾਡਲ ਦੀ ਮਾਰ ਝੱਲ ਰਹੇ ਮਾਯੂਸ ਅਵਾਮ, ਖਾਸ ਕਰਕੇ ਕਿਸਾਨਾਂ ਅਤੇ ਹੋਰ ਮਿਹਨਤਕਸ਼ ਹਿੱਸਿਆਂ 'ਚ ਸਮੂਹਿਕ ਹੱਕ-ਜਤਾਈ ਲਈ ਜੂਝਣ ਦਾ ਉਤਸ਼ਾਹ ਹੀ ਨਹੀਂ ਭਰਿਆ, ਇਸ ਨੇ ਕੁਲ ਆਲਮ 'ਚ ਕਿਸਾਨਾਂ ਨੂੰ ਕਾਰਪੋਰੇਟ ਗਲਬੇ ਨੂੰ ਚੁਣੌਤੀ ਦੇਣ ਲਈ ਪ੍ਰੇਰਨਾ ਸਰੋਤ ਦਾ ਕੰਮ ਵੀ ਕੀਤਾ। ਮਸ਼ਹੂਰ ਬੁੱਧੀਜੀਵੀ ਨੋਮ ਚੌਮਸਕੀ ਵੱਲੋਂ ਮਹਾ ਅੰਦੋਲਨ ਦਾ ਨੋਟਿਸ ਲੈ ਕੇ ਇਸ ਨੂੰ ਹਨੇਰੇ ਦੌਰ 'ਚ ਚਾਨਣ ਮੁਨਾਰੇ ਦੀ ਤਸ਼ਬੀਹ ਦੇਣਾ ਕੋਈ ਮਾਮੂਲੀ ਗੱਲ ਨਹੀਂ ਹੈ।

ਉਹ ਕਿਹੜੇ ਕਾਰਨ ਹਨ ਜਿਨ੍ਹਾਂ ਕਰਕੇ ਬੇਕਿਰਕ ਮੋਦੀ ਹਕੂਮਤ ਥੁੱਕਿਆ ਚੱਟਣ ਲਈ ਮਜਬੂਰ ਹੋਈ? ਪਹਿਲਾ: ਇਸ ਦਾ ਪੁਰਅਮਨ, ਜ਼ਾਬਤਾਬੱਧ ਵਿਸ਼ਾਲ ਅੰਦੋਲਨ ਨੂੰ ਫੁੱਟਪਾਊ ਚਾਲਾਂ ਅਤੇ ਜਬਰ ਨਾਲ ਕੁਚਲਣ ਦਾ ਫਾਸ਼ੀਵਾਦੀ ਤਰੀਕਾ ਕਿਸਾਨ ਅੰਦੋਲਨ ਦੇ ਮਾਮਲੇ 'ਚ ਨਾਕਾਮ ਰਿਹਾ। ਸੁਪਰੀਮ ਕੋਰਟ ਦੇ ਦਖਲ ਤੋਂ ਬਾਅਦ ਇਸ ਅੱਗੇ ਦੋ ਹੀ ਰਾਹ ਸਨ: ਜਾਂ ਤਾਂ ਇਸ ਨੂੰ ਸੜਕਾਂ ਖਾਲੀ ਕਰਾਉਣ ਲਈ ਜਾਬਰ ਤਾਕਤ ਵਰਤਣੀ ਪੈਣੀ ਸੀ, ਜਾਂ ਫਿਰ ਕਾਨੂੰਨ ਵਾਪਸ ਲੈਣੇ ਪੈਣੇ ਸਨ। ਜਾਬਰ ਹਮਲਾ ਸਮਾਜਕ ਬੇਚੈਨੀ ਵਧਾ ਕੇ ਅੰਦੋਲਨ ਨੂੰ ਹੋਰ ਤਾਕਤ ਬਖਸ਼ ਸਕਦਾ ਸੀ। ਇਸ ਨਾਲ ਪੁਲਿਸ, ਫੌਜ ਦੀਆਂ ਕਿਸਾਨ ਪਿਛੋਕੜ ਵਾਲੀਆਂ ਸਫਾਂ 'ਚ ਬੇਚੈਨੀ ਵੀ ਫੈਲ ਸਕਦੀ ਸੀ। ਕੁਲ ਆਲਮ ਵਿਚ ਹਕੂਮਤ ਦੀ ਥੂਹ-ਥੂਹ ਵੱਖਰੀ ਹੋਣੀ ਸੀ। ਭਾਰਤੀ ਸਟੇਟ ਪੰਜਾਬ ਦੇ ਇਕ ਹੋਰ ਕਸ਼ਮੀਰ ਬਣ ਜਾਣ ਦਾ ਖਤਰਾ ਸਹੇੜਨ ਦੀ ਸਥਿਤੀ ਵਿਚ ਨਹੀਂ ਹੈ ਜਿਸ ਦੀ ਕਸ਼ਮੀਰ, ਉਤਰ-ਪੂਰਬੀ ਰਿਆਸਤਾਂ ਅਤੇ ਮਾਓਵਾਦੀ ਜ਼ੋਰ ਵਾਲੇ ਵਿਸ਼ਾਲ ਖੇਤਰਾਂ ਵਿਚ ਹਥਿਆਰਬੰਦ ਵਿਦਰੋਹਾਂ ਨਾਲ ਨਜਿੱਠਣ ਦੀ ਬੇਕਿਰਕ ਜਾਬਰ ਨੀਤੀ ਪਹਿਲਾਂ ਹੀ ਹੁਕਮਰਾਨਾਂ ਦੇ ਗਲੇ ਦੀ ਹੱਡੀ ਬਣ ਚੁੱਕੀ ਹੈ।

ਦੂਜਾ, ਆਰ.ਐਸ.ਐਸ.-ਬੀ.ਜੇ.ਪੀ. ਉਪਰ ਆਪਣੇ ਪੈਰਾਂ ਹੇਠੋਂ ਖਿਸਕ ਰਹੀ ਸਿਆਸੀ ਜ਼ਮੀਨ ਨੂੰ ਬਚਾਉਣ ਦਾ ਭਾਰੀ ਦਬਾਓ ਹੈ। ਪੰਜਾਬ-ਹਰਿਆਣਾ ਤੋਂ ਬਾਅਦ ਪੱਛਮੀ ਉਤਰ ਪ੍ਰਦੇਸ਼ ਵਿਚ ਅੰਦੋਲਨ ਦੇ ਵਧਾਰੇ-ਪਸਾਰੇ ਤੋਂ ਹਕੂਮਤੀ ਧਿਰ ਦੀ ਵਧ ਰਹੀ ਬੁਖਲਾਹਟ ਨੇ ਦਿਖਾ ਦਿੱਤਾ ਹੈ ਕਿ ਕਥਿਤ ਰਾਮ ਰਾਜ ਵਿਚ ਭਾਜਪਾ ਦੀ ਸਿਆਸੀ ਪਕੜ ਦਿਨੋ-ਦਿਨ ਕਮਜ਼ੋਰ ਹੋ ਰਹੀ ਹੈ ਅਤੇ ਇਸ ਨੂੰ ਉਥੇ ਅਗਲੇ ਸਾਲ ਵਿਧਾਨ ਸਭਾ ਚੋਣਾਂ ਅਤੇ ਤਿੰਨ ਸਾਲ ਬਾਅਦ ਹੋਣ ਵਾਲੀਆਂ ਲੋਕ ਸਭਾ ਚੋਣਾਂ 'ਚ ਲੋਕਾਂ ਵੱਲੋਂ ਕੀਤੇ ਜਾਣ ਵਾਲੇ ਵਿਰੋਧ ਦਾ ਡਰ ਸਤਾ ਰਿਹਾ ਹੈ। ਲਖੀਮਪੁਰ ਖੀਰੀ 'ਚ ਸੰਯੁਕਤ ਕਿਸਾਨ ਮੋਰਚੇ ਦੇ ਸੱਦੇ 'ਤੇ 200-200 ਮੀਲ ਦੂਰੋਂ ਕਿਸਾਨ ਬੀ.ਜੇ.ਪੀ. ਮੰਤਰੀਆਂ ਦਾ ਵਿਰੋਧ ਕਰਨ ਲਈ ਵਹੀਰਾਂ ਘੱਤ ਕੇ ਪਹੁੰਚੇ ਸਨ। ਇਹ ਭਗਵੇਂ ਠੱਗਾਂ ਵਿਰੁੱਧ ਸੁਲਗ ਰਹੇ ਲੋਕ ਰੋਹ ਦਾ ਇਜ਼ਹਾਰ ਸੀ। ਹਰਿਆਣਾ ਅਤੇ ਪੰਜਾਬ ਦੇ ਕਿਸਾਨਾਂ ਦੀ ਇਕਜੁੱਟਤਾ ਅਤੇ ਉਤਰ ਪ੍ਰਦੇਸ਼ ਵਿਚ ਆਰ.ਐਸ.-ਐਸ.-ਬੀ.ਜੇ.ਪੀ. ਦੀ ਫੈਲਾਈ ਫਿਰਕੂ ਜ਼ਹਿਰ ਨੂੰ ਦੁਰਕਾਰ ਕੇ ਅਤੇ ਧਾਰਮਿਕ ਫਿਰਕਿਆਂ ਤੇ ਹੋਰ ਵੰਡੀਆਂ ਤੋਂ ਉਪਰ ਉਠ ਕੇ ਮੁਜ਼ੱਫਰਨਗਰ ਵਰਗੇ ਫਿਰਕੂ ਪਾਲਾਬੰਦੀ ਵਾਲੇ ਖੇਤਰ 'ਚ ਵੀ ਭਾਈਚਾਰਕ ਏਕਤਾ ਅਤੇ ਸਾਂਝ ਦਾ ਵਧਣਾ ਅੰਦੋਲਨ ਦਾ ਬਹੁਤ ਵੱਡਾ ਹਾਸਲ ਹੈ ਜੋ ਭਗਵੇਂ-ਕਾਰਪੋਰੇਟ ਗੈਂਗ ਦੀ ਨੀਂਦ ਹਰਾਮ ਕਰ ਰਿਹਾ ਹੈ। ਮੁਜ਼ੱਫਰਨਗਰ ਮਹਾਂ-ਰੈਲੀ 'ਚ ਉਤਰ ਪ੍ਰਦੇਸ਼, ਪੰਜਾਬ, ਹਰਿਆਣਾ, ਮੱਧ ਪ੍ਰਦੇਸ਼ ਅਤੇ ਰਾਜਸਥਾਨ ਤੋਂ 10 ਲੱਖ ਕਿਸਾਨ ਸ਼ਾਮਿਲ ਹੋਏ। ਹਾਲ ਹੀ ਵਿਚ ਲਖਨਊ ਵਿਚ ਕਿਸਾਨ ਪੰਚਾਇਤ ਨੂੰ ਭਰਪੂਰ ਹੁੰਗਾਰਾ ਮਿਲਿਆ। ਮੋਦੀ-ਅਮਿਤ ਸ਼ਾਹ ਜੁੰਡਲੀ ਤੋਂ ਨਾਖੁਸ਼ ਆਰ.ਐਸ.ਐਸ-ਬੀ.ਜੇ.ਪੀ. ਦਾ ਇਕ ਹਿੱਸਾ ਵੀ ਸ਼ਰੇਆਮ ਆਪਣੀ ਸਰਕਾਰ ਦੇ ਖਿਲਾਫ ਬਿਆਨਬਾਜ਼ੀ ਕਰ ਰਿਹਾ ਸੀ ਅਤੇ ਇਕ ਹੋਰ ਹਿੱਸਾ ਅੰਦਰੋ-ਅੰਦਰੀ ਕਾਨੂੰਨ ਵਾਪਸ ਲੈਣ ਲਈ ਦਬਾਅ ਪਾ ਰਿਹਾ ਸੀ। ਉਨ੍ਹਾਂ ਨੂੰ ਮੋਦੀ ਵਜ਼ਾਰਤ ਦੇ ਜ਼ਿੱਦੀ ਵਤੀਰੇ ਦਾ ਖਮਿਆਜ਼ਾ ਭੁਗਤਣਾ ਪੈ ਰਿਹਾ ਸੀ ਅਤੇ ਪੰਜਾਬ-ਹਰਿਆਣਾ ਵਿਚ ਉਨ੍ਹਾਂ ਨੂੰ ਮੀਟਿੰਗਾਂ ਵੀ ਕਿਸਾਨ ਜਥੇਬੰਦੀਆਂ ਤੋਂ ਲੁਕ-ਛਿਪ ਕੇ ਕਰਨੀਆਂ ਪੈ ਰਹੀਆਂ ਸਨ।

ਕਾਲੇ ਕਾਨੂੰਨ ਵਾਪਸ ਲੈਣ ਦੇ ਐਲਾਨ ਅਤੇ ਅਮਲ ਵਿਚ ਅਜੇ ਵੀ ਲੰਮਾ ਫਾਸਲਾ ਹੈ। ਐਮ.ਐਸ.ਪੀ. ਦਾ ਬਹੁਤ ਹੀ ਮਹੱਤਵਪੂਰਨ ਮੁੱਦਾ ਬਾਕੀ ਹੈ। 30 ਨਵੰਬਰ ਤੋਂ ਜਨੇਵਾ ਵਿਚ ਵਿਸ਼ਵ ਵਪਾਰ ਸੰਸਥਾ ਦੀ ਮੰਤਰੀ ਪੱਧਰ ਦੀ ਮੀਟਿੰਗ ਹੋ ਰਹੀ ਹੈ ਜਿਸ ਦਾ ਮੁਕਤ ਵਪਾਰ ਦਾ ਏਜੰਡਾ ਸਬਸਿਡੀਆਂ, ਫਸਲਾਂ ਦੀ ਸਰਕਾਰੀ ਖਰੀਦ ਅਤੇ ਜਨਤਕ ਵੰਡ ਪ੍ਰਣਾਲੀ ਅਤੇ ਐਮ.ਐਸ.ਪੀ. ਦੀ ਕਾਨੂੰਨੀ ਗਾਰੰਟੀ ਦੇ ਸਿੱਧਾ ਵਿਰੋਧ 'ਚ ਹੈ। ਅੰਦੋਲਨ ਨੇ ਸੰਯੁਕਤ ਮੋਰਚੇ ਅੱਗੇ ਕੇਂਦਰ ਸਰਕਾਰ ਉਪਰ ਇਸ ਸੰਸਥਾ 'ਚੋਂ ਬਾਹਰ ਆਉਣ ਦੀ ਮੰਗ ਨੂੰ ਪੁਰਜ਼ੋਰ ਰੂਪ 'ਚ ਉਭਾਰਨ ਦਾ ਮੌਕਾ ਮੁਹੱਈਆ ਕਰ ਦਿੱਤਾ ਹੈ। ਅੰਦੋਲਨ ਫੈਸਲਾਕੁਨ ਪੜਾਅ 'ਚ ਹੈ। ਮੁਕੰਮਲ ਜਿੱਤ ਲਈ ਨਵੀਆਂ ਚੁਣੌਤੀਆਂ ਦਾ ਸਾਹਮਣਾ ਕਰਦੇ ਹੋਏ ਜਨਤਕ ਦਬਾਓ ਵਧਾਉਣਾ ਜ਼ਰੂਰੀ ਹੈ। ਮੋਦੀ ਹਕੂਮਤ ਕਿਵੇਂ ਪੇਸ਼ ਆਉਂਦੀ ਹੈ ਅਤੇ ਹਕੂਮਤ ਉਪਰ ਜਨਤਕ ਦਬਾਓ ਬਣਾਈ ਰੱਖਣ ਲਈ ਸੰਯੁਕਤ ਕਿਸਾਨ ਮੋਰਚਾ ਅੰਦੋਲਨ ਨੂੰ ਕਿੰਨਾ ਸਮਾਂ ਅਤੇ ਕਿਸ ਰੂਪ 'ਚ ਜਾਰੀ ਰੱਖਦਾ ਹੈ ਇਹ ਆਉਣ ਵਾਲੇ ਦਿਨਾਂ 'ਚ ਸਾਹਮਣੇ ਆਵੇਗਾ।


ਅੰਦੋਲਨ ਨੇ ਲੋਕ ਤਾਕਤ ਨਾਲ ਹਕੂਮਤ ਨੂੰ ਝੁਕਾਉਣ ਅਤੇ ਆਪਣੇ ਹਿਤਾਂ ਦੀ ਰਾਖੀ ਦੀ ਚੇਤਨਾ ਦੀ ਡੂੰਘੀ ਛਾਪ ਲੋਕ ਮਨਾਂ ਉਪਰ ਛੱਡ ਦਿੱਤੀ ਹੈ। ਸੰਯੁਕਤ ਕਿਸਾਨ ਮੋਰਚੇ ਨੇ ਹਾਕਮ ਜਮਾਤੀ ਸਿਆਸੀ ਪਾਰਟੀਆਂ ਉਪਰ ਅੰਦੋਲਨ ਦੇ ਹਿਤ 'ਚ ਚੋਣ ਸਰਗਰਮੀਆਂ ਨਾ ਕਰਨ ਦਾ ਜ਼ਾਬਤਾ ਲਗਾ ਕੇ ਅਤੇ ਉਨ੍ਹਾਂ ਉਪਰ ਕਰੇੜਾ ਕੱਸ ਕੇ ਆਮ ਲੋਕਾਂ 'ਚ ਵਾਅਦਾਖਿਲਾਫ ਸਿਆਸੀ ਠੱਗਾਂ ਨੂੰ ਘੇਰ ਕੇ ਸਵਾਲ ਕਰਨ ਦਾ ਸਵੈ-ਵਿਸ਼ਵਾਸ ਜਗਾ ਦਿੱਤਾ ਹੈ। ਸੱਚੀ ਬੁਨਿਆਦੀ ਤਬਦੀਲੀ ਬਾਰੇ ਸਿਆਸੀ ਸਪਸ਼ਟਤਾ ਦੀ ਘਾਟ ਕਾਰਨ ਆਮ ਲੋਕ ਸੰਯੁਕਤ ਮੋਰਚੇ ਦੇ ਆਗੂਆਂ ਤੋਂ ਆਉਣ ਵਾਲੀਆਂ ਚੋਣਾਂ ਵਿਚ ਚੋਣਵਾਦੀ ਪਾਰਟੀਆਂ ਦਾ ਬਦਲ ਪੇਸ਼ ਕਰਨ ਦੀ ਵਧਵੀਂ ਉਮੀਦ ਰੱਖ ਰਹੇ ਹਨ। ਅਜਿਹਾ ਸੋਚਦਿਆਂ ਉਹ ਇਸ ਕੌੜੀ ਹਕੀਕਤ ਨੂੰ ਮਨੋ ਵਿਸਾਰ ਰਹੇ ਹਨ ਕਿ ਸੰਯੁਕਤ ਮੋਰਚੇ 'ਚ ਸ਼ਾਮਿਲ ਪੰਜਾਬ ਅਤੇ ਹੋਰ ਰਾਜਾਂ ਦੀਆਂ ਜਥੇਬੰਦੀਆਂ ਦੀ ਸਹਿਮਤੀ, ਜਿਸ ਦੀ ਗੁਲੀ ਪੰਜਾਬ ਦੀਆਂ ਸੰਘਰਸ਼ਸ਼ੀਲ ਜਥੇਬੰਦੀਆਂ ਹਨ, ਸਿਰਫ ਕਾਲੇ ਕਾਨੂੰਨਾਂ ਨੂੰ ਵਾਪਸ ਕਰਾਉਣ ਨੂੰ ਲੈ ਕੇ ਹੀ ਹੈ। ਕਿਸਾਨ ਜਥੇਬੰਦੀਆਂ ਦਾ ਹਾਕਮ ਜਮਾਤੀ ਪਾਰਟੀਆਂ ਪ੍ਰਤੀ ਰਵੱਈਆ ਅਤੇ ਰਿਸ਼ਤਾ ਅਤੇ ਸਿਆਸੀ ਬਦਲ ਬਾਰੇ ਨਜ਼ਰੀਆ ਵੱਖੋ-ਵੱਖਰਾ ਹੈ ਜਦਕਿ ਉਨ੍ਹਾਂ ਅੱਗੇ ਹੁਣ ਤੱਕ ਦੇ ਸਾਂਝੇ ਸੰਘਰਸ਼ ਦੇ ਤਜਰਬੇ ਦੇ ਆਧਾਰ 'ਤੇ ਖੇਤੀ ਅਤੇ ਕਿਸਾਨੀ ਦੇ ਹੋਰ ਮੁੱਦਿਆਂ ਬਾਰੇ ਭਵਿੱਖੀ ਲੜਾਈ ਲੜਨ ਲਈ ਆਪਸੀ ਸਹਿਮਤੀ ਦੇ ਆਧਾਰ ਨੂੰ ਹੋਰ ਵਧਾਉਣ ਦੀ ਵੱਡੀ ਗੁੰਜਾਇਸ਼ ਹੈ। ਅਜੇ ਕਿਉਂਕਿ ਸਿਰਫ ਕਾਲੇ ਕਾਨੂੰਨਾਂ ਰਾਹੀਂ ਉਨ੍ਹਾਂ ਦੀ ਜ਼ਿੰਦਗੀ ਨੂੰ ਬਦਤਰ ਬਣਾਉਣ ਵਾਲੇ ਹਮਲੇ ਨੂੰ ਠੱਲ੍ਹ ਪਈ ਹੈ, ਖੇਤੀ ਦਾ ਸੰਕਟ ਹੱਲ ਕਰਨ ਅਤੇ ਕਿਸਾਨੀ ਦੀ ਹਾਲਤ ਨੂੰ ਬਿਹਤਰ ਬਣਾਉਣ ਦਾ ਸਵਾਲ ਉਵੇਂ ਦਾ ਉਵੇਂ ਖੜ੍ਹਾ ਹੈ ਪਰ ਉਨ੍ਹਾਂ ਨੂੰ ਇਸ ਪੱਖੋਂ ਵੀ ਖਬਰਦਾਰ ਰਹਿਣਾ ਹੋਵੇਗਾ ਕਿ ਜੇ ਸੰਯੁਕਤ ਮੋਰਚੇ ਦੀ ਕੋਈ ਜਥੇਬੰਦੀ ਜਾਂ ਆਗੂ ਇਸ ਅੰਦੋਲਨ 'ਚ ਲੋਕਾਂ ਵੱਲੋਂ ਦਿੱਤੇ ਮਾਣ-ਤਾਣ ਦਾ ਫਾਇਦਾ ਉਠਾ ਕੇ ਲੋਕ ਦੋਖੀ ਸਿਆਸੀ ਠੱਗਾਂ ਦੇ ਚੋਣ ਛਕੜੇ ਉਪਰ ਸਵਾਰ ਹੋਣ ਜਾਂ ਉਨ੍ਹਾਂ ਦੇ ਹੱਕ 'ਚ ਭੁਗਤਣ ਦੀ ਗਲਤੀ ਕਰੇਗਾ, ਉਹ ਮੋਰਚੇ ਦੀ ਹੁਣ ਤੱਕ ਦੀ ਕੀਤੀ-ਕਰਾਈ ਉਪਰ ਪਾਣੀ ਫੇਰ ਰਿਹਾ ਹੋਵੇਗਾ ਅਤੇ ਭਵਿੱਖੀ ਲੋਕ ਸੰਘਰਸ਼ਾਂ 'ਚ ਅੜਿੱਕਾ ਡਾਹ ਰਿਹਾ ਹੋਵੇਗਾ। ਅਜਿਹੇ ਸੰਘਰਸ਼ ਮੁਲਕ ਦੇ ਅਵਾਮ ਦੀ ਅਣਸਰਦੀ ਜ਼ਰੂਰਤ ਹਨ।

ਪੰਜਾਬ ਵਿਚ ਹੁਣ ਬਹੁਤ ਕੁਝ ਉਘੜ ਕੇ ਸਾਹਮਣੇ ਆਵੇਗਾ ਜੋ ਹੁਣ ਤੱਕ ਪਰਦੇ ਪਿੱਛੇ ਸੀ। ਆਰ.ਐਸ.ਐਸ.-ਬੀ.ਜੇ.ਪੀ. ਹੁਣ ਬਦਲੇ ਹੋਏ ਮਾਹੌਲ ਵਿਚ ਪੰਜਾਬ ਵਿਚ ਚੋਣ ਸਰਗਰਮੀ ਵਿੱਢਣ ਲਈ ਕੈਪਟਨ ਅਤੇ ਹੋਰ ਸਿੱਖ ਚਿਹਰਿਆਂ ਦੀ ਮਦਦ ਲੈ ਸਕਦੀ ਹੈ। ਬਾਦਲਕਿਆਂ ਨਾਲ ਮੁੜ ਗੱਠਜੋੜ ਦੀ ਸੰਭਾਵਨਾ ਵੀ ਰੱਦ ਨਹੀਂ ਕੀਤੀ ਜਾ ਸਕਦੀ। ਚੋਣਾਂ ਅਵਾਮ ਨੂੰ ਮੁੜ ਸੰਘਰਸ਼ ਤੋਂ ਵੋਟ ਸਿਆਸਤ ਵੱਲ ਤਿਲਕਾਉਣਗੀਆਂ। ਇਸ ਬਦਲੇ ਹੋਏ ਚੋਣ ਦ੍ਰਿਸ਼ ਵਿਚ ਲੋਕਪੱਖੀ ਸਿਆਸੀ ਤਾਕਤਾਂ ਨੇ ਲੋਕਾਂ ਅੱਗੇ ਸਹੀ ਬਦਲ ਪੇਸ਼ ਕਰਕੇ ਉਨ੍ਹਾਂ ਨੂੰ ਚੋਣਾਂ ਦੇ ਬਾਵਜੂਦ ਸੰਘਰਸ਼ਾਂ ਉਪਰ ਟੇਕ ਰੱਖਣ ਲਈ ਕਾਇਲ ਕਿਵੇਂ ਕਰਨਾ ਹੈ, ਇਹ ਉਨ੍ਹਾਂ ਸਿਰ ਵੱਡੀ ਜ਼ਿੰਮੇਵਾਰੀ ਹੋਵੇਗੀ।

# ਖਾਲਸੇ ਨੇ ਰੱਤ ਡੋਲ੍ਹ ਕੇ ਗੱਡੀ ਠੱਲ੍ਹ ਲਈ...

## ਸਾਕਾ ਪੰਜਾ ਸਾਹਿਬ ਦਾ ਬਿਰਤਾਂਤ

*ਗੁਰੂ ਕਾ ਬਾਗ ਮੋਰਚੇ ਦੇ ਕੈਦੀਆਂ ਵਾਲੀ ਰੇਲ ਗੱਡੀ ਹਸਨ ਅਬਦਾਲ ਵਿਚੋਂ ਲੰਘਣੀ ਸੀ ਤਾਂ ਸੰਗਤ ਨੇ ਉਨ੍ਹਾਂ ਭੁੱਖਣ-ਭਾਣੇ ਜਿਊੜਿਆਂ ਨੂੰ ਲੰਗਰ ਪਾਣੀ ਛਕਾਉਣ ਲਈ ਗੱਡੀ ਨੂੰ ਰੋਕਣ ਦੀ ਬੇਨਤੀ ਕੀਤੀ। ਰੇਲ ਗੱਡੀ ਨੂੰ ਰੋਕਣ ਤੋਂ ਇਨਕਾਰ ਕਰਨ ਉਤੇ ਸੰਗਤ ਨੇ ਰੇਲ ਪਟੜੀ 'ਤੇ ਹੀ ਮੋਰਚਾ ਲਾ ਦਿੱਤਾ। ਇਹ ਸੰਗਤ ਦਾ ਸਿਦਕ ਅਤੇ ਸਿਰੜ ਹੀ ਸੀ ਕਿ ਉਨ੍ਹਾਂ ਨੇ ਤੇਜ਼ ਰਫਤਾਰ ਆ ਰਹੀ ਰੇਲ ਨੂੰ ਠੱਲ੍ਹ ਲਿਆ। ਇਤਿਹਾਸਕ ਘਟਨਾਵਾਂ ਬਾਰੇ ਟਿੱਪਣੀ ਕਰਨ ਵਾਲੇ ਸ. ਗੁਰਦੇਵ ਸਿੰਘ ਸਿੱਧੂ ਨੇ ਆਪਣੇ ਇਸ ਲੇਖ ਵਿਚ ਇਸ ਸਮੁੱਚੇ ਬਿਰਤਾਂਤ ਦੀ ਚਰਚਾ ਕੀਤੀ ਹੈ।*



*ਇਕ ਚਿੱਤਰਕਾਰ ਦੀਆਂ ਨਜ਼ਰਾਂ ਵਿਚ ਸਾਕਾ ਪੰਜਾਬ ਸਾਹਿਬ।*

ਗੁਰੂ ਨਾਨਕ ਦੇਵ ਜੀ ਅਰਬ ਮੁਲਕਾਂ ਦੀ ਉਦਾਸੀ ਤੋਂ ਪਰਤਦਿਆਂ 1521 ਈਸਵੀ ਵਿਚ ਹਸਨ ਅਬਦਾਲ ਦੇ ਸਥਾਨ ਉਤੇ ਰੁਕੇ। ਲੰਮਾ ਸਫਰ ਕਰਨ ਕਾਰਨ ਭਾਈ ਮਰਦਾਨੇ ਨੂੰ ਪਿਆਸ ਲੱਗੀ ਹੋਈ ਸੀ। ਉਸ ਨੇ ਇਸ ਬਾਰੇ ਗੁਰੂ ਜੀ ਨੂੰ ਦੱਸਿਆ। ਪਾਣੀ ਦਾ ਨੇੜਲਾ ਸਰੋਤ ਜਿੱਥੋਂ ਪਾਣੀ ਪੀ ਕੇ ਪਿਆਸ ਬੁਝਾਈ ਜਾ ਸਕਦੀ ਸੀ, ਪਹਾੜੀ ਉਤੇ ਵਲੀ ਕੰਧਾਰੀ ਦਾ ਚਸ਼ਮਾ ਸੀ। ਗੁਰੂ ਜੀ ਦੇ ਇਸ ਬਾਰੇ ਦੱਸਣ 'ਤੇ ਭਾਈ ਮਰਦਾਨਾ ਪਹਾੜੀ ਚੜ੍ਹ ਕੇ ਚਸ਼ਮੇ ਕੋਲ ਗਿਆ। ਜਿਉਂ ਹੀ ਉਸ ਨੇ ਪਾਣੀ ਪੀਣ ਵਾਸਤੇ ਹੱਥ ਅੱਗੇ ਕੀਤੇ ਤਾਂ ਵਲੀ ਕੰਧਾਰੀ ਨੇ ਉਸ ਨੂੰ ਪਾਣੀ ਪੀਣ ਤੋਂ ਵਰਜ ਦਿੱਤਾ। ਪਿਆਸ ਦਾ ਸਤਾਇਆ ਭਾਈ ਮਰਦਾਨਾ ਵਾਪਸ ਗੁਰੂ ਜੀ ਕੋਲ ਆਇਆ ਤਾਂ ਉਨ੍ਹਾਂ ਨੇ ਭਾਈ ਮਰਦਾਨੇ ਨੂੰ ਫਿਰ ਵਲੀ ਕੰਧਾਰੀ ਵੱਲ ਭੇਜਿਆ।



ਕਈ ਵਾਰ ਅਜਿਹਾ ਹੋਇਆ। ਹਰ ਵਾਰ ਵਲੀ ਕੰਧਾਰੀ ਨੇ ਨਾ ਕੇਵਲ ਭਾਈ ਮਰਦਾਨੇ ਨੂੰ ਹੀ ਮੰਦਾ ਬੋਲਿਆ ਸਗੋਂ ਗੁਰੂ ਨਾਨਕ ਦੇਵ ਜੀ ਬਾਰੇ ਵੀ ਬੇਅਦਬੀ ਵਾਲੇ ਅਪਸ਼ਬਦ ਕਹੇ।

**ਗੁਰਦੇਵ ਸਿੰਘ ਸਿੱਧੂ**
ਫੋਨ: +91-94170-49417

ਸਾਖੀਕਾਰ ਦੱਸਦੇ ਹਨ ਕਿ ਜਦ ਵਲੀ ਕੰਧਾਰੀ ਨੇ ਜ਼ਿਦ ਨਾ ਛੱਡੀ ਤਾਂ ਗੁਰੂ ਨਾਨਕ ਦੇਵ ਜੀ ਨੇ ਇਕ ਪੱਥਰ ਚੁੱਕਿਆ ਜਿਸ ਹੇਠੋਂ ਮਿੱਠੇ ਨਿਰਮਲ ਪਾਣੀ ਦਾ ਚਸ਼ਮਾ ਫੁੱਟਿਆ ਅਤੇ ਦੇਖਦਿਆਂ-ਦੇਖਦਿਆਂ ਵਲੀ ਕੰਧਾਰੀ ਵਾਲਾ ਚਸ਼ਮਾ ਪਾਣੀ ਤੋਂ ਖਾਲੀ ਹੋ ਗਿਆ। ਕ੍ਰੋਧਵਾਨ ਵਲੀ ਕੰਧਾਰੀ ਨੇ ਗੁਰੂ ਜੀ ਨੂੰ ਚੋਟ ਪਹੁੰਚਾਉਣ ਵਾਸਤੇ ਇਕ ਵੱਡਾ ਪੱਥਰ ਉਨ੍ਹਾਂ ਵੱਲ ਰੋੜ੍ਹਿਆ ਜਿਸ ਨੂੰ ਗੁਰੂ ਨਾਨਕ ਦੇਵ ਜੀ ਨੇ ਆਪਣੇ ਹੱਥ ਦੇ ਪੰਜੇ ਨਾਲ ਰੋਕ ਲਿਆ ਅਤੇ ਉਸ ਪੱਥਰ ਉਤੇ ਪੰਜੇ ਦਾ ਨਿਸ਼ਾਨ ਪੈ ਗਿਆ। ਸਿੱਖ ਇਤਿਹਾਸਕਾਰਾਂ ਦੀਆਂ ਲਿਖਤਾਂ ਤੋਂ ਬਿਨਾ ਮੌਲਵੀ ਬੂਟੇ ਸ਼ਾਹ ਲਿਖਿਤ 'ਤਾਰੀਖ-ਇ-ਪੰਜਾਬ' ਅਤੇ ਸੋਹਨ ਲਾਲ ਸੂਰੀ ਲਿਖਿਤ 'ਉਮਦਾਤੁੱ ਤਵਾਰੀਖ' ਵਿਚ ਇਹ ਸਾਖੀ ਬਿਆਨ ਕੀਤੀ ਮਿਲਦੀ ਹੈ।

ਇਹ ਸਥਾਨ ਪਾਕਿਸਤਾਨ ਦੀ ਰਾਜਧਾਨੀ ਇਸਲਾਮਾਬਾਦ ਤੋਂ 40 ਕੁ ਕਿਲੋਮੀਟਰ ਉਤਰ ਪੱਛਮ ਵਿਚ ਸਥਿਤ ਹੈ। ਚੌਦਵੀਂ ਪੰਦਰਵੀਂ ਸਦੀ ਵਿਚ ਸਥਾਨ ਦਾ ਨਾਉਂ ਹਰੋ ਸੀ ਅਤੇ ਇਹ ਹਿੰਦੂ, ਬੋਧੀ ਅਤੇ ਇਸਲਾਮ ਧਰਮ ਅਭਿਲੰਭੀਆਂ ਦਾ ਘੁੱਗ ਵਸਦਾ ਨਗਰ ਸੀ। ਪੰਦਰਵੀਂ ਸਦੀ ਵਿਚ ਅਫਗਾਨਿਸਤਾਨ ਤੋਂ ਆਏ ਹਸਨ ਅਬਦਾਲ ਨਾਉਂ ਦੇ ਮੁਸਲਮਾਨ ਫਕੀਰ ਨੇ ਇੱਥੇ ਇਕ ਪਹਾੜੀ ਜਿੱਥੇ ਨਿਰਮਲ ਪਾਣੀ ਦਾ ਚਸ਼ਮਾ ਵਗਦਾ ਸੀ, ਨੂੰ ਟਿਕਾਣਾ ਬਣਾਇਆ। ਕੰਧਾਰ ਤੋਂ ਆਇਆ ਹੋਣ ਕਾਰਨ ਲੋਕ ਉਸ ਕਰਨੀ ਵਾਲੇ ਫਕੀਰ ਨੂੰ ਵਲੀ ਕੰਧਾਰੀ ਵੀ ਕਹਿੰਦੇ ਸਨ। ਥੋੜ੍ਹੇ ਸਮੇਂ ਵਿਚ ਹੀ ਆਪਣੇ ਸ਼ੁਭ ਗੁਣਾਂ ਕਾਰਨ ਉਸ ਫਕੀਰ ਨੇ ਲੋਕ ਮਨਾਂ ਵਿਚ ਥਾਂ ਮੱਲ ਲਈ ਅਤੇ ਉਸ ਦੇ ਨਾਉਂ ਉਤੇ ਹੀ ਕਸਬੇ ਦਾ ਨਾਂ ਪੈ ਗਿਆ। ਉਸ ਦੇ ਅੱਲ੍ਹਾ ਨੂੰ ਪਿਆਰੇ ਹੋ ਜਾਣ ਪਿੱਛੋਂ ਉਸ ਦੇ ਜਾਨਸ਼ੀਨ ਗੱਦੀਦਾਰ ਵੀ ਵਲੀ ਕੰਧਾਰੀ ਹੀ ਸੱਦੇ ਜਾਣ ਲੱਗੇ।

ਗੁਰੂ ਨਾਨਕ ਦੇਵ ਜੀ ਦੀ ਚਰਨ ਛੋਹ ਪ੍ਰਾਪਤ ਹੋਣ ਦੇ ਬਾਵਜੂਦ ਸਿੱਖ ਵਸੋਂ ਖੇਤਰ ਤੋਂ ਦੂਰ ਹੋਣ ਕਾਰਨ ਲੰਮਾ ਸਮਾਂ ਇਹ ਸਥਾਨ ਅਣਗੌਲਿਆ ਰਿਹਾ। ਮਹਾਰਾਜਾ ਰਣਜੀਤ ਸਿੰਘ ਦੇ ਸਮੇਂ ਅਫਗਾਨ ਪਠਾਣਾਂ ਨੂੰ ਅਧੀਨ ਕਰਨ ਵਾਸਤੇ ਲਾਹੌਰ ਦਰਬਾਰ ਦੀ ਫੌਜ ਇਸ ਪਾਸੇ ਆਉਣੀ ਸ਼ੁਰੂ ਹੋਈ ਤਾਂ ਇਸ ਸਥਾਨ ਦਾ ਜ਼ਿਕਰ 'ਪੰਜਾ ਸਾਹਿਬ' ਦੇ ਹਵਾਲੇ ਨਾਲ ਹੋਣ ਲੱਗਾ। ਮਹਾਰਾਜਾ ਰਣਜੀਤ ਸਿੰਘ ਨੇ ਪਹਿਲੀ ਵਾਰ 23 ਅਗਸਤ 1818 ਨੂੰ ਇਸ ਸਥਾਨ ਦੀ ਯਾਤਰਾ ਕੀਤੀ ਅਤੇ ਜ਼ਿਲ੍ਹਾ ਅਟਕ ਦਾ ਪਿੰਡ ਖਰਾ ਖੇਲ ਇਸ ਸਥਾਨ ਦੇ ਨਾਉਂ ਲਵਾ ਦਿੱਤਾ। 1823 ਵਿਚ ਸ. ਹਰੀ ਸਿੰਘ ਨਲੂਆ ਅਤੇ ਹੁਕਮ ਸਿੰਘ ਚਿਮਨੀ ਨੇ ਇਸ ਥਾਂ ਇਮਾਰਤ ਬਣਵਾਈ ਅਤੇ ਈਸ਼ਰ ਸਿੰਘ ਨਾਉਂ ਦੇ ਸਿੱਖ ਨੂੰ ਇਸ ਸਥਾਨ ਦੀ ਸਾਂਭ-ਸੰਭਾਲ ਲਈ ਨਿਯੁਕਤ ਕੀਤਾ। ਪਿੱਛੋਂ ਸ. ਹਰੀ ਸਿੰਘ ਨਲੂਆ, ਦੀਵਾਨ ਕਿਸ਼ਨ ਕੰਵਰ ਅਤੇ ਸ. ਚਤਰ ਸਿੰਘ ਅਟਾਰੀ ਵਾਲਾ ਨੇ ਗੁਰਦੁਆਰਾ ਇਮਾਰਤ ਦੇ ਨੇੜੇ ਆਪਣੀਆਂ ਬਾਰਾਂਦਰੀਆਂ ਬਣਵਾਈਆਂ। 1836 ਵਿਚ ਦੂਜੀ ਵਾਰ ਮਹਾਰਾਜਾ ਰਣਜੀਤ ਸਿੰਘ ਪੰਜਾ ਸਾਹਿਬ ਆ ਕੇ ਨਤਮਸਤਕ ਹੋਇਆ। ਇਸ ਗੁਰਦੁਆਰੇ ਦੀ ਸਾਂਭ-ਸੰਭਾਲ ਦੀ ਜ਼ਿੰਮੇਵਾਰੀ ਭਾਈ ਈਸ਼ਰ ਸਿੰਘ ਤੋਂ ਪਿੱਛੋਂ ਉਸ ਦੇ ਵੰਸ਼ਜਾਂ ਕੋਲ ਹੀ ਰਹੀ।

ਵੀਹਵੀਂ ਸਦੀ ਦੇ ਵੀਹਵਿਆਂ ਵਿਚ ਗੁਰਦੁਆਰਾ ਪੰਜਾ ਸਾਹਿਬ ਦੋ ਘਟਨਾਵਾਂ ਕਾਰਨ ਸਿੱਖ ਜਗਤ ਵਿਚ ਚਰਚਾ ਦਾ ਵਿਸ਼ਾ ਬਣਿਆ। 12 ਅਕਤੂਬਰ 1920 ਨੂੰ ਸ੍ਰੀ ਅਕਾਲ ਤਖਤ ਸਾਹਿਬ ਉਤੇ ਸਿੱਖ ਸੰਗਤ ਦੇ ਪ੍ਰਤੀਨਿਧ ਭਾਈ ਤੇਜਾ ਸਿੰਘ ਭੁੱਚਰ ਨੂੰ ਜਥੇਦਾਰ ਨਿਯੁਕਤ ਕੀਤਾ ਗਿਆ। ਇਸ ਪਿੱਛੋਂ ਸ੍ਰੀ ਹਰਿਮੰਦਰ ਸਾਹਿਬ ਕੰਪਲੈਕਸ ਦੇ ਪ੍ਰਬੰਧ ਨੂੰ ਪੁਰਾਤਨ ਸਿੱਖੀ ਪਰੰਪਰਾਵਾਂ ਅਨੁਸਾਰ ਪੁਨਰ ਸਥਾਪਤ ਕਰਨ ਦੀ ਲੋੜ ਨੂੰ ਮੁੱਖ ਰੱਖਦਿਆਂ ਜਥੇਦਾਰ ਤੇਜਾ ਸਿੰਘ ਚੂਹੜਕਾਣਾ, ਜਥੇਦਾਰ ਕਰਤਾਰ ਸਿੰਘ ਝੱਬਰ ਆਦਿ ਇੱਥੇ ਹੀ ਠਹਿਰੇ ਹੋਏ ਸਨ ਕਿ ਹਸਨ ਅਬਦਾਲ ਦੇ ਇਲਾਕੇ ਦੀ ਸੰਗਤ ਨੇ ਗੁਰਦੁਆਰਾ ਪੰਜਾ ਸਹਿਬ ਦੇ ਮਹੰਤ ਸੰਤ ਸਿੰਘ ਦੀਆਂ ਮਨਮਤੀ ਕਾਰਵਾਈਆਂ ਦੀ ਸ਼ਿਕਾਇਤ ਕੀਤੀ। ਇਸ ਨੂੰ ਸੁਣ ਕੇ ਕਰਤਾਰ ਸਿੰਘ ਝੱਬਰ ਆਪਣੇ ਜਥੇ ਸਮੇਤ ਪੰਜਾ ਸਾਹਿਬ ਪੁੱਜ ਗਿਆ ਅਤੇ ਕਈ ਦਿਨ ਦੀ ਜਦੋਜਹਿਦ ਪਿੱਛੋਂ 20 ਨਵੰਬਰ ਤੋਂ ਇਸ ਗੁਰਦੁਆਰੇ ਦਾ ਪ੍ਰਬੰਧ ਸਿੱਖ ਸੰਗਤ ਵੱਲੋਂ ਨਾਮਜ਼ਦ ਕਮੇਟੀ ਦੇ ਹੱਥਾਂ ਵਿਚ ਆਇਆ।

ਦੋ ਸਾਲ ਪਿੱਛੋਂ ਪੰਜਾ ਸਾਹਿਬ ਮੁੜ ਸਿੱਖ ਜਗਤ ਵਿਚ ਚਰਚਾ ਦਾ ਵਿਸ਼ਾ ਬਣਿਆ। ਉਦੋਂ 22 ਅਗਸਤ ਤੋਂ ਸ਼ੁਰੂ ਹੋਇਆ ਗੁਰੂ ਕਾ ਬਾਗ ਦਾ ਮੋਰਚਾ ਸਿਖਰ ਉਤੇ ਸੀ। ਮੋਰਚੇ ਵਿਚ ਹਿੱਸਾ ਲੈਣ ਵਾਲੇ ਸੱਤਿਆਗ੍ਰਹੀਆਂ ਨੂੰ ਬੇਤਹਾਸ਼ਾ ਜ਼ੁਲਮ ਦਾ ਸ਼ਿਕਾਰ ਬਣਾਏ ਜਾਣ ਦੇ ਬਾਵਜੂਦ ਤਿੰਨ ਹਜ਼ਾਰ ਤੋਂ ਵਧੇਰੇ ਅਕਾਲੀ ਜੇਲ੍ਹਾਂ ਵਿਚ ਪਹੁੰਚ ਗਏ ਸਨ ਅਤੇ ਅਜੇ ਵੀ ਮੋਰਚੇ ਵਿਚ ਗ੍ਰਿਫਤਾਰੀ ਦੇਣ ਲਈ ਆਉਣ ਵਾਲੇ ਅਕਾਲੀਆਂ ਦੀ ਗਿਣਤੀ ਵਿਚ ਕਮੀ ਨਹੀਂ ਸੀ ਆਈ ਅਤੇ ਅਕਾਲੀ ਧੜਾਧੜ ਗੁਰੂ ਕਾ ਬਾਗ ਪਹੁੰਚ ਰਹੇ ਸਨ। ਇਸ ਸੂਰਤ ਵਿਚ 25 ਅਕਤੂਬਰ ਨੂੰ ਸੂਬੇਦਾਰ ਅਮਰ ਸਿੰਘ ਧਾਲੀਵਾਲ ਦੀ ਅਗਵਾਈ ਵਿਚ 101 ਸਾਬਕਾ ਫੌਜੀਆਂ ਨੇ ਗ੍ਰਿਫਤਾਰੀ ਦਿੱਤੀ। ਇਸ ਜਥੇ ਨੂੰ ਅੰਮ੍ਰਿਤਸਰ ਲਿਜਾ ਕੇ 27 ਅਕਤੂਬਰ ਨੂੰ ਮੈਜਿਸਟਰੇਟ ਲਾਲਾ ਅਮਰ ਨਾਥ ਦੀ ਕਚਹਿਰੀ ਵਿਚ ਪੇਸ਼ ਕੀਤਾ ਗਿਆ। ਦੋਸ਼ ਹਿੰਦ ਦੰਡਾਵਲੀ ਦੀ ਧਾਰਾ 145 ਅਧੀਨ ਕਿਸੇ ਹੋਰ ਵਿਅਕਤੀ ਦੀ ਜਾਇਦਾਦ ਨੂੰ ਨੁਕਸਾਨ ਪਹੁੰਚਾਉਣ ਦਾ ਸੀ। ਵਡੇਰੀ ਉਮਰ ਦੇ ਕੁਝ ਅਕਾਲੀਆਂ ਨੂੰ ਛੱਡ ਕੇ ਬਾਕੀਆਂ ਨੂੰ ਸਜ਼ਾ ਦਿੱਤੀ ਗਈ, ਦੋ-ਦੋ ਸਾਲ ਦੀ ਕੈਦ ਬਾ-ਮੁਸ਼ੱਕਤ ਅਤੇ ਸੌ-ਸੌ ਰੁਪਏ ਜੁਰਮਾਨਾ; ਜੁਰਮਾਨਾ ਨਾ ਭਰੇ ਜਾਣ ਦੀ ਸੂਰਤ ਵਿਚ ਛੇ-ਛੇ ਮਹੀਨੇ ਦੀ ਹੋਰ ਕੈਦ ਭੁਗਤਣੀ ਪੈਣੀ ਸੀ। ਸਜ਼ਾ ਸੁਣਾ ਕੇ ਸਾਰੇ ਕੈਦੀਆਂ ਨੂੰ ਅੰਮ੍ਰਿਤਸਰ ਜੇਲ੍ਹ ਵਿਚ ਭੇਜ ਦਿੱਤਾ ਗਿਆ। ਇਹ ਜੇਲ੍ਹ ਪਹਿਲਾਂ ਹੀ ਕੈਦੀਆਂ ਨਾਲ ਤੁੰਨੀ ਪਈ ਸੀ। ਇਸ ਸਥਿਤੀ ਨੂੰ ਟਾਲਣ ਵਾਸਤੇ ਸਰਕਾਰ ਨੇ ਕੁਝ ਦਿਨ ਪਹਿਲਾਂ ਬੰਦੀਆਂ ਨੂੰ ਵੱਖ-ਵੱਖ ਜੇਲ੍ਹਾਂ ਵਿਚ ਭੇਜਣ ਦੀ ਯੋਜਨਾ ਬਣਾ ਕੇ ਇਨ੍ਹਾਂ ਨੂੰ ਰੇਲ ਰਾਹੀਂ ਨਵੇਂ ਟਿਕਾਣਿਆਂ ਉਤੇ ਭੇਜਿਆ ਸੀ। ਕੁਝ ਕੈਦੀ ਅਟਕ ਦੇ ਕਿਲ੍ਹੇ ਵਿਚ ਬੰਦ ਕਰਨ ਲਈ ਭੇਜੇ ਗਏ ਸਨ। ਇਸ ਬਾਰੇ ਸਿੱਖ ਸੰਗਤ ਨੂੰ ਸੂਚਨਾ ਮਿਲੀ ਤਾਂ ਉਸ ਨੇ ਰਾਹ ਵਿਚ ਜਿਹਲਮ, ਰਾਵਲਪਿੰਡੀ ਆਦਿ ਸਟੇਸ਼ਨਾਂ ਉਤੇ ਗੱਡੀ ਰੁਕਣ ਸਮੇਂ ਅਕਾਲੀ ਬੰਦੀਆਂ ਦੀ ਲੰਗਰ ਪਾਣੀ ਨਾਲ ਸੇਵਾ ਕੀਤੀ। ਸਰਕਾਰ ਲਈ ਅਜਿਹਾ ਦ੍ਰਿਸ਼ ਦੇਖਣਾ ਅਸਹਿਣਸ਼ੀਲ ਸੀ। ਇਸ ਲਈ ਕੈਦੀਆਂ ਦੀ ਅਗਲੀ ਟੋਲੀ ਨੂੰ ਅਟਕ ਭੇਜਣ ਸਮੇਂ ਆਮ ਯਾਤਰੂਆਂ ਵਾਲੀ ਗੱਡੀ ਵਿਚ ਭੇਜਣ ਦੀ ਥਾਂ ਸਪੈਸ਼ਲ ਗੱਡੀ ਜੋ ਰਸਤੇ ਵਿਚ ਕਿਧਰੇ ਨਾ ਰੁਕੇ, ਵਿਚ ਭੇਜਣ ਦਾ ਫੈਸਲਾ ਹੋਇਆ। ਇਹ ਗੱਡੀ 203 ਕੈਦੀਆਂ ਜਿਨ੍ਹਾਂ ਵਿਚ ਬਹੁਗਿਣਤੀ ਸਾਬਕਾ ਫੌਜੀਆਂ ਦੀ ਸੀ, ਨੂੰ ਲੈ ਕੇ 29 ਅਕਤੂਬਰ ਨੂੰ ਅੰਮ੍ਰਿਤਸਰ ਤੋਂ ਰਵਾਨਾ ਹੋਈ। ਇਹ ਸੂਚਨਾ ਪੰਜਾ ਸਾਹਿਬ ਪਹੁੰਚੀ ਤਾਂ ਉਥੋਂ ਦੀ ਸੰਗਤ ਨੇ ਪਿਛਲੇ ਦਿਨੀਂ ਬੰਦੀ ਅਕਾਲੀਆਂ ਨੂੰ ਲੰਗਰ ਨਾ ਛਕਾ ਸਕਣ ਕਾਰਨ ਹੋਏ ਅਫਸੋਸ ਤੋਂ ਮੁਕਤ ਹੋਣ ਲਈ ਇਸ ਵਾਰ ਮੌਕਾ ਨਾ ਖੁੰਝਾਉਣ ਦਾ ਐਲਾਨ ਕਰ ਦਿੱਤਾ। ਲੰਗਰ ਤਾਂ ਵਰਤਾਇਆ ਹੀ ਜਾਣਾ ਸੀ, ਲੋਕ ਵੱਡੇ ਤੜਕੇ ਦੁੱਧ, ਫਲ, ਮਠਿਆਈ ਆਦਿ ਲੈ ਕੇ ਰੇਲਵੇ ਸਟੇਸ਼ਨ ਉਤੇ ਪੁੱਜ ਗਏ। ਸਟੇਸ਼ਨ ਮਾਸਟਰ ਨਾਲ ਗੱਲ ਕਰਨ ਉਤੇ ਗੱਡੀ ਦੇ ਇਸ ਸਟੇਸ਼ਨ ਉਤੇ ਨਾ ਰੁਕਣ ਬਾਰੇ ਜਾਣਕਾਰੀ ਮਿਲੀ ਤਾਂ ਸੰਗਤ ਨੇ ਗਿਣੇ-ਮਿਥੇ ਵਕਤ ਲਈ ਗੱਡੀ ਰੋਕਣ ਦੀ ਬੇਨਤੀ ਕੀਤੀ ਤਾਂ ਜੋ ਰਾਤ ਤੋਂ ਭੁੱਖੇ ਪਿਆਸੇ ਕੈਦੀ ਵੀਰਾਂ ਦੀ ਲੰਗਰ ਪਾਣੀ ਦੀ ਸੇਵਾ ਕੀਤੀ ਜਾ ਸਕੇ। ਸਟੇਸ਼ਨ ਮਾਸਟਰ ਵੱਲੋਂ ਗੱਡੀ ਰੋਕਣ ਤੋਂ ਅਸਮਰੱਥਾ ਪ੍ਰਗਟਾਏ ਜਾਣ ਉਤੇ ਸੰਗਤ ਨੇ ਹਰ ਹੀਲੇ ਗੱਡੀ ਰੋਕਣ ਦਾ ਫੈਸਲਾ ਕਰ ਲਿਆ, ਭਾਵੇਂ ਅਜਿਹਾ ਕਰਨ ਲਈ ਜਾਨਾਂ ਦੀ ਕੁਰਬਾਨੀ ਵੀ ਕਿਉਂ ਨਾ ਦੇਣੀ ਪਵੇ। ਜਿਉਂ ਹੀ ਮਰਗਲਾ ਦੱਰ੍ਹਾ ਪਾਰ ਕਰਨ 'ਤੇ ਗੱਡੀ ਦੇ ਇੰਜਣ ਦਾ ਧੂੰਆਂ ਦਿਖਾਈ ਦਿੱਤਾ, ਸੰਗਤ 'ਬੋਲੇ ਸੋ ਨਿਹਾਲ, ਸਤਿ ਸ੍ਰੀ ਅਕਾਲ' ਜੈਕਾਰਾ ਗੁੰਜਾਉਂਦੀ ਰੇਲ ਗੱਡੀ ਦੀ ਪਟੜੀ ਉਤੇ ਚੌਂਕੜੀ ਮਾਰ ਕੇ ਬੈਠ ਗਈ। ਸਭ ਤੋਂ ਅੱਗੇ ਭਾਈ ਕਰਮ ਸਿੰਘ, ਫਿਰ ਭਾਈ ਪ੍ਰਤਾਪ ਸਿੰਘ ਅਤੇ ਫਿਰ ਹੋਰ ਸੰਗਤ। ਰੇਲ ਦੇ ਡਰਾਈਵਰ ਨੇ ਪਟੜੀ ਉਤੇ ਬੰਦੇ ਬੈਠੇ ਦੇਖ ਕੇ ਉਨ੍ਹਾਂ ਨੂੰ ਦੂਰ ਹਟ ਜਾਣ ਦੀ ਸੀਟੀ ਵਜਾਈ; ਇਕ ਵਾਰ, ਦੋ ਵਾਰ ਅਤੇ ਫਿਰ ਲਗਾਤਾਰ ਵੱਜਦੀ ਸੀਟੀ। ਕਿਸੇ ਨੂੰ ਵੀ ਟੱਸ ਤੋਂ ਮੱਸ ਨਾ ਹੋਇਆ ਦੇਖ ਕੇ ਨਿਕਲਣ ਵਾਲੇ ਨਤੀਜੇ ਨੂੰ ਸੋਚਦਿਆਂ ਡਰਾਈਵਰ ਨੂੰ ਕੰਬਣੀ ਛਿੜ ਗਈ ਅਤੇ ਅਭੋਲ ਹੀ ਉਸ ਦੇ ਹੱਥ ਗੱਡੀ ਦੀ ਬ੍ਰੇਕ ਉਤੇ ਜਾ ਪਏ ਪਰ ਉਦੋਂ ਤੱਕ ਦੇਰ ਹੋ ਚੁੱਕੀ ਸੀ। ਰੇਲ ਗੱਡੀ ਹੇਠ ਆ ਕੇ ਅੱਠ ਸਿੰਘ ਜ਼ਖਮੀ ਹੋ ਚੁੱਕੇ ਸਨ। ਵਧੇਰੇ ਜ਼ਖ਼ਮੀਆਂ ਵਿਚੋਂ ਅਗਲੇ ਦਿਨੀਂ ਪਹਿਲਾਂ ਭਾਈ ਕਰਮ ਸਿੰਘ ਅਤੇ ਫਿਰ ਭਾਈ ਪ੍ਰਤਾਪ ਸਿੰਘ ਸ਼ਹੀਦੀ ਜਾਮ ਪੀ ਗਏ। ਬਾਕੀ ਜ਼ਖਮੀਆਂ ਨੂੰ ਪੁਲਿਸ ਨੇ ਗ੍ਰਿਫਤਾਰ ਕਰ ਲਿਆ। ਸਿੱਖ ਸੰਗਤ ਦੀ ਅਗਵਾਈ ਕਰ ਕੇ ਰੇਲਵੇ ਸਟੇਸ਼ਨ ਉਤੇ ਲਿਜਾਣ ਦੇ ਦੋਸ਼ ਵਿਚ ਪੰਜਾ ਸਾਹਿਬ ਗੁਰਦੁਆਰੇ ਦੇ ਸਹਾਇਕ ਮੈਨੇਜਰ ਭਾਈ ਅਵਤਾਰ ਸਿੰਘ ਖਿਲਾਫ ਰੇਲਵੇ ਐਕਟ ਦੀ ਧਾਰਾ 128 ਅਧੀਨ ਮੁਕੱਦਮਾ ਚਲਾਇਆ ਜਿਸ ਵਿਚ ਉਸ ਨੂੰ ਦੋ ਸਾਲ ਕੈਦ ਬਾ-ਮੁਸ਼ੱਕਤ ਸਜ਼ਾ ਸੁਣਾਈ ਗਈ।

> ***ਰੇਲ ਦੇ ਡਰਾਈਵਰ ਨੇ ਪਟੜੀ ਉਤੇ ਬੰਦੇ ਬੈਠੇ ਦੇਖ ਕੇ ਉਨ੍ਹਾਂ ਨੂੰ ਦੂਰ ਹਟ ਜਾਣ ਦੀ ਸੀਟੀ ਵਜਾਈ; ਇਕ ਵਾਰ, ਦੋ ਵਾਰ ਅਤੇ ਫਿਰ ਲਗਾਤਾਰ ਵੱਜਦੀ ਸੀਟੀ। ਕਿਸੇ ਨੂੰ ਵੀ ਟੱਸ ਤੋਂ ਮੱਸ ਨਾ ਹੋਇਆ ਦੇਖ ਕੇ ਨਿਕਲਣ ਵਾਲੇ ਨਤੀਜੇ ਨੂੰ ਸੋਚਦਿਆਂ ਡਰਾਈਵਰ ਨੂੰ ਕੰਬਣੀ ਛਿੜ ਗਈ ਅਤੇ ਅਭੋਲ ਹੀ ਉਸ ਦੇ ਹੱਥ ਗੱਡੀ ਦੀ ਬ੍ਰੇਕ ਉਤੇ ਜਾ ਪਏ ਪਰ ਉਦੋਂ ਤੱਕ ਦੇਰ ਹੋ ਚੁੱਕੀ ਸੀ। ਰੇਲ ਗੱਡੀ ਹੇਠ ਆ ਕੇ ਅੱਠ ਸਿੰਘ ਜ਼ਖਮੀ ਹੋ ਚੁੱਕੇ ਸਨ। ਵਧੇਰੇ ਜ਼ਖ਼ਮੀਆਂ ਵਿਚੋਂ ਅਗਲੇ ਦਿਨੀਂ ਪਹਿਲਾਂ ਭਾਈ ਕਰਮ ਸਿੰਘ ਅਤੇ ਫਿਰ ਭਾਈ ਪ੍ਰਤਾਪ ਸਿੰਘ ਸ਼ਹੀਦੀ ਜਾਮ ਪੀ ਗਏ।***

ਦੇਸ਼ ਵੰਡ ਹੋਣ ਤੱਕ ਇਸ ਸਾਕੇ ਦੀ ਯਾਦ ਵਿਚ ਪੰਜਾ ਸਾਹਿਬ ਗੁਰਦੁਆਰੇ ਵਿਚ ਹਰ ਸਾਲ 14, 15 ਅਤੇ 16 ਕੱਤਕ ਨੂੰ ਜੋੜ ਮੇਲਾ ਕੀਤਾ ਜਾਂਦਾ ਰਿਹਾ।

ਹੋਰਨਾਂ ਧਾਰਮਿਕ-ਰਾਜਸੀ ਘਟਨਾਵਾਂ ਵਾਂਗ ਇਸ ਘਟਨਾ ਨੇ ਵੀ ਪੰਜਾਬੀ ਕਵੀਆਂ ਦੇ ਹਿਰਦੇ ਨੂੰ ਟੁੰਬਿਆ ਅਤੇ ਉਨ੍ਹਾਂ ਨੇ ਇਸ ਘਟਨਾ ਨੂੰ ਰਚਨਾ ਦਾ ਵਿਸ਼ਾ ਬਣਾਇਆ। ਪੰਜਾਬੀ ਕਵੀਆਂ ਸੋਹਨ ਸਿੰਘ 'ਸੀਤਲ', ਦੇਵਾ ਸਿੰਘ 'ਕਿਰਤੀ' ਗੁੱਜਰਾਂਵਾਲੀਆ, ਨਿਧਾਨ ਸਿੰਘ 'ਆਲਮ' ਭੁੱਟੀਵਾਲਾ (ਮੁਕਤਸਰ), ਬਖਸ਼ੀ ਇਸਾਈ ਅੰਮ੍ਰਿਤਸਰ, ਬੂਟਾ ਸਿੰਘ 'ਲੈਹਰੀ', ਮਹਾਂ ਸਿੰਘ ਗੁੜੇ (ਲੁਧਿਆਣਾ) ਆਦਿ ਨੇ ਇਸ ਘਟਨਾ ਨੂੰ ਕਾਵਿ ਰੂਪ ਵਿਚ ਬਿਆਨ ਕੀਤਾ। ਇਹ ਪ੍ਰਸੰਗ ਲਿਖਣ ਵਾਸਤੇ ਕਵੀਆਂ ਨੇ ਰਵਾਇਤੀ ਛੰਦਾਂ ਕਬਿੱਤ, ਕੋਰੜਾ, ਬੈਂਤ ਆਦਿ ਦੀ ਵਰਤੋਂ ਤਾਂ ਕੀਤੀ ਹੀ ਹੈ, ਸੋਹਨ ਸਿੰਘ 'ਸੀਤਲ' ਨੇ ਨਵੇਂ 'ਗੱਡੀ' ਛੰਦ ਦੀ ਸਿਰਜਣਾ ਵੀ ਕੀਤੀ। ਇਹ ਛੰਦ ਇਨ੍ਹਾਂ ਪੰਕਤੀਆਂ ਨਾਲ ਸ਼ੁਰੂ ਹੁੰਦਾ ਸੀ:

ਗੱਡੀ ਭਰ ਕੇ ਸਪੈਸ਼ਲ ਤੋਰੀ,
ਅੰਮ੍ਰਿਤਸਰ ਸ਼ਹਿਰ ਤੋਂ,
ਜੀਹਦੇ ਵਿਚ ਸੀ ਪੈਨਸ਼ਨੀ ਸਾਰੇ,
ਕੈਦ ਕੀਤੇ ਗੁਰੂ ਬਾਗ ਚੋਂ...
ਅਤੇ ਅੰਤ ਦਾ ਤੋੜਾ ਸੀ:
ਮੱਲ ਲਈ! ਮੱਲ ਲਈ!!
ਖਾਲਸੇ ਨੇ ਰੱਤ ਡੋਲ੍ਹ ਕੇ ਗੱਡੀ ਠੱਲ੍ਹ ਲਈ।

### ਪੰਜਾ ਸਾਹਿਬ ਦੇ ਸ਼ਹੀਦ

**ਭਾਈ ਪ੍ਰਤਾਪ ਸਿੰਘ:** ਅਕਾਲਗੜ੍ਹ ਜ਼ਿਲ੍ਹਾ ਗੁੱਜਰਾਂਵਾਲਾ ਦੇ ਵਸਨੀਕ ਸ. ਸਰੂਪ ਸਿੰਘ ਅਤੇ ਮਾਤਾ ਪ੍ਰੇਮ ਕੌਰ ਦਾ ਪੁੱਤਰ ਪਰਤਾਪ ਸਿੰਘ ਗੱਭਰੂ ਹੋ ਕੇ ਸੈਨਾ ਵਿਚ ਕਲਰਕ ਭਰਤੀ ਹੋ ਗਿਆ। ਨਨਕਾਣਾ ਸਾਹਿਬ ਦੇ ਸਾਕੇ ਪਿੱਛੋਂ ਅਕਾਲੀ ਦਲ ਨੇ ਅੰਗਰੇਜ਼ ਸਰਕਾਰ ਪ੍ਰਤੀ ਰੋਸ ਪ੍ਰਗਟਾਵੇ ਵਜੋਂ ਕਾਲੀਆਂ ਪੱਗਾਂ ਬੰਨ੍ਹਣੀਆਂ ਸ਼ੁਰੂ ਕੀਤੀਆਂ ਤਾਂ ਪ੍ਰਤਾਪ ਸਿੰਘ ਵੀ ਕਾਲੀ ਪੱਗ ਬੰਨ੍ਹਣ ਲੱਗ ਪਿਆ। ਸੈਨਿਕ ਅਧਿਕਾਰੀਆਂ ਨੇ ਅਜਿਹਾ ਕਰਨ ਨੂੰ ਸੈਨਿਕ ਜ਼ਬਤ ਦੀ ਉਲੰਘਣਾ ਐਲਾਨਿਆ ਅਤੇ ਪ੍ਰਤਾਪ ਸਿੰਘ ਦਾ ਨਾਂ ਸੈਨਾ ਵਿਚੋਂ ਕੱਟ ਦਿੱਤਾ। ਪਿੱਛੋਂ ਗੁਰਦੁਆਰਾ ਪੰਜਾ ਸਾਹਿਬ ਦੀ ਪ੍ਰਬੰਧਕ ਕਮੇਟੀ ਨੇ ਉਸ ਨੂੰ ਮੈਨੇਜਰ ਵਜੋਂ ਨਿਯੁਕਤ ਕਰ ਲਿਆ। ਸ਼ਹੀਦ ਹੋਣ ਸਮੇਂ ਉਸ ਦੀ ਉਮਰ 23 ਸਾਲ 7 ਮਹੀਨੇ ਸੀ।

**ਭਾਈ ਕਰਮ ਸਿੰਘ:** ਭਾਈ ਕਰਮ ਸਿੰਘ ਆਨੰਦਪੁਰ ਦਾ ਵਸਨੀਕ ਸੀ। ਉਸ ਦੇ ਪਿਤਾ ਦਾ ਨਾਂ ਭਾਈ ਭਗਵਾਨ ਸਿੰਘ ਅਤੇ ਮਾਤਾ ਦਾ ਨਾਉਂ ਰੂਪ ਕੌਰ ਸੀ। ਪਿਤਾ ਅਤੇ ਪੁਰਖੇ ਗੁਰਦੁਆਰਾ ਕੇਸਗੜ੍ਹ ਸਾਹਿਬ ਵਿਚ ਸੇਵਾ ਕਰਦੇ ਹੋਣ ਕਾਰਨ ਉਸ ਨੂੰ ਗੁਰੂ ਘਰ ਨਾਲ ਪਿਆਰ ਵਿਰਸੇ ਵਿਚ ਹੀ ਪ੍ਰਾਪਤ ਹੋਇਆ। ਉਹ ਕੁਝ ਦਿਨ ਪਹਿਲਾਂ ਹੀ ਆਪਣੀ ਪਤਨੀ ਸਮੇਤ ਪੰਜਾ ਸਾਹਿਬ ਦੇ ਦਰਸ਼ਨਾਂ ਲਈ ਆਇਆ ਸੀ। ਸ਼ਹੀਦੀ ਸਮੇਂ ਉਸ ਦੀ ਉਮਰ 36 ਸਾਲ ਸਾਢੇ ਨੌਂ ਮਹੀਨੇ ਸੀ।

# ਗਲਤ ਚੁੱਕਿਆ ਕਦਮ ਵਾਪਸ ਤਾਂ ਲੈ ਲਿਆ, ਪਰ ਪ੍ਰਧਾਨ ਮੰਤਰੀ ਮੋਦੀ ਬਾਕੀ ਪੱਖਾਂ ਬਾਰੇ ਕਦੋਂ ਸੋਚਣਗੇ!

## ਸਿਆਸਤ ਦਾ ਪਿੜ



ਜਤਿੰਦਰ ਪਨੂੰ
ਫੋਨ: 91-98140-68455

ਭਾਰਤ ਦਾ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਇਸ ਕਲਾ ਦਾ ਮਾਹਿਰ ਹੈ ਕਿ ਉਹ ਜਦੋਂ ਵੀ ਲੋਕਾਂ ਸਾਹਮਣੇ ਆਉਂਦਾ ਹੈ ਤਾਂ ਅਚਾਨਕ ਇਸ ਤਰ੍ਹਾਂ ਪੇਸ਼ ਹੁੰਦਾ ਹੈ ਕਿ ਲੋਕ ਹੱਕੇ-ਬੱਕੇ ਰਹਿ ਜਾਣ। ਨੋਟਬੰਦੀ ਸਮੇਤ ਬਹੁਤ ਸਾਰੇ ਫੈਸਲੇ ਲੋਕਾਂ ਨੂੰ ਪਰੋਸਣ ਲਈ ਉਹ ਏਦਾਂ ਹੀ ਅਚਾਨਕ ਲੋਕਾਂ ਸਾਹਮਣੇ ਪੇਸ਼ ਹੋਇਆ ਸੀ। 19 ਨਵੰਬਰ ਸ਼ੁੱਕਰਵਾਰ ਦੇ ਦਿਨ ਜਦੋਂ ਉਹ ਮੁੜ ਭਾਰਤ ਦੇ ਲੋਕਾਂ ਨੂੰ ਇਕ ਸੰਦੇਸ਼ ਦੇਣ ਲਈ ਅਚਾਨਕ ਟੈਲੀਵਿਜਨ ਸਕਰੀਨਾਂ ਉੱਤੇ ਦਿਖਾਈ ਦਿੱਤਾ ਤਾਂ ਹਮੇਸ਼ਾ ਵਾਂਗ ਆਮ ਲੋਕ ਸਾਹ ਰੋਕ ਕੇ ਸੁਣਨ ਲੱਗ ਪਏ ਕਿ ਅੱਜ ਫਿਰ ਕੋਈ ਵੱਡਾ ਸ਼ੋਸ਼ਾ ਛੱਡੇਗਾ। ਉਸ ਨੇ ਸ਼ੋਸ਼ਾ ਨਹੀਂ ਸੀ ਛੱਡਿਆ। ਇਹ ਪਹਿਲੀ ਵਾਰ ਸੀ ਕਿ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਦੇ ਚਿਹਰੇ ਉੱਤੇ ਉਹ ਚਮਕ ਨਹੀਂ ਸੀ, ਜਿਹੜੀ ਉਸ ਦੀ ਪਛਾਣ ਮੰਨੀ ਜਾਂਦੀ ਤੇ ਪ੍ਰਚਾਰੀ ਜਾਂਦੀ ਸੀ। ਉਸ ਦੇ ਸ਼ਬਦਾਂ ਵਿਚ ਆਪਣੇ ਕਿਸੇ ਫੈਸਲੇ ਦਾ ਫਖ਼ਰ ਨਹੀਂ, ਸਗੋਂ ਆਪਣੇ ਕੀਤੇ ਦੇ ਪਛਤਾਵੇ ਅਤੇ ਭਾਰਤ ਦੇ ਲੋਕਾਂ ਦੀ ਸੱਥ ਵਿਚ ਗੁਨਾਹਗਾਰ ਵਾਂਗ ਪੇਸ਼ ਹੋਣ ਵਾਲੀ ਭਾਵਨਾ ਬਦੋਬਦੀ ਬਾਹਰ ਆ ਰਹੀ ਸੀ।

ਪ੍ਰਧਾਨ ਮੰਤਰੀ ਨੇ ਇਸ ਭਾਸ਼ਣ ਵਿਚ ਪਹਿਲਾਂ ਇਹ ਗਿਣਾਉਣਾ ਸ਼ੁਰੂ ਕੀਤਾ ਕਿ ਉਸ ਨੇ ਆਪਣੇ ਦੇਸ਼ ਦੇ ਲੋਕਾਂ ਅਤੇ ਖਾਸ ਤੌਰ 'ਤੇ ਕਿਸਾਨਾਂ ਤੇ ਕਿਸਾਨਾਂ ਵਿਚੋਂ ਵੀ ਗਰੀਬ ਕਿਸਾਨਾਂ ਦੇ ਭਲੇ ਲਈ ਬਹੁਤ ਯਤਨ ਕੀਤੇ ਸਨ ਤੇ ਪਿਛਲੇ ਸਾਲ ਪਾਸ ਕੀਤੇ ਤਿੰਨ ਖੇਤੀਬਾੜੀ ਕਾਨੂੰਨ ਵੀ ਇਸੇ ਨੀਤੀ ਤੇ ਨੀਤ ਨੂੰ ਅੱਗੇ ਵਧਾਉਣ ਦੀ ਭਾਵਨਾ ਨਾਲ ਬਣਾਏ ਗਏ ਸਨ। ਫਿਰ ਇਹ ਗੱਲ ਕਹਿ ਦਿੱਤੀ ਕਿ 'ਦੇਸ਼ ਦੇ ਬਹੁਤ ਸਾਰੇ ਕਿਸਾਨਾਂ ਤੇ ਕਿਸਾਨ ਸੰਗਠਨਾਂ ਨੇ ਸਾਡੀ ਭਾਵਨਾ ਦਾ ਸਮਰਥਨ ਕੀਤਾ, ਪਰ 'ਕੁਝ ਲੋਕ' ਇਸ ਨੁਕਤੇ ਨੂੰ ਸਮਝ ਨਹੀਂ ਸਕੇ, ਇਸ ਲਈ ਅਸੀਂ ਇਹ ਕਾਨੂੰਨ ਵਾਪਸ ਲੈਣ ਦਾ ਫੈਸਲਾ ਕੀਤਾ ਹੈ।' ਸਾਫ਼ ਹੈ ਕਿ ਗਲਤੀ ਵੀ ਮੰਨਣੀ ਪੈ ਗਈ ਤਾਂ ਪ੍ਰਧਾਨ ਮੰਤਰੀ ਉਸ ਨੂੰ ਨੇਕੀ ਦੀ ਚਾਸ਼ਣੀ ਵਿਚ ਲਪੇਟ ਕੇ ਪੇਸ਼ ਕਰਨ ਦੀ ਕੋਸ਼ਿਸ਼ ਕਰ ਰਿਹਾ ਸੀ।

ਮਾਮਲਾ 'ਦੇਰ ਆਇ, ਦਰੁਸਤ ਆਇ' ਦਾ ਵੀ ਹੈ ਤਾਂ ਚੰਗਾ ਹੋਇਆ ਹੈ, ਪਰ ਇਸ ਦਾ ਸਿਰਫ ਸਵਾਗਤ ਕਰ ਕੇ ਛੱਡ ਦੇਣਾ ਸੌਖਾ ਨਹੀਂ। ਸੁਖੀ ਵੱਸਦੇ ਦੇਸ਼ ਉੱਤੇ ਜਦੋਂ ਸੰਸਾਰ ਭਰ ਦੇ ਹੋਰਨਾਂ ਦੇਸ਼ਾਂ ਵਾਂਗ ਕਰੋਨਾਵਾਇਰਸ ਦਾ ਹਮਲਾ ਹੋਇਆ ਪਿਆ ਸੀ, ਜਦੋਂ ਆਪਣੇ ਲੋਕਾਂ ਨੂੰ ਸਰਕਾਰ ਦੀ ਛਤਰੀ ਦੀ ਲੋੜ ਸੀ, ਉਦੋਂ ਭਾਰਤ ਦੇ ਪ੍ਰਧਾਨ ਮੰਤਰੀ ਨੇ ਆਪਣੀ ਨਿੱਜੀ ਸਾਂਝ ਨਿਭਾਉਣ ਅਤੇ ਦੋ ਪੂੰਜੀਪਤੀਆਂ ਦੇ ਵਾਰੇ-ਨਿਆਰੇ ਕਰਨ ਲਈ ਤਿੰਨ ਖੇਤੀਬਾੜੀ ਕਾਨੂੰਨ ਪਾਸ ਕਰਾਉਣ ਦਾ ਗ਼ਲਤ ਕਦਮ ਚੁੱਕ ਲਿਆ ਸੀ, ਜਿਹੜਾ ਆਖਰ ਨੂੰ ਵਾਪਸ ਲੈਣਾ ਪਿਆ ਹੈ। ਸੰਸਦ ਤੋਂ ਇਹ ਕਾਨੂੰਨ ਪਾਸ ਕਰਵਾਉਣ ਤੋਂ ਪਹਿਲਾਂ ਹੀ ਪੰਜਾਬ ਦੇ ਸੂਝਵਾਨ ਕਿਸਾਨ ਇਨ੍ਹਾਂ ਦੇ ਵਿਰੁੱਧ ਮੈਦਾਨ ਵਿਚ ਆ ਚੁੱਕੇ ਸਨ ਅਤੇ ਫਿਰ ਹਰਿਆਣੇ ਵਾਲੇ ਵੀ ਨਾ ਸਿਰਫ ਨਾਲ ਤੁਰੇ, ਸਗੋਂ ਦਿੱਲੀ ਦੇ ਰਾਹਾਂ ਵਿਚ ਲਾਏ ਗਏ ਸਰਕਾਰੀ ਅੜਿੱਕੇ ਤੋੜਨ ਵਿਚ ਪੰਜਾਬ ਵਾਲਿਆਂ ਨਾਲੋਂ ਵੀ ਅੱਗੇ ਹੋ ਤੁਰੇ ਸਨ। ਦੋਵਾਂ ਰਾਜਾਂ ਦੇ ਕਿਸਾਨਾਂ ਨੂੰ ਪਾੜਨ ਦੀਆਂ ਲੱਖ ਸਾਜ਼ਿਸ਼ਾਂ ਦੇ ਬਾਵਜੂਦ ਉਹ ਇਕੋ ਮਾਂ ਦੇ ਜਾਏ ਭਰਾਵਾਂ ਵਾਂਗ ਨਿਭਦੇ ਗਏ।

ਹਰਿਆਣਾ ਦੀ ਭਾਜਪਾ ਸਰਕਾਰ ਨੇ ਕੇਂਦਰੀ ਹਾਕਮਾਂ ਦੇ ਕਹਿਣ ਉੱਤੇ ਜਦੋਂ ਪਾਣੀਆਂ ਦਾ ਰਾਗ ਛੇੜਨਾ ਚਾਹਿਆ ਤਾਂ ਉਸ ਰਾਜ ਦੇ ਕਿਸਾਨਾਂ ਨੇ ਅੱਗੋਂ ਇਹ ਆਖਿਆ ਸੀ ਕਿ ਖੇਤ ਬਚਣਗੇ ਤਾਂ ਪਾਣੀਆਂ ਦੀ ਗੱਲ ਸੋਚ ਲਵਾਂਗੇ, ਜੇ ਖੇਤ ਹੀ ਨਹੀਂ ਬਚਣੇ ਤਾਂ ਪਾਣੀ ਦੀ ਲੜਾਈ ਕਾਹਦੇ ਲਈ ਲੜਨੀ ਹੈ, ਇਹ ਮੁੱਦਾ ਇਸ ਵੇਲੇ ਸੋਚਣ ਵਾਲਾ ਹੈ ਹੀ ਨਹੀਂ। ਕੇਂਦਰੀ ਹਕੂਮਤ ਨੂੰ ਵਹਿਮ ਸੀ ਕਿ ਲਿਆਂਦਾ ਰਾਸ਼ਨ ਮੁੱਕ ਗਿਆ ਤਾਂ ਕਿਸਾਨ ਘਰੀਂ ਮੁੜ ਜਾਣਗੇ, ਪਰ ਉਹ ਰਾਸ਼ਨ ਮੁੱਕਾ ਨਹੀਂ, ਕਿਉਂਕਿ ਸਪਲਾਈ ਦਾ ਜ਼ਿੰਮਾ ਪਿੱਛੇ ਬੈਠੇ ਲੋਕਾਂ ਨੇ ਸੰਭਾਲ ਲਿਆ ਅਤੇ ਦਿੱਲੀ ਦੇ ਬਾਰਡਰਾਂ ਉੱਤੇ ਚੱਲਣ ਵਾਲੇ ਲੰਗਰਾਂ ਲਈ ਕਿਸੇ ਚੀਜ਼ ਦੀ ਕੋਈ ਤੋਟ ਨਹੀਂ ਆਉਣ ਦਿੱਤੀ। ਮੋਰਚਾ ਪੱਕੇ ਪੈਰੀਂ ਚੱਲਦਾ ਰਿਹਾ।

ਪ੍ਰਧਾਨ ਮੰਤਰੀ ਅੱਜ ਆਪਣੀ ਨੇਕ-ਨੀਤੀ ਵਿਖਾਉਣਾ ਚਾਹੁੰਦਾ ਹੈ, ਪਰ ਉਸ ਵਕਤ ਉਹ ਨਹੀਂ ਸੀ ਬੋਲਿਆ, ਜਦੋਂ ਉਸ ਦੀ ਟੀਮ ਦੇ ਮੈਂਬਰਾਂ ਨੇ ਕਿਸਾਨਾਂ ਨੂੰ ਅਤਿਵਾਦੀ, ਨਕਸਲੀ ਤੇ ਖਾਲਿਸਤਾਨੀ ਕਹਿਣ ਮਗਰੋਂ ਪਾਕਿਸਤਾਨੀ ਏਜੰਟ ਤਕ ਕਿਹਾ ਸੀ। ਦਿੱਲੀ ਬਾਰਡਰ ਵਾਲੇ ਮੋਰਚੇ ਉੱਤੇ ਬੈਠੇ ਇਕ ਕਿਸਾਨ ਨੂੰ ਖ਼ਬਰ ਮਿਲੀ ਕਿ ਭਾਰਤੀ ਫੌਜ ਵਿਚ ਭਰਤੀ ਹੋਇਆ ਉਸ ਦਾ ਪੁੱਤਰ ਦੇਸ਼ ਦੀ ਰਾਖੀ ਦਾ ਫਰਜ਼ ਨਿਭਾਉਂਦਾ ਸ਼ਹੀਦ ਹੋ ਗਿਆ ਹੈ ਤੇ ਫੌਜ ਦੇ ਅਫਸਰ ਲਾਸ਼ ਲਿਆ ਰਹੇ ਹਨ। ਪੁੱਤਰ ਦੇ ਅੰਤਮ ਸੰਸਕਾਰ ਲਈ ਪਿੰਡ ਜਾਣ ਲੱਗੇ ਨੂੰ ਪੱਤਰਕਾਰਾਂ ਨੇ ਉਸ ਦੇ ਵਿਚਾਰ ਪੁੱਛੇ ਤਾਂ ਉਸ ਨੇ ਕਿਹਾ ਸੀ, 'ਪੁੱਤਰ ਦੇਸ਼ ਲਈ ਸ਼ਹੀਦ ਹੋ ਗਿਆ, ਮੈਨੂੰ ਉਸ ਉੱਤੇ ਮਾਣ ਹੈ, ਪਰ ਮੈਂ ਉਸ ਦੇ ਅੰਤਮ ਸੰਸਕਾਰ ਪਿੱਛੋਂ ਰੁਕਾਂਗਾ ਨਹੀਂ, ਹੱਕਾਂ ਦੀ ਰਾਖੀ ਦੇ ਮੋਰਚੇ ਉੱਤੇ ਵਾਪਸ ਆ ਜਾਵਾਂਗਾ। ਤੁਸੀਂ ਪ੍ਰਧਾਨ ਮੰਤਰੀ ਨੂੰ ਕਹਿ ਦਿਓ, ਦੇਸ਼ ਲਈ ਸ਼ਹੀਦੀ ਕਿਸਾਨ ਦੇ ਪੁੱਤਰ ਨੇ ਪਾਈ ਹੈ, ਤੇਰੇ ਕਿਸੇ ਮੰਤਰੀ ਦੇ ਪੁੱਤਰ ਨੇ ਨਹੀਂ, ਤੇਰੇ



ਮੰਤਰੀ ਸਾਡੀਆਂ ਮੰਗਾਂ ਮੰਨਣ ਭਾਵੇਂ ਨਾ ਮੰਨਣ, ਦੇਸ਼ ਲਈ ਪੁੱਤਰਾਂ ਨੂੰ ਵਾਰਨ ਵਾਲੇ ਕਿਸਾਨਾਂ ਨੂੰ ਪਾਕਿਸਤਾਨ ਦੇ ਏਜੰਟ ਨਾ ਕਹਿਣ।' ਉਸ ਕਿਸਾਨ ਦੇ ਇਹ ਸ਼ਬਦ ਦੇਸ਼ ਦੇ ਪ੍ਰਧਾਨ ਮੰਤਰੀ ਤਕ ਨਾ ਪਹੁੰਚੇ ਹੋਣਗੇ, ਮੈਂ ਨਹੀਂ ਮੰਨ ਸਕਦਾ, ਪਰ ਉਸ ਨੇ ਊਲ-ਜਲੂਲ ਬੋਲਣ ਵਾਲੀ ਆਪਣੀ ਧਾੜ ਨੂੰ ਰੋਕਿਆ ਨਹੀਂ ਸੀ, ਉਹ ਫਿਰ ਵੀ ਕਿਸਾਨਾਂ ਖਿਲਾਫ਼ ਭੱਦੀ ਤੋਂ ਭੱਦੀ ਗੱਲ ਕਹੀ ਗਏ ਅਤੇ ਅੱਜ ਜਦੋਂ ਪ੍ਰਧਾਨ ਮੰਤਰੀ ਨੇ ਕਦਮ ਪਿੱਛੇ ਖਿੱਚਿਆ ਹੈ ਤਾਂ ਕਿਸਾਨਾਂ ਦਾ ਹੱਠ ਭੁਲਾ ਕੇ ਪ੍ਰਧਾਨ ਮੰਤਰੀ ਦੇ ਸੋਹਲੇ ਗਾ ਰਹੇ ਹਨ।

ਅਸੀਂ ਫਿਰ ਕਹਿੰਦੇ ਹਾਂ ਕਿ 'ਦੇਰ ਆਏ, ਦਰੁਸਤ ਆਏ' ਹੀ ਸਹੀ, ਪ੍ਰਧਾਨ ਮੰਤਰੀ ਨੇ ਆਪਣਾ ਕਦਮ ਪਿੱਛੇ ਖਿੱਚ ਕੇ ਠੀਕ ਕੀਤਾ ਹੈ, ਪਰ ਉਹ ਇਹ ਗੱਲ ਜ਼ਰੂਰ ਸੋਚਣ ਕਿ ਉਨ੍ਹਾਂ ਦੇ ਇਸ ਗਲਤ ਕਦਮ ਨਾਲ ਭਾਰਤ ਅਤੇ ਭਾਰਤੀ ਲੋਕਾਂ ਦਾ ਨੁਕਸਾਨ ਕਿੰਨਾ ਹੋਇਆ ਹੈ? ਇਕ ਛੋਟੇ ਤੋਂ ਛੋਟਾ ਟਰੈਕਟਰ ਦਿੱਲੀ ਤਕ ਗੇੜਾ ਲਾਵੇ ਤਾਂ ਦਸ ਹਜ਼ਾਰ ਰੁਪਏ ਦਾ ਖਰਚ ਹੋਣਾ ਮਾਮੂਲੀ ਗੱਲ ਹੈ, ਵੱਡਾ ਟਰੈਕਟਰ ਵੀਹ ਹਜ਼ਾਰ ਵੀ ਚੱਬ ਜਾਂਦਾ ਹੈ ਤੇ ਉਸ ਦੇ ਟਾਇਰਾਂ ਦੀ ਘਸਾਈ ਇਸ ਤੋਂ ਵੱਖਰਾ ਨੁਕਸਾਨ ਗਿਣੀ ਜਾਵੇਗੀ। ਲੱਖਾਂ ਟਰੈਕਟਰ ਜਦੋਂ ਓਥੇ ਗਏ ਅਤੇ ਵਾਪਸ ਆਏ ਸਨ, ਇਕੱਲੇ ਕਿਸਾਨਾਂ ਦਾ ਨਹੀਂ, ਸਮੁੱਚੇ ਦੇਸ਼ ਦੀ ਆਰਥਿਕਤਾ ਦਾ ਜਿਹੜਾ ਲੱਖਾਂ ਕਰੋੜ ਰੁਪਏ ਦਾ ਨੁਕਸਾਨ ਹੋਇਆ, ਉਹ ਪ੍ਰਧਾਨ ਮੰਤਰੀ ਦੇ ਇਸੇ ਗਲਤ ਕਦਮ ਦਾ ਸਿੱਟਾ ਸੀ। ਇਸ ਸੰਘਰਸ਼ ਦੌਰਾਨ 600 ਤੋਂ ਵੱਧ ਕਿਸਾਨ ਮਾਰੇ ਗਏ ਅਤੇ ਚਾਰ ਜਣੇ ਲਖੀਮਪੁਰ ਵਿਚ ਮਰੇ ਕਹਿਣਾ ਠੀਕ ਨਹੀਂ, ਮਾਰ ਦਿੱਤੇ ਗਏ ਸਨ, ਇਨ੍ਹਾਂ ਸਾਰੀਆਂ ਜਾਨਾਂ ਦਾ ਖੌਅ ਭਾਰਤ ਦੇ ਪ੍ਰਧਾਨ ਮੰਤਰੀ ਦਾ ਗਲਤ ਕਦਮ ਹੀ ਬਣਿਆ ਸੀ। ਉਨ੍ਹਾਂ ਸਾਰਿਆਂ ਦੇ ਵਾਰਸਾਂ ਨੂੰ ਉਨ੍ਹਾਂ ਦੇ ਘਰਾਂ ਦੇ ਪਿਆਰੇ ਜੀਅ ਵਾਪਸ ਕੌਣ ਲਿਆ ਦੇਵੇਗਾ?

ਭਾਜਪਾ ਅਤੇ ਆਰ.ਐੱਸ.ਐੱਸ. ਦੇ ਵਰਕਰਾਂ ਨੂੰ ਅਸੀਂ 'ਹਰ ਹਰ ਮੋਦੀ, ਘਰ ਘਰ ਮੋਦੀ' ਕਹਿੰਦੇ ਵੀ ਸੁਣਿਆ ਹੈ, 'ਨਮੋ-ਨਮੋ' ਦਾ ਜਾਪ ਕਰਦੇ ਵੀ ਸੁਣਿਆ ਤੇ ਇਹ ਕਹਿੰਦੇ ਵੀ ਸੁਣਿਆ ਹੈ ਕਿ 'ਦੇਸ਼ ਕਾ ਨੇਤਾ ਕੈਸਾ ਹੋ, ਨਰਿੰਦਰ ਮੋਦੀ ਜੈਸਾ ਹੋ'। ਕਿਸਾਨਾਂ ਦੇ ਸੰਘਰਸ਼ ਮੌਕੇ ਕਈ ਥਾਵਾਂ ਉੱਤੇ ਉਨ੍ਹਾਂ ਵਿਚੋਂ ਕੁਝ ਨੂੰ ਹੁੰਦੀ 'ਗਿੱਦੜ-ਕੁੱਟ' ਦੀਆਂ ਕਈ ਫੋਟੋਆਂ ਵੀ ਸਾਨੂੰ ਵੇਖਣੀਆਂ ਪਈਆਂ ਤਾਂ ਸਮਾਜੀ ਸੱਭਿਆਚਾਰ ਦੇ ਪੱਖ ਤੋਂ ਸਾਨੂੰ ਚੰਗੀਆਂ ਨਹੀਂ ਸੀ ਲੱਗੀਆਂ, ਪਰ ਪ੍ਰਧਾਨ ਮੰਤਰੀ ਨੂੰ ਉਹ ਫੋਟੋ ਵੇਖਣਾ ਕਿੱਦਾਂ ਦਾ ਲੱਗਾ ਹੋਵੇਗਾ, ਸਾਨੂੰ ਇਸ ਦਾ ਪਤਾ ਨਹੀਂ। ਹੁਸ਼ਿਆਰਪੁਰ ਵਿਚ ਭਾਜਪਾ ਲੀਡਰ ਦੀ ਕੋਠੀ ਦੇ ਵਿਹੜੇ ਵਿਚ ਗੋਹੇ ਦੀ ਟਰਾਲੀ ਲਾਹੀ ਜਾਣਾ ਸਾਨੂੰ ਚੰਗਾ ਨਹੀਂ ਸੀ ਲੱਗਾ ਅਤੇ ਅਸੀਂ ਇਸ ਦੀ ਨਿੰਦਾ ਕਰਨ ਤੋਂ ਨਹੀਂ ਸਾਂ ਝਿਜਕੇ।

ਪੰਜਾਬ ਦੀ ਭਾਜਪਾ ਦੇ ਇਕ ਵਿਧਾਇਕ ਨੂੰ ਮਾਲਵੇ ਦੇ ਇਕ ਕਸਬੇ ਵਿਚ ਕਿਸਾਨਾਂ ਨੇ ਘੇਰ ਕੇ ਉਸ ਨਾਲ ਜਿਹੋ ਜਿਹਾ ਵਿਹਾਰ ਕੀਤਾ, ਸਾਨੂੰ ਉਹ ਵੀ ਚੰਗਾ ਨਹੀਂ ਲੱਗਾ ਤੇ ਅਸੀਂ ਇਸ ਦੀ ਨਿਖੇਧੀ ਕਿਸੇ ਵੀ ਹੋਰ ਤੋਂ ਪਹਿਲਾਂ ਕੀਤੀ ਸੀ। ਅਸੀਂ ਇਨ੍ਹਾਂ ਸਭ ਗੱਲਾਂ ਨੂੰ ਗਲਤ ਮੰਨਿਆ ਤੇ ਕੁਝ ਲੋਕਾਂ ਦੀ ਨਾਰਾਜ਼ਗੀ ਸਹੇੜ ਕੇ ਵੀ ਹੋਰਨਾਂ ਤੋਂ ਪਹਿਲਾਂ ਇਨ੍ਹਾਂ ਹਰਕਤਾਂ ਦੀ ਨਿਖੇਧੀ ਕੀਤੀ ਸੀ, ਪਰ ਅਸੀਂ ਪ੍ਰਧਾਨ ਮੰਤਰੀ ਨੂੰ ਇਹ ਦੱਸਣਾ ਚਾਹੁੰਦੇ ਹਾਂ ਕਿ ਭਾਜਪਾ ਦੇ ਕੁਝ ਲੋਕਾਂ ਨੇ ਸਾਡੇ ਕੋਲ ਮੰਨਿਆ ਹੈ ਕਿ ਉਨ੍ਹਾਂ ਨਾਲ ਹੋਈ ਇਸ ਜੱਗੋਂ-ਤੇਰ੍ਹਵੀਂ ਦੇ ਹਾਲਾਤ ਖੁਦ ਉਨ੍ਹਾਂ ਦੇ ਆਗੂ ਦੀ ਜ਼ਿੱਦ ਨੇ ਬਣਾਏ ਸਨ।

ਜਿਹੜੇ ਲੋਕ ਸਾਡੇ ਕੋਲ ਇਹ ਮੰਨਦੇ ਹਨ ਕਿ ਪ੍ਰਧਾਨ ਮੰਤਰੀ ਦੀ ਜ਼ਿੱਦ ਕਾਰਨ ਉਨ੍ਹਾਂ ਨਾਲ ਇਹ ਕੁਝ ਹੁੰਦਾ ਰਿਹਾ, ਉਹ ਜਦੋਂ ਆਪੋ ਵਿਚ ਬੈਠਦੇ ਹੋਣਗੇ, ਕਿਸੇ ਵਿਆਹ-ਸ਼ਾਦੀ ਜਾਂ ਹੋਰ ਮੌਕੇ ਆਪਣਿਆਂ ਵਿਚ ਜਾਣ ਦਾ ਸਬੱਬ ਬਣ ਜਾਂਦਾ ਹੋਵੇਗਾ, ਇਹ ਗੱਲਾਂ ਓਥੇ ਵੀ ਚੱਲਣਗੀਆਂ ਕਿ ਜਿਹੜੀ ਸਾਡੇ ਨਾਲ ਅੱਜ ਤਕ ਨਹੀਂ ਸੀ ਹੋਈ, ਸਾਡੇ ਨੇਤਾ ਨੇ ਕਰਾ ਦਿੱਤੀ ਹੈ ਅਤੇ ਸਾਡਾ ਜਲੂਸ ਕਢਵਾਉਣ ਪਿੱਛੋਂ ਕਦਮ ਵਾਪਸ ਲੈਂਦਾ ਫਿਰਦਾ ਹੈ। ਬਾਪ-ਦਾਦੇ ਦੇ ਵਕਤਾਂ ਤੋਂ ਪ੍ਰਧਾਨ ਮੰਤਰੀ ਦੀ ਪਾਰਟੀ, ਸਗੋਂ ਇਸ ਪਾਰਟੀ ਦੀ ਮਾਂ-ਪਾਰਟੀ ਜਨ-ਸੰਘ ਨਾਲ ਜੁੜੇ ਆਏ ਇਨ੍ਹਾਂ ਲੋਕਾਂ ਦੇ ਮੂੰਹੋਂ ਫਿਰ ਭਾਵੇਂ ਹਾਸੇ ਵਿਚ ਹੀ ਨਿਕਲੇ, ਇਹ ਨਾਅਰਾ ਤਾਂ ਨਿਕਲਦਾ ਹੋਵੇਗਾ: 'ਦੇਸ਼ ਕਾ ਨੇਤਾ ਕੈਸਾ ਹੋ....!' ਪ੍ਰਧਾਨ ਮੰਤਰੀ ਨੂੰ ਇਹ ਕਹਿਣਾ ਸੌਖਾ ਹੈ ਕਿ ਅਸੀਂ ਇਹ ਕਦਮ ਵਾਪਸ ਲੈ ਲਿਆ ਹੈ, ਪਰ ਜਿਹੜੀ ਨੁਕਸਾਨ ਕਿਸਾਨਾਂ ਦਾ, ਸਾਰੇ ਦੇਸ਼ ਦਾ ਤੇ ਪ੍ਰਧਾਨ ਮੰਤਰੀ ਦੀ ਪਾਰਟੀ ਦੇ ਆਪਣੇ ਇਨ੍ਹਾਂ ਲੋਕਾਂ ਦਾ ਹੋ ਗਿਆ ਹੈ, ਉਸ ਦੀ ਭਰਪਾਈ ਕੌਣ ਕਰੇਗਾ!

....ਤੇ ਗੱਲ ਪ੍ਰਧਾਨ ਮੰਤਰੀ ਜੀ ਏਥੇ ਨਹੀਂ ਮੁੱਕ ਜਾਣੀ। ਅੱਜ ਤਕ ਇਹ ਬੜਾ ਵਹਿਮ ਸੀ ਕਿ ਨਰਿੰਦਰ ਮੋਦੀ ਕਦੇ ਕਦਮ ਚੁੱਕ ਲਵੇ ਤਾਂ ਪੈਰ ਪਿੱਛੇ ਨਹੀਂ ਖਿੱਚਦਾ। ਜਦੋਂ ਉਸ ਨੂੰ ਇਸ ਵਾਰ ਕਦਮ ਪਿੱਛੇ ਖਿੱਚਣਾ ਪਿਆ ਹੈ, ਇਸ ਨਾਲ ਖੁਦ ਉਸ ਦਾ ਆਪਣਾ ਕੱਦ ਵੀ ਇਸ ਹੱਦ ਤਕ ਹੌਲਾ ਹੋ ਗਿਆ ਹੈ ਕਿ ਜਿਹੜੇ ਅੱਜ ਤਕ ਹਰ ਸੱਟ ਚੁੱਪ ਕਰ ਕੇ ਸਹਿੰਦੇ ਆਏ ਸਨ, ਉਹ ਲੋਕ ਵੀ ਕਹਿਣ ਲੱਗੇ ਹਨ ਕਿ ਇਸ ਪ੍ਰਧਾਨ ਮੰਤਰੀ ਨੂੰ ਝੁਕਾਇਆ ਜਾ ਸਕਦਾ ਹੈ। ਜੰਮੂ-ਕਸ਼ਮੀਰ ਵਾਲਿਆਂ ਨੇ ਧਾਰਾ ਤਿੰਨ ਸੌ ਸੱਤਰ ਤੋੜਨੀ ਜਰ ਲਈ ਸੀ, ਇਕੱਠਾ ਰਾਜ ਤੋੜਨਾ ਅਤੇ ਦੋ ਬਣਾ ਕੇ ਰਾਜ ਦਾ ਦਰਜਾ ਵੀ ਖਤਮ ਕਰਨਾ ਜਰ ਲਿਆ ਸੀ, ਕਿਉਂਕਿ ਇਸ ਪ੍ਰਧਾਨ ਮੰਤਰੀ ਨੂੰ 'ਦੂਸਰਾ ਸਰਦਾਰ ਪਟੇਲ' ਆਖਿਆ ਅਤੇ ਪ੍ਰਚਾਰਿਆ ਜਾਂਦਾ ਸੀ, ਪਰ ਕਿਸਾਨੀ ਨਾਲ ਮੱਥਾ ਲਾ ਕੇ ਇਕ ਸਾਲ ਗਰਕ ਕਰਨ ਦੇ ਨਤੀਜੇ ਨੇ ਉਹ ਪ੍ਰਭਾਵ ਵੀ ਨਹੀਂ ਛੱਡਿਆ। ਇਨ੍ਹਾਂ ਹਾਲਾਤ ਵਿਚ ਪ੍ਰਧਾਨ ਮੰਤਰੀ ਨੂੰ ਇਹੋ ਸਲਾਹ ਦਿੱਤੀ ਜਾ ਸਕਦੀ ਹੈ: 'ਆਗੇ ਸਮਝ ਚਲੋ ਨੰਦ ਲਾਲਾ, ਜੋ ਬੀਤੀ ਸੋ ਬੀਤੀ।'

## ਬੀ.ਐਸ.ਐਫ- ਪੰਜਾਬ

ਵੈਰੀ ਬਣੀ ਹੈ ਪੰਜਾਬ ਦੀ ਤਾਂ
ਦਿੱਲੀ ਕਈ ਵਾਰੀ,
ਨਵਾਂ ਕੱਢ ਲਿਆ ਬਹਾਨਾ
ਪਿੱਟੀ ਦੁਨੀਆਂ ਤਾਂ ਸਾਰੀ,
ਤਾਂ ਹੀ ਸਾਰੇ ਹੀ ਪੰਜਾਬ ਦੀ ਤਾਂ
ਪਈ ਮੱਤ ਮਾਰੀ।
ਕੀਤਾ ਜਦੋਂ ਸੀ ਐਲਾਨ,
ਹੋਏ ਸਾਰੇ ਹੀ ਹੈਰਾਨ
ਦੋਸ਼ ਝੂਠਾ ਮੂਠਾ ਸਾਡੇ ਸਿਰ ਮੜ੍ਹ ਦੇਣਗੇ,
ਕਿਵੇਂ ਫੌਜ ਦੇ ਹਵਾਲੇ,
ਅੱਧਾ ਕਰਤਾ ਪੰਜਾਬ
ਜਿਹੜਾ ਰਹਿੰਦਾ ਉਹ ਵੀ
ਕਿਸੇ ਦਿਨ ਕਰ ਦੇਣਗੇ।

ਅਸੀਂ ਭੁੱਲੇ ਨਹੀਂ ਚੁਰਾਸੀ ਵਿਚ
ਕੀ ਕੁਝ ਕੀਤਾ,
ਲੈ ਕੇ ਫੌਜ ਦਾ ਸਹਾਰਾ
ਇਨ੍ਹਾਂ ਲਹੂ ਸਾਡਾ ਪੀਤਾ,
ਜਿਹੜਾ ਉਠਾਉਂਦਾ ਸੀ ਆਵਾਜ਼
ਉਹਦਾ ਮੂੰਹ ਪਹਿਲਾਂ ਸੀਤਾ,
ਹੁਣ ਲੱਗਣੀ ਦੇਰੀ ਇੱਥੇ ਝੁੱਲਣੀ ਹਨੇਰੀ,
ਜੇਲ੍ਹਾਂ ਮਾਵਾਂ ਦੇ ਬੇਗਾਨੇ ਪੁੱਤ ਭਰ ਦੇਣਗੇ,
ਫੌਜ ਦੇ ਹਵਾਲੇ
ਅੱਧਾ ਕਰਤਾ ਪੰਜਾਬ ਜਿਹੜਾ...

ਇਹ ਤਾਂ ਸਾਡੀ ਢਿੱਲ

## ਗੀਤ

ਅਸੀਂ ਦਿੱਤੇ ਬੜੇ ਮੌਕੇ,
ਤਾਂ ਹੀ ਤਾਂ ਪੰਜਾਬ ਦੇ ਨੇ
ਲੋਕ ਕਿਵੇਂ ਔਖੇ,
ਲੈ ਕੇ ਦਿੱਤੀ ਹੈ ਆਜ਼ਾਦੀ
ਪਰ ਆਪ ਹੋ ਗਏ ਸੌਖੇ,
ਕੁਝ ਕਿਸੇ ਦੇ ਨੀਂ ਯਾਦ
ਸਾਨੂੰ ਕੀਤਾ ਬਰਬਾਦ,
ਹੋਰ ਕਿੰਨਾ ਕੁ ਜ਼ੁਲਮ ਲੋਕੀਂ ਜਰ ਲੈਣਗੇ,
ਫੌਜ ਦੇ ਹਵਾਲੇ
ਅੱਧਾ ਕਰਤਾ ਪੰਜਾਬ ਜਿਹੜਾ...

ਕੀਤਾ ਬੇੜਾ ਗਰਕ
ਸਾਡਾ ਭੱਠਾ ਬਹਿ ਗਿਆ,
ਦੇਵ ਘੋਲੀਏ ਦਾ
ਸੱਚੀ ਗੱਲ ਮੂੰਹ 'ਤੇ ਕਹਿ ਗਿਆ
ਸਾਡਾ ਛੱਡਿਆ ਨੀਂ ਕੱਖ,
ਦੱਸੋ ਕੀ ਰਹਿ ਗਿਆ
ਹੁਣ ਹੋਣਾ ਪੈਣਾ ਇਕੱਠੇ,
ਇਹ ਤਾਂ ਜਾਣਗੇ ਨੱਠੇ
ਜਦੋਂ ਲੋਕ ਤਾਂ ਤਲੀ 'ਤੇ ਸੀਸ ਧਰ ਲੈਣਗੇ।
ਇਨ੍ਹਾਂ ਫੌਜ ਦੇ ਹਵਾਲੇ
ਅੱਧਾ ਕਰਤਾ ਪੰਜਾਬ,
ਜਿਹੜਾ ਰਹਿੰਦਾ
ਉਹ ਵੀ ਕਿਸੇ ਦਿਨ ਕਰ ਦੇਣਗੇ।

*-ਦੇਵ ਘੋਲੀਆ ਖੁਰਦ (ਫਰਿਜ਼ਨੋ)*
*ਫੋਨ: 559-232-7764*

## ਸਾਂਝਾ ਪੰਜਾਬ

ਵਗਦੇ ਸੀ ਚਾਂਦੀ ਰੰਗੇ,
ਜਿੱਥੇ ਝਨਾ ਤੇ ਚਨਾਬ।
ਜੇਹਲਮ, ਸਤਲੁਜ, ਰਾਵੀ,
ਕਦੇ ਹੁੰਦਾ ਸੀ ਪੰਜਾਬ।

ਪੋਠੋਹਾਰ ਝੰਗ ਸਾਂਦਲ,
ਨਰਮੇ ਲੱਦੀ ਸੀ ਬਾਰਾਂ।
ਛੈਲ-ਛਬੀਲੇ ਅਣਖੀਲੇ,
ਤੇ ਮਾਰਦੇ ਸੀ ਟਾਹਰਾਂ।

'ਕੱਠੇ ਵਸਦੇ ਸੀ ਘੁੱਗ,
ਰਲ ਮਾਰਦੇ ਸੀ ਮਾਰਾਂ।
ਖਾਣਾ ਪੀਣਾ ਸੀ ਸਾਂਝਾ,
ਹੰਢਾਉਂਦੇ ਸੀ ਬਹਾਰਾਂ।

ਦੁੱਖ-ਸੁੱਖ ਸੀ ਸਾਡੇ ਸਾਂਝੇ,
ਜੰਮਣੇ-ਮਰਨੇ ਦੇ ਸੁਦ।
ਜਿੱਤਾਂ-ਹਾਰਾਂ ਸੀ ਮਨਾਂਦੇ,
ਬਹਿੰਦੇ ਹੁੱਬ-ਹੁੱਬ ਖੁਦ।

ਗਾਏ ਮਿਰਜ਼ਾ-ਸਾਹਿਬਾਂ,
ਹੀਰ-ਸਿਆਲ ਦੇ ਕਿੱਸੇ।
ਹੰਢਾਏ ਦੁੱਖ ਸੱਸੀ-ਪੁਨੂੰ,
ਸੋਹਣੀ-ਮਹੀਂਵਾਲ ਹਿੱਸੇ।

ਕਾਫ਼ੀ ਹੁਸੈਨ, ਬੁੱਲ੍ਹੇ ਸ਼ਾਹ,
ਸ਼ਾਹ ਮੁਹੰਮਦ ਦੀ ਵਾਰ।
ਹੀਰ ਵਾਰਸ ਸ਼ਾਹ ਯਾਰੋ,
ਪੰਜਾਬੀ ਦਾ ਪਿਆਰ।

ਜੋਗੀਆਂ, ਪੀਰਾਂ-ਫਕੀਰਾਂ,
ਗੁਰੂਆਂ ਦੀ ਹੈ ਧਰਤੀ।
ਹੈ ਰਾਖੀ ਹਿੰਦੋਸਤਾਨ ਦੀ,
ਜ਼ੁਲਮ ਕਦੇ ਨਾ ਜਰਦੀ।

ਬਾਬਾ ਨਾਨਕ ਪਿਆਰਾ,
ਵੰਡੇ ਨਾਮ ਦੇ ਪਿਆਲੇ।
ਸਰਬ ਧਰਮਾਂ ਦਾ ਸਾਂਝਾ,
ਹੈਗਾ ਸਰਬੰਸ ਦਿਆਲੇ।

ਮਸਜਿਦ, ਮੰਦਰ ਪੂਜਦੇ,
ਠਾਕੁਰ ਸ਼ਿਵਦੁਆਲੇ।
ਜਾਂਦੇ ਰੋਜ਼ ਗੁਰਦੁਆਰੇ,
ਪਰਿਕਰਮਾ ਗ੍ਰੰਥ ਦੁਆਲੇ।

ਰਣਜੀਤ ਸਿੰਘ ਦਾ ਰਾਜ,
ਸੀਗਾ ਏਕਤਾ ਦਾ ਮੁੱਢ।
ਬੜ੍ਹਕ ਸੁਣ ਫਿਰ ਸਾਡੀ,
ਵੈਰੀ ਵੜ ਜਾਂਦੇ ਖੁੱਡ।
ਹਿੰਦੂ ਸਿੱਖ ਤੇ ਮੁਸਲਿਮ,
ਵਸਦੇ ਅਮਨ ਤੇ ਚੈਨ।
ਨਾ ਸੀ ਚੋਰੀ ਸੀਨਾ ਜ਼ੋਰੀ,
ਨਿਸ਼ਚਿੰਤ ਦਿਨ ਰੈਨ।

ਫਿਰ ਆਣ ਕੇ ਫਿਰੰਗੀ,
ਤੱਕਲਾ ਸੇਹ ਦਿੱਤਾ ਗੱਡ।

## ਕਾਵਿ ਕਿਆਰੀ

ਮਰੇ ਭਾਈਆਂ ਹੱਥੋਂ ਭਾਈ,
ਲਾਲਚਾਂ ਨੇ ਕੱਟ ਵੱਢ।

ਖੁਸ ਗਿਆ ਫਿਰ ਯਾਰੋ,
ਕਹਿੰਦੇ ਸਾਡਾ ਸਵਰਾਜ।
ਪੰਜਾਬੀ ਹੋ ਗਏ ਗੁਲਾਮ,
ਫਾਹੇ ਆਣ ਸਾਮਰਾਜ।

ਲੜੇ ਆਜ਼ਾਦੀ ਦੀ ਲੜਾਈ,
ਰਲ ਫਾਂਸੀ ਰੱਸੇ ਚੁੰਮੇ।
ਹੋ ਕੇ ਇਕੱਠਿਆਂ ਨਿਭਾਏ,
ਫਰਜ਼ ਜੋ ਲੱਗੇ ਜੁੰਮੇ।

ਖ਼ੂਨੀ ਦੌਰ ਪਾਇਆ ਗਲ਼,
ਵੱਢ-ਵੱਢ ਲਾਏ ਢੇਰ।
ਲੁੱਟੇ-ਪੁੱਟੇ ਛੱਡੇ ਘਰ ਬਾਰ,
ਕੰਗਾਲੀ ਲਿਆ ਘੇਰ।

ਲੈ ਲਈ ਲੰਗੜੀ ਅਜ਼ਾਦੀ,
ਸਣੇ ਫਿਰਕਾਪ੍ਰਸਤੀ।
ਬਣਾਏ ਲਾਠੀਆਂ ਦੇ ਗਜ਼,
ਲੁੱਟੀ ਨੇਤਾਵਾਂ ਮਸਤੀ।

*-ਸੇਵਾ ਸਿੰਘ 'ਨੂਰਪਰੀ'*

# ਖੇਤੀ ਕਾਨੂੰਨਾਂ ਵਿਚੋਂ ਕਾਲਾ ਤਲਾਸ਼ਦਿਆਂ-2

## ਸੀਨੀਅਰ ਐਡਵੋਕੇਟ ਜੋਗਿੰਦਰ ਸਿੰਘ ਤੂਰ ਦੇ ਕਿਤਾਬਚੇ 'ਖੇਤੀ ਕਾਨੂੰਨਾਂ ਵਿਚ ਕਾਲਾ ਕੀ ਹੈ?' ਦੀ ਪੁਣਛਾਣ

***ਭਾਰਤ ਦੇ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਨੇ ਭਾਵੇਂ ਤਿੰਨ ਖੇਤੀ ਕਾਨੂੰਨ ਰੱਦ ਕਰਨ ਦਾ ਐਲਾਨ ਕਰ ਦਿੱਤਾ ਹੈ ਪਰ ਉਹ ਇਨ੍ਹਾਂ ਕਾਨੂੰਨਾਂ ਨੂੰ ਅਜੇ ਵੀ ਕਿਸਾਨ ਪੱਖੀ ਆਖ ਰਹੇ ਹਨ ਅਤੇ ਉਨ੍ਹਾਂ ਸਾਫ ਆਖਿਆ ਹੈ ਕਿ ਉਹ ਕਿਸਾਨਾਂ ਨੂੰ ਇਨ੍ਹਾਂ ਕਿਸਾਨਾਂ ਦੇ ਫਾਇਦੇ ਸਮਝਾਉਣ ਵਿਚ ਨਾਕਾਮ ਰਹੇ ਹਨ। ਕਿਸਾਨ ਜਥੇਬੰਦੀਆਂ ਨੇ ਇਨ੍ਹਾਂ ਕਾਨੂੰਨਾਂ ਖਿਲਾਫ ਤਕਰੀਬਨ ਡੇਢ ਸਾਲ ਤੋਂ ਅੰਦੋਲਨ ਵਿੱਢਿਆ ਸੀ। ਇਸ ਦੌਰਾਨ ਕਿਸਾਨਾਂ ਨੂੰ ਦਿੱਲੀ ਬਾਰਡਰਾਂ 'ਤੇ ਬੈਠਿਆਂ ਨੂੰ ਪੂਰਾ ਇਕ ਸਾਲ ਹੋ ਗਿਆ ਹੈ। ਇਨ੍ਹਾਂ ਕਾਨੂੰਨਾਂ ਦੀਆਂ ਚੋਰ-ਮੋਰੀਆਂ ਰਾਹੀਂ ਕੇਂਦਰ ਸਰਕਾਰ ਨੇ ਜਿਸ ਤਰ੍ਹਾਂ ਸੂਬਿਆਂ ਦੇ ਹੱਕਾਂ ਅਤੇ ਕਿਸਾਨਾਂ ਉਤੇ ਡਾਕਾ ਮਾਰਨ ਦਾ ਯਤਨ ਕੀਤਾ, ਉਸ ਬਾਰੇ ਵੱਖ-ਵੱਖ ਵਿਦਵਾਨਾਂ ਨੇ ਗਾਹੇ-ਬਗਾਹੇ ਆਪਣੇ ਵਿਚਾਰ ਰੱਖੇ ਹਨ। ਅਜਿਹੇ ਹੀ ਵਿਚਾਰ ਪੰਜਾਬ ਤੇ ਹਰਿਆਣਾ ਹਾਈਕੋਰਟ ਦੇ ਸੀਨੀਅਰ ਐਡਵੋਕੇਟ ਸ. ਜੋਗਿੰਦਰ ਸਿੰਘ ਤੂਰ ਨੇ ਆਪਣੇ ਕਿਤਾਬਚੇ 'ਖੇਤੀ ਕਾਨੂੰਨਾਂ ਵਿਚ ਕਾਲਾ ਕੀ ਹੈ?' ਵਿਚ ਦਰਜ ਕੀਤੇ ਹਨ। ਕੈਨੇਡਾ ਵੱਸਦੇ ਪੱਤਰਕਾਰ ਬਲਰਾਜ ਦਿਓਲ ਨੇ ਇਸ ਕਿਤਾਬਚੇ ਦੀ ਚੀਰਫਾੜ ਕਰਦਾ ਲੰਮਾ ਲੇਖ 'ਪੰਜਾਬ ਟਾਈਮਜ਼' ਲਈ ਭੇਜਿਆ ਸੀ ਜਿਸ ਦਾ ਪਹਿਲਾਂ ਭਾਗ ਅਸੀਂ ਅੰਕ ਨੰਬਰ 46 (13 ਨਵੰਬਰ, 2021) ਵਿਚ ਛਾਪਿਆ ਸੀ। ਕੁਝ ਤਕਨੀਨੀ ਕਾਰਨਾਂ ਕਰਕੇ ਲੇਖ ਦਾ ਦੂਜਾ ਭਾਗ ਪਿਛਲੇ ਅੰਕ ਵਿਚ ਛਪ ਨਹੀਂ ਸਕਿਆ। ਇਹ ਦੂਜਾ ਭਾਗ ਹੁਣ ਛਾਪਿਆ ਜਾ ਰਿਹਾ ਹੈ।***



**ਬਲਰਾਜ ਦਿਓਲ**
**ਫੋਨ: 905-793-5072**
**balrajdeol@rogers.com**

ਆਪਣੇ ਕਿਤਾਬਚੇ 'ਖੇਤੀ ਕਾਨੂੰਨਾਂ ਵਿਚ ਕਾਲਾ ਕੀ ਹੈ?' ਦੇ ਸਫਾ 29 ਉੱਤੇ ਐਡਵੋਕੇਟ ਜੋਗਿੰਦਰ ਸਿੰਘ ਤੂਰ ਸਿਰਲੇਖ 'ਕਿਸਾਨ ਕਾਨੂੰਨ ਵਿਚ ਸੋਧਾਂ ਨੂੰ ਕਿਉਂ ਨਹੀਂ ਮੰਨ ਰਹੇ' ਵਿਚ ਇਸ ਦੇ ਕਾਰਨ ਦੱਸਦੇ ਹਨ। ਉਹਨਾਂ ਦਾ ਤਰਕ ਹੈ ਕਿ ਅਗਰ ਕਿਸਾਨ ਇਹਨਾਂ ਕਾਨੂੰਨਾਂ ਵਿਚ ਸੋਧਾਂ ਕਰਵਾਉਣਾ ਮੰਨ ਜਾਣ ਤਾਂ ਇਸ ਨਾਲ ਕੇਂਦਰ ਸਰਕਾਰ ਦਾ ਅਧਿਕਾਰ ਪ੍ਰਵਾਨ ਕਰ ਲੈਣਗੇ ਜਦਕਿ ਕੇਂਦਰ ਕੋਲ ਇਸ ਮੁੱਦੇ ਉੱਤੇ ਕਾਨੂੰਨ ਬਣਾਉਣ ਦਾ ਹੱਕ ਹੀ ਨਹੀਂ ਹੈ। ਉਹ ਕਹਿੰਦੇ ਹਨ ਕਿ ਦੋ ਨੰਬਰ ਲਿਸਟ ਦੀ ਮੱਦ 14 ਅਤੇ ਮੱਦ 33 ਵਿਚ ਕੇਂਦਰ ਨੂੰ ਅਨਾਜ ਅਤੇ ਖੇਤੀ ਬਾਰੇ ਕਾਨੂੰਨ ਬਣਾਉਣ ਦਾ ਹੱਕ ਨਹੀਂ ਹੈ; ਭਾਵ ਇਹ ਹੱਕ ਸੂਬਿਆਂ ਕੋਲ ਹੈ ਅਤੇ ਅਗਰ ਕਿਸਾਨ ਸੋਧਾਂ ਮੰਨ ਲੈਣ ਤਾਂ ਉਹ ਇਸ ਖੇਤਰ ਉੱਤੇ ਕੇਂਦਰ ਦਾ ਹੱਕ ਤਸਲੀਮ ਕਰ ਰਹੇ ਹੋਣਗੇ ਅਤੇ ਰਾਜ ਸਰਕਾਰਾਂ ਦਾ ਇਸ ਖੇਤਰ 'ਤੇ ਅਧਿਕਾਰ ਖੇਤਰ ਖਤਮ ਹੋ ਜਾਵੇਗਾ। ਕਮਾਲ ਦਾ 'ਕਾਨੂੰਨੀ' ਨੁਕਤਾ ਦੱਸ ਰਹੇ ਹਨ ਐਡਵੋਕੇਟ ਤੂਰ। ਕੇਂਦਰ ਕਥਿਤ ਤੌਰ 'ਤੇ ਸੂਬਿਆਂ ਦੇ ਅਧਿਕਾਰ ਖੇਤਰ ਉੱਤੇ ਕਬਜ਼ਾ ਕਰ ਰਿਹਾ ਹੈ ਅਤੇ ਅਗਰ ਕਿਸਾਨ ਸੋਧਾਂ ਮੰਨ ਜਾਣ ਤਾਂ ਕੇਂਦਰ ਦਾ ਇਸ ਖੇਤਰ ਉੱਤੇ ਕਬਜ਼ਾ ਪੱਕਾ ਹੋ ਜਾਵੇਗਾ।

ਅਗਰ ਸ. ਤੂਰ ਦੇ ਗੁਆਂਢੀ ਦੇ ਘਰ ਉੱਤੇ ਮੈਂ ਜਾ ਕੇ ਕਬਜ਼ਾ ਕਰ ਲਵਾਂ ਅਤੇ ਸ. ਤੂਰ ਇਸ ਗੈਰ-ਕਾਨੂੰਨੀ ਕਬਜ਼ੇ ਨੂੰ ਚੁਣੌਤੀ ਨਾ ਦੇਣ ਤਾਂ ਅਸਲ ਮਾਲਕ (ਗੁਆਂਢੀ) ਦਾ ਆਪਣੇ ਘਰ ਉੱਤੇ ਹੱਕ ਖਤਮ ਹੋ ਜਾਵੇਗਾ ਅਤੇ ਮੇਰਾ ਨਾਜਾਇਜ਼ ਕਬਜ਼ਾ ਜਾਇਜ਼ ਹੋ ਜਾਵੇਗਾ? ਕੀ ਅਜਿਹਾ ਹੋ ਸਕਦਾ ਹੈ? ਸ. ਤੂਰ ਦਾ ਗੁਆਂਢੀ ਜਿਸ ਦੇ ਘਰ ਉੱਤੇ ਕਬਜ਼ਾ ਕੀਤਾ ਗਿਆ, ਚਾਰਾਜੋਈ ਜਾਂ ਚੁਣੌਤੀ ਤਾਂ ਉਸ ਨੂੰ ਦੇਣੀ ਪਵੇਗੀ। ਸ. ਤੂਰ ਉਸ ਦੀ ਮਦਦ ਕਰ ਸਕਦੇ ਹਨ, ਗਵਾਹ ਬਣ ਸਕਦੇ ਹਨ ਕਿ ਉਹ ਅਸਲ ਮਾਲਕ ਹੈ ਅਤੇ ਬਲਰਾਜ ਨਾਮ ਦੇ ਬੰਦੇ ਨੇ ਨਾਜਾਇਜ਼ ਕਬਜ਼ਾ ਕਰ ਲਿਆ ਹੈ। ਇਹ ਤਾਂ ਮੁਦਈ ਸੁਸਤ ਅਤੇ ਗਵਾਹ ਚੁਸਤ ਵਾਲੀ ਗੱਲ ਹੈ।

ਜਾਂ ਹੋ ਸਕਦਾ ਹੈ ਕਿ ਉਹਨਾਂ ਦੇ ਗੁਆਂਢੀ ਨੇ ਮਰਜ਼ੀ ਨਾਲ ਜਾਂ ਮਜਬੂਰੀ ਵੱਸ ਘਰ ਦੀ ਅੰਦਰਖਾਤੇ ਕੀਮਤ ਵਸੂਲ ਲਈ ਹੋਵੇ ਪਰ ਸ. ਤੂਰ ਵਰਗੇ ਗੁਆਂਢੀਆਂ ਨੂੰ ਗੱਪ ਮਾਰ ਦਿੱਤੀ ਹੋਵੇ ਕਿ ਫਲਾਣੇ ਨੇ ਉਹਨਾਂ ਦੇ ਘਰ ਜਾਂ ਪ੍ਰਾਪਰਟੀ ਉੱਤੇ ਕਬਜ਼ਾ ਕਰ ਲਿਆ ਹੈ। ਕੀ ਵਿਰੋਧ ਕਰ ਰਹੇ ਕਿਸਾਨਾਂ ਨਾਲ ਖੜ੍ਹਨ ਦੀ ਦੁਹਾਈ ਦੇਣ ਵਾਲੀਆਂ ਰਾਜ ਸਰਕਾਰਾਂ ਕਿਤੇ ਸਿਆਸਤ ਤਾਂ ਨਹੀਂ ਖੇਡ ਰਹੀਆਂ? ਇਹ ਸਵਾਲ ਦੁਬਾਰਾ ਖੜ੍ਹਾ ਕਰਨਾ ਬਣਦਾ ਹੈ ਕਿ ਅਜਿਹੀਆਂ ਰਾਜ ਸਰਕਾਰਾਂ ਵਲੋਂ ਕੇਂਦਰ ਦੇ ਇਹਨਾਂ ਤਿੰਨ ਕਥਿਤ ਗੈਰ ਵਿਧਾਨਕ ਕਾਨੂੰਨਾਂ ਨੂੰ ਸੁਪਰੀਮ ਕੋਰਟ ਵਿਚ ਅੱਜ ਤੱਕ ਚੁਣੌਤੀ ਕਿਉਂ ਨਹੀਂ ਦਿੱਤੀ ਗਈ? ਇਸੇ ਸਫੇ ਉੱਤੇ ਐਡਵੋਕੇਟ ਤੂਰ ਇਹ ਵੀ ਲਿਖਦੇ ਹਨ ਕਿ ਕੇਂਦਰ ਸਰਕਾਰ ਨੇ ਮੰਨ ਲਿਆ ਹੈ ਕਿ ਕਾਨੂੰਨਾਂ ਵਿਚ ਖਾਮੀਆਂ ਹਨ। ਉਹ ਲਿਖਦੇ ਹਨ, "ਕੇਂਦਰ ਸਰਕਾਰ ਵੀ ਮੰਨ ਚੁੱਕੀ ਹੈ ਕਿ ਇਹਨਾਂ ਕਾਨੂੰਨਾਂ ਵਿਚ ਬਹੁਤ ਖਾਮੀਆਂ ਹਨ ਤੇ ਸੁਝਾਅ ਦੇ ਰਹੀ ਹੈ ਕਿ ਸੋਧਾਂ ਕਰਕੇ ਇਹ ਖਾਮੀਆਂ ਦੂਰ ਕੀਤੀਆਂ ਜਾ ਸਕਦੀਆਂ ਹਨ।" ਇਹ ਕਥਨ ਸੱਚ ਨਹੀਂ ਹੈ ਅਤੇ ਰਾਜੇਵਾਲ ਬਰਾਂਡ ਦੇ ਕਈ ਕਿਸਾਨ ਆਗੂ ਵੀ 9-10 ਮਹੀਨਿਆਂ ਤੋਂ ਇਹ ਟਵਿਸਟ ਦਿੰਦੇ ਆ ਰਹੇ ਹਨ। ਕੇਂਦਰ ਸਰਕਾਰ ਨੇ ਕਦੇ ਨਹੀਂ ਮੰਨਿਆ ਕਿ ਇਹਨਾਂ ਕਾਨੂੰਨਾਂ ਵਿਚ ਬਹੁਤ ਖਾਮੀਆਂ ਰਹਿ ਗਈਆਂ ਹਨ। ਇਹ ਚਿੱਟਾ ਝੂਠ ਹੈ। ਕੇਂਦਰ ਸਰਕਾਰ ਨੇ ਜਨਤਕ ਤੌਰ ਉੱਤੇ ਇਹ ਗੱਲ ਵਾਰ-ਵਾਰ ਕਹੀ ਹੈ ਕਿ ਕਿਸਾਨ ਜੋ ਖਾਮੀਆਂ ਮਹਿਸੂਸ ਕਰਦੇ ਹਨ, ਇਕ ਇਕ ਮੱਦ ਦੇ ਆਧਾਰ 'ਤੇ ਸਰਕਾਰ ਦੇ ਧਿਆਨ ਵਿਚ ਲਿਆਉਣ ਜਾਂ ਦੱਸਣ, ਸਰਕਾਰ ਉਹਨਾਂ ਦਾ ਪੱਖ ਧਿਆਨ ਨਾਲ ਸੁਣੇਗੀ ਅਤੇ ਸਰਕਾਰ ਲੋੜ ਮੁਤਾਬਿਕ ਸੋਧਾਂ ਕਰਨ ਨੂੰ ਵੀ ਤਿਆਰ ਹੈ। ਖੁਦ ਹੀ 'ਬਹੁਤ ਖਾਮੀਆਂ' ਦਾ ਅਹਿਸਾਸ ਕਰਨਾ ਅਤੇ ਵਿਰੋਧ ਕਰਨ ਵਾਲੇ ਤੋਂ 'ਇਕ ਇਕ ਮੱਦ ਮੁਤਾਬਿਕ' ਖਾਮੀਆਂ ਬਾਰੇ ਪੁੱਛਣਾ ਬਿੱਲਕੁਲ ਦੋ ਵੱਖ-ਵੱਖ ਗੱਲਾਂ ਹਨ।



ਕਿਸਾਨ ਆਗੂਆਂ ਨੇ ਗ੍ਰਹਿ ਮੰਤਰੀ ਅਮਿਤ ਸ਼ਾਹ ਨਾਲ ਮੁਲਾਕਾਤ ਪਿੱਛੋਂ ਇਹ ਫੜ੍ਹ ਮਾਰੀ ਸੀ ਕਿ ਅਮਿਤ ਸ਼ਾਹ ਨੇ ਕਿਹਾ ਹੈ ਕਿ ਕਾਨੂੰਨਾਂ ਦਾ 'ਖਾਲੀ ਡੱਬ ਰਹਿਣ ਦਿਓ, ਮਠਿਆਈ ਤੁਸੀਂ ਸਾਰੀ ਕੱਢ ਲਵੋ'। ਕੁਝ ਕੁ ਨੇ ਇਹ ਵੀ ਕਿਹਾ ਸੀ ਕਿ ਸਰਕਾਰ ਕਹਿੰਦੀ ਹੈ ਸਾਡੀ ਇੱਜ਼ਤ ਰੱਖ ਲਓ। ਜਾਪਦਾ ਹੈ, ਗ੍ਰਹਿ ਮੰਤਰੀ ਨੇ ਮਸਲਾ ਹੱਲ ਕਰਨ ਲਈ ਕਿਸਾਨ ਆਗੂਆਂ ਦੇ ਵਫਦ ਨਾਲ ਬਹੁਤ ਭਿੱਜ ਕੇ ਗੱਲਬਾਤ ਕੀਤੀ ਸੀ ਅਤੇ 'ਅਪਣੱਤ ਭਰੀ' ਭਾਸ਼ਾ ਵਰਤੀ ਸੀ ਪਰ ਕਿਸਾਨ ਆਗੂਆਂ ਨੇ ਇਸ ਦੇ ਅਰਥ ਵੱਖਰੇ ਹੀ ਨਹੀਂ ਕੱਢੇ ਸਗੋਂ ਅਜਿਹੇ ਲੋਕਾਂ ਦੀ ਬੋਲੀ ਬੋਲਣ ਲੱਗ ਪਏ ਜੋ ਸਟੇਜਾਂ ਤੋਂ ਆਖਦੇ ਹੁੰਦੇ ਸਨ ਕਿ ਸਰਕਾਰ ਤਾਂ ਗੋਡਿਆਂ ਭਾਰ ਹੋਈ ਪਈ ਹੈ। ਇਸ ਚੈਪਟਰ ਵਿਚ ਵੀ 'ਕਾਨੂੰਨਾਂ ਵਿਚ ਕਾਲਾ ਕੀ ਹੈ' ਬਾਰੇ ਕੁਝ ਨਹੀਂ ਦੱਸਿਆ ਗਿਆ ਅਤੇ ਹਨੇਰੇ ਵਿਚ ਹੀ ਤੀਰ ਮਾਰੇ ਗਏ ਹਨ। ਇੰਝ ਸਫਾ 29 ਵੀ ਕਥਿਤ 'ਕਾਲਾ' ਨੰਗਾ ਨਹੀਂ ਕਰ ਸਕਿਆ ਅਤੇ ਇਸ ਨੂੰ ਬਚਦੇ 14 ਸਫਿਆਂ ਵਿਚੋਂ ਮਨਫੀ ਕਰਨ ਨਾਲ ਬਾਕੀ 13 ਸਫੇ ਬਚੇ ਹਨ।

ਕਿਤਾਬਚੇ ਦੇ ਸਫਾ 17 ਅਤੇ 18 ਉੱਤੇ 'ਮੰਡੀਕਰਨ ਦਾ ਪਿਛੋਕੜ' ਅੰਗਰੇਜ਼ਾਂ ਦੇ ਵੇਲੇ ਤੋਂ ਸਰ ਛੋਟੂ ਰਾਮ ਤੱਕ ਦੱਸਿਆ ਗਿਆ ਹੈ ਅਤੇ ਇਹਨਾਂ ਤਿੰਨ ਕਾਨੂੰਨਾਂ ਨਾਲ ਮੰਡੀਕਰਨ ਖਤਮ ਕਰਨ ਦਾ ਖਦਸ਼ਾ ਪ੍ਰਗਟ ਕੀਤਾ ਗਿਆ ਹੈ ਜਿਸ ਨੂੰ ਏ.ਪੀ.ਐਮ.ਸੀ. ਵੀ ਆਖਦੇ ਹਨ। ਏ.ਪੀ.ਐਮ.ਸੀ. (ਮੰਡੀਕਰਨ) ਕਾਨੂੰਨ ਰਾਜਾਂ ਦੇ ਆਪਣੇ ਆਪਣੇ ਹਨ ਅਤੇ ਕੇਂਦਰ ਕੋਲ ਮੰਡੀਕਰਨ ਨੂੰ ਖਤਮ ਕਰਨ ਦੀ ਤਾਕਤ ਹੀ ਨਹੀਂ ਹੈ। ਇਹਨਾਂ ਤਿੰਨ ਕਾਨੂੰਨਾਂ ਹੇਠ ਮੰਡੀਕਰਨ ਨੂੰ ਖਤਮ ਨਹੀਂ ਕੀਤਾ ਗਿਆ ਸਗੋਂ ਕਿਸਾਨਾਂ ਨੂੰ ਮੰਡੀਕਰਨ ਦੇ ਨਾਲ-ਨਾਲ ਹੋਰ ਬਦਲ ਦਿੱਤੇ ਗਏ ਹਨ। ਕਿਸਾਨ ਮੰਡੀਕਰਨ ਜਾਂ ਨਵੇਂ ਬਦਲ ਸਵੈ ਇੱਛਾ ਨਾਲ ਵਰਤਣ ਜਾਂ ਨਾ ਵਰਤਣ ਦਾ ਹੱਕ ਰੱਖਦੇ ਹਨ। ਜੋ ਕਿਸਾਨ ਮੰਡੀਕਰਨ ਨੂੰ ਅੱਛਾ ਸਮਝਦਾ ਹੈ ਅਤੇ ਉਤਪਾਦ ਵੇਚਣ ਲਈ ਨਵੇਂ ਸੁਲਝਾਏ ਗਏ ਬਦਲਾਂ ਨੂੰ ਬੁਰੇ ਸਮਝਦਾ ਹੈ ਤਾਂ ਉਹ ਕਿਸਾਨ ਉਹਨਾਂ ਨੂੰ ਨਹੀਂ ਵਰਤੇਗਾ। ਇਸ ਚੈਪਟਰ ਵਿਚ ਸਫਾ 18 ਉੱਤੇ ਸ. ਤੂਰ ਇੰਝ ਲਿਖਦੇ ਹਨ, "ਜੇਕਰ ਕਿਸਾਨ ਦੀ ਮੰਡੀਕਰਨ ਵਿਚ ਮਦਦ ਕੀਤੀ ਜਾਵੇ ਤਾਂ ਕਿਸਾਨ ਦੀ ਹਾਲਤ ਸੁਧਰ ਸਕਦੀ ਹੈ।" ਇਸੇ ਚੈਪਟਰ ਵਿਚ ਉਹਨਾਂ ਨੇ ਦੱਸਿਆ ਹੈ ਕਿ ਮੌਜੂਦਾ ਮੰਡੀਕਰਨ ਦੀ ਜੜ੍ਹ 1939 ਦੇ ਕਾਨੂੰਨ ਵਿਚ ਹੈ ਜਿਸ ਵਿਚ ਫਿਰ ਹੋਰ ਸੋਧਾਂ ਕੀਤੀਆਂ ਜਾਂਦੀਆਂ ਰਹੀਆਂ ਹਨ। ਉਹ ਇਸ ਮੰਡੀਕਰਨ ਨੂੰ ਚੰਗਾ ਵੀ ਦੱਸਦੇ ਹਨ ਤਾਂ ਫਿਰ 1939 ਤੋਂ ਹੁਣ ਤੱਕ ਕਿਸਾਨਾਂ ਦੀ ਹਾਲਤ ਬਹੁਤ ਸੁਧਰ ਜਾਣੀ ਚਾਹੀਦੀ ਸੀ, ਕਿਉਂਕਿ ਮੰਡੀਕਰਨ ਦੀ ਮਦਦ ਤਾਂ ਉਹਨਾਂ ਮੁਤਬਿਕ 1939 ਤੋਂ ਹੀ ਜਾਰੀ ਹੈ ਪਰ ਕਿਸਾਨ ਅੱਜ ਵੀ ਕਈ ਫਸਲਾਂ ਦੀ ਕੀਮਤ ਘੱਟ ਮਿਲਣ, ਸਮੇਂ ਸਿਰ ਫਸਲ ਨਾ ਚੁੱਕੇ ਜਾਣ ਅਤੇ ਮੀਂਹ-ਕਣੀ ਵਿਚ ਬੁਰੀ ਤਰ੍ਹਾਂ ਨੁਕਸਾਨੇ ਜਾਣ ਦੀ ਸ਼ਿਕਾਇਤ ਕਰਦੇ ਹਨ। ਐਡਵੋਕੇਟ ਸ. ਤੂਰ ਆਖਦੇ ਹਨ ਕਿ ਮੰਡੀਕਰਨ ਹੇਠ ਸ਼ੈਡ, ਵਾਸ਼ਰੂਮ ਅਤੇ ਹੋਰ ਕਈ ਸਹੂਲਤਾਂ ਬਣਾਈਆਂ ਗਈਆਂ। ਸਵਾਲ ਤਾਂ ਫਿਰ ਖਰੀਦ ਦੀ ਉਡੀਕ ਵਿਚ ਪਈਆਂ ਫਸਲਾਂ ਭਿੱਜ ਕਿਉਂ ਜਾਂਦੀਆਂ ਹਨ? ਤੂਰ ਸਾਹਿਬ ਦੱਸਦੇ ਹਨ ਕਿ ਮੰਡੀਕਰਨ ਦੇ ਮੁਨਾਫੇ ਨਾਲ ਰਾਜ ਵਿਚ ਸੜਕਾਂ ਅਤੇ ਹੋਰ ਵਿਕਾਸ ਕਾਰਜ ਹੁੰਦੇ ਹਨ। ਜ਼ਰੂਰ ਹੁੰਦੇ ਹੋਣਗੇ ਪਰ ਮੰਡੀਕਰਨ ਬੋਰਡ ਦਾ ਮੁੱਖ ਕੰਮ ਮੰਡੀ ਆਏ ਖੇਤੀ ਉਤਪਾਦ ਲਈ ਸੁਰੱਖਿਅਤ ਥਾਂ ਮੁਹੱਈਆ ਕਰਵਾ ਕੇ ਅਤੇ ਜਲਦ ਤੋਂ ਜਲਦ ਵਿਕਰੀ ਕਰਵਾ ਕੇ ਕਿਸਾਨ ਦੀ ਜੇਬ ਵਿਚ ਪੈਸੇ ਪਾਉਣਾ ਹੈ। ਮੁੱਖ ਉਦੇਸ਼ ਲੋੜੀਂਦੇ ਅਤੇ ਪੂਰੀ ਤਰ੍ਹਾਂ ਸੁਰੱਖਿਅਤ ਸ਼ੈਡ, ਪਾਣੀ ਦੀ ਨਿਕਾਸੀ ਅਤੇ ਵੱਧ ਫਸਲ ਆ ਜਾਣ ਦੀ ਸੂਰਤ ਵਿਚ ਵੀ ਹੋਰ ਆਰਜ਼ੀ ਕਪੈਸਟੀ ਪੈਦਾ ਕਰਨ ਦੀ ਹੋਣੀ ਚਾਹੀਦੀ ਹੈ। ਅਗਰ ਇਸ ਪਿੱਛੋਂ ਪੈਸਾ ਬਚ ਜਾਂਦਾ ਹੈ ਤਾਂ ਸੜਕਾਂ ਜਾਂ ਹੋਰ ਲੋਕਹਿੱਤ ਕਾਰਜਾਂ ਲਈ ਵਰਤਿਆ ਜਾ ਸਕਦਾ ਹੈ? ਪਰ ਮੰਡੀਆਂ ਇਸ ਮੁਢਲੀ ਅਤੇ ਜ਼ਰੂਰੀ ਸਹੂਲਤ ਤੋਂ ਅੱਜ ਵੀ ਸੱਖਣੀਆਂ ਕਿਉਂ ਹਨ? ਮੀਂਹ ਝੱਖੜ ਮੌਕੇ ਇਹਨਾਂ ਦੀ ਬੁਰੀ ਹਾਲਤ ਆਮ ਦੇਖੀ ਜਾ ਸਕਦੀ ਹੈ।

ਅਸਲ ਵਿਚ ਮੰਡੀਕਰਨ ਵਿਚ ਵੀ ਕਈ ਕੁਝ 'ਕਾਲਾ' ਹੈ। ਵੱਡੇ ਕਿਸਾਨ, ਵੱਡੇ ਵਪਾਰੀ, ਆੜ੍ਹਤੀਏ ਅਤੇ ਸਰਕਾਰੀ ਖਰੀਦ ਏਜੰਸੀਆਂ ਦੇ ਕਾਰਿੰਦੇ ਰਲਮਿਲ ਕੇ ਕਈ ਘਾਲੇਮਾਲੇ ਕਰਦੇ ਹਨ। ਨੁਕਸਾਨ ਛੋਟੇ ਕਿਸਾਨ ਦਾ ਅਤੇ ਲੋਕਖਾਤੇ (ਸਰਕਾਰ) ਦਾ ਹੁੰਦਾ ਹੈ। ਜਦ ਮੰਡੀਕਰਨ ਦੇ ਫੰਡ ਵਿਕਾਸ ਲਈ ਵਰਤੇ ਜਾਂਦੇ ਹਨ ਤਾਂ ਮੌਕੇ ਦੀ ਸਰਕਾਰ ਰਾਜਸੀ ਲਾਭ ਵੀ ਉਠਾਉਂਦੀ ਹੈ ਅਤੇ ਕੁਰੱਪਸ਼ਨ ਵੀ ਹੁੰਦੀ ਹੈ। ਸੁਧਾਰ ਦੀ ਇਥੇ ਵੀ ਬਹੁਤ ਲੋੜ ਹੈ।

ਸੱਚ ਇਹ ਵੀ ਹੈ ਕਿ ਸਾਰੀਆਂ ਫਸਲਾਂ ਮੰਡੀਕਰਨ ਦੁਆਰਾ ਨਹੀਂ ਵਿਕਦੀਆਂ। ਕਣਕ ਅਤੇ ਝੋਨਾ ਪ੍ਰਮੁੱਖ ਹਨ ਜੋ ਸਰਕਾਰ ਖਰੀਦਦੀ ਹੈ। ਮੱਕੀ, ਬਾਜਰਾ, ਕਪਾਹ ਅਤੇ ਦਾਲਾਂ ਵਗੈਰਾ ਦਾ ਕੁਝ ਹਿੱਸਾ ਪੈਦਾਵਾਰ ਵਾਲੇ ਇਲਾਕਿਆਂ ਵਿਚ ਮੰਡੀਕਰਨ ਰਾਹੀਂ ਵਿਕਦਾ ਹੈ। ਫਲ, ਸਬਜ਼ੀਆਂ, ਚਾਰਾ, ਦੁੱਧ, ਆਂਡੇ ਅਤੇ ਪਸ਼ੂ (ਮੀਟ) ਵਗੈਰਾ ਇਸ ਦਾਇਰੇ ਤੋਂ ਬਾਹਰ ਹਨ। ਮੁੱਖ ਰੌਲਾ ਤਾਂ ਕਣਕ ਅਤੇ ਝੋਨੇ ਕਾਰਨ ਹੀ ਪਾਇਆ ਜਾ ਰਿਹਾ ਹੈ। ਸਫਾ 18 ਦੇ ਅੰਤ ਵਿਚ ਸ. ਤੂਰ ਲਿਖਦੇ ਹਨ ਕਿ ਨਵੇਂ ਕਾਨੂੰਨਾਂ ਵਿਚ ਕਿਸਾਨ ਨੂੰ ਖਰਚੇ ਦੇ ਭਾਰ ਤੋਂ ਮੁਕਤ ਹੋਣਾ ਦੱਸਿਆ ਗਿਆ ਹੈ ਜੋ ਠੀਕ ਨਹੀਂ ਹੈ ਕਿਉਂਕਿ ਕਿਸਾਨ ਮੰਡੀ ਖਰਚਿਆਂ ਤੋਂ ਪਹਿਲਾਂ ਹੀ ਮੁਕਤ ਹੈ ਅਤੇ ਖਰੀਦਦਾਰ ਹੀ ਖਰਚੇ ਅਦਾ ਕਰਦਾ ਹੈ। ਕੀ ਇਹ ਸੱਚ ਹੈ? ਮੰਡੀਕਰਨ ਦਾ ਟੈਕਸ ਜ਼ਰੂਰ ਖਰੀਦਦਾਰ ਦਿੰਦਾ ਹੈ ਅਤੇ ਇਹ ਹਰ ਰਾਜ ਵਿਚ ਵੱਖ-ਵੱਖ ਹੈ। ਅਗਰ ਕਿਸਾਨ ਕੋਈ ਉਤਪਾਦ 100 ਰੁਪਏ ਦਾ ਵੇਚਦਾ ਹੈ ਤਾਂ ਅਗਰ ਟੈਕਸ 8% ਹੈ ਤਾਂ ਖਰੀਦਦਾਰ 108 ਰੁਪਏ ਅਦਾ ਕਰਦਾ ਹੈ। ਖਰੀਦਦਾਰ ਬਦਲਵੇਂ ਪ੍ਰਬੰਧ ਹੇਠ ਅਗਰ ਕਿਸਾਨ ਦੇ ਖੇਤ ਵਿਚ ਆ ਕੇ ਉਹੀ ਉਤਪਾਦ 104 ਰੁਪਏ ਦਾ ਖਰੀਦੇ ਤਾਂ ਕਿਸਾਨ ਨੂੰ ਚਾਰ ਰੁਪਏ ਵੱਧ ਮਿਲਣਗੇ ਅਤੇ ਢੋਆ-ਢੁਆਈ ਦਾ ਖਰਚਾ ਵੀ ਬਚੇਗਾ। ਖਰੀਦਦਾਰ ਨੂੰ ਵੀ ਚਾਰ ਰੁਪਏ ਬਚਣਗੇ। ਖਰੀਦਦਾਰ ਜਾਂ ਵਪਾਰੀ ਨੇ ਤਾਂ ਵਪਾਰ ਲਾਭ ਲਈ ਕਰਨਾ ਹੈ। ਅਗਰ ਉਹ ਕੋਈ ਓਤਪਾਦ 108 ਰੁਪਏ ਦਾ ਖਰੀਦਦਾ ਹੈ ਤਾਂ ਉਹ ਲਾਭ ਲਈ ਗਾਹਕ ਤੋਂ ਵੱਧ ਵਸੂਲੀ ਕਰੇਗਾ। ਅਗਰ ਉਹ 104 ਰੁਪਏ ਦਾ ਖਰੀਦੇਗਾ ਤਾਂ ਉਹ ਗਾਹਕ ਨੂੰ 2-4 ਰੁਪਏ ਘੱਟ 'ਤੇ ਵੇਚ ਸਕਦਾ ਹੈ। ਹਾਂ, ਇਸ ਨਾਲ ਨੁਕਸਾਨ ਵਿਚੋਲੀਏ ਅਤੇ ਘਾਲਾਮਾਲਾ ਕਰਨ ਵਾਲਿਆਂ ਨੂੰ ਹੋਵੇਗਾ। ਢੁਆਈ, ਭਰਾਈ, ਛਣਾਈ ਆਦਿ ਕਰਨ ਵਾਲੇ ਮਜ਼ਦੂਰਾਂ ਅਤੇ ਟਰਾਂਸਪੋਟਰਾਂ ਨੂੰ ਕੋਈ ਫਰਕ ਨਹੀਂ ਪਵੇਗਾ, ਕਿਉਂਕਿ ਇਹ ਕੰਮ ਮੰਡੀ ਵਿਚ ਹੋਵੇ ਜਾਂ ਖੇਤ ਵਿਚ, ਕਾਮਿਆਂ ਦੀ ਲੋੜ ਤਾਂ ਬਰਾਬਰ ਪਏਗੀ।

ਇਹ ਜ਼ਿਕਰ ਵੀ ਕਰਨਾ ਬਣਦਾ ਹੈ ਕਿ ਐਡਵੋਕੇਟ ਤੂਰ ਜਿਸ ਗੈਰ-ਮੰਡੀਕਰਨ, ਪ੍ਰਾਈਵੇਟ ਮੰਡੀ ਦਾ ਭੈਅ ਦੇ ਰਹੇ ਹਨ, ਉਹ ਤਾਂ ਕੈਪਟਨ ਅਮਰਿੰਦਰ ਸਿੰਘ ਨੇ 2006 ਵਿਚ ਮੰਡੀਕਰਨ ਕਾਨੂੰਨ ਵਿਚ ਸੋਧ ਕਰਕੇ ਕਾਇਮ ਕਰਨ ਦੀ ਆਗਿਆ ਦੇ ਦਿੱਤੀ ਸੀ; ਭਾਵ 2006 ਤੋਂ ਪੰਜਾਬ ਵਿਚ ਕੁਝ ਸ਼ਰਤਾਂ ਹੇਠ ਕੋਈ ਵੀ ਬੰਦਾ ਜਾਂ ਅਦਾਰਾ ਪ੍ਰਾਈਵੇਟ ਮੰਡੀ ਬਣਾ ਸਕਦਾ ਹੈ ਅਤੇ ਕਿਸਾਨ ਆਪਣੇ ਉਤਪਾਦ ਇਹਨਾਂ ਮੰਡੀਆਂ ਰਾਹੀਂ ਵੀ ਵੇਚ ਸਕਦੇ ਹਨ।

ਇਥੇ ਹੀ ਬੱਸ ਨਹੀਂ, ਬਾਦਲ ਸਰਕਾਰ ਨੇ ਪੰਜਾਬ ਵਿਚ ਕੰਟਰੈਕਟ ਫਾਰਮਿੰਗ ਐਕਟ 2013 ਵਿਚ ਬਣਾਇਆ ਸੀ ਪਰ ਐਡਵੋਕੇਟ ਤੂਰ ਅਤੇ ਕੇਂਦਰੀ ਤਿੰਨ ਕਾਨੂੰਨਾਂ ਦਾ ਵਿਰੋਧ ਕਰਨ ਵਾਲੇ ਇਹਨਾਂ ਦਾ ਜ਼ਿਕਰ ਤੱਕ ਨਹੀਂ ਕਰਦੇ। ਅਗਰ ਕਿਸਾਨ ਕੰਟਰੈਕਟ ਤੋੜੇ ਹਨ ਤਾਂ ਬਾਦਲਾਂ ਵਾਲੇ ਕਾਨੂੰਨ ਵਿਚ ਕੈਦ ਦੀ ਸਜ਼ਾ ਵੀ ਹੋ ਸਕਦੀ ਹੈ।

ਇੰਝ ਚੈਪਟਰ 'ਮੰਡੀਕਰਨ ਦਾ ਪਿਛੋਕੜ' ਵਾਲੇ ਸਫਾ 17 ਅਤੇ 18 ਵੀ ਪੁਰਾਣੀ ਗੱਲ ਕਰਦੇ ਹਨ, ਕਥਿਤ ਕਾਲੇ ਬਾਰੇ ਨਹੀਂ ਦੱਸਦੇ ਅਤੇ ਬਚਦੇ 13 ਸਫਿਆਂ ਵਿਚੋਂ ਦੋ ਹੋਰ ਘਟਾ ਕੇ ਹੁਣ 11 ਸਫੇ ਹੀ ਬਚਦੇ ਹਨ।

ਇਹਨਾਂ ਬਚਦੇ 11 ਸਫਿਆਂ ਉੱਤੇ ਚਾਰ ਚੈਪਟਰ ਦਰਜ ਹਨ ਜਿਹਨਾਂ ਦੇ ਟਾਈਟਲ ਇੰਝ ਹਨ: 1. ਜ਼ਰੂਰੀ ਵਸਤਾਂ ਕਾਨੂੰਨ ਵਿਚ ਸੋਧ, 2. ਵਣਜ ਵਪਾਰ ਬਾਰੇ ਕਾਨੂੰਨ (ਤਤਕਰੇ ਵਿਚ ਨੰਬਰ 5 ਹੈ), 3. ਕੀ ਕੀਮਤ ਦੇ ਭੁਗਤਾਨ ਬਾਰੇ ਮੁਕੱਦਮੇਬਾਜ਼ੀ ਵਾਧੂ ਭਾਰ ਹੈ? (ਤਤਕਰੇ ਵਿਚ ਨੰਬਰ 6 ਹੈ) ਅਤੇ 4. ਕੰਟਰੈਕਟ ਫਾਰਮਿੰਗ ਬਾਰੇ ਕਾਨੰਨ ਜਿਸ ਦਾ ਤਤਕਰੇ ਵਿਚ ਨੰਬਰ 7 ਦਰਜ ਹੈ। ਆਓ ਇਹਨਾਂ 4 ਚੈਪਟਰਾਂ ਅਤੇ 11 ਬਚਦੇ ਸਫਿਆਂ ਵਿਚ 'ਕਾਲਾ ਕੀ ਹੈ' ਦੇ ਦਰਸ਼ਨ ਕਰੀਏ।

ਕਿਤਾਬਚੇ ਦੇ ਹੈਡਿੰਗ 'ਜ਼ਰੂਰੀ ਵਸਤਾਂ ਕਾਨੂੰਨ ਵਿਚ ਸੋਧ, ਕਾਨੂੰਨ ਕਿਸਾਨ ਤੇ ਉਪਭੋਗਤਾ ਵਿਰੋਧੀ' ਹੇਠ ਸਫਾ 9, 10, 11 ਅਤੇ 12 ਵਿਚ ਐਡਵੋਕੇਟ ਤੂਰ ਨੇ ਕੇਂਦਰ ਸਰਕਾਰ ਦੇ ਤਿੰਨ ਨਵੇਂ ਕਾਨੂੰਨਾਂ ਵਿਚੋਂ ਪਹਿਲੇ ਕਾਨੂੰਨ ਵਿਚ 'ਕਾਲਾ ਕੀ' ਚਾਰ ਸਫਿਆਂ ਵਿਚ ਦੱਸਣ ਦੀ ਕੋਸ਼ਿਸ਼ ਕੀਤੀ ਹੈ। ਇਸ ਚੈਪਟਰ ਦੇ ਪਹਿਲੇ ਪੌਣੇ ਦੋ ਸਫੇ ਇਸ ਕਾਨੂੰਨ ਬਾਰੇ 5 ਜੂਨ 2020 ਨੂੰ ਜਾਰੀ ਕੀਤੇ ਤਿੰਨ ਆਰਡੀਨੈਂਸ ਦੀ ਨੁਕਤਾਚੀਨੀ, 1955 ਵਾਲੇ ਜ਼ਰੂਰੀ ਵਸਤਾਂ ਕਾਨੂੰਨ ਦਾ 1939 ਤੋਂ ਪਿਛੋਕੜ ਦੱਸਣ ਅਤੇ ਇਸ 1955 ਵਾਲੇ ਕਾਨੂੰਨ ਨੂੰ ਸਾਲ 2003 ਤੱਕ ਕਈ ਸੋਧਾਂ ਕਰਕੇ ਪਾਏਦਾਰ ਬਣਾਉਣ ਦੇ ਯਤਨਾਂ ਦਾ ਜ਼ਿਕਰ ਕੀਤਾ ਗਿਆ ਹੈ।

ਇਸ ਪਿੱਛੋਂ ਨਵੀਆਂ ਸੋਧਾਂ ਦੀ ਨੁਕਤਾਚੀਨੀ ਕਰਦਿਆਂ ਕਿਹਾ ਗਿਆ ਹੈ, ਇਹ ਸੋਧਾਂ ਇਸ ਕਾਨੂੰਨ ਖੋਰਾ ਲਗਾਉਂਦੀਆਂ ਹਨ। ਜਨਾਬ ਤੂਰ ਲਿਖਦੇ ਹਨ ਕਿ ਜੋ ਤਬਦੀਲੀ (ਪ੍ਰਾਵਧਾਨ) ਕੀਤੀ ਹੈ ਉਹ ਇਹ ਹੈ:

"ਧਾਰਾ 3 ਦੀ ਸਬ ਧਾਰਾ 1 ਵਿਚ ਭਾਵੇਂ ਜੋ ਮਰਜ਼ੀ ਲਿਖਿਆ ਹੋਵੇ, ਉਸ ਦਾ ਇਸ ਕਾਨੂੰਨ ਤੇ ਕੋਈ ਅਸਰ ਨਹੀਂ ਹੋਵੇਗਾ ਤੇ ਨਵੀਂ ਜੋੜੀ ਜਾ ਰਹੀ ਧਾਰਾ 1 ਏ ਲਾਗੂ ਸਮਝੀ ਜਾਵੇਗੀ ਜੋ ਇੰਝ ਹੈ।" ਹੇਠ ਦਾਖਲ ਕੀਤੀਆਂ ਮੱਦਾਂ ਦਾ ਪੰਜਾਬੀ ਉਲਥਾ ਉਹਨਾਂ ਨੇ ਇਸ ਪ੍ਰਕਾਰ ਦਿੱਤਾ।

"ਏ) ਖਾਧ ਪਦਾਰਥ ਜਿਹਨਾਂ ਵਿਚ ਅਨਾਜ, ਦਾਲਾਂ, ਪਿਆਜ਼, ਆਲੂ, ਖਾਣ ਵਾਲੇ ਤੇਲ, ਤੇਲ ਬੀਜ, ਜਿਹਨਾਂ ਨੂੰ ਸਰਕਾਰ ਨੋਟੀਫੀਕੇਸ਼ਨ ਕਰਕੇ ਸ਼ਨਾਖ਼ਤ ਕਰੇਗੀ, ਨੂੰ ਸਿਰਫ ਅਸਾਧਾਰਨ ਸਥਿਤੀਆਂ ਵਿਚ, ਜਿਵੇਂ ਜੰਗ, ਭਿਆਨਕ ਕਾਲ, ਕੀਮਤਾਂ ਦਾ ਅਸਾਧਾਰਨ ਤਰੀਕੇ ਨਾਲ ਵਧਣਾ, ਭਿਆਨਕ ਕਿਸਮ ਦੇ ਕੁਦਰਤੀ ਕਹਿਰ ਦੀ ਸਥਿਤੀ ਵਿਚ ਹੀ ਕੰਟਰੋਲ ਆਰਡਰ ਜਾਰੀ ਕੀਤਾ ਜਾ ਸਕੇਗਾ।

ਬੀ) ਖੇਤੀ ਉਪਜ ਦੀ ਸਟਾਕ ਲਿਮਟ ਬਾਰੇ ਕੋਈ ਵੀ ਆਰਡਰ, ਕੀਮਤਾਂ ਵਧਣ ਨੂੰ ਆਧਾਰ ਬਣਾ ਕੇ ਹੀ ਕੀਤਾ ਜਾ ਸਕੇਗਾ।

***(ਬਾਕੀ ਅਗਲੇ ਸਫੇ 'ਤੇ)***

1) ਜੇਕਰ ਫਲਾਂ ਦੀ ਕੀਮਤ ਵਿਚ 100% ਦਾ ਵਾਧਾ ਹੋ ਜਾਵੇ।

2) ਸਮੇਂ ਨਾਲ, ਨਾ ਨਸ਼ਟ ਹੋ ਸਕਣ ਵਾਲੀਆਂ (ਨਾਨ-ਪੈਰਿਸ਼ਬਲ) ਖਾਧ ਵਸਤਾਂ, ਖੇਤੀ ਉਪਜ ਦੇ ਭਾਅ ਵਿਚ 50% ਵਾਧਾ ਹੋ ਜਾਵੇ। ਇਹ ਕੀਮਤਾਂ ਮਿਥਣ ਦਾ ਆਧਾਰ ਪਿਛਲੇ 12 ਮਹੀਨੇ ਦੀ ਕੀਮਤ ਜਾਂ ਪਿਛਲੇ 5 ਸਾਲ ਦੀ ਔਸਤ ਕੀਮਤ ਗਿਣਿਆ ਜਾਵੇਗਾ।"

"ਇਹ ਵੀ ਸ਼ਰਤ ਹੈ ਕਿ ਸਟਾਕ ਕਰਨ ਦੀ ਲਿਮਟ, ਫੂਡ ਪ੍ਰੋਸੈਸ ਕਾਰਨ ਵਾਲੇ ਜਾਂ ਫੂਡ ਪ੍ਰੋਸੈਸ ਕਰਨ ਦੀ ਲੜੀ ਵਿਚ, ਉਪਜ ਤੋਂ ਲੈ ਕੇ, ਡੱਬਾ ਬੰਦ ਹੋ ਕੇ ਖਪਤਕਾਰ ਤੱਕ ਪਹੁੰਚਾਉਣ ਦੀ ਲੜੀ ਵਿਚ ਜਿੰਨੇ ਲੋਕ ਸ਼ਾਮਲ ਹੋਣਗੇ, ਉਹ ਫੂਡ ਪ੍ਰੋਸੈਸਿੰਗ ਚੇਨ ਵਿਚ ਸ਼ਾਮਲ ਗਿਣੇ ਜਾਣਗੇ ਤੇ ਕਿਸੇ 'ਤੇ ਵੀ ਇਹ ਕੰਟਰੋਲ ਆਰਡਰ ਲਾਗੂ ਨਹੀਂ ਹੋਵੇਗਾ।"

ਜਾਪਦਾ ਹੈ ਕਿ ਕਾਨੂੰਨ ਦੀ ਉਪਰੋਕਤ ਸੋਧ ਹੀ ਜਨਾਬ ਤੂਰ ਲਈ 'ਕਾਲੀ' ਹੈ ਅਤੇ ਉਹ ਇਸ ਸੋਧ ਦੇ ਸੰਭਾਵੀ ਬੁਰੇ ਅਸਰ ਇੰਝ ਦੱਸਦੇ ਹਨ:

"ਇਸ ਕਾਨੂੰਨ ਦੇ ਵਿਸ਼ਲੇਸ਼ਣ ਤੋਂ ਸਾਬਤ ਹੋ ਜਾਂਦਾ ਹੈ ਕਿ ... ਅਸਲ ਵਿਚ ਆਉਣ ਵਾਲੀ ਖੁੱਲ੍ਹੀ ਮੰਡੀ ਵਿਚ ਵਪਾਰੀਆਂ ਤੇ ਜਖੀਰਾ ਖੋਰਾਂ ਨੂੰ ਖੁੱਲ੍ਹੀ ਛੁੱਟੀ ਦੇ ਦਿੱਤੀ ਗਈ ਹੈ। ਵਪਾਰੀਆਂ ਤੇ ਜਮ੍ਹਾਂਖੋਰਾਂ ਤੇ ਕੋਈ ਪਾਬੰਦੀ ਨਹੀਂ ਲੱਗ ਸਕਦੀ, ਨਾ ਹੀ ਉਨਾਂ ਖਿਲਾਫ ਕੰਟਰੋਲ ਆਰਡਰ ਜਾਰੀ ਹੋ ਸਕਦਾ ਹੈ।"

ਉਪਰ ਉਹਨਾਂ ਨੇ ਸਿਰਫ ਇਸ ਸੋਧ ਦਾ ਪੰਜਾਬੀ ਤਰਜਮਾ ਹੀ ਕੀਤਾ ਹੈ, ਕੋਈ ਵਿਸ਼ਲੇਸ਼ਣ ਨਹੀਂ ਕੀਤਾ ਪਰ ਕਹਿ ਰਹੇ ਹਨ ਕਿ ਵਿਸ਼ਲੇਸ਼ਣ ਤੋਂ ਸਾਬਤ ਹੋ ਜਾਂਦਾ ਹੈ। ਸਿਰਫ ਇਹ ਆਖ ਦੇਣਾ ਕੇ ਜਮ੍ਹਾਂਖੋਰਾਂ ਅਤੇ ਵਪਾਰੀਆਂ ਨੂੰ ਖੁੱਲ੍ਹੀ ਛੁੱਟੀ ਦੇ ਦਿੱਤੀ ਹੈ, ਵਿਸ਼ਲੇਸ਼ਣ ਨਹੀਂ ਹੈ। ਇਸ ਬਾਰੇ ਗੱਲ ਠਹਿਰ ਕੇ ਕਰਦੇ ਹਾਂ, ਪਹਿਲਾਂ ਉਹਨਾਂ ਦਾ ਇੱਕ ਹੋਰ ਨੁਕਤਾ ਦੇਖ ਲਈਏ ਜੋ ਇੰਝ ਹੈ:

"ਵਪਾਰੀਆਂ ਦਾ ਧਿਆਨ ਫੂਡ ਪ੍ਰੋਸੈਸਿੰਗ ਵੱਲ ਹੈ ਜੋ ਸਭ ਤੋਂ ਵੱਧ ਮੁਨਾਫੇ ਦਾ ਧੰਦਾ ਹੈ। ਆਲੂ 5 ਤੋਂ 10 ਰੁਪਏ ਕਿਲੋ ਖਰੀਦਦੇ ਹਨ ਤੇ ਚਿਪਸ 200 ਰੁਪਏ ਕਿਲੋ ਵੇਚਦੇ ਹਨ। ਇਸੇ ਤਰ੍ਹਾਂ ਫਲਾਂ ਫਲਾਂ ਉਤਪਾਦ ... ਵੱਧ ਕੀਮਤ 'ਤੇ ਵੇਚਦੇ ਹਨ। ਖਰੀਦਣ ਤੇ ਵੇਚਣ ਬਾਰੇ ਭਾਅ ਮਿਥਣਾ ਸਰਕਾਰ ਦੀ ਜ਼ੱਦ ਤੋਂ ਬਾਹਰ ਕਰ ਦਿੱਤੇ ਗਏ ਹਨ।"

ਹੋਰ, "ਇਸ ਦਾ ਅਸਰ ਸਿਰਫ ਕਿਸਾਨ 'ਤੇ ਹੀ ਨਹੀਂ ਪੈਣਾ, ਬਲਕਿ ਉਪਭੋਗਤਾ (ਖਪਤਕਾਰ) ;ਤੇ ਸਮੁੱਚੇ ਤੌਰ 'ਤੇ ਪੈਣਾ ਹੈ। ਖਾਣ ਵਾਲੀਆਂ ਵਸਤੂਆਂ ਰਾਸ਼ਨ ਕਾਰਡ 'ਤੇ ਦੇਣ ਦੀ ਬਜਾਏ, ਕੁਝ ਨਕਦ ਪੈਸੇ ਉਹਨਾਂ ਦੇ ਖਾਤੇ ਵਿਚ ਪਾ ਕੇ ਤੇ ਵੰਡ ਪ੍ਰਣਾਲੀ ਨੂੰ ਕੁਰੱਪਟ ਹੋਇਆ ਕਹਿ ਕੇ ਬੰਦ ਕਰ ਦਿੱਤਾ ਜਾਵੇਗਾ। ਸਭ ਨੂੰ ਇਹ ਵਸਤੂਆਂ ਮਾਰਕੀਟ ਵਿਚੋਂ ਖਰੀਦਣੀਆਂ ਪੈਣਗੀਆਂ ਜਿਸ 'ਤੇ ਕਾਰਪੋਰੇਟ ਸੈਕਟਰ ਦਾ ਕੰਟਰੋਲ ਹੋਵੇਗਾ ਤੇ ਉਹ ਆਪਣੇ ਰੇਟ ਤੇ ਵੇਚਣਗੇ ਜਿਸ ਨਾਲ ਗਰੀਬ ਆਦਮੀ, ਕਿਸਾਨ ਅਤੇ ਸਮੁੱਚਾ ਉਪਭੋਗਤਾ ਵਰਗ ਪ੍ਰਭਾਵਿਤ ਹੋਵੇਗਾ। ... ਕਿਸਾਨ ਆਸ ਲਗਾਈ ਬੈਠੇ ਸਨ ਕਿ ਦੇਸ਼ ਨੂੰ ਅੰਨ ਸੰਕਟ 'ਚੋਂ ਬਾਹਰ ਕੱਢਿਆ, ਸਰਪਲਸ ਕੀਤਾ ... ਸਰਕਾਰ ਉਹਨਾਂ ਦੀ ਪਿੱਠ ਥਾਪੜੇਗੀ।"

ਜ਼ਰੂਰੀ ਵਸਤਾਂ ਕੰਟਰੋਲ ਕਾਨੂੰਨ ਦੀ ਸੋਧ ਵਿਚਲਾ 'ਕਾਲਾ' ਉਹਨਾਂ ਦੱਸ ਦਿੱਤਾ ਹੈ ਜਿਸ ਵਿਚ ਮੁੱਖ ਨੁਕਤੇ ਇਹ ਹਨ:

1) ਕੰਟਰੋਲ ਖਤਮ, ਵਪਾਰੀ ਅਤੇ ਜਮ੍ਹਾਂਖੋਰਾਂ ਦੀਆਂ ਮੌਜਾਂ।

2) ਕੀਮਤਾਂ ਉਪਰ ਜਾਣਗੀਆਂ ਜਿਸ ਦਾ ਕਿਸਾਨਾਂ ਸਮੇਤ ਆਮ ਲੋਕਾਂ ਨੂੰ ਬਹੁਤ ਨੁਕਸਾਨ ਹੋਵੇਗਾ।

3) ਫੂਡ ਪ੍ਰੋਸੈਸਿੰਗ ਵਿਚ ਬਹੁਤ ਮੁਨਾਫਾ ਹੈ ਅਤੇ ਵਪਾਰੀ ਸ਼ਿਸ਼ਤ ਲਾਈ ਬੈਠਾ ਹੈ ਜੋ ਕਿਸਾਨ ਤੋਂ ਸਸਤਾ ਖਰੀਦ ਕੇ ਕਈ ਗੁਣਾ ਵੱਧ ਕਰਕੇ ਵੇਚੇਗਾ।

4) ਪਬਲਿਕ ਵੰਡ ਪ੍ਰਣਾਲੀ ਖ਼ਤਮ ਹੋ ਜਾਵੇਗੀ ਇਸ ਨੂੰ ਕੁਰੱਪਟ ਆਖ ਕੇ ਬੰਦ ਕਰ ਦਿੱਤਾ ਜਾਵੇਗਾ।

5) ਕਿਸਾਨਾਂ ਨੇ ਦੇਸ਼ ਨੂੰ ਅੰਨ ਸੰਕਟ ਵਿਚੋਂ ਬਾਹਰ ਕੱਢਿਆ ਅਤੇ ਉਹਨਾਂ ਨੂੰ ਆਸ ਸੀ ਕਿ ਸਰਕਾਰ ਪਿੱਠ ਥਾਪੜੇਗੀ।

ਉਪਰੋਕਤ ਸਾਰੇ ਨੁਕਤੇ ਖਦਸ਼ਿਆਂ ਉੱਤੇ ਆਧਾਰਿਤ ਹਨ ਜਿਹਨਾਂ ਦੀ ਜੜ੍ਹ 50 ਤੋਂ 100 ਸਾਲ ਪੁਰਾਣੀ ਸੋਚ 'ਤੇ ਖੜ੍ਹੀ ਹੈ। ਜ਼ਰੂਰੀ ਵਸਤਾਂ ਕਾਨੂੰਨ ਸਾਲ 1955 ਵਿਚ ਬਣਿਆ ਸੀ ਜਦ ਦੇਸ਼ ਵਿਚ ਅਨਾਜ ਦੀ ਬਹੁਤ ਕਮੀ ਸੀ ਅਤੇ ਵਿਦੇਸ਼ ਤੋਂ ਖਰੀਦਣ ਲਈ ਵੀ ਕਰਜ਼ਾ ਲੈਣਾ ਪੈਂਦਾ ਸੀ। ਅੱਜ ਭਾਰਤ ਦੀ 1955 ਵਾਲੀ ਹਾਲਤ ਨਹੀਂ ਹੈ ਅਤੇ ਸੰਸਾਰ ਵੀ ਬਦਲ ਗਿਆ ਹੈ। ਭਾਰਤ ਵਿਚ ਕਈ ਖੇਤੀ ਉਤਪਾਦਾਂ ਦੀ ਬਹੁਤਾਤ ਹੈ ਅਤੇ ਉਹਨਾਂ ਨੂੰ ਰੱਖਣ ਲਈ ਥਾਂ (ਸਟੋਰੇਜ) ਨਹੀਂ ਹੈ ਜਿਸ ਕਾਰਨ ਬਹੁਤ ਵੱਡਾ ਮਾਲੀ ਨੁਕਸਾਨ ਹੁੰਦਾ ਹੈ। ਕੁਰੱਪਸ਼ਨ ਬੇਹੱਦ ਹੁੰਦੀ ਹੈ। ਕਣਕ, ਚੌਲ ਅਤੇ ਖੰਡ ਸਮੇਤ ਕਈ ਅਜਿਹੇ ਖੇਤੀ ਉਤਪਾਦ ਹਨ ਜਿਹਨਾਂ ਦੀ ਲਾਗਤ ਕੀਮਤ ਵੱਧ ਅਤੇ ਗੁਣਵੱਤਾ ਘੱਟ ਹੋਣ ਕਾਰਨ ਐਕਸਪੋਰਟ ਕਰਨੇ ਵੀ ਮੁਸ਼ਕਿਲ ਹਨ। ਸਰਕਾਰ ਇਹਨਾਂ ਨੂੰ ਐਕਸਪੋਰਟ ਕਰਨ ਲਈ ਸਬਸਿਡੀ ਦਿੰਦੀ ਹੈ। ਇਸ ਸਾਲ ਖੰਡ ਦੀ ਪੈਦਾਵਾਰ ਲੋੜ ਤੋਂ 60 ਲੱਖ ਟਨ ਵੱਧ ਹੋਣ ਦੀ ਉਮੀਦ ਹੈ ਅਤੇ ਸਰਕਾਰ ਅਡਵਾਂਸ ਵਿਚ 3500 ਕਰੋੜ ਰੁਪਏ ਦੀ ਐਕਸਪੋਰਟ ਸਬਸਿਡੀ ਦਾ ਐਲਾਨ ਕਰ ਚੁੱਕੀ ਹੈ। ਇਸ ਖੰਡ ਲਈ ਗੰਨਾ ਪੈਦਾ ਕਰਨ ਵਾਸਤੇ ਜੋ ਯੂਰੀਆ ਵਰਤਿਆ ਗਿਆ, ਉਸ ਉੱਤੇ 70% ਸਬਸਿਡੀ, ਹੋਰ ਖਾਦਾਂ ਉੱਤੇ 50% ਸਬਸਿਡੀ ਅਤੇ ਪੰਜਾਬ ਸਮੇਤ ਕਈ ਰਾਜਾਂ ਵਿਚ ਬਿਜਲੀ, ਪਾਣੀ, ਮਾਲੀਆ ਆਦਿ ਮੁਫਤ। ਵਿਦੇਸ਼ ਵੱਸਦੇ ਦੇਸੀ ਲੋਕ ਭਾਰਤ ਦੀ ਬਣੀ ਦਾਣੇਦਾਰ ਖੰਡ ਖਰੀਦ ਕੇ ਬਹੁਤ ਖੁਸ਼ ਹੁੰਦੇ ਹਨ ਪਰ ਇਹ ਨਹੀਂ ਜਾਣਦੇ ਕਿ ਉਹ ਭਾਰਤ ਦੇ ਆਮ ਲੋਕਾਂ ਦੀ ਕਮਾਈ ਦੀ ਸਬਸਿਡੀ ਸਦਕਾ ਘੱਟ ਕੀਮਤ ਅਦਾ ਕਰ ਰਹੇ ਹਨ।

ਦੇਸ਼ ਦਾ ਅੰਨ ਸੰਕਟ ਖਤਮ ਕਰਨ ਲਈ ਕਿਸਾਨਾਂ ਦੀ ਬੱਲੇ-ਬੱਲੇ ਕਰੀਬ 1970 ਤੋਂ ਸ਼ੁਰੂ ਹੋ ਗਈ ਸੀ ਜਦ ਹਰਾ ਇਨਕਲਾਬ ਸ਼ੁਰੂ ਹੋਇਆ ਸੀ। ਅੱਜ ਕੁਝ ਫਸਲਾਂ ਬਹੁਤ ਸਰਪਲਸ ਵਿਚ ਹਨ, ਕੁਝ ਦੀ ਕਮੀ ਹੈ, ਪਾਣੀ ਖਤਮ ਹੋ ਰਿਹਾ ਹੈ; ਮਿੱਟੀ, ਪਾਣੀ, ਹਵਾ ਸਮੇਤ ਸਮੁੱਚਾ ਵਾਤਾਵਰਨ ਪਲੀਤ ਹੋ ਰਿਹਾ ਹੈ ਜਿਸ ਨਾਲ ਬਿਮਾਰੀਆਂ ਵਧ ਰਹੀਆਂ ਹਨ। ਖੇਤੀ ਸੈਕਟਰ ਵਿਚ ਵੰਨ-ਸਵੰਨਤਾ ਦੇ ਨਾਲ-ਨਾਲ ਫਸਲ ਦੀ ਸਮੇਂ ਸਿਰ ਖਰੀਦ, ਉਤਪਾਦਾਂ ਦਾ ਖਰਾਬ ਹੋਣ ਤੋਂ ਬਚਾ, ਦੂਰ ਦੁਰਾਡੇ ਦੀਆਂ ਮੰਡੀਆਂ ਤੱਕ ਜਲਦ ਅਤੇ ਸੁਰੱਖਿਅਤ ਪਹੁੰਚ, ਚੰਗੀ ਪੈਕਿੰਗ, ਗਰੇਡਿੰਗ ਅਤੇ ਪ੍ਰੋਸੈਸਿੰਗ ਪਿੱਛੋਂ ਤੁਰਤ-ਫੁਰਤ ਮਾਰਕੀਟਿੰਗ ਦੀ ਲੋੜ ਹੈ। ਇਸ ਸਭ ਕੁਝ ਲਈ ਬਹੁਤ ਵੱਡੇ ਨਿਵੇਸ਼ (ਇਨਵੈਸਟਮੈਂਟ) ਦੀ ਲੋੜ ਹੈ। ਰਾਜ ਸਰਕਾਰਾਂ ਕਰਜ਼ਾਈ, ਕੇਂਦਰ ਕਰਜ਼ਾਈ, ਸਾਰੀਆਂ ਸਰਕਾਰੀ ਏਜੰਸੀਆਂ ਸਮੇਤ ਐਫ.ਸੀ.ਆਈ. ਕਰਜ਼ਾਈ ਅਤੇ ਸਰਕਾਰੀ ਕੰਮਾਂ ਵਿਚ ਕੁਰੱਪਸ਼ਨ ਦਾ ਬੋਲਬਾਲਾ। ਤਬਦੀਲੀ ਨਾ ਕਰਨ ਦਾ ਮਤਲਬ ਹੈ ਕਿ ਕੁਝ ਫਸਲਾਂ ਵਾਧੂ ਪੈਦਾ ਕਰੀ ਜਾਓ, ਸਰਕਾਰ ਖਰੀਦੀ ਅਤੇ ਖਰਾਬ ਕਰੀ ਜਾਵੇ, ਘਾਟ ਵਾਲੀਆਂ ਫਸਲਾਂ ਵਿਦੇਸ਼ਾਂ ਤੋਂ ਖਰੀਦੀ ਜਾਓ ਅਤੇ ਹੋਰ ਕਰਜ਼ਾਈ ਹੋਈ ਜਾਓ।

ਇਕੀਵੀਂ ਸਦੀ ਵਿਚ ਵਪਾਰੀ ਬਹੁਤਾ ਲਾਭ ਕਮਾਉਣ ਲਈ ਉਤਪਾਦ ਸਟਾਕ ਕਰਕੇ ਨਹੀਂ ਬੈਠਦਾ। ਅੱਜ ਲਾਭ ਦਾ ਮੂਲ ਮੰਤਰ ਹੈ ਵਾਲਯੂਮ ਤੇ ਵਿਲੌਸਟੀ। ਲਾਭ ਦੀ ਗੁੰਜਾਇਸ਼ (ਮਾਰਜਿਨ) ਘੱਟ ਵੀ ਹੋਵੇ, ਅਗਰ ਵਿਕਰੀ ਵੱਧ (ਵਾਲਯੂਮ) ਅਤੇ ਤੇਜ਼ੀ (ਵਿਲੌਸਟੀ) ਨਾਲ ਹੋ ਰਹੀ ਹੈ ਤਾਂ ਲਾਭ ਵੱਧ ਹੋਵੇਗਾ। ਬਹੁਤ ਉਦਾਹਰਨਾਂ ਦਿੱਤੀਆਂ ਜਾ ਸਕਦੀਆਂ ਪਰ ਲੇਖ ਲੰਮਾ ਹੋਣ ਦੇ ਡਰੋਂ ਨੁਕਤੇ ਹੀ ਕਾਫੀ ਹਨ।

ਜ਼ਰੂਰੀ ਵਸਤਾਂ ਕਾਨੂੰਨ ਵਿਚ ਸੋਧਾਂ ਕਰਕੇ ਸਰਕਾਰ ਨੇ ਖੇਤੀ ਸੈਕਟਰ ਵਿਚ ਬਹੁਤ ਲੋੜੀਂਦੀ ਇਨਵੈਸਟਮੈਂਟ (ਨਿਵੇਸ਼) ਦਾ ਰਸਤਾ ਮੋਕਲਾ ਕੀਤਾ ਹੈ ਪਰ ਔਖੇ ਵਕਤ ਕੰਟਰੋਲ ਆਪਣੇ ਹੱਥ ਰੱਖਿਆ ਹੈ। ਯੁੱਧ, ਭੁੱਖਮਰੀ, ਕੁਦਰਤੀ ਆਫਤ ਅਤੇ ਅਗਰ ਕੀਮਤਾਂ ਵਿਚ ਗੈਰ ਵਾਜਿਬ ਵਾਧਾ ਹੁੰਦਾ ਹੈ ਤਾਂ ਸਰਕਾਰ ਤੁਰਤ ਦਖਲ ਦੇਣ ਦਾ ਹੱਕ ਰੱਖਦੀ ਹੈ। 'ਸੌ ਹੱਥ ਰੱਸਾ, ਸਿਰੇ ਤੇ ਗੰਢ' ਦੇ ਅਖਾਣ ਵਾਂਗ ਲੋਕਤੰਤਰ ਵਿਚ ਸਰਕਾਰਾਂ ਦਾ ਧਿਆਨ ਵੋਟਾਂ ਵੱਲ ਹੁੰਦਾ ਹੈ ਅਤੇ ਲੋਕਾਂ ਨੂੰ ਭੁੱਖੇ ਮਾਰ ਕੇ ਵੋਟਾਂ ਨਹੀਂ ਮਿਲਦੀਆਂ।

ਸੋਧ ਮੁਤਾਬਿਕ ਪੈਰਿਸ਼ਬਲ ਖੇਤੀ ਉਤਪਾਦ ਜਿਵੇਂ ਫਲ ਅਤੇ ਸਬਜ਼ੀਆਂ ਦੀਆਂ ਕੀਮਤਾਂ ਵਿਚ 100% ਅਤੇ ਨਾਨ ਪੈਰਿਸ਼ਬਲ ਜਿਵੇਂ ਅਨਾਜ ਵਗੈਰਾ ਦੀਆਂ ਕੀਮਤਾਂ ਵਿਚ 50% ਵਾਧਾ ਹੋ ਜਾਵੇ ਤਾਂ ਸਰਕਾਰ ਦਖਲ ਦੇ ਸਕਦੀ ਹੈ। ਇਹ ਵਾਧਾ ਮਾਪਣ ਲਈ ਬੀਤੇ 12 ਮਹੀਨੇ ਦੌਰਾਨ ਕੀਮਤ ਜਾਂ ਪਿਛਲੇ ਪੰਜ ਸਾਲ ਦੀ ਔਸਤਨ ਕੀਮਤ ਜਿਹੜੀ ਵੀ ਘੱਟ ਹੋਵੇ, ਨੂੰ ਆਧਾਰ ਬਣਾਇਆ ਜਾਵੇਗਾ; ਤੇ ਇਹ ਬਹੁਤ ਢੁਕਵਾਂ ਮਾਪਦੰਡ ਹੈ।

ਇਸ ਹਫਤੇ ਦਾ ਲੋਕਲ ਫੋਰਟੀਨੋਸ ਸੁਪਰਮਾਰਕੀਟ ਦਾ ਫਲਾਇਰ ਦੇਖੋ, 10 ਪੌਂਡ ਬੈਗ ਕੈਨੇਡੀਅਨ ਗੰਢੇ ਜਾਂ 10 ਪੌਂਡ ਗਾਜਰਾਂ ਜਾਂ 10 ਪੌਂਡ ਸ਼ੂਗਰ ਬੀਟਸ 2 ਡਾਲਰ 49 ਸੈਂਟ ਪ੍ਰਤੀ ਬੈਗ ਹਨ। ਇੱਕ ਮਹੀਨਾ ਪਹਿਲਾਂ ਇਸੇ ਮਾਰਕੀਟ ਨੇ ਇਹ 2 ਡਾਲਰ ਪ੍ਰਤੀ ਬੈਗ ਲਗਾਏ ਹੋਏ ਸਨ। ਦੋ ਮਹੀਨੇ ਪਹਿਲਾਂ ਕੈਨੇਡੀਅਨ ਗੰਢੇ 10 ਪੌਂਡ ਦਾ ਬੈਗ 7 ਡਾਲਰ 99 ਸੈਂਟ ਦਾ ਸੀ। ਅੱਜ ਵੀ ਕਈ ਹੋਰ ਸਟੋਰਾਂ ਵਿਚ 10 ਪੌਂਡ ਗੰਢੇ 4 ਤੋਂ 6 ਡਾਲਰ ਦੇ 10 ਪੌਂਡ ਹਨ। ਇਸੇ ਸੁਪਰਮਾਰਕੀਟ ਵਿਚ 2 ਪੌਂਡ ਗਾਜਰਾਂ ਦਾ ਬੈਗ 2 ਡਾਲਰ 79 ਸੈਂਟ ਦਾ ਹੈ। ਪੈਕਿੰਗ ਸਾਈਜ਼ (ਵਾਲਯੂਮ), ਪ੍ਰੋਸੈਸ ਕਰਨ ਵਾਲੀ ਕੰਪਨੀ ਅਤੇ ਗਰੇਡਿੰਗ ਦਾ ਫਰਕ ਹੈ। ਫੈਸਲਾ ਗਾਹਕ ਨੇ ਕਰਨਾ ਹੈ।

ਜ਼ਰੂਰੀ ਵਸਤਾਂ ਕਾਨੂੰਨ ਦੀ ਸੋਧ ਵਿਚ ਇੱਕ ਸ਼ਰਤ ਇਹ ਵੀ ਲਗਾਈ ਹੈ ਕਿ ਸਫਾਈ ਚੇਨ ਦੇ ਕਿਸੇ ਵੀ ਸ਼ਖਸ ਜਾਂ ਅਦਾਰੇ ਕੋਲ (ਪ੍ਰੋਸੈਸਰ ਵਗੈਰਾ) ਆਪਣੀ ਅਸਲ ਕਪੈਸਟੀ ਤੋਂ ਵੱਧ ਮਾਲ ਜਾਂ ਅਗਰ ਕੋਈ ਬਰਾਮਦਕਾਰ (ਐਕਸਪੋਰਟਰ) ਹੈ ਤਾਂ ਮਾਲ (ਬਰਾਮਦ) ਐਕਸਪੋਰਟ ਕਰਨ ਦੇ ਆਰਡਰ ਤੋਂ ਵੱਧ ਮਾਲ ਜਮ੍ਹਾਂ ਨਾ ਕੀਤਾ ਹੋਵੇ। ਪਬਲਿਕ ਵੰਡ ਪ੍ਰਣਾਲੀ (ਐਫ.ਸੀ.ਆਈ. ਵਰਗੇ ਅਦਾਰੇ) ਜਾਂ ਇਸ ਲਈ ਮਾਲ ਸਫਾਈ ਕਰਨ ਵਾਲਿਆਂ ਉੱਤੇ ਸਟਾਕ ਲਿਮਟ ਅਪਲਾਈ ਨਹੀਂ ਹੁੰਦੀ।

ਐਡਵੋਕੇਟ ਤੂਰ ਆਖ ਰਹੇ ਹਨ ਕਿ ਸਰਕਾਰ ਪਬਲਿਕ ਵੰਡ ਪ੍ਰਣਾਲੀ ਬੰਦ ਕਰ ਰਹੀ ਹੈ ਪਰ ਇਸ ਸੋਧ ਕਾਨੂੰਨ ਵਿਚ ਦਰਜ ਹੈ ਕਿ ਪਬਲਿਕ ਵੰਡ ਪ੍ਰਣਾਲੀ ਅਤੇ ਇਸ ਲਈ ਮਾਲ ਭੇਜਣ ਵਾਲੇ ਸਟਾਕ ਲਿਮਟ ਦੇ ਅਧੀਨ ਨਹੀਂ ਹਨ। ਜਨਾਬ ਤੂਰ ਦਾ ਇਹ ਕਥਨ ਗਲਤ ਹੈ ਅਤੇ ਇਹ ਸੋਧ ਕਾਨੂੰਨ ਪਬਲਿਕ ਵੰਡ ਪ੍ਰਣਾਲੀ ਉੱਤੇ ਨਾ ਕੋਈ ਲਿਮਟ ਲਗਾਉਂਦਾ ਹੈ ਅਤੇ ਨਾ ਇਸ ਨੂੰ ਬੰਦ ਕਰਨ ਦੀ ਗੱਲ ਕਰਦਾ ਹੈ। ਇਸੇ ਕਾਰਨ ਉਹਨਾਂ ਨੇ ਸੋਧ ਦੀਆਂ ਦੋ ਮੱਦਾਂ ਏ ਅਤੇ ਬੀ ਦਾ ਤਰਜਮਾ ਤਾਂ ਕੀਤਾ ਹੈ ਪਰ ਇਹਨਾਂ ਦਾ ਹੇਠ ਦਿੱਤੇ ਤਿੰਨ ਕੁ ਪੈਰਿਆਂ ਦਾ ਜ਼ਿਕਰ ਨਹੀਂ ਕੀਤਾ।

ਜਨਾਬ ਤੂਰ ਆਖਦੇ ਹਨ ਕਿ ਫੂਡ ਪ੍ਰੋਸੈਸਿੰਗ ਵਿਚ ਬਹੁਤ ਮੁਨਾਫਾ ਹੈ। ਹਾਂ, ਪਰ ਇਸ ਵਿਚ ਨਿਵੇਸ਼ ਅਤੇ ਰਿਸਕ ਵੀ ਬਹੁਤ ਹੈ। ਫੂਡ ਪ੍ਰੋਸੈਸਿੰਗ ਕਿਸੇ ਖਾਸ ਵਰਗ ਲਈ ਰਿਜ਼ਰਵ ਨਹੀਂ ਹੈ, ਇਹ ਕੰਮ ਨਿਯਮਾਂ ਹੇਠ ਕੋਈ ਵੀ ਕਰ ਸਕਦਾ ਹੈ। ਕਿਸਾਨ ਵੀ ਕਰ ਸਕਦਾ ਹੈ ਅਤੇ ਕਿਸਾਨ ਕੋਆਪਰੇਟਿਵ ਵੀ ਬਣਾ ਸਕਦੇ ਹਨ। ਐਨ.ਆਰ.ਆਈਜ਼ ਜੋ ਪੰਜਾਬ ਲਈ ਬਹੁਤ ਫਿਕਰਮੰਦ ਹਨ, ਵੀ ਇਸ ਕੰਮ ਲਈ ਨਿਵੇਸ਼ ਕਰ ਸਕਦੇ ਹਨ। ਨਵੀਂ ਫਸਲ ਦੀ ਆਮਦ ਮੌਕੇ ਕੀਮਤਾਂ ਘੱਟ ਹੋਣ ਦਾ ਵੱਡਾ ਕਰਨ ਸਪਲਾਈ ਵੱਧ ਅਤੇ ਮੰਗ ਸਥਿਰ ਤੇ ਪ੍ਰੋਸੈਸਿੰਗ ਦੀ ਘਾਟ ਹੁੰਦਾ ਹੈ। ਇਹਨਾਂ ਸੋਧਾਂ ਵਿਚ ਕੁਝ ਵੀ ਕਾਲਾ ਨਹੀਂ ਹੈ ਅਤੇ ਸਮੇਂ ਦੇ ਹਾਣੀ ਬਣ ਕੇ ਖੇਤੀ ਸੈਕਟਰ ਲਈ ਨਿਵੇਸ਼ ਖਿੱਚਣ ਲਈ ਜ਼ਰੂਰੀ ਹਨ। ਪਬਲਿਕ ਵੰਡ ਪ੍ਰਣਾਲੀ ਵਿਚ ਖਾਮੀਆਂ ਅਤੇ ਹੱਲ ਵੱਖਰਾ ਪਰ ਸਬੰਧਤ ਵਿਸ਼ਾ ਹੈ ਜਿਸ ਬਾਰੇ ਚਲਾਵੀਂ ਗੱਲ ਕਰਨ ਦੀ ਥਾਂ ਵਿਸਤਾਰ ਸਹਿਤ ਅਤੇ ਬਹੁ-ਪੱਖੀ ਵਿਚਾਰ ਵਟਾਂਦਰਾ ਜ਼ਰੂਰੀ ਹੈ। ***(ਚੱਲਦਾ)***




*ਕਿਤਾਬਚੇ ਦਾ ਮੁਖੜਾ*

***ਐਡਵੋਕੇਟ ਤੂਰ ਆਖ ਰਹੇ ਹਨ ਕਿ ਸਰਕਾਰ ਪਬਲਿਕ ਵੰਡ ਪ੍ਰਣਾਲੀ ਬੰਦ ਕਰ ਰਹੀ ਹੈ ਪਰ ਇਸ ਸੋਧ ਕਾਨੂੰਨ ਵਿਚ ਦਰਜ ਹੈ ਕਿ ਪਬਲਿਕ ਵੰਡ ਪ੍ਰਣਾਲੀ ਅਤੇ ਇਸ ਲਈ ਮਾਲ ਭੇਜਣ ਵਾਲੇ ਸਟਾਕ ਲਿਮਟ ਦੇ ਅਧੀਨ ਨਹੀਂ ਹਨ। ਇਹ ਸੋਧ ਕਾਨੂੰਨ ਪਬਲਿਕ ਵੰਡ ਪ੍ਰਣਾਲੀ ਉਤੇ ਨਾ ਕੋਈ ਲਿਮਟ ਲਗਾਉਂਦਾ ਹੈ ਅਤੇ ਨਾ ਇਸ ਨੂੰ ਬੰਦ ਕਰਨ ਦੀ ਗੱਲ ਕਰਦਾ ਹੈ। ਇਸੇ ਕਾਰਨ ਉਹਨਾਂ ਨੇ ਸੋਧ ਦੀਆਂ ਦੋ ਮੱਦਾਂ ਏ ਅਤੇ ਬੀ ਦਾ ਤਰਜਮਾ ਤਾਂ ਕੀਤਾ ਹੈ ਪਰ ਇਹਨਾਂ ਦਾ ਹੇਠ ਦਿੱਤੇ ਤਿੰਨ ਕੁ ਪੈਰਿਆਂ ਦਾ ਜ਼ਿਕਰ ਨਹੀਂ ਕੀਤਾ।***



*ਐਡਵੋਕੇਟ ਜੋਗਿੰਦਰ ਸਿੰਘ ਤੂਰ*

# ਯਾਦਾਂ 'ਚ ਰਹਿ ਗਏ ਕਿੱਸੇ-ਕਹਾਣੀਆਂ

**ਮਾ. ਸੰਜੀਵ ਧਰਮਾਣੀ**
**ਫੋਨ:94785-61356**

ਮਨੁੱਖ ਨੇ ਸ਼ੁਰੂ ਤੋਂ ਹੀ ਆਪਣੇ ਮਨ-ਪਰਚਾਵੇ ਲਈ ਕਈ ਸਾਧਨ ਅਪਣਾਏ ਹਨ, ਜਿਨ੍ਹਾਂ ਵਿਚੋਂ ਕਿੱਸੇ-ਕਹਾਣੀਆਂ ਦੀ ਆਪਣੀ ਖਾਸ ਥਾਂ ਸੀ। ਦੋ-ਢਾਈ ਕੁ ਦਹਾਕੇ ਪਹਿਲਾਂ ਤਕ ਬੱਚੇ, ਬਜ਼ੁਰਗ ਅਤੇ ਪਰਿਵਾਰ ਦੇ ਜੀਅ ਕਿੱਸੇ-ਕਹਾਣੀਆਂ ਨੂੰ ਬੜੇ ਚਾਅ-ਮਲਾਰ ਅਤੇ ਰੂਹ ਨਾਲ ਸੁਣਦੇ ਤੇ ਇਕ ਦੂਜੇ ਨੂੰ ਸੁਣਾਉਂਦੇ ਹੁੰਦੇ ਸਨ। ਬੱਚੇ ਬਚਪਨ ਵਿਚ ਦਾਦੀ ਤੇ ਨਾਨੀ ਕੋਲੋਂ ਰਾਤ ਸਮੇਂ ਜਨੌਰਾਂ, ਪਰੀਆਂ, ਪੰਛੀਆਂ, ਅੱਗ, ਪਾਣੀ, ਰੁੱਖ, ਪਰਬਤ, ਬੱਦਲ, ਦਰਿਆ ਆਦਿ ਅਤੇ ਵੱਡੇ ਹੋ ਕੇ ਸ਼ੀਰੀਂ ਫਰਹਾਦ, ਯੂਸਫ ਜ਼ੁਲੈਖਾਂ, ਲੈਲਾ ਮਜਨੂੰ, ਸੱਸੀ ਪੁੰਨੂ, ਹੀਰ ਰਾਂਝਾ, ਭਗਤਾਂ ਆਦਿ ਦੇ ਕਿੱਸੇ-ਕਹਾਣੀਆਂ ਇਕ-ਦੂਜੇ ਨੂੰ ਸੁਣਾਉਂਦੇ ਤੇ ਸੁਣਦੇ ਸਨ।

ਚਾਨਣੀਆਂ ਰਾਤਾਂ ਨੂੰ ਵਿਹੜੇ ਵਿਚ ਬੈਠ ਕੇ ਨਾਨਾ-ਨਾਨੀ ਜਾਂ ਦਾਦਾ-ਦਾਦੀ ਪਾਸੋਂ ਕਿੱਸੇ-ਕਹਾਣੀਆਂ ਸੁਣਨ ਦਾ ਆਪਣਾ ਵੱਖਰਾ ਹੀ ਅਨੰਦ, ਸਕੂਨ ਤੇ ਖੇੜਾ ਹੁੰਦਾ ਸੀ। ਬੱਚਿਆਂ ਨੂੰ ਕਿੱਸੇ-ਕਹਾਣੀਆਂ ਦੀ ਅਜਿਹੀ ਚੇਟਕ ਲੱਗੀ ਹੁੰਦੀ ਸੀ ਕਿ ਜ਼ਿੱਦ ਕਰ-ਕਰ ਕੇ ਬਜ਼ੁਰਗਾਂ ਕੋਲ ਬੈਠ ਕੇ ਸੁਣਦੇ ਹੁੰਦੇ ਸਨ। ਇਹ ਕਿੱਸੇ-ਕਹਾਣੀਆਂ ਵੱਖ-ਵੱਖ ਰਾਜਾਂ, ਦੇਸ਼ਾਂ, ਸਥਾਨਾਂ, ਭਾਸ਼ਾਵਾਂ, ਭੂਗੋਲਿਕ ਖਿੱਤਿਆਂ ਅਤੇ ਕਬੀਲਿਆਂ ਦੇ ਆਪੋ-ਆਪਣੇ ਹੁੰਦੇ ਸਨ। ਇਨ੍ਹਾਂ ਦੀ ਮਹਾਨਤਾ ਹੀ ਕਹੀ ਜਾ ਸਕਦੀ ਹੈ ਕਿ ਆਪਣੇ ਸ਼ਾਗਿਰਦ (ਚੇਲੇ) ਪਾਸੋਂ ਕਿੱਸਾ ਸੁਣ ਕੇ ਮੁੱਲਾ ਨਸੀਰੂਦੀਨ ਸਿਹਤਯਾਬ (ਤੰਦਰੁਸਤ) ਹੋ ਗਿਆ ਸੀ।



ਕਿੱਸੇ-ਕਹਾਣੀਆਂ ਨੇ ਸਾਡੇ ਘਰ, ਸਮਾਜ ਤੇ ਭਾਈਚਾਰੇ ਨੂੰ ਇਕ ਸੂਤਰ ਵਿਚ ਬੰਨ੍ਹ ਕੇ ਰੱਖਿਆ ਹੋਇਆ ਸੀ। ਇਸ ਤਰ੍ਹਾਂ ਬੱਚੇ ਆਪਣੇ ਮਾਪਿਆਂ ਤੇ ਬਜ਼ੁਰਗਾਂ ਲਈ ਤੇ ਮਾਤਾ-ਪਿਤਾ ਆਪਣੇ ਬੱਚਿਆਂ ਲਈ ਸਮਾਂ ਕੱਢ ਕੇ ਭਾਵਨਾਵਾਂ ਦਾ ਆਦਾਨ-ਪ੍ਰਦਾਨ ਕਰ ਲੈਂਦੇ ਤੇ ਬੱਚਿਆਂ ਨੂੰ ਆਗਿਆਕਾਰੀ, ਬਹਾਦਰ, ਸਮਾਜ-ਹਿਤੈਸ਼ੀ, ਸਿਦਕੀ, ਸਿਰੜੀ, ਨੈਤਿਕਤਾ ਭਰਪੂਰ ਅਤੇ ਸੱਚ ਦੇ ਰਸਤੇ 'ਤੇ ਚੱਲਣ ਦੀ ਗੁੜ੍ਹਤੀ ਸ਼ੁਰੂ ਤੋਂ ਹੀ ਬਜ਼ੁਰਗਾਂ ਤੇ ਸਮਾਜ ਤੋਂ ਮਿਲ ਜਾਂਦੀ ਸੀ, ਜਿਸ ਨਾਲ ਸਮਾਜਿਕ ਕੁਰੀਤੀਆਂ ਵੀ ਨਹੀਂ ਸਨ ਪੈਦਾ ਹੁੰਦੀਆਂ। ਇਸ ਨਾਲ ਕਲਪਨਾ ਸ਼ਕਤੀ, ਪਰਿਵਾਰਕ ਸਾਂਝ ਤੇ ਮਿਲਵਰਤਨ ਦੀ ਭਾਵਨਾ ਵੀ ਪੈਦਾ ਹੁੰਦੀ ਸੀ। ਬੱਚਿਆਂ ਨੂੰ ਜ਼ਿੰਦਗੀ 'ਚ ਵਿਚਰਨ ਅਤੇ ਤਰੱਕੀ ਕਰਨ ਦੇ ਤੌਰ-ਤਰੀਕੇ ਸੌਖੇ ਤੇ ਪਰਿਵਾਰਕ ਸਾਂਚੇ ਵਿਚ ਹੀ ਸਿੱਖਣ-ਸਮਝਣ ਨੂੰ ਮਿਲ ਜਾਂਦੇ ਸਨ। ਨਾਲ ਹੀ ਬੀਤੇ ਸਮੇਂ ਦੇ ਚੰਗੇ-ਮਾੜੇ ਤੇ ਨੀਤੀਗਤ ਵਿਚਾਰਾਂ ਬਾਰੇ ਗਿਆਨ ਵੀ ਮਿਲ ਜਾਂਦਾ ਸੀ ਅਤੇ ਬਜ਼ੁਰਗਾਂ, ਪੰਛੀਆਂ, ਜਨੌਰਾਂ, ਰੁੱਖਾਂ, ਦਰਿਆਵਾਂ, ਹਵਾ, ਧਰਤੀ ਆਦਿ ਪ੍ਰਤੀ ਵੀ ਸਤਿਕਾਰ ਤੇ ਪਿਆਰ ਬਣਿਆ ਰਹਿੰਦਾ ਸੀ, ਜੋ ਹੌਲੀ-ਹੌਲੀ ਸਮਾਜਿਕ ਤੇ ਕੁਦਰਤੀ ਸੰਤੁਲਨ ਬਣਾਈ ਰੱਖਣ ਵਿਚ ਵੀ ਸਹਾਇਕ ਸਿੱਧ ਹੋ ਨਿੱਬੜਦਾ ਸੀ।

ਇਸ ਨਾਲ ਪਰਉਪਕਾਰੀ, ਭੈਅ-ਮੁਕਤ, ਲੋਭ-ਮੁਕਤ, ਸਾਦਗੀ ਭਰਪੂਰ ਤੇ ਅਣਖੀ ਜ਼ਿੰਦਗੀ ਜਿਊਣ ਦੀ ਗ਼ੈਰਤ ਵੀ ਪੈਦਾ ਹੁੰਦੀ ਸੀ ਤੇ ਧਨ-ਦੌਲਤ ਨੂੰ ਮਨੁੱਖਤਾ, ਵਾਤਾਵਰਨ, ਪਰਉਪਕਾਰ ਅਤੇ ਸਮਾਜਿਕ ਰਿਸ਼ਤਿਆਂ ਤੋਂ ਵੱਧ ਅਹਿਮੀਅਤ ਨਾ ਦੇਣ ਦੀ ਸਿੱਧੇ-ਅਸਿੱਧੇ ਤਰੀਕੇ ਤਾਲੀਮ ਵੀ ਮਿਲ ਜਾਂਦੀ ਸੀ। ਸਮਾਜ ਅਤੇ ਪੂਰੇ ਪਿੰਡ ਨੂੰ ਇਕ ਪਰਿਵਾਰ ਵਾਂਗ ਸਮਝਣ ਦੀ ਸੋਝੀ ਬਚਪਨ ਤੋਂ ਹੀ ਵਿਕਸਿਤ ਹੋ ਜਾਂਦੀ ਸੀ।

ਕਿੱਸੇ-ਕਹਾਣੀਆਂ ਬੱਚਿਆਂ ਨੂੰ ਮਾਨਸਿਕ ਪ੍ਰੇਸ਼ਾਨੀਆਂ, ਚਿੰਤਾਵਾਂ ਅਤੇ ਪੜ੍ਹਾਈ ਦੇ ਬੋਝ ਤੋਂ ਰਾਹਤ, ਤਾਜ਼ਗੀ ਅਤੇ ਸਕੂਨ ਵੀ ਦਿੰਦੀਆਂ ਸਨ। ਇਹ ਲੋਕਾਂ ਨੂੰ ਆਲੇ-ਦੁਆਲੇ ਦੀ ਦੁਨੀਆ, ਉਨ੍ਹਾਂ ਦੇ ਖਾਣ-ਪੀਣ, ਪਹਿਰਾਵੇ ਅਤੇ ਸੱਭਿਆਚਾਰ ਦੀ ਜਾਣਕਾਰੀ ਵੀ ਦਿੰਦੇ ਸਨ ਪਰ ਅੱਜ ਕਿਉਂਕਿ ਮਨੁੱਖ ਪੈਸੇ ਦੀ ਦੌੜ ਵਿਚ ਗੁਆਚ ਗਿਆ ਹੈ, ਘਰ-ਘਰ ਟੈਲੀਵਿਜ਼ਨ (ਬੁੱਧੂ ਬਕਸੇ), ਮੋਬਾਇਲ, ਗੀਤ-ਸੰਗੀਤ ਦੇ ਸਾਧਨ ਆਦਿ ਆ ਗਏ ਹਨ, ਸੰਯੁਕਤ ਪਰਿਵਾਰ ਖ਼ਤਮ ਹੁੰਦੇ ਜਾ ਰਹੇ ਹਨ, ਹਰ ਕਿਸੇ ਕੋਲ ਸਮੇਂ ਦੀ ਘਾਟ ਹੋ ਗਈ ਹੈ ਅਤੇ ਬੱਚਿਆਂ 'ਤੇ ਪੜ੍ਹਾਈ, ਟਿਊਸ਼ਨਾਂ ਦਾ ਬੋਝ ਵਧ ਗਿਆ ਹੈ, ਜਿਸ ਕਾਰਨ ਸਾਡੀ ਆਤਮਾ ਦੀ ਖ਼ੁਰਾਕ ਕਿੱਸੇ-ਕਹਾਣੀਆਂ ਕੇਵਲ ਚੋਣਵੀਆਂ ਪੁਸਤਕਾਂ ਦੇ ਪੰਨਿਆਂ 'ਤੇ ਅਤੇ ਸਾਡੀਆਂ ਯਾਦਾਂ ਤਕ ਸੀਮਤ ਹੋ ਕੇ ਰਹਿ ਗਏ ਹਨ।

ਅੱਜ ਲੋੜ ਹੈ ਕਿ ਅਧਿਆਪਕ, ਮਾਤਾ-ਪਿਤਾ, ਦਾਦਾ-ਦਾਦੀ , ਨਾਨਾ-ਨਾਨੀ ਤੇ ਸਮਾਜ ਦੇ ਹੋਰ ਪਾਤਰ ਕਿੱਸੇ-ਕਹਾਣੀਆਂ ਨੂੰ ਜ਼ਿੰਦਗੀ, ਸਕੂਲਾਂ ਅਤੇ ਘਰ-ਪਰਿਵਾਰ ਵਿੱਚ ਥੋੜ੍ਹੀ ਜਿਹੀ ਥਾਂ ਦੇਣ ਦੀ ਕੋਸ਼ਿਸ਼ ਜ਼ਰੂਰ ਕਰਨ ਤਾਂ ਜੋ ਸਾਡੇ ਵੱਡੇ-ਵਡੇਰਿਆਂ ਦਾ ਦਿੱਤਾ ਇਹ ਅਨਮੋਲ ਖਜ਼ਾਨਾ ਸਾਡੇ ਕੋਲੋਂ ਸਦਾ ਲਈ ਨਾ ਖੁੱਸ ਜਾਵੇ।

# ਜ਼ਿੰਦਗੀ ਦਾ ਗੀਤ



***ਟਿਕੀ ਰਾਤ ਦੀ ਚੁੱਪ ਨੂੰ ਤੋੜਦੀਆਂ ਇਹ ਹੇਕਾਂ ਵਾਤਾਵਰਨ ਵਿਚ ਤੈਰਦੀਆਂ ਹੋਈਆਂ ਦੂਰ-ਦੂਰ ਤੱਕ ਫੈਲ ਜਾਂਦੀਆਂ ਅਤੇ ਪਿੰਡਾਂ ਵਿਚ ਕੋਠਿਆਂ 'ਤੇ ਸੁੱਤੇ-ਜਾਗਦੇ ਲੋਕਾਂ ਦੀਆਂ ਰੂਹਾਂ ਨੂੰ ਰੱਜ ਅਤੇ ਸਕੂਨ ਮਿਲਦਾ। ਕਮਾਦਾਂ ਵਿਚ ਲੁਕੇ ਗਿੱਦੜ ਤੇ ਬਘਿਆੜ ਵੀ ਇਨ੍ਹਾਂ ਹੇਕਾਂ ਨਾਲ ਆਪਣੀਆਂ ਆਵਾਜ਼ਾਂ ਨੂੰ ਮਿਲਾਉਣ ਦੀ ਕੋਸ਼ਿਸ਼ ਕਰਦੇ।...***

## ਕਲਾ ਪਰਿਕਰਮਾ

ਸ਼ਾਮ ਦਾ ਸਮਾਂ ਹੈ... ਰਾਤ ਹੋਣ ਹੀ ਵਾਲੀ ਹੈ। ਗਾਉਣ ਦੀ ਆਵਾਜ਼ ਨੇੜੇ ਆਉਂਦੀ ਜਾਪਦੀ ਹੈ। ਕੋਈ ਗਾ ਰਿਹਾ ਹੈ। ਐਨਾ ਸੋਹਣਾ ਤੇ ਕੁਦਰਤੀ ਗੌਣ! ਇਹ ਕੌਣ ਗਾ ਰਿਹੈ... ਬਈ?

ਇਸ ਖਿੱਤੇ ਦੇ ਸਾਧਾਰਨ ਲੋਕਾਂ ਦੇ ਗੀਤ ਤਾਂ ਕਦੋਂ ਦੇ ਗੁਆਚ ਚੁੱਕੇ ਹਨ। ਗਲੀਆਂ ਵਿਚ ਤੁਰੇ ਫਿਰਦੇ ਆਪ ਮੁਹਾਰੇ ਗਾਉਣਾ... ਇਹ ਤਾਂ ਕਦੋਂ ਦਾ ਗੁੰਮ-ਗੁਆਚ ਗਿਆ ਹੈ।

ਕਈ ਦਹਾਕੇ ਗੁਜ਼ਰ ਗਏ ਹਨ... ਜਦੋਂ ਜਨ-ਮਾਨਸ ਦੀ ਰੂਹ ਵਿਚੋਂ ਗੀਤਾਂ ਦੇ ਆਪ-ਮੁਹਾਰੇ ਚਸ਼ਮੇ ਵਗਦੇ ਸਨ। ਉਹ ਇਧਰ-ਉਧਰ ਤੁਰੇ-ਫਿਰਦੇ ਵੀ ਗਾ ਲੈਂਦੇ ਸਨ। ਬਾਥਰੂਮ ਉਦੋਂ ਹੁੰਦੇ ਨਹੀਂ ਸਨ... ਉਹ ਖੇਤਾਂ ਵਿਚ ਗਾਉਂਦੇ। ਬੰਨੇ-ਚੰਨੇ ਗਾਉਂਦੇ। ਇਹ ਤਾਂ ਕੋਈ ਬੜੀ ਬੁਲੰਦ ਆਵਾਜ਼ ਤੇ ਕੁਦਰਤੀ ਹੇਕ ਵਿਚ ਗਾ ਰਿਹਾ ਹੈ।

**ਪ੍ਰਿੰ. ਗੁਲਵੰਤ ਮਲੌਦਵੀ**
ਫੋਨ: +91-94173-32911

ਅੱਜ ਤੋਂ ਪੰਜ-ਸੱਤ ਦਹਾਕੇ ਪਹਿਲਾਂ ਪੰਜਾਬ ਦੇ ਲੋਕਾਂ ਦੀ ਰੂਹ ਦੇ ਅੰਦਰੋਂ ਗੀਤ ਆਪ-ਮੁਹਾਰੇ ਫੁੱਟਿਆ ਕਰਦੇ ਸਨ। ਚੰਨ ਚਾਨਣੀ ਟਿਕੀ ਰਾਤ ਵਿਚ ਖੇਤਾਂ ਨੂੰ ਨਹਿਰੀ ਪਾਣੀ ਲਾਉਂਦਿਆਂ ਆਪਣੇ ਮਨ ਦੀ ਮੌਜ ਵਿਚ ਇਕ ਹੱਥ ਆਪਣੇ ਕੰਨ 'ਤੇ ਰੱਖ, ਦੂਜੀ ਬਾਂਹ ਆਕਾਸ਼ ਵੱਲ ਫੈਲਾਅ ਕੇ ਲੋਕ ਹੇਕ ਲਾਉਂਦੇ ਤੇ ਫਿਜ਼ਾ ਵਿਚ ਬੋਲ ਗੂੰਜਦੇ:

ਉੱਚਾ ਬੁਰਜ ਲਹੌਰ ਦਾ
ਹੇਠ ਵਗੇ ਦਰਿਆ...

ਲੋਕ ਬੋਲੀ ਪੂਰੀ ਹੁੰਦੀ ਤਾਂ ਦੂਰ ਦੇ ਕਿਸੇ ਹੋਰ ਖੇਤ ਵਿਚ ਪਾਣੀ ਲਾਉਂਦਾ ਕੋਈ ਹੋਰ ਜਣਾ ਮੋੜਵਾਂ ਜਵਾਬ ਦਿੰਦਾ:

ਉੱਚਾ ਬੁਰਜ ਲਹੌਰ ਦਾ
ਮੈਂ ਖੜ੍ਹੀ ਸੁਕਾਵਾਂ ਕੇਸ...।

ਇਸੇ ਤਰ੍ਹਾਂ ਹੀ ਕਿਸੇ ਹੋਰ ਪਾਸਿਓਂ ਬੋਲੀ ਦੀ ਗੂੰਜ ਪੈਂਦੀ:

ਪਿੰਡਾਂ ਵਿਚੋਂ ਪਿੰਡ ਸੁਣੀਂਦਾ...

ਕੋਈ ਹੋਰ ਦੂਜੇ ਪਾਸਿਓਂ ਬੋਲੀ ਪਾਉਂਦਾ:

ਬਾਰੀ ਬਰਸੀ ਖਟਣ ਗਿਆ ਸੀ
ਕੀ ਖੱਟ ਲਿਆਇਆ...?

ਟਿਕੀ ਰਾਤ ਦੀ ਚੁੱਪ ਨੂੰ ਤੋੜਦੀਆਂ ਇਹ ਹੇਕਾਂ ਵਾਤਾਵਰਨ ਵਿਚ ਤੈਰਦੀਆਂ ਹੋਈਆਂ ਦੂਰ-ਦੂਰ ਤੱਕ ਫੈਲ ਜਾਂਦੀਆਂ ਤੇ ਪਿੰਡਾਂ ਵਿਚ ਕੋਠਿਆਂ 'ਤੇ ਸੁੱਤੇ-ਜਾਗਦੇ ਲੋਕਾਂ ਦੀਆਂ ਰੂਹਾਂ ਨੂੰ ਰੱਜ ਅਤੇ ਸਕੂਨ ਮਿਲਦਾ। ਕਮਾਦਾਂ ਵਿਚ ਲੁਕੇ ਗਿੱਦੜ ਤੇ ਬਘਿਆੜ ਵੀ ਇਨ੍ਹਾਂ ਹੇਕਾਂ ਨਾਲ ਆਪਣੀਆਂ ਆਵਾਜ਼ਾਂ ਨੂੰ ਮਿਲਾਉਣ ਦੀ ਕੋਸ਼ਿਸ਼ ਕਰਦੇ।

ਪਰ ਹੁਣ ਇਨ੍ਹਾਂ ਗੀਤਾਂ-ਹੇਕਾਂ ਦਾ ਕਿਸੇ ਨੂੰ ਚਿੱਤ-ਚੇਤਾ ਵੀ ਨਹੀਂ। ਇਨ੍ਹਾਂ ਤੋਂ ਅੱਜ ਕੱਲ੍ਹ ਦੀ ਪੀੜ੍ਹੀ ਤਾਂ ਬਿਲਕੁਲ ਹੀ ਅਣਜਾਣ ਹੈ। ਫੇਰ ਇਹ... ਇਸ ਤਰ੍ਹਾਂ ਕੌਣ ਗਾ ਰਿਹਾ ਹੈ...?

ਕਈ ਦਹਾਕੇ ਹੋ ਗਏ ਕੂੰਜਾਂ ਦੀ ਕੁਰਲਾਹਟ ਸੁਣੀ ਨੂੰ। ਉਦੋਂ ਹਰ ਸਾਲ ਕੂੰਜਾਂ ਆਉਂਦੀਆਂ ਲੰਮੀ ਗਰਦਨ ਅਗਾਂਹ ਵੱਲ ਤਾਣੇ ਹੋਏ! ਮਜ਼ਬੂਤ ਖੰਭ ਫੈਲਾਅ ਕੇ ਮਜ਼ਬੂਤ ਉਡਾਣ ਭਰਦੀਆਂ ਹੋਈਆਂ। ਡਾਰਾਂ ਦੀਆਂ ਡਾਰਾਂ ਇਕ ਪਿੱਛੇ ਇਕ। ਕਤਾਰ ਬਣਾ ਕੇ ਉਡਦੀਆਂ ਹੋਈਆਂ। ਦਰਦ ਭਰੀ ਆਵਾਜ਼ ਵਿਚ ਕੁਰਲਾਉਂਦੀਆਂ ਜਾਪਦੀਆਂ। ਰੂਹ ਚੀਰ ਦੇਣ ਵਾਲੀ ਕੁਰਲਾਹਟ ਹਰ ਕਿਸੇ ਨੂੰ ਅੰਬਰ ਵੱਲ ਦੇਖਣ ਲਈ ਮਜਬੂਰ ਕਰਦੀ।

"ਕੌਣ ਦੇਸ਼ ਤੋਂ ਆਈਆਂ ਕੂੰਜਾਂ... ਕਿਹੜੇ ਦੇਸ਼ੋਂ ਆਈਆਂ...?"

"ਦੂਰ ਦੇਸ਼ ਤੋਂ ਆਈਆਂ ਕੂੰਜਾਂ...।"

ਜੇਕਰ ਡਾਰ ਵਿਚੋਂ ਨਿੱਖੜੀ ਹੋਈ ਇਕੱਲੀ ਇਕਹਿਰੀ ਕੂੰਜ ਵਿਲਕਦੀ ਸੁਣਾਈ ਦਿੰਦੀ ਤਾਂ ਗੀਤ ਦੇ ਬੋਲ ਉੱਠਦੇ...

ਨੀ ਮੈਂ ਕੂੰਜ ਵਿਛੜਗੀ ਡਾਰੋਂ
ਸੱਜਣਾਂ ਨੂੰ ਟੋਲਦੀ ਫਿਰਾਂ...।

ਪਰ ਹੁਣ ਤਾਂ ਕੂੰਜਾਂ ਆਉਂਦੀਆਂ ਹੀ ਨਹੀਂ!! ਦਹਾਕੇ ਹੋਏ... ਉਹ ਪੰਜਾਬ ਦੇ ਅੰਬਰਾਂ ਦਾ ਰਾਹ ਭੁੱਲ ਗਈਆਂ। ਸੁਪਨਾ ਹੋ ਗਈਆਂ ਕੂੰਜਾਂ ਤੇ ਉਨ੍ਹਾਂ ਦੀਆਂ ਹੂਕਾਂ...!! ਕੂੰਜਾਂ ਸੁਪਨਾ ਬਣ ਗਈਆਂ। ਚਿੜੀਆਂ ਲੋਪ ਹੋ ਗਈਆਂ। ਜਿਹੜਾ ਗੀਤ ਸੁਣ ਕੇ ਚਿੜੀਆਂ ਤੇ ਕੂੰਜਾਂ ਯਾਦ ਆ ਗਈਆਂ... ਉਸ ਨੂੰ ਕੌਣ ਗਾ ਰਿਹਾ ਹੈ...?

ਪੰਜ ਕੁ ਦਹਾਕੇ ਪਹਿਲਾਂ ਜਦੋਂ ਪਿੰਡਾਂ ਵਿਚ ਬਿਜਲੀ ਨਹੀਂ ਸੀ, ਗਰਮੀਆਂ ਦੀ ਰੁੱਤੇ ਲੋਕ ਕੋਠਿਆਂ 'ਤੇ ਸੌਂਦੇ। ਵਿਆਹ-ਸ਼ਾਦੀਆਂ ਵਾਲੇ ਘਰ ਮਹੀਨਾ-ਮਹੀਨਾ ਭਰ ਪਹਿਲਾਂ ਹੀ ਲੋਕਗੀਤ ਗਾਉਣੇ ਸ਼ੁਰੂ ਹੋ ਜਾਂਦੇ। ਵਿਆਹ ਵਾਲੇ ਘਰ ਦੀ ਛੱਤ 'ਤੇ ਜੁੜੀਆਂ ਕੁੜੀਆਂ ਤੇ ਬੁੜ੍ਹੀਆਂ ਜਦੋਂ ਉੱਚੀ ਤੇ ਲੰਮੀ ਹੇਕ ਦੇ ਗੀਤ ਗਾਉਂਦੀਆਂ ਤਾਂ ਗੀਤਾਂ ਦੇ ਬੋਲ ਤੈਰਦੇ ਹੋਏ ਕਈ-ਕਈ ਮੀਲਾਂ ਤੱਕ ਫੈਲ ਜਾਂਦੇ। ਉਹ ਸਹਿਜ ਗੀਤ ਤਾਂ ਕਦੋਂ ਦੇ ਲੋਪ ਹੋ ਗਏ! ਉਨ੍ਹਾਂ ਨੂੰ ਤਾਂ ਅਸੀਂ ਕਦੋਂ ਦਾ ਵਿਸਾਰ ਛੱਡਿਆ!!

ਵਿਆਹਾਂ ਵਿਚ ਡੀ.ਜੇ. ਦਾ 'ਸ਼ੋਰ-ਸੰਗੀਤ'। ਇਹ ਕੋਠਿਆਂ ਜਿੱਡੇ-ਜਿੱਡੇ ਕਾਲੇ ਰੰਗ ਦੇ 'ਸਪੀਕਰ ਬਕਸੇ'। ਇਨ੍ਹਾਂ ਦੀ ਧਮਕ ਜੋ ਕੰਧਾਂ ਨੂੰ ਕੰਬਣ ਲਾ ਦਿੰਦੀ ਹੈ। ਮਾੜੇ ਦਿਲ ਵਾਲਾ ਇਨ੍ਹਾਂ ਦੇ ਨੇੜੇ ਨਹੀਂ ਬੈਠ ਸਕਦਾ। ਇਹ ਕਾਲੇ 'ਸਪੀਕਰ ਬਕਸੇ' ਸਾਡੇ 'ਸਹਿਜ ਸੁਰ' ਦੇ ਗੀਤਾਂ ਨੂੰ ਕਦੋਂ ਦੇ ਖਾ ਗਏ...।

...ਤੇ ਫਿਰ ਵੀ ਕੋਈ ਗਾ ਰਿਹਾ ਹੈ...ਕੌਣ ਹੈ ਇਹ...??

ਅਹੁ ਆ ਗਿਆ... ਸੱਤਾਂ-ਅੱਠਾਂ ਕੁ ਸਾਲਾਂ ਦਾ ਸੋਹਣਾ ਮੁੰਡਾ। ਸਾਈਕਲ ਵੀ ਚਲਾ ਰਿਹਾ ਹੈ ਤੇ ਬਾਂਹ ਉੱਚੀ ਕਰ ਕੇ ਗਾ ਵੀ ਰਿਹਾ ਹੈ...! ਕਿਸੇ ਬਹਾਦਰ ਯੋਧੇ ਦੀ ਬਹਾਦਰੀ ਦੇ ਗੀਤ ਗਾ ਰਿਹਾ ਹੈ...!! ਇਹ ਤੇ ਇਸ ਦੀ ਗਾਇਕੀ ਹਵਾ ਵਿਚ ਤੈਰਦੇ ਬੋਲ ਸਕੂਨ ਦੇ ਰਹੇ ਹਨ। ਪਰ ਕਦੋਂ ਤੱਕ...? ਕਦੋਂ ਤੱਕ ਬਚੇਗੀ ਇਹ ਵੱਡੇ-ਵੱਡੇ ਕਾਲੇ ਬਕਸਿਆਂ ਵਿਚ ਫਿੱਟ, ਕੋਠੇ ਜਿੱਡੇ-ਜਿੱਡੇ ਲਾਊਡ ਸਪੀਕਰਾਂ ਤੋਂ...??

***ਪੰਜ ਕੁ ਦਹਾਕੇ ਪਹਿਲਾਂ ਜਦੋਂ ਪਿੰਡਾਂ ਵਿਚ ਬਿਜਲੀ ਨਹੀਂ ਸੀ, ਗਰਮੀਆਂ ਦੀ ਰੁੱਤੇ ਲੋਕ ਕੋਠਿਆਂ 'ਤੇ ਸੌਂਦੇ। ਵਿਆਹ-ਸ਼ਾਦੀਆਂ ਵਾਲੇ ਘਰ ਮਹੀਨਾ-ਮਹੀਨਾ ਭਰ ਪਹਿਲਾਂ ਹੀ ਲੋਕਗੀਤ ਗਾਉਣੇ ਸ਼ੁਰੂ ਹੋ ਜਾਂਦੇ। ਵਿਆਹ ਵਾਲੇ ਘਰ ਦੀ ਛੱਤ 'ਤੇ ਜੁੜੀਆਂ ਕੁੜੀਆਂ ਤੇ ਬੁੜ੍ਹੀਆਂ ਜਦੋਂ ਉੱਚੀ ਤੇ ਲੰਮੀ ਹੇਕ ਦੇ ਗੀਤ ਗਾਉਂਦੀਆਂ ਤਾਂ ਗੀਤਾਂ ਦੇ ਬੋਲ ਤੈਰਦੇ ਹੋਏ ਕਈ-ਕਈ ਮੀਲਾਂ ਤੱਕ ਫੈਲ ਜਾਂਦੇ। ਉਹ ਸਹਿਜ ਗੀਤ ਤਾਂ ਕਦੋਂ ਦੇ ਲੋਪ ਹੋ ਗਏ! ਉਨ੍ਹਾਂ ਨੂੰ ਤਾਂ ਅਸੀਂ ਕਦੋਂ ਦਾ ਵਿਸਾਰ ਛੱਡਿਆ!***




*ਹੁਣ ਅਜਿਹੇ ਦ੍ਰਿਸ਼ ਦੁਰਲੱਭ ਹੋ ਗਏ ਹਨ, (ਖੱਬੇ) ਖੇਤਾਂ ਵਿਚ ਹਲ ਵਾਹ ਰਿਹਾ ਕਿਸਾਨ ਅਤੇ (ਸੱਜੇ) ਕੂੰਜਾਂ ਦੀ ਡਾਰ।*

# ਆਖ ਤਸਵੀਰਾਂ ਬੋਲਦੀਆਂ

*ਕਾਲਮ 'ਆਖ ਤਸਵੀਰਾਂ ਬੋਲਦੀਆਂ' ਨੇ ਪਾਠਕਾਂ ਦੇ ਦਿਲਾਂ ਅੰਦਰ ਬੈਠੇ ਸ਼ਾਇਰ ਨੂੰ ਖੂਬ ਹਲੂਣਿਆ ਹੈ। ਤਸਵੀਰ ਦੇਖ ਕੇ ਤੁਹਾਡੇ ਮਨ ਵਿਚ ਜੋ ਵਲਵਲੇ ਉਠਦੇ ਹਨ, ਉਹ ਕਵਿਤਾ ਦੀਆਂ ਦੋ ਤੋਂ ਚਾਰ ਸਤਰਾਂ 'ਚ ਸਾਨੂੰ ਤਸਵੀਰ ਦੇ ਸਿਰਲੇਖ ਦੇ ਤੌਰ 'ਤੇ ਭੇਜੋ। ਪਾਠਕਾਂ ਦੀ ਸਹੂਲਤ ਲਈ, ਮਿਸਾਲ ਵਜੋਂ ਫੋਟੋ ਨਾਲ ਕਾਵਿ ਟੋਟਾ ਵੀ ਦਿੱਤਾ ਗਿਆ ਹੈ। ਇਸ ਵਾਰ ਕੈਪਸ਼ਨ ਭੇਜਣ ਲਈ ਆਖਰੀ ਤਾਰੀਖ 13 ਨਵੰਬਰ 2021 ਹੈ। -ਸੰਪਾਦਕ*

## ਕੈਪਸ਼ਨ ਮੁਕਾਬਲਾ-510



**ਮਾਏ ਮੈਨੂੰ ਭੇਜ ਸਕੂਲੇ, ਮੈਂ ਊੜਾ-ਆੜਾ ਸਿੱਖਣਾ ਏ,**
**ਫੱਟੀ ਕੈਦਾ ਪਾ ਦੇ ਬਸਤੇ, ਸੋਹਣਾ-ਸੋਹਣਾ ਲਿਖਣਾ ਏ।**
**ਬਹੁਤੀ-ਬਹੁਤੀ ਕਰ ਪੜ੍ਹਾਈ, ਤੇਰਾ ਨਾਂ ਚਮਕਾਵਾਂਗਾ,**
**ਮਾਂ ਬੋਲੀ ਪੰਜਾਬੀ ਦਾ ਮੈਂ, ਉੱਚਾ ਨਾਂ ਰੁਸ਼ਨਾਵਾਂਗਾ।**

## ਕੈਪਸ਼ਨ ਮੁਕਾਬਲਾ-508



ਆਸਾਂ ਡੁੱਬੀਆਂ, ਸੁਪਨੇ ਟੁੱਟੇ,
ਖੇਤ ਅਸਾਡੇ ਸੁੰਡੀ ਖਾ ਗਈ।
ਮਿੱਟੀ ਬਣ ਗਿਆ ਚਿੱਟਾ ਸੋਨਾ,
ਮੁੱਕੇ ਹਾਸੇ, ਉਦਾਸੀ ਛਾ ਗਈ।
ਨਕਲੀ ਬੀਜ, ਦਵਾਈਆਂ ਨਕਲੀ,
ਬੰਦ ਕਿਉਂ ਨਹੀਂ ਕਰਦੀ ਸਰਕਾਰੇ?
ਮਾਰ ਕੇ ਗੇੜਾ, ਹਾਂ-ਹੂੰ ਕਰ ਕੇ,
ਮੁੜ ਜਾਂਦੇ ਨੇ ਲੀਡਰ ਸਾਰੇ।

***-ਗੁਰਦੇਵ ਸਿੰਘ ਢਪਾਲੀ, ਬਠਿੰਡਾ***
***ਫੋਨ: 94176-49275***

---

ਫਸਲਾਂ ਉਤੇ ਸੁੰਡੀ ਫਿਰ ਗਈ,
ਕਿਸਾਨ ਰੋਣ ਦੁੱਖੜੇ,
ਖੜ੍ਹੇ ਵਿਚ ਕਪਾਹਾਂ ਦੇ।
ਵਕਤ ਦੀ ਨਜ਼ਾਕਤ ਨੂੰ ਜਾਇਜ਼ ਸਮਝ ਕੇ,
ਸਾਥ ਦੇਣਾ ਕੰਮ ਹੁੰਦੇ ਸਰਕਾਰਾਂ ਦੇ।
ਜ਼ਿਮੀਂਦਾਰਾਂ ਦੀ ਮਜਬੂਰੀ ਦੇਖ ਕੇਂਦਰ ਨੇ,
ਭਵਿੱਖ 'ਚ ਜ਼ਮੀਨਾਂ ਖੋਹਣ ਦੀ
ਕਰ ਲਈ ਤਿਆਰੀ,
ਖੇਤੀ ਨੂੰ ਵਪਾਰਕ ਬਣਾਉਣ ਤੋਂ ਪਹਿਲਾਂ,
ਗਰੰਟੀ ਨਾਲ ਹੋਵੇ ਕਿਸਾਨਾਂ ਦੀ ਭਾਗੀਦਾਰੀ।

***-ਅਮਰਜੀਤ ਸਿੰਘ ਤੂਰ,***
***ਪਟਿਆਲਾ***
***ਫੋਨ: 98784-69639***

---

ਬੀਜਿਆ ਨਰਮਾ ਜੱਟ ਨੇ,
ਪਰ ਕਰਮਾਂ ਸੰਦੜਾ ਖੇਤ,
ਘਰ ਆਵੇ ਤਾਂਹੀ ਜਾਣੀਏ,
ਹੋਵੇ ਅਗੇਤ ਜਾਂ ਪਛੇਤ।
ਨਕਲੀ ਦਵਾਈਆਂ ਮਾਰ'ਤੇ,
ਲੁੱਟਦੇ ਰੋਜ਼ ਸ਼ਾਹੂਕਾਰ,
ਐਵੇਂ ਫੰਧੇ ਨਾ ਗਲ਼ ਪਏ,
ਦਿੱਤੇ ਕਾਲ਼ੇ ਕਨੂੰਨਾਂ ਮਾਰ।

***-ਸੇਵਾ ਸਿੰਘ 'ਨੂਰਪੁਰੀ'***
***ਫ਼ੋਨ: 408-912-3438***

---

ਕਪਾਹ ਦੀ ਫੁੱਟੀ ਜਿਸ ਖਿੜਨਾ ਸੀ ਅਜੇ
ਵੜੇਵੇਂ ਵੱਖਰੇ, ਸੂਤ ਵੱਖਰਾ ਬਣਨਾ ਸੀ,
ਉਸੇ ਡੋਡੀ ਨੂੰ ਘੁੰਡ 'ਚ ਹੀ
ਗੁਲਾਬੀ ਸੁੰਡੀ ਚਟਮ ਕਰ ਗਈ।
ਪਿਆ ਰੋਸ ਮਾਲਵਾ ਪੱਟੀ ਦੇ ਕਿਸਾਨਾਂ 'ਚ,
ਜੋ ਸਕੀਮਾਂ ਸਨ ਕਾਸ਼ਤ ਸਿਰੇ ਚੜ੍ਹਨ 'ਤੇ
ਮੜ੍ਹਕ ਤੇ ਬੜ੍ਹਕ ਸਭ ਖੇਰੂੰ-ਖੇਰੂੰ ਹੋਈਆਂ
ਸਰਕਾਰ ਵੀ ਬਹੁੜਦੀ, ਵੋਟਾਂ ਵੇਲੇ ਹੀ।

***-ਦਰਸ਼ਨ ਪਾਲ ਦੁਸਾਂਝ***

---

ਧੁੱਪ ਵਿਚ ਕਿਸਾਨ ਤੇ
ਨਾਰੀ ਚੁੱਲ੍ਹੇ ਅੱਗੇ ਜਲਦੀ ਹੈ,
ਤਾਂ ਜਾ ਕੇ ਫ਼ਸਲ ਪਲਦੀ ਹੈ।
ਸਮੇਂ ਨੇ ਐਸਾ ਝੰਬਿਆ,
ਖਿੜਨ ਤੋਂ ਬਾਅਦ ਮੁਰਝਾਇਆ,
ਜ਼ਿੰਦਗੀ ਦੇ ਸਵਾਲ ਬਦਲ ਗਏ,
ਵਕਤ ਨੇ ਹਾਲਾਤ ਬਦਲਾਅ ਦਿੱਤੇ,
ਅਸੀਂ ਅੱਜ ਵੀ ਉਹੀ ਹਾਂ, ਜੋ ਕੱਲ੍ਹ ਸੀ,
ਬਸ ਸਰਕਾਰ ਨੇ
ਆਪਣੇ ਜਜ਼ਬਾਤ ਬਦਲ ਦਿੱਤੇ।

***-ਬੱਲਾ ਲਬਾਣਾ***
***ਫੋਨ: 848-235-8344***

---

# ਬੱਬਰ ਅਕਾਲੀਆਂ ਦੇ ਹਿੰਦੂ ਤੇ ਮੁਸਲਮਾਨ ਸੰਗੀ-ਸਾਥੀ

***ਭਾਰਤ ਦੀ ਆਜ਼ਾਦੀ ਦੀ ਲੜਾਈ ਵਿਚ ਬੱਬਰ ਅਕਾਲੀ ਲਹਿਰ ਦਾ ਖਾਸ ਸਥਾਨ ਹੈ। ਇਸ ਲਹਿਰ ਨਾਲ ਜੁੜੇ ਸੂਰਮਿਆਂ ਨੇ ਆਪਣੇ ਵਿਰਸੇ ਤੇ ਇਤਿਹਾਸ ਨੂੰ ਦ੍ਰਿੜਤਾ ਨਾਲ ਅਪਣਾਇਆ ਅਤੇ ਗੁਲਾਮੀ ਦੇ ਖਾਤਮੇ ਲਈ ਪੂਰੇ ਤਾਣ ਨਾਲ ਲੜੇ। ਇਸ ਹਥਿਆਰਬੰਦ ਲੜਾਈ ਨੇ ਇਕ ਵਾਰ ਤਾਂ ਅੰਗਰੇਜ਼ ਹਾਕਮਾਂ ਅਤੇ ਉਨ੍ਹਾਂ ਦੇ ਪਿਆਦਿਆਂ ਨੂੰ ਹੱਥਾਂ ਪੈਰਾਂ ਦੀ ਪਾ ਦਿੱਤੀ ਸੀ। ਵਿਜੈ ਬੰਬੇਲੀ ਨੇ ਇਸ ਲੇਖ ਵਿਚ ਉਨ੍ਹਾਂ ਜਿਊੜਿਆਂ ਦਾ ਜ਼ਿਕਰ ਕੀਤਾ ਹੈ ਜੋ ਹਿੰਦੂ ਅਤੇ ਮੁਸਲਿਮ ਫਿਰਕਿਆਂ ਨਾਲ ਸਬੰਧ ਰੱਖਦੇ ਸਨ ਪਰ ਉਨ੍ਹਾਂ ਬੱਬਰ ਅਕਾਲੀ ਲਹਿਰ ਵਿਚ ਆਪਣਾ ਯੋਗਦਾਨ ਪਾਇਆ।***



ਖੱਬਿਓਂ: ਊਧਮ ਸਿੰਘ, ਸਵਾਮੀ ਪੂਰਨਾ ਨੰਦ, ਫਕੀਰੀਆ ਅਤੇ ਜੀਵਾ।

ਬੱਬਰ ਅਕਾਲੀ ਲਹਿਰ ਦੇ ਪੰਜਾਬੀ ਸੂਰਮਿਆਂ ਨੇ ਆਪਣੇ ਵਿਰਸੇ ਅਤੇ ਇਤਿਹਾਸ ਨੂੰ ਦ੍ਰਿੜਤਾ ਨਾਲ ਅਪਣਾਉਂਦਿਆਂ ਗੁਲਾਮੀ ਖਿਲਾਫ ਰੱਤ-ਡੋਲ੍ਹਵੀਂ ਜੰਗ ਲੜੀ। ਉਨ੍ਹਾਂ ਨੇ ਬਗੈਰ ਕਿਸੇ ਜਾਤੀ, ਧਰਮ ਆਦਿ ਦੇ ਵਿਤਕਰੇ ਦੇ ਸਭ ਧਿਰਾਂ ਨੂੰ ਇਸ ਹਥਿਆਰਬੰਦ ਘੋਲ ਵਿਚ ਸ਼ਮੂਲੀਅਤ ਕਰਨ ਲਈ ਵੰਗਾਰਿਆ। ਕੁਝ ਵਿਸ਼ੇਸ਼ ਕਾਰਨਾਂ ਕਰਕੇ ਇਸ ਲਹਿਰ ਵਿਚ ਜੱਟ ਸਿੱਖ ਤਬਕੇ ਨੇ ਵੱਧ ਸ਼ਮੂਲੀਅਤ ਕੀਤੀ ਜਿਨ੍ਹਾਂ ਵਿਚ ਵੱਡੀ ਗਿਣਤੀ ਅੰਮ੍ਰਿਤਧਾਰੀ ਸਨ, ਸਿੱਖੀ ਦੇ ਮੂਲ ਸਰੋਕਾਰਾਂ ਨੂੰ ਪ੍ਰਣਾਏ ਹੋਏ। ਬੱਬਰਾਂ ਵਿਚ ਇਕ ਗਿਣਨਯੋਗ/ਮਹੱਤਵਪੂਰਨ ਗਿਣਤੀ ਸ਼ਿਲਪੀ ਤਬਕਿਆਂ ਵੀ ਸੀ ਜਿਨ੍ਹਾਂ ਵਿਚ ਤਰਖਾਣ, ਲੁਹਾਰ, ਬੁਣਕਰ ਅਤੇ ਸੁਨਿਆਰ ਆਦਿ ਸ਼ਾਮਿਲ ਸਨ (ਜਿਹੜੇ ਕਰੀਬ-ਕਰੀਬ ਸਾਰੇ ਹੀ ਅੰਮ੍ਰਿਤਧਾਰੀ ਸਨ)। ਬੱਬਰਾਂ ਵਿਚ ਹਿੰਦੂ-ਮੁਸਲਿਮਾਂ ਦੀ ਸ਼ਮੂਲੀਅਤ ਵੀ ਸੀ ਪਰ ਬਹੁਤ ਥੋੜ੍ਹੀ। ਇਨ੍ਹਾਂ ਵਿਚੋਂ ਕੁਝ ਦੇ ਨਾਂ ਗਿਣਾਏ ਜਾ ਸਕਦੇ ਹਨ:

**ਸੁੰਦਰ ਬ੍ਰਾਹਮਣ:** ਸੁੰਦਰ ਸਿੰਘ ਭਨੋਟ ਸਿੱਖ ਬ੍ਰਾਹਮਣ ਪੁੱਤਰ ਨੰਦ ਲਾਲ ਉਰਫ ਨੰਦੂ ਬਾਹਮਣ ਸਾਕਨ ਕੋਟ ਫਤੂਹੀ (ਮਾਹਿਲਪੁਰ) ਨੂੰ ਸਾਰੇ ਸੁੰਦਰ ਬਾਹਮਣ ਆਖਦੇ ਸਨ। ਉਸ ਦਾ ਨਾਂ 'ਦੂਜਾ ਬੱਬਰ ਸਾਜ਼ਿਸ਼ ਕੇਸ' (ਮੁਕੱਦਮਾ ਨੰਬਰ 2, 1925, ਬਰਤਾਨਵੀ ਸਮਰਾਟ ਬਨਾਮ ਬੱਬਰ



ਵਿਜੈ ਬੰਬੇਲੀ
ਫੋਨ: +91-94634-39075

ਕਿਸ਼ਨ ਸਿੰਘ ਗੜਗੱਜ ਆਦਿ ਜਿਸ ਵਿਚ 91 ਬੱਬਰ ਸ਼ੁਮਾਰ ਸਨ ਜੋ ਲਾਹੌਰ ਵਿਖੇ ਚੱਲਿਆ) ਵਿਚ ਲੜੀ ਨੰਬਰ 32 ਉਤੇ ਦਰਜ ਸੀ। ਇਹ ਦੇਸ਼ ਭਗਤ ਪਹਿਲਾਂ ਪਿੰਡ ਦੇ ਗਦਰੀਆਂ ਤੇ ਬੱਬਰਾਂ ਦੀ ਬਦੌਲਤ ਮਾਸਟਰ ਮੋਤਾ ਸਿੰਘ ਪਤਾਰਾ ਮਗਰੋਂ ਬੱਬਰ ਲਹਿਰ ਦੀ ਚੜ੍ਹਤ ਵੇਲੇ ਬੱਬਰ ਉਦੇ ਸਿੰਘ ਝੁੰਗੀਆਂ ਆਦਿ ਦਾ ਬੇਹੱਦ ਭਰੋਸੇਯੋਗ ਅਤੇ ਭੁਜੰਗੀ ਦਲੀਪ ਸਿੰਘ ਧਾਮੀਆਂ ਦਾ ਨੇੜਲਾ ਰਿਹਾ ਸੀ। ਤੀਹ ਵਰ੍ਹਿਆਂ ਦੀ ਉਮਰ ਵਿਚ ਉਹ ਬੇਹੱਦ ਸਰਗਰਮ ਹੋ ਕੇ ਬੱਬਰ ਅਕਾਲੀ ਲਹਿਰ ਵਿਚ ਸ਼ਾਮਿਲ ਹੋ ਗਿਆ। ਉਹ ਬੱਬਰਾਂ ਦੀ ਚੀਫ ਕੋਰਟ ਮੌਜਾ ਕੋਟ ਫਤੂਹੀ ਦੇ ਦੇਸ਼ਭਗਤਾਂ, ਖਾਸਕਰ ਬੱਬਰ ਲਹਿਰ ਦੇ ਹਮਜੋਲੀਆਂ ਵਿਚੋਂ ਹਰਦਿੱਤ ਸਿੰਘ (ਜਿਸ ਦੇ ਵਾੜੇ ਵਿਚ ਇਸ ਦੀ ਸਰਗਰਮ ਮਦਦ ਨਾਲ 'ਪਰਚਾ ਬੱਬਰ ਅਕਾਲੀ-ਦੋਆਬਾ' ਛਪਦਾ ਰਿਹਾ) ਦਾ ਨੇੜਲਾ ਸਾਥੀ ਸੀ। ਖਿੱਤੇ ਦੇ ਬੱਬਰ ਦੀਵਾਨਾਂ, ਖਾਸਕਰ 1922 ਦੀ ਕੋਟ ਫਤੂਹੀ ਪੁਲੀਟੀਕਲ ਕਾਨਫਰੰਸ, ਵਿਚ ਸਰਗਰਮ ਭੂਮਿਕਾ ਨਿਭਾਉਣ ਸਦਕਾ ਉਹ ਬੇਹੱਦ ਮਕਬੂਲ ਹੋਇਆ। ਪੰਡਤ ਸੁੰਦਰ ਸਿੰਘ ਨੇ ਭਾਵੇਂ ਝੋਲੀ ਚੁੱਕਾਂ ਜਾਂ ਸਰਕਾਰੀ ਅਹਿਲਕਾਰਾਂ ਦੇ 'ਸੁਧਾਰ' ਵਿਚ ਸਿੱਧਾ ਹਿੱਸਾ ਨਹੀਂ ਸੀ ਲਿਆ ਪਰ ਅੰਗਰੇਜ਼ ਤੇ ਸਰਕਾਰੀ ਮਸ਼ੀਨਰੀ ਉਸ ਨੂੰ ਦੂਜਿਆਂ ਲਈ ਦਹਿਸ਼ਤ 'ਟੈਰਰ ਟੂ ਅਦਰਜ਼' ਮੰਨਦੀ ਸੀ। ਬੇਹੱਦ ਤਸ਼ੱਦਦ, ਕੈਦ, ਤਨਹਾਈ ਅਤੇ ਲਾਲਚ ਵੀ ਉਸ ਨੂੰ ਆਪਣੇ ਅਕੀਦੇ ਤੋਂ ਡੁਲਾ ਨਾ ਸਕੇ। ਬੱਬਰ ਸੁੰਦਰ ਦੀ ਅਡੋਲਤਾ, ਸਿਦਕਦਿਲੀ, ਹਰਮਨ ਪਿਆਰਤਾ ਅਤੇ ਸਰਕਾਰੀ ਮਸ਼ੀਨਰੀ 'ਤੇ ਦਹਿਸ਼ਤ ਸਦਕਾ ਹੀ ਕੋਈ ਵੀ ਖੁੱਲ੍ਹ ਕੇ ਉਸ ਦੇ ਵਿਰੁਧ ਭੁਗਤ ਨਾ ਸਕਿਆ। ਅੰਤ, ਜੱਜ ਲੂਇਸ ਏ. ਬੂਲ ਨੇ ਉਸ ਨੂੰ 'ਬੇਹੱਦ ਖਤਰਨਾਕ' ਕਰਾਰ ਦੇ ਕੇ ਜੂਹਬੰਦ ਕਰ ਦਿੱਤਾ।

**ਪੰਡਿਤ ਊਧੋ:** ਪੰਡਿਤ ਊਧੋ ਉਰਫ ਊਧਮ ਸਿੰਘ ਬੱਬਰ ਪੁੱਤਰ ਲੱਭੂ ਰਾਮ ਪਿੰਡ ਨੂਸੀ ਜ਼ਿਲ੍ਹਾ ਜਲੰਧਰ ਦਾ ਵਾਸੀ ਸੀ। 37 ਬੱਬਰਾਂ ਵਿਰੁੱਧ ਲਾਹੌਰ ਦੇ ਐਡੀਸ਼ਨਲ ਸੈਸ਼ਨ ਜੱਜ ਐਸ.ਐਸ. ਹੋਰੀਸਨ ਦੀ ਅਦਾਲਤ ਵਿਚ ਚੱਲੇ ਤੀਜੇ ਬੱਬਰ ਸਾਜ਼ਿਸ਼ ਕੇਸ, ਟਰਾਇਲ ਨੰਬਰ 3, 1925, ਵਿਚ ਲੜੀ ਨੰਬਰ 20 'ਤੇ ਇਸ ਦਾ ਨਾਂ ਦਰਜ ਸੀ। ਸ਼ੁਰੂ ਤੋਂ ਹੀ ਦਲੇਰ ਇਹ ਸੂਰਮਾ ਆਪਣੇ ਚਾਚੇ ਚੰਨਣ ਤੋਂ ਬੜਾ ਪ੍ਰਭਾਵਿਤ ਸੀ ਜਿਹੜਾ ਦੇਸ਼ਭਗਤੀ ਦੀਆਂ ਸ਼ਾਂਤਮਈ ਕਾਰਵਾਈਆਂ 'ਚ ਸ਼ਾਮਲ ਸੀ। ਜ਼ਿਕਰਯੋਗ ਗੱਲ ਇਹ ਹੈ ਕਿ ਉਹੀ ਚਾਚਾ, ਊਧੋ ਦੇ ਬੱਬਰ ਅਕਾਲੀਆਂ ਵਿਚ ਸਰਗਰਮ ਹੋ ਜਾਣ ਉਪਰੰਤ ਖੁਦ ਵੀ ਬੱਬਰ ਲਹਿਰ ਵਿਚ ਸ਼ਾਮਿਲ ਹੋ ਗਿਆ। ਮਗਰੋਂ ਅੰਮ੍ਰਿਤ ਛਕ ਕੇ ਸਿੰਘ ਸਜ ਜਾਣ ਵਾਲੇ ਇਸ ਸੂਰਮੇ ਦਾ ਨਾਂ ਕਈ ਬੱਬਰ ਸਰਗਰਮੀਆਂ 'ਚ ਬੋਲਦਾ ਹੈ। ਲਾਲਚੀ ਤੇ ਅੰਗਰੇਜ਼ ਪੱਖੀ ਸ਼ਾਹੂਕਾਰ (ਸੁਨਿਆਰ) ਫਰਮ ਮੈਸਰਜ਼ ਪ੍ਰਭ ਦਿਆਲ-ਚਾਨਣ ਰਾਮ ਨਗਰ ਬੱਲਾਂ (ਕਰਤਾਰਪੁਰ) ਦਾ ਡਾਕਾ ਸਭ ਤੋਂ ਚਰਚਿਤ ਸੀ। ਦੇਰ ਚਿਰ ਮਗਰੋਂ ਫੜੇ ਜਾਣ ਉਪਰੰਤ ਫਰਵਰੀ 1926 ਨੂੰ ਆਏ ਫੈਸਲੇ ਵਿਚ (ਇਸ ਵਿਚ ਊਧੋ ਦਾ ਨਾਂ ਪਹਿਲੇ ਨੰਬਰ 'ਤੇ ਸੀ) ਉਸ ਨੂੰ 20 ਸਾਲ ਕੈਦ-ਬਾਮੁਸ਼ੱਕਤ ਅਤੇ ਘਰ-ਘਾਟ ਜ਼ਬਤੀ ਦੀ ਸਜ਼ਾ ਸੁਣਾਈ ਗਈ।

**ਚੰਨਣ ਪੰਡਿਤ:** ਚੰਨਣ ਪੰਡਿਤ ਉਰਫ ਚੰਨਣ ਸਿੰਘ ਪੁੱਤਰ ਰਾਧਾ ਰਾਮ ਸਾਕਨ ਨੂਸੀ ਬੱਬਰ ਊਧਮ ਸਿੰਘ ਦਾ ਚਾਚਾ ਸੀ। ਭਰਵੇਟ ਉਮਰ ਤੋਂ ਹੀ ਸਰਗਰਮ ਆਜ਼ਾਦੀ ਘੁਲਾਟੀਆ ਇਹ ਯੋਧਾ ਅੱਲ੍ਹੜ ਉਮਰੇ ਬੇਪਰਵਾਹ, ਅਲਬੇਲਾ ਅਤੇ ਕਵੀ ਮਨ ਵਾਲਾ ਸੀ। ਪਹਿਲਾਂ ਪਹਿਲਾਂ ਸ਼ਾਂਤਮਈ ਜੰਗ-ਏ-ਆਜ਼ਾਦੀ 'ਚ ਹਿੱਸਾ ਲੈਂਦਾ ਰਿਹਾ ਅਤੇ ਮਗਰੋਂ ਹਥਿਆਰਬੰਦ ਬੱਬਰ ਅਕਾਲੀ ਤਹਿਰੀਕ 'ਚ ਸਰਗਰਮ ਹੋ ਗਿਆ। ਗੋਰਾਸ਼ਾਹੀ ਦੀ ਨਜ਼ਰ ਵਿਚ 'ਐਕਟਿਵ ਫਰੀਡਮ ਫਾਈਟਰ' ਵਜੋਂ ਜਾਣਿਆ ਜਾਂਦਾ ਪੰਡਿਤ ਚੰਨਣ ਸਿੰਘ ਬਚਪਨ ਤੋਂ ਬੇਹੱਦ ਚੇਤੰਨ ਅਤੇ ਜਗਿਆਸੂ ਤਾਂ ਹੈ ਹੀ ਸੀ, ਅੰਮ੍ਰਿਤ ਛਕਣ ਉਪਰੰਤ ਗੁਰਬਾਣੀ ਦਾ ਵੀ ਵੱਡਾ ਗਿਆਤਾ ਹੋ ਨਿਬੜਿਆ। ਕਈ ਦਲੇਰਾਨਾ ਕਾਰਵਾਈਆਂ ਸਮੇਤ ਉਸ ਨੇ ਵੀ ਬੱਲਾਂ ਵਾਲੇ ਡਾਕੇ (ਫਰਵਰੀ 1925 ਜਿਸ ਵਿਚ ਬੜਾ ਧਨ ਅਤੇ ਸੋਨਾ ਚਾਂਦੀ ਦੇਸ਼ਭਗਤਾਂ ਦੇ ਹੱਥ ਲੱਗਿਆ ਸੀ) ਵਿਚ ਸਰਗਰਮ ਹਿੱਸਾ ਪਾਇਆ। ਅਖੀਰਲੇ ਮਾਮਲੇ 'ਚ ਦੋਸ਼ੀ ਨੰਬਰ 10 ਵਜੋਂ ਦਰਜ ਇਹ ਯੋਧਾ ਤੋੜ ਆਜ਼ਾਦੀ ਤੱਕ ਪੁਲਿਸ ਦੇ ਹੱਥ ਨਾ ਆਇਆ।

**ਜੀਵਾ ਘੁਮਿਆਰ:** ਬੱਬਰਾਂ ਦੇ ਬੇਹੱਦ ਨੇੜਲੇ ਜੀਵਾ ਘੁਮਿਆਰ ਉਰਫ ਜੀਵਨ ਸਿੰਘ ਵਾਲਿਦ ਗੁਲਾਬਾ ਮੌਜਾ ਧਾਮੀਆਂ ਕਲਾਂ (ਬੱਬਰਾਂ ਦੀਆਂ ਧਾਮੀਆਂ) ਦੀ ਬੱਬਰਾਂ ਵਿਚ ਪੂਰੀ ਪੈਠ ਸੀ। ਉਹ ਉਨ੍ਹਾਂ ਦਾ ਭਰੋਸੇਯੋਗ ਸੂਹੀਆ ਸੀ। ਹੋਰ ਤਾਂ ਹੋਰ, ਉਸ ਨੇ ਬਾਗੀ ਫੌਜੀਆਂ ਦੀ ਵੀ ਬੜੀ ਸੇਵਾ ਕੀਤੀ। ਫੜਿਆ ਗਿਆ ਤਾਂ ਕੱਚੇ-ਭਾਂਡੇ ਬਣਾਉਣ, ਪਕਾਉਣ ਅਤੇ ਦਰ-ਦਰ ਵੇਚਣ ਵਾਲੇ ਇਸ ਬੰਦੇ ਨੇ ਲਾਲਚਵੱਸ ਆ ਕੇ ਗਦਾਰੀ ਕਰਨ ਦੀ ਬਜਾਇ ਦੋ ਸਾਲ ਦੀ ਕੈਦ ਭੁਗਤਣੀ ਮਨਜ਼ੂਰ ਕਰ ਲਈ ਜੋ ਅੰਬਾਲਾ ਜੇਲ੍ਹ ਵਿਚ ਕੱਟੀ। ਮਾਪਿਆਂ ਦਾ ਇਕਲੌਤਾ ਪੁੱਤ ਜੇਲ੍ਹੋਂ ਮੁੜਿਆ ਤਾਂ ਵਿਆਹੁਣ ਦੀ ਉਮਰ ਲੰਘ ਚੁੱਕੀ ਸੀ। ਇਸ ਲਈ ਉਹ ਦੁਨੀਆ ਤੋਂ ਲਾਵਾਰਿਸ ਤੁਰ ਗਿਆ।

**ਮਿਸਤਰੀ ਨੱਥੂ ਰਾਮ:** ਉਹ ਪਿੰਡ ਕੋਟਲੀ (ਸਿਆਲਕੋਟ) ਦਾ ਰਹਿਣ ਵਾਲਾ ਸੀ ਪਰ ਰੋਜ਼ੀ-ਰੋਟੀ ਲਈ ਪਿੰਡ-ਕਸਬੇ ਗਾਹੁੰਦਾ ਫਿਰਦਾ। ਇਸ ਦਾ ਕਾਰਨ ਜਿੰਦੇ ਬਣਾਉਣ ਦਾ ਕਸਬ ਸੀ। ਨਵੇਂ ਜਿੰਦੇ ਵੇਚਣ ਲਈ ਉਹ ਜ਼ਿਲ੍ਹਿਓਂ ਪਾਰ ਦੂਰ-ਦੁਰਾਡੇ ਵੀ ਜਾ ਨਿਕਲਦਾ। ਉਸ ਦੀ ਬਹੁਤੀ ਮਸ਼ਹੂਰੀ ਗੁਆਚੀਆਂ ਚਾਬੀਆਂ ਅਤੇ ਵਿਗੜੇ ਜ਼ਿੰਦੇ ਬਣਾਉਣ ਦੇ ਮਾਹਿਰ ਵਜੋਂ ਸੀ। ਇਹੀ ਮੁਹਾਰਤ ਉਸ ਨੂੰ ਬੱਬਰਾਂ ਦੇ ਨੇੜੇ ਲੈ ਗਈ। ਕੁਝ ਅਹਿਮ ਡਾਕਿਆਂ, ਖਾਸਕਰ ਜੇਲ੍ਹੀਂ ਬੰਦ ਸਾਥੀਆਂ ਨੂੰ ਛੁਡਾਉਣ ਜਾਂ ਦਾਅ ਲੱਗਦਿਆਂ ਹੱਥਕੜੀਆਂ ਖੋਲ੍ਹਣ ਲਈ ਬੱਬਰਾਂ ਨੂੰ ਜਾਅਲੀ ਚਾਬੀਆਂ ਦੀ ਲੋੜ ਸੀ। ਮਿਸਤਰੀ ਨੱਥੂ ਰਾਮ ਫੜਿਆ ਗਿਆ ਤਾਂ ਬੇਹੱਦ ਤਸ਼ੱਦਦ ਉਪਰੰਤ ਜੇਲ੍ਹ ਵਿਚ ਸੁੱਟ ਦਿੱਤਾ ਗਿਆ।

**ਸਵਾਮੀ ਪੂਰਨਾ ਨੰਦ:** ਉਹ ਡੇਰਾ ਝਬਾਲ (ਮੈਲੀ) ਬਲਾਕ ਮਾਹਿਲਪੁਰ ਅਜਿਹਾ ਵਾਹਿਦ ਸ਼ਖਸ ਸੀ ਜਿਸ ਕੋਲ ਉਘੇ ਬੱਬਰ ਅਕਾਲੀਆਂ ਸਮੇਤ ਹਰ ਕਿਸਮ (ਨਰਮ ਤੇ ਗਰਮ ਖਿਆਲ) ਦੇ ਦੇਸ਼ ਭਗਤ ਪਨਾਹ ਲੈਂਦੇ ਸਨ। ਹਰਫਨਮੌਲਾ ਕਿਸਮ ਦੇ ਇਸ ਸਾਧ ਨੇ ਖੁਦ ਵੀ ਬਹੁ-ਪਰਤੀ ਸਰਗਰਮੀਆਂ 'ਚ ਹਿੱਸਾ ਲਿਆ। ਉਹ ਫੜਿਆ ਜਾਂਦਾ, ਕੈਦ ਭੁਗਤਦਾ ਅਤੇ ਫਿਰ ਸਰਗਰਮ ਹੋ ਜਾਂਦਾ।

**ਮਿਹਰੂ ਸ਼ਰਾਜ ਉਰਫ ਮੋਚੀ ਮਿਹਰ ਸਿੰਘ:** ਉਸ ਦੀ ਗੱਲ ਸੁਣਾਉਣ ਲੱਗਿਆਂ ਮੇਰਾ ਬਾਬਾ ਲੰਮੀ ਭੂਮਿਕਾ ਬੰਨ੍ਹਦਾ। ਆਖਰੀ ਤੋੜਾ ਉਹ ਇਹ ਝਾੜਦਾ ਕਿ ਜੰਗ-ਏ-ਆਜ਼ਾਦੀ ਦੇ ਇਹ ਮੂਕ ਨਾਇਕ ਤਵਾਰੀਖ ਵਿਚ ਕਿੱਥੇ ਹਨ? ਉਹ ਦੱਸਦਾ ਸੀ ਕਿ ਭੂੰਨੋ ਪਿੰਡ ਦਾ ਮਿਹਰੂ ਕਮਾਲ ਦੀਆਂ ਜੁੱਤੀਆਂ ਬਣਾਉਂਦਾ। ਇਲਾਕੇ ਵਿਚ ਉਸ ਦੀ ਪੂਰੀ ਪੈਠ ਸੀ। ਉਹੀ ਕਮਾਉਣ ਅਤੇ ਉਹੀ ਖਾਣ ਵਾਲਾ ਇਹ ਕਰਮਯੋਗੀ ਵਰ੍ਹੇ-ਛਿਮਾਹੀ ਬੱਬਰਾਂ ਨੂੰ ਜੋੜਾ ਮੁਫਤ ਦਿੰਦਿਆਂ ਇਹ ਕਹਿਣਾ ਨਾ ਭੁੱਲਦਾ, "ਤੁਸੀਂ ਲੋਕਾਂ ਖਾਤਰ ਲੜ ਰਹੇ ਹੋ, ਆਜ਼ਾਦੀ ਸੰਗਰਾਮ 'ਚ ਤੁੱਛ ਹਿੱਸਾ ਮੇਰਾ ਵੀ ਕਬੂਲ ਕਰੋ ਜੀ।"

**ਮਹਿਤਪੁਰੀਆ ਫਕੀਰੀਆ:** ਉਹ ਸੀ ਤਾਂ ਕਾਂਗਰਸੀ, ਫਿਰ ਆਪਣੇ ਹੁਸ਼ਿਆਰਪੁਰ ਜ਼ਿਲ੍ਹੇ ਦੇ ਸੋਸ਼ਲਿਸਟ ਕਾਂਗਰਸੀਆਂ ਦਾ ਦਮ ਭਰਨ ਲੱਗਾ ਜਿਹੜੇ ਸਮਾਜਵਾਦੀ ਹੋਣ ਦੇ ਨਾਲ-ਨਾਲ ਕੁਝ ਗਰਮ ਖਿਆਲ ਵੀ ਸਨ। ਇਹੀ ਗਰਮ ਖਿਆਲ ਵਿਚਾਰਧਾਰਾ ਉਸ ਨੂੰ ਬੱਬਰ ਅਕਾਲੀ ਲਹਿਰ ਵਿਚ ਲੈ ਗਈ ਪਰ ਉਹ ਕੁਝ ਬੱਬਰਾਂ ਵਾਂਗ ਨਿਰਾ ਮਾਅਰਕੇਬਾਜ਼ ਨਹੀਂ ਸੀ, ਪ੍ਰਚਾਰ-ਪਸਾਰ 'ਚ ਵੀ ਯਕੀਨ ਰੱਖਦਾ ਸੀ। ਉਸ ਨੂੰ ਪਤਾ ਸੀ ਕਿ ਫੜਿਆ ਵੀ ਜਾਣਾ ਹੈ। ਆਖਰ ਉਹ ਫੜਿਆ ਗਿਆ, ਪਿੰਡੇ ਤਸ਼ੱਦਦ ਹੰਢਾਇਆ ਅਤੇ ਸਵਾ ਸਾਲ ਦੀ ਬਾਮੁਸ਼ੱਕਤ ਕੈਦ ਵੀ ਕੱਟੀ।

**ਤੁਫੈਲ ਮੁਹੰਮਦ:** ਤੁਫੈਲ ਮੁਹੰਮਦ ਉਰਫ ਤੁਲਾ ਭਰਾਈ ਪੁੱਤਰ ਇਮਾਮਦੀਨ ਮੋਚੀ ਬੱਬਰ ਤਹਿਰੀਕ ਵਿਚ ਉਘਾ ਸਥਾਨ ਰੱਖਦੇ ਪਿੰਡ ਪੰਡੋਰੀ ਨਿਜਰਾਂ ਦਾ ਜਾਇਆ ਸੀ। ਆਪਣਿਆਂ ਨੂੰ ਵੀ ਪਤਾ ਨਾ ਲੱਗਾ ਕਿ ਢੋਲ ਵਜਾਉਣ ਦਾ ਮਾਹਿਰ ਇਹ ਗੱਭਰੂ ਕਦੋਂ ਅਤੇ ਕਿਵੇਂ ਬੱਬਰ ਦੀਵਾਨਾਂ ਦੀ ਡੌਂਡੀ ਪਿੱਟਣ ਲੱਗ ਪਿਆ ਅਤੇ ਬੱਬਰਾਂ ਦਾ ਨਾਮਵਰ ਸੰਦੇਸ਼ਵਾਹਕ ਹੋ ਨਿੱਬੜਿਆ। ਆਖਰ ਵੇਲੇ ਦੇ ਹਾਲਾਤ ਦੌਰਾਨ ਨਿੱਤ ਕਮਾ ਕੇ ਖਾਣ ਵਾਲੇ ਨੇ ਫੜਿਆ ਤਾਂ ਜਾਣਾ ਹੀ ਸੀ। ਕਈ ਹੋਰਾਂ ਵਾਂਗ ਉਹ ਵੀ ਕਾਬੂ ਆ ਗਿਆ। ਅੰਤ ਡਰਾਵਿਆਂ ਅਤੇ ਤਸ਼ੱਦਦ ਦੇ ਲੰਮੇ ਦੌਰ ਨੇ ਉਸ ਨੂੰ ਤੋੜ-ਮਰੋੜ ਦਿੱਤਾ ਅਤੇ ਉਹ ਮੁਆਫੀ ਮੰਗ ਬੈਠਾ। ਇਸ ਦੇ ਬਾਵਜੂਦ ਉਸ ਨੇ ਬੱਬਰ ਲਹਿਰ ਨਾਲ ਉਵੇਂ ਧ੍ਰੋਹ ਨਹੀਂ ਕਮਾਇਆ ਜਿਵੇਂ ਬੱਬਰਾਂ ਦੇ ਕੁਝ 'ਆਪਣਿਆਂ' ਅਤੇ ਮਗਰੋਂ ਅੰਮ੍ਰਿਤ ਛਕ ਸਿੰਘ ਸਜੇ ਫਤਿਹਦੀਨ ਉਰਫ ਸੰਤ ਕਰਤਾਰ ਸਿੰਘ 'ਸਿਰਮੌਰ ਬੱਬਰ' ਨੇ ਕਮਾਇਆ ਸੀ।

**ਮੌਲਵੀ ਵਲੀ ਮੁਹੰਮਦ:** ਪਿੰਡ ਕੋਟ ਫਤੂਹੀ ਦੀ ਸਿਆਸੀ ਕਾਨਫਰੰਸ ਵਿਚ ਬੱਬਰਾਂ ਦੇ 'ਥਿੰਕ ਟੈਂਕ' ਮੋਤਾ ਸਿੰਘ ਪਤਾਰਾ ਨੇ ਵੰਗਾਰ ਵਾਲਾ ਭਾਸ਼ਣ ਦਿੱਤਾ। ਇਸ ਵਿਚ ਸ਼ਾਮਲ ਹੋਏ ਹੋਰ ਚਰਚਿਤ ਆਗੂਆਂ ਵਿਚ ਮੌਲਵੀ ਵਲੀ ਮੁਹੰਮਦ ਵੀ ਸ਼ੁਮਾਰ ਸੀ। ਸਭ ਨੇ ਆਪੋ-ਆਪਣੀ ਵਿਚਾਰਧਾਰਾ ਅਨੁਸਾਰ ਤਕਰੀਰਾਂ ਕੀਤੀਆਂ। ਇਨਕਲਾਬੀ ਤਕਰੀਰਾਂ ਨੇ ਇਕੱਠ ਵਿਚ ਸੂਹਾ ਜੋਸ਼ ਭਰਿਆ ਅਤੇ ਬੱਬਰਾਂ ਦੇ ਹੱਕ ਵਿਚ ਹਾਅ ਦਾ ਨਾਅਰਾ ਮਾਰਨ ਵਾਲੇ ਮੌਲਵੀ ਵਲੀ ਮੁਹੰਮਦ ਦੀ ਤਕਰੀਰ ਨੇ ਸਰੋਤਿਆਂ 'ਤੇ ਜਾਦੂਈ ਅਸਰ ਕੀਤਾ। ਸਿੱਟੇ ਵਜੋਂ ਕੁਝ ਹੋਰਾਂ ਸਮੇਤ ਮੌਲਵੀ ਹੋਰੀਂ ਵੀ ਸਰਕਾਰ ਦੀ ਬਾਜ਼ ਅੱਖ ਹੇਠ ਆ ਗਏ। ਨਰਮ ਖਿਆਲ ਮੌਲਵੀ ਨੂੰ ਬੜਾ ਸੰਤਾਪ ਹੰਢਾਉਣਾ ਪਿਆ ਪਰ ਉਸ ਨੇ ਹਾਰ ਨਾ ਮੰਨੀ। ਸੰਨ ਸੰਤਾਲੀ ਵਿਚ ਭਰੇ ਮਨ ਨਾਲ ਪਰਾਈ ਧਰਤੀ (ਪਾਕਿਸਤਾਨ) ਵੱਲ ਹਿਜਰਤ ਕਰ ਜਾਣ ਤੱਕ ਉਹ ਬੱਬਰਾਂ ਦੇ ਹੱਕ ਵਿਚ ਆਵਾਜ਼ ਬੁਲੰਦ ਕਰਦਾ ਰਿਹਾ।

**ਗੁਲਾਮ ਰਸੂਲ ਲੁਹਾਰ:** ਉਹ ਆਪਣੇ ਸ਼ਹਿਰ ਪਿਸ਼ੌਰ ਵਿਚ ਹੀ ਨਹੀਂ ਸਗੋਂ ਦੂਰ-ਦੂਰ ਤਕ ਆਹਲਾ ਲੋਹ-ਹਥਿਆਰ ਕਾਰੀਗਰ ਵਜੋਂ ਚਰਚਿਤ ਸੀ। ਉਸ ਨੇ ਕਦੇ ਵੀ ਵਿਦੇਸ਼ੀ ਹਾਕਮਾਂ ਲਈ ਹਥਿਆਰ ਨਾ ਬਣਾਏ। ਬੱਬਰ ਆਪਣੇ ਵਤਨ ਖਾਤਰ ਹੀ ਜੂਝ ਰਹੇ ਸਨ; ਇਸੇ ਕਾਰਨ ਉਹ ਬੱਬਰਾਂ ਲਈ ਹਥਿਆਰ ਬਣਾਉਣ ਲੱਗ ਪਿਆ, ਨਾ ਸਿਰਫ ਲੋਹੇ ਦੇ ਸਗੋਂ ਆਤਿਸ਼ੀ ਵੀ। ਲੋਹ-ਹਥਿਆਰਾਂ 'ਚ ਛਵੀਆਂ ਤੇ ਬਰਛੇ ਸ਼ਾਮਲ ਸਨ ਅਤੇ ਆਤਿਸ਼ੀ ਹਥਿਆਰਾਂ ਵਿਚ ਦੇਸੀ-ਕੱਟੇ ਅਰਥਾਤ ਬੰਦੂਕਾਂ-ਪਿਸਤੌਲ ਜਿਹੜੇ ਬਣਾਏ ਤਾਂ ਭਾਵੇਂ ਇੱਕਾ-ਦੁੱਕਾ ਹੀ ਹੋਣ ਪਰ ਵੇਲੇ ਦੇ ਪ੍ਰਸੰਗ 'ਚ ਇਹ ਵੀ ਅਹਿਮ ਯੋਗਦਾਨ ਸੀ, ਖਾਸਕਰ ਉਦੋਂ ਜਦੋਂ ਆਰਥਿਕ ਤੌਰ 'ਤੇ ਪਛੜਿਆ ਹੋਇਆ ਕੋਈ ਸ਼ਖਸ ਵਤਨ ਖਾਤਰ ਵੱਡੇ ਖਤਰੇ ਸਹੇੜ ਲਵੇ।

**ਪਠਾਣ ਗੁਲਾਮ ਰਸੂਲ:** ਉਹ ਜਲੰਧਰ ਦੀ ਬਸਤੀ ਗੁਜ਼ਾਂ ਦੇ ਪਠਾਣ ਮੁਸਲਿਮ ਸੂਨਾ ਉੱਲਾ ਖਾਂ ਦਾ ਜਾਇਆ ਸੀ। ਬਹੁਤੇ ਇਨ੍ਹਾਂ ਦਾ ਕਿੱਤਾ ਵੀ ਲੁਹਾਰਾ ਹੀ ਬਿਆਨਦੇ ਹਨ ਪਰ ਬੱਬਰ ਤਹਿਰੀਕ ਵਿਚ ਉਸ ਦਾ ਨਾਂ ਬੱਬਰਾਂ ਨੂੰ ਬਾਰੂਦੀ ਹਥਿਆਰ ਸਪਲਾਈ ਕਰਨ ਵਾਲਿਆਂ ਵਿਚ ਬੋਲਦਾ ਹੈ। ਪਠਾਣ ਪਿਛੋਕੜ ਦੀ ਬਦੌਲਤ ਕਾਬੁਲ-ਕੰਧਾਰ ਵੱਲ ਜੁੜਦੀਆਂ ਪਰਿਵਾਰਕ ਤੰਦਾਂ ਕਾਰਨ ਇਹ ਗੱਲ ਜਚਦੀ ਵੀ ਹੈ। ਉਸ ਦੀ ਹਥਿਆਰ ਮੁਹੱਈਆ ਕਰਾਉਣ ਅਤੇ ਕਈ ਕਾਰਵਾਈਆਂ ਵਿਚ ਕੁਝ ਕੁ ਬੱਬਰਾਂ ਨਾਲ ਹੀ ਸੁਰ ਸਾਂਝੀ ਰਹੀ। ਤੀਜੇ ਬੱਬਰ ਸਾਜ਼ਿਸ਼ ਕੇਸ ਵਿਚ ਉਸ ਦਾ ਨਾਂ ਲੜੀ ਨੰਬਰ 35 'ਤੇ ਦਰਜ ਸੀ। ਕਈ ਲਿਖਾਰੀ ਦੋਵੇਂ ਗੁਲਾਮ ਰਸੂਲਾਂ ਨੂੰ ਰਲਗੱਡ ਕਰ ਦਿੰਦੇ ਹਨ ਪਰ ਹੈਨ ਦੋਵੇਂ ਵੱਖੋ-ਵੱਖਰੇ, ਪਹਿਲਾਂ ਪਿਸ਼ੌਰੀਆ ਲੁਹਾਰ ਤੇ ਦੂਜਾ ਜਲੰਧਰੀ।

**ਫਜ਼ਲਾ ਘੁੰਮਣਵਾਲਾ (ਸੰਗਰੂਰ/ਮਾਲਵਾ):** ਬੱਬਰਾਂ ਦਾ ਇਕ ਖੁਦਮੁਖਤਾਰ ਜਥਾ ਮਾਲਵੇ ਵਿਚ ਵੀ ਬਣਿਆ ਹੋਇਆ ਸੀ। ਇਹ 1924 ਦੀ ਗੱਲ ਹੈ। ਕਿਹਾ ਜਾਂਦਾ ਹੈ ਕਿ ਇਹ ਲੋਕ ਪਹਿਲਾਂ ਡਾਕੂਨੁਮਾ ਸਨ ਜਿਹੜੇ ਸ਼ਹੀਦ ਊਧਮ ਸਿੰਘ ਤੋਂ ਪ੍ਰੇਰਿਤ ਹੋ ਕੇ ਬੱਬਰ ਲਹਿਰ ਵੱਲ ਮੁੜੇ। ਊਧਮ ਸਿੰਘ ਦੀ ਹਾਜ਼ਰੀ ਵਿਚ ਕੁਝ ਕਾਰਜ ਵੀ ਤੈਅ ਹੋਏ ਸਨ ਪਰ ਛੇਤੀ ਬਾਅਦ ਹੀ ਊਧਮ ਸਿੰਘ ਦੇ ਸੱਤ ਸਮੁੰਦਰ ਪਾਰ ਚਲੇ ਜਾਣ ਉਪਰੰਤ ਇਹ ਜਥਾ ਕੋਈ ਤਸੱਲੀਬਖਸ਼ ਕਾਰਵਾਈ ਨਾ ਕਰ ਸਕਿਆ ਅਤੇ ਫਿਰ ਨਾ-ਮਾਤਰ ਸਰਗਰਮੀ ਕਾਰਨ ਇਕ ਹੱਦ ਤੱਕ ਖਿੰਡ-ਪੁੰਡ ਵੀ ਗਿਆ। ਇਸ ਜਥੇ ਦੇ ਰਹਿ ਗਏ ਸੁਹਿਰਦ ਮੈਂਬਰਾਂ ਵਿਚ ਬਹੁਤ ਸਮਾਂ ਬਾਅਦ ਨਵੇਂ ਮੈਂਬਰ ਫਜ਼ਲਾ ਘੁੰਮਣਵਾਲਾ ਸ਼ਾਮਲ ਹੋਇਆ ਅਤੇ ਜੇਲ੍ਹ 'ਚੋਂ ਫਰਾਰ ਹੋਇਆ ਬਚਨ ਸਿੰਘ ਲੋਹਾ ਖੇੜਾ ਅਤੇ ਕੁੰਢਾ ਸਿੰਘ ਗਾਜ਼ੀਆਣਾ ਵੀ ਸ਼ਾਮਲ ਹੋਏ। ਫਜ਼ਲਾ ਆਧਾਰਿਤ ਇਸ ਜਥੇ ਨੇ ਬਦਨਾਮ ਆਹਲਾ ਪੁਲਿਸ ਅਧਿਕਾਰੀ ਐਸ.ਜੀ.ਐਮ. ਬੀਟੀ ਦਾ 27 ਜੂਨ 1940 ਨੂੰ ਪਿੰਡ ਚੱਠਾ ਸੇਖਵਾਂ ਵਿਚ ਹੈਰਾਨੀਜਨਕ ਢੰਗ ਨਾਲ ਕਤਲ ਕੀਤਾ। ਇਸ ਕਾਂਡ ਨੇ ਸਿਰਫ ਹਿੰਦੋਸਤਾਨ ਵਿਚਲੀ ਗੋਰਾਸ਼ਾਹੀ ਨੂੰ ਹੀ ਨਹੀਂ ਸਗੋਂ ਲੰਡਨ ਵਾਲਿਆਂ ਨੂੰ ਵੀ ਝੰਜੋੜਿਆ। ਮਗਰੋਂ ਜਾ ਕੇ ਕੁਝ ਸੱਚੇ, ਕੁਝ ਨਿਹੱਕੇ ਫੜੇ ਗਏ। ਕੁਝ ਜੇਲ੍ਹੀ ਗਏ, ਕੁਝ ਫਾਹੇ ਲੱਗੇ ਪਰ ਫਜ਼ਲਾ ਹੱਥ ਨਾ ਆਇਆ।

**ਰੁਲੀਆ ਅਰਾਈਂ:** ਉਹ ਮਗਰੋਂ ਰੁਲੀਆ ਭਾਈਜਾਨ ਵਜੋਂ ਸਤਿਕਾਰਿਆ ਜਾਣ ਲੱਗਾ ਸੀ। ਰੁਲੀਆ ਵੀ ਉਸੇ ਕੋਟ ਫਤੂਹੀ ਦਾ ਫਰਜ਼ੰਦ ਸੀ ਜਿਸ ਦੀ ਫਰਵਰੀ 1922 ਵਾਲੀ ਚਰਚਿਤ ਕਾਨਫਰੰਸ ਨੂੰ ਫੇਲ੍ਹ ਕਰਨ ਅਤੇ ਬਾਗੀ ਮੋਤਾ ਸਿੰਘ ਪਤਾਰਾ ਨੂੰ ਫੜਨ ਲਈ ਵਿਛਾਏ ਜਾਲਾਂ ਦੇ ਬਾਵਜੂਦ ਪਤਾਰਾ ਬੜੀ ਹੁਸ਼ਿਆਰੀ ਨਾਲ ਕਾਨਫਰੰਸ ਵਿਚ ਪਹੁੰਚੇ ਅਤੇ ਇਤਿਹਾਸਕ ਤਕਰੀਰ ਕੀਤੀ। ਨਾਟਕੀ ਢੰਗ ਨਾਲ ਕੋਟ ਫਤੂਹੀ ਪੁੱਜੇ ਇਸ ਯੋਧੇ ਨੂੰ ਗੁਰਬਤ ਦੇ ਭੰਨੇ ਰੁਲੀਏ ਅਰਾਈਂ ਨੇ ਪਨਾਹ ਦਿੱਤੀ ਅਤੇ ਤੇੜ ਵਾਲੇ ਕੱਪੜਿਆਂ ਦੀ ਜੁਗਲਬੰਦੀ ਕਰਾਈ। ਇਸ ਮਗਰੋਂ ਉਸ ਨੂੰ ਵਤਨਪ੍ਰਸਤੀ ਦੀ ਅਜਿਹੀ ਲਗਨ ਲੱਗੀ ਕਿ ਆਰਥਿਕ ਤੌਰ 'ਤੇ ਬੁਰੀ ਤਰ੍ਹਾਂ ਟੁੱਟਿਆ ਹੋਣ ਦੇ ਬਾਵਜੂਦ ਇਹ ਸ਼ਖਸ ਮੁਲਕ ਦੇ ਆਜ਼ਾਦ ਹੋਣ ਤੱਕ ਕਿਸੇ ਨਾ ਕਿਸੇ ਰੂਪ 'ਚ ਸਰਗਰਮ ਰਿਹਾ। ਦੁੱਖ ਇਸ ਗੱਲ ਦਾ ਹੈ ਕਿ ਵੱਡੇ ਰੌਲਿਆਂ ਵੇਲੇ ਪਾਕਿਸਤਾਨ ਨਾ ਜਾਣਾ ਚਾਹੁੰਦੇ ਇਸ ਭਲੇ ਬੰਦੇ ਨੂੰ ਆਪਣੇ ਟੱਬਰ-ਟੀਹਰ ਸਮੇਤ ਬੋਝਲ ਮਨ ਨਾਲ ਪਰਾਈ ਧਰਤ ਨੂੰ ਜਾਣਾ ਪਿਆ।

ਮੁੱਕਦੀ ਗੱਲ ਇਹ ਹੈ ਕਿ ਜ਼ਿਆਦਾਤਰ ਲੋਕ ਅਚੇਤ-ਸੁਚੇਤ ਤੌਰ 'ਤੇ ਸਿਰਫ ਆਪੋ-ਆਪਣੇ ਧਰਮਾਂ ਦੇ ਦੇਸ਼ਭਗਤਾਂ ਦੀ ਹੀ ਉਸਤਤ ਕਰਦੇ ਹਨ। ਉਸਤਤ ਕਰਨੀ ਵੀ ਚਾਹੀਦੀ ਹੈ ਪਰ ਸੰਘਰਸ਼ ਵਿਚ ਸ਼ਾਮਲ ਸਭ ਧਿਰਾਂ ਦੀ ਮਹਿਮਾ ਦੇ ਸਿੱਟੇ ਹਾਂਦਰੂ ਅਤੇ ਦੂਰ-ਰਸੀ ਨਿਕਲਦੇ ਹਨ।

***ਜ਼ਿਆਦਾਤਰ ਲੋਕ ਅਚੇਤ-ਸੁਚੇਤ ਤੌਰ 'ਤੇ ਸਿਰਫ ਆਪੋ-ਆਪਣੇ ਧਰਮਾਂ ਦੇ ਦੇਸ਼ਭਗਤਾਂ ਦੀ ਹੀ ਉਸਤਤ ਕਰਦੇ ਹਨ। ਉਸਤਤ ਕਰਨੀ ਵੀ ਚਾਹੀਦੀ ਹੈ ਪਰ ਸੰਘਰਸ਼ ਵਿਚ ਸ਼ਾਮਲ ਸਭ ਧਿਰਾਂ ਦੀ ਮਹਿਮਾ ਦੇ ਸਿੱਟੇ ਹਾਂਦਰੂ ਅਤੇ ਦੂਰ-ਰਸੀ ਨਿਕਲਦੇ ਹਨ।***

# ਅੱਜ ਦੀ ਬੇ-ਲਗਾਮ ਤਕਨਾਲੋਜੀ

ਇੰਜ. ਈਸ਼ਰ ਸਿੰਘ
ਫੋਨ: 647-640-2014

ਹਾਲ ਹੀ ਵਿਚ ਵਾਪਰੀਆਂ ਤਕਨਾਲੋਜੀ ਨਾਲ਼ ਸਬੰਧਤ ਅਤੇ ਵਿਸ਼ਵ ਪੱਧਰ ਦੀਆਂ ਚਾਰ ਘਟਨਾਵਾਂ ਤੋਂ ਗੱਲ ਸ਼ੁਰੂ ਕਰਦੇ ਹਾਂ।

ਅਪ੍ਰੈਲ, 2021 ਵਿਚ ਚੀਨ ਨੇ ਦੇਸ਼ ਦੀ ਦੂਜੀ ਵੱਡੀ ਟੈੱਕ ਕੰਪਨੀ 'ਅਲੀ ਬਾਬਾ' ਨੂੰ 21,000 ਕਰੋੜ ਰੁਪਏ (ਭਾਰਤ ਦੇ) ਅਤੇ ਖਾਣੇ ਦੀ ਇੱਕ ਕੰਪਨੀ 'ਮੀਚੂਆਨ' ਨੂੰ 4,000 ਕਰੋੜ ਰੁਪਏ ਦਾ ਜੁਰਮਾਨਾ ਕੀਤਾ।

ਜੂਨ ਵਿਚ 'ਫੇਸਬੁੱਕ' ਵਿਰੁੱਧ, ਅਮਰੀਕਾ ਦੀ ਫੈਡਰਲ ਸਰਕਾਰ ਅਤੇ 45 ਰਾਜਾਂ ਵਲੋਂ ਰਲ਼ ਕੇ ਕੀਤਾ ਕੇਸ ਅਦਾਲਤ ਨੇ ਖਾਰਜ ਕਰ ਦਿੱਤਾ। ਇਸ ਨਾਲ਼ ਕੰਪਨੀ ਨੂੰ 38,250 ਕਰੋੜ ਰੁਪਏ ਦਾ ਲਾਭ ਹੋਇਆ।

ਜੁਲਾਈ ਵਿਚ ਅਮਰੀਕਾ ਦੀ ਜੋ ਬਾਇਡਨ-ਸਰਕਾਰ ਨੇ ਵੱਡੀਆਂ ਤਕਨਾਲੋਜੀ ਕੰਪਨੀਆਂ ਨੂੰ ਕਾਬੂ 'ਚ ਰੱਖਣ ਲਈ ਸਖ਼ਤ ਅਤੇ ਬਹੁ-ਪੱਖੀ ਕਾਨੂੰਨ ਬਣਾਏ।

ਅਕਤੂਬਰ ਵਿਚ 'ਫ੍ਰਾਂਸਿਸ ਹਿਉਗਨ' ਨਾਂ ਦੀ ਦਲੇਰ ਅਮਰੀਕਨ ਬੀਬੀ ਨੇ ਫੇਸਬੁੱਕ ਅੰਦਰ ਚੱਲ ਰਹੀਆਂ ਪਬਲਿਕ ਅਤੇ ਸਰਕਾਰ ਵਿਰੋਧੀ ਕਾਰਵਾਈਆਂ ਦਾ ਪਰਦਾਫਾਸ਼ ਕੀਤਾ। ਇਨ੍ਹਾਂ ਕਰਕੇ ਫੇਸਬੁੱਕ ਦਾ ਨਾਉਂ ਬਦਲ ਕੇ 'ਮੈਟਾ' ਕਰ ਦਿੱਤਾ ਗਿਆ ਹੈ।

ਉਪਰੋਕਤ ਘਟਨਾਵਾਂ ਤੋਂ ਅੱਜ ਦੀਆਂ ਤਕਨਾਲੋਜੀਕਲ ਕੰਪਨੀਆਂ 'ਬਿੱਗ ਟੈੱਕ' ਦੀ ਅਸੀਮ ਮਾਇਕ ਸਮਰੱਥਾ, ਕਾਨੂੰਨੀ ਪਹੁੰਚ ਅਤੇ ਸਰਕਾਰਾਂ ਨਾਲ਼ ਟੱਕਰ ਲੈਣ ਦੀ ਜੁਰਅਤ ਦਾ ਪਤਾ ਲੱਗ ਜਾਂਦਾ ਹੈ। ਪਰ ਨਾਲ਼ ਹੀ ਦੇਸ਼ਾਂ ਦੀਆਂ ਸਰਕਾਰਾਂ ਦੀ ਇਨ੍ਹਾਂ ਨੂੰ ਨਿਯੰਤਰਿਤ ਕਰਨ ਦੀ ਪ੍ਰਤੀਬੱਧਤਾ ਅਤੇ ਇਸ ਵਾਸਤੇ ਕੀਤੀਆਂ ਜਾ ਰਹੀਆਂ ਕੋਸ਼ਿਸ਼ਾਂ ਦਾ ਵੀ ਗਿਆਨ ਹੋ ਜਾਂਦਾ ਹੈ। ਇਹ ਵੀ ਸਪੱਸ਼ਟ ਹੈ ਕਿ ਇਨ੍ਹਾਂ ਨੂੰ ਕਾਬੂ 'ਚ ਰੱਖਣ ਲਈ ਬਣਾਇਆ ਹਰ ਸਰਕਾਰੀ ਕਾਨੂੰਨ ਕੰਪਨੀਆਂ ਵਲੋਂ ਮਹਿੰਗੇ ਵਕੀਲਾਂ ਰਾਹੀਂ ਵੱਡੀਆਂ ਅਦਾਲਤਾਂ 'ਚੋਂ ਰੱਦ ਕਰਵਾ ਦਿੱਤਾ ਜਾਂਦਾ ਹੈ। ਫਿਰ ਵੀ ਸੁਹਿਰਦ ਜਾਣਕਾਰ ਇਨ੍ਹਾਂ ਦੀ ਅੰਦਰੂਨੀ ਕਾਰਜ-ਸ਼ੈਲੀ ਨੂੰ ਜੱਗ-ਜ਼ਾਹਰ ਕਰਨ ਦੀ ਦਲੇਰੀ ਕਰ ਰਹੇ ਹਨ।

ਇਹ ਕੰਪਨੀਆਂ ਨਾ-ਸਿਰਫ ਬੇਥਾਹ ਅਮੀਰ ਹੋ ਰਹੀਆਂ ਹਨ, ਸਗੋਂ ਸਰਕਾਰੀ ਕਾਨੂੰਨਾਂ, ਸਮਾਜਿਕ ਸਦਾਚਾਰ ਅਤੇ ਨੈਤਿਕ ਕਦਰਾਂ-ਕੀਮਤਾਂ ਦੀਆਂ ਸੀਮਾਵਾਂ ਵੀ ਉਲੰਘ ਰਹੀਆਂ ਹਨ। ਸਵੈ-ਨਿਯੰਤਰਣ ਦੇ ਪਖੰਡ-ਪਰਦੇ ਓਹਲੇ ਬੇ-ਲਗਾਮ ਹੋਈਆਂ ਇਨ੍ਹਾਂ ਕੰਪਨੀਆਂ ਦਾ ਮੁੱਖ ਨਿਸ਼ਾਨਾ ਮੁਨਾਫ਼ਾਖੋਰੀ ਹੈ ਅਤੇ ਇਸ ਮੰਤਵ ਲਈ ਇਹ ਖਪਤਕਾਰਾਂ ਨੂੰ ਬੇ-ਕਿਰਕ ਹੋ ਕੇ ਗੁਮਰਾਹ ਕਰ ਰਹੀਆਂ ਹਨ। ਇਹ ਵਿਚੋਲਗਿਰੀਆਂ ਰਾਹੀਂ ਸਰਕਾਰਾਂ ਤੋਂ ਆਪਣੀ ਮਰਜ਼ੀ ਅਨੁਸਾਰ ਕੰਮ ਕਰਵਾ ਰਹੀਆਂ ਹਨ ਕਿਉਂਕਿ ਇਹ ਆਪੋ-ਆਪਣੇ ਖੇਤਰ ਦੀਆਂ ਇਜਾਰੇਦਾਰੀਆਂ ਹਨ ਜੋ ਕਿਸੇ ਨਵੀਂ ਜਾਂ ਛੋਟੀ ਕੰਪਨੀ ਨੂੰ ਪਨਪਣ ਨਹੀਂ ਦਿੰਦੀਆਂ। ਅੱਜ ਦਾ ਕੋਈ ਵੀ ਇਨਸਾਨ ਭਾਵੇਂ ਉਹ ਕਿੰਨਾ ਵੀ ਪੜ੍ਹਿਆ-ਲਿਖਿਆ ਅਤੇ ਬੁੱਧੀਮਾਨ ਕਿਉਂ ਨਾ ਹੋਵੇ, ਇਨ੍ਹਾਂ ਵਲੋਂ ਤੇਜ਼ੀ ਨਾਲ ਕੀਤੀਆਂ ਜਾ ਰਹੀਆਂ ਪਰ ਬੇਲੋੜੀਆਂ ਖੋਜਾਂ ਬਾਰੇ ਸਹੀ ਗਿਆਨ ਨਹੀਂ ਰੱਖ ਸਕਦਾ, ਕਿਉਂਕਿ ਇਹ ਸ਼ਾਤਰ ਕਿਸਮ ਦੇ ਬੁੱਧੀਮਾਨ-ਗਰੁੱਪਾਂ ਵਲੋਂ ਕੀਤੀਆਂ ਜਾ ਰਹੀਆਂ ਹਨ।

ਸੋਸ਼ਲ ਮੀਡੀਆ ਰਾਹੀਂ ਸੰਸਾਰ ਭਰ ਦੇ ਇਨਸਾਨ ਆਪਸ ਵਿਚ ਜਾਣਕਾਰੀ, ਵਿਚਾਰਾਂ, ਗੱਪ-ਸ਼ੱਪ ਜਾਂ ਹੋਰ ਅਨੇਕਾਂ ਕਿਸਮਾਂ ਦੀਆਂ ਗੱਲਾਂ, ਫੋਟੋਆਂ ਜਾਂ ਵੀਡੀਓਜ਼ ਦਾ ਆਦਾਨ-ਪ੍ਰਦਾਨ ਕਰ ਸਕਦੇ ਹਨ। ਇਸ ਢੰਗ ਨਾਲ਼ ਇਹ ਕੰਪਨੀਆਂ ਜਾਣਬੁੱਝ ਕੇ, ਹਿੰਸਕ ਅਤੇ ਅਸ਼ਲੀਲ ਗੱਲਾਂ ਨੂੰ ਬਗੈਰ ਕਿਸੇ ਰੋਕ-ਟੋਕ ਦੇ ਪ੍ਰਸਾਰਿਤ ਕਰਨ ਵਿਚ ਮਦਦ ਕਰਦੀਆਂ ਹਨ। ਇਨ੍ਹਾਂ ਨੇ ਇਸ ਤਰ੍ਹਾਂ ਦੀਆਂ ਤਕਨੀਕਾਂ ਬਣਾ ਰੱਖੀਆਂ ਹਨ ਜਿਹੜੀਆਂ ਕਿ ਵਰਤਣ ਵਾਲ਼ਿਆਂ ਦੇ ਮਨੋਭਾਵਾਂ ਤਕ ਨੂੰ ਜਾਣ ਸਕਦੀਆਂ ਹਨ ਅਤੇ ਇਨ੍ਹਾਂ ਦਾ ਨਾਜਾਇਜ਼ ਫਾਇਦਾ ਉਠਾ ਰਹੀਆਂ ਹਨ। ਇਸੇ ਤਰ੍ਹਾਂ ਆਰਟੀਫੀਸ਼ੀਅਲ ਇੰਟੈਲੀਜੈਂਸ ਸਾਡੀਆਂ ਨੌਕਰੀਆਂ ਦਾ ਖਾਤਮਾ ਕਰ ਕੇ ਸਾਨੂੰ ਬੇਰੁਜ਼ਗਾਰ ਹੀ ਨਹੀਂ ਕਰੇਗੀ ਬਲਕਿ ਇਹ ਸਾਡੇ ਜੀਵਨ ਨੂੰ ਅਰਥਹੀਣ ਬਣਾ ਕੇ ਸਾਨੂੰ ਧਰਤੀ 'ਤੇ ਬੋਝ ਬਣਾ ਦੇਵੇਗੀ। ਇਹ ਕੰਪਿਊਟਰ-ਸਾਇੰਸ, ਜਿਹੜੀ ਸਮੁੱਚੀ ਤਕਨਾਲੋਜੀ ਦਾ ਧੁਰਾ ਹੈ, ਦੇ ਅਨੇਕਾਂ ਵਿਚੋਂ ਸਿਰਫ ਦੋ ਮੰਦੇ ਅਸਰ ਹਨ।

ਅੱਜ ਤਕਨਾਲੋਜੀ ਦੇ ਹੋਰ ਕਿਸੇ ਵੀ ਅੰਗ ਦਾ ਵਿਕਾਸ ਨਹੀਂ ਹੋ ਰਿਹਾ, ਸਿਰਫ ਇਨ੍ਹਾਂ ਦਾ ਕੰਪਿਊਟਰੀਕਰਨ ਕੀਤਾ ਜਾ ਰਿਹਾ ਹੈ। ਇਸ ਸਿਸਟਮ ਨੇ ਉਪਭੋਗਤਾਵਾਦ ਅਤੇ ਪੂੰਜੀਵਾਦ ਦੇ ਗ਼ਲਬੇ ਹੇਠ ਧਰਤੀ ਦੇ ਸਭ ਕੁਦਰਤੀ ਸ੍ਰੋਤਾਂ ਦਾ ਪੂਰੀ ਬੇਸ਼ਰਮੀ ਨਾਲ਼ ਦੁਰ-ਉਪਯੋਗ ਕੀਤਾ ਹੈ। ਗਲਾਸਗੋ ਦੀ ਸੀ.ਓ.ਪੀ. 26 ਕਾਨਫਰੰਸ ਵਿਚ ਸੰਸਾਰ ਭਰ ਦੇ ਚੋਟੀ ਦੇ ਲੀਡਰਾਂ ਵਲੋਂ ਇਸ ਬਾਰੇ ਪ੍ਰਗਟਾਈ ਡੂੰਘੀ ਚਿੰਤਾ ਇਸ ਉਜਾੜੇ ਦਾ ਪ੍ਰਤੱਖ ਸਬੂਤ ਹੈ। ਇਸ ਦੀਆਂ ਖੋਜਾਂ ਦੀ ਅੰਧਾ-ਧੁੰਦ ਵਰਤੋਂ ਨਾਲ਼ ਹੋ ਰਹੇ ਨੁਕਸਾਨ ਦਾ ਨਾ ਪਤਾ ਲੱਗਦਾ ਹੈ ਅਤੇ ਨਾ ਹੀ ਇਸ ਦਾ ਦਾ ਜਾਇਜ਼ਾ ਲਿਆ ਜਾ ਸਕਦਾ ਹੈ। ਇਹ ਇਨਸਾਨ ਨੂੰ ਇਨਸਾਨ ਤੋਂ ਤਾਂ ਦੂਰ ਕਰ ਹੀ ਰਹੀਆਂ ਹਨ, ਸਗੋਂ ਇਨਸਾਨ ਨੂੰ ਆਪਣੇ-ਆਪ ਤੋਂ ਵੀ ਦੂਰ ਕਰ ਰਹੀਆਂ ਹਨ। ਸਾਡੀਆਂ ਸ਼ਖ਼ਸੀਅਤਾਂ, ਧਾਰਨਾਵਾਂ ਅਤੇ ਸੋਚਣੀਆਂ ਉਹ ਨਹੀਂ ਜੋ ਅਸੀਂ ਆਪ ਬਣਾਉਣੀਆਂ ਚਾਹੁੰਦੇ ਹਾਂ ਜਾਂ ਸਾਡੇ ਮਾਤਾ-ਪਿਤਾ ਅਤੇ ਅਧਿਆਪਕ ਬਣਾਉਣਾ ਚਾਹੁੰਦੇ ਹਨ ਬਲਕਿ ਉਹ ਹਨ ਜੋ ਤਕਨਾਲੋਜੀ 'ਤੇ ਕਾਬਜ਼ ਗਰੁੱਪ ਬਣਾ ਰਹੇ ਹਨ।

ਅੱਜ ਮਾਪੇ, ਵਿੱਦਿਅਕ ਮਾਹਿਰ, ਮਨੋਵਿਗਿਆਨੀ ਅਤੇ ਡਾਕਟਰ ਇਨ੍ਹਾਂ ਗੱਲਾਂ ਦੇ, ਬੱਚਿਆਂ ਸਣੇ ਸਭ ਦੇ ਭਵਿੱਖ 'ਤੇ ਪੈ ਰਹੇ ਮਾਰੂ ਅਸਰਾਂ ਤੋਂ ਚਿੰਤਤ ਹਨ। ਇਸ ਨੇ ਮਨੁੱਖ ਦਾ ਧਿਆਨ ਸੰਸਾਰ ਅੱਗੇ ਦਰਪੇਸ਼ ਅਸਲ ਸਮੱਸਿਆਵਾਂ ਜਿਵੇਂ ਨਾ-ਬਰਾਬਰੀ, ਭੁੱਖਮਰੀ ਆਦਿ ਤੋਂ ਹਟਾ ਕੇ ਅਣਹੋਈਆਂ ਸਮੱਸਿਆਵਾਂ ਵਲ ਕਰ ਦਿੱਤਾ ਹੈ।

ਪ੍ਰਸਿੱਧ ਫ਼ਿਲਾਸਫ਼ਰ-ਇਤਿਹਾਸਕਾਰ ਅਤੇ ਤਿੰਨ 'ਬੈਸਟ-ਸੈਲਰ' ਕਿਤਾਬਾਂ ਦੇ ਲੇਖਕ ਡਾ. ਯੂਵਲ ਹਰਾਰੀ ਅਨੁਸਾਰ ਅੱਜ ਮਨੁੱਖਤਾ ਨੂੰ ਦਰਪੇਸ਼ ਸਭ ਤੋਂ ਭਿਆਨਕ ਤਿੰਨ ਸਮੱਸਿਆਵਾਂ ਹਨ: ਨਿਊਕਲਾਈ ਯੁੱਧ, ਪਰਿਆਵਰਨਕ ਤਬਾਹੀ (ਵਾਤਾਵਰਨ ਪਰਿਵਰਤਨ ਤਾਂ ਇਸ ਦਾ ਸਿਰਫ ਇੱਕ ਹਿੱਸਾ ਹੈ) ਅਤੇ ਤਕਨਾਲੋਜੀਕਲ ਉਥਲ-ਪੁਥਲ। ਅੱਜ ਦੀ ਬੇ-ਲਗਾਮ ਤਕਨਾਲੋਜੀ ਨੇ ਇਨ੍ਹਾਂ ਤਿੰਨਾਂ ਸਮੱਸਿਆਵਾਂ ਨੂੰ ਹੋਰ ਗੰਭੀਰ ਕਰ ਦਿੱਤਾ ਹੈ।

ਇਨ੍ਹਾਂ ਹਾਲਾਤ ਨੇ ਸਾਡੇ ਸਾਹਮਣੇ ਇਹ ਸਵਾਲ ਖੜ੍ਹਾ ਕਰ ਦਿੱਤਾ ਹੈ ਕਿ ਇਹ ਮਨੁੱਖ ਵਾਸਤੇ ਉਪਯੋਗੀ ਹੈ ਜਾਂ ਹਾਨੀ-ਕਾਰਕ? ਇਸ ਦਾ ਜਵਾਬ ਲੱਭਣ ਵਾਸਤੇ ਇਸ ਦੀ ਭੂਮਿਕਾ ਅਤੇ ਸੰਖੇਪ ਇਤਿਹਾਸ 'ਤੇ ਨਜ਼ਰਸਾਨੀ ਜ਼ਰੂਰੀ ਹੈ। ਜ਼ਿਕਰਯੋਗ ਹੈ ਕਿ ਇਸ ਦਾ ਇਤਿਹਾਸ-ਰਾਜਨੀਤਕ, ਸਮਾਜਿਕ, ਆਰਥਿਕ ਅਤੇ ਧਾਰਮਿਕ ਵਿਸ਼ਿਆਂ ਦੇ ਸਾਡੇ ਰਸਮੀ ਇਤਿਹਾਸ ਤੋਂ ਅੱਡ ਕਿਸਮ ਦਾ ਹੈ। ਆਮ ਧਾਰਨਾ ਹੈ ਕਿ ਇਤਿਹਾਸ



ਆਪਣੇ-ਆਪ ਨੂੰ ਦੁਹਰਾਉਂਦਾ ਹੈ ਅਤੇ ਅਸੀਂ ਇਸ ਤੋਂ ਸੇਧ ਲੈ ਸਕਦੇ ਹਾਂ ਪਰ ਤਕਨਾਲੋਜੀ ਦਾ ਇਤਿਹਾਸ ਆਪਣੇ-ਆਪ ਨੂੰ ਦੁਹਰਾ ਨਹੀਂ ਸਕਦਾ; ਹਰ ਕਾਢ ਜਾਂ ਜੁਗਤ ਅੱਗੇ ਤੋਂ ਅੱਗੇ ਵਿਕਸਤ ਹੁੰਦੀ ਰਹਿੰਦੀ ਹੈ ਜਾਂ ਸਮਾਂ ਪਾ ਕੇ ਬੇਲੋੜੀ ਹੋ ਜਾਂਦੀ ਹੈ। ਇਸ ਕਰਕੇ ਅਸੀਂ ਇਸ ਦੇ ਇਤਿਹਾਸ ਤੋਂ ਕੋਈ ਸਬਕ ਨਹੀਂ ਲੈ ਸਕਦੇ। ਇਸ ਰਾਹੀਂ ਪੈਦਾ ਹੋਈ ਹਰ ਸਮੱਸਿਆ ਨਵੀਂ ਕਿਸਮ ਦੀ ਹੁੰਦੀ ਹੈ, ਜਿਸ ਦੇ ਹੱਲ ਵਾਸਤੇ ਨਵੀਂ ਕਾਢ ਜਾਂ ਜੁਗਤ ਦੀ ਲੋੜ ਹੁੰਦੀ ਹੈ।

ਮਨੁੱਖ ਨੂੰ ਆਦਿ ਕਾਲ ਤੋਂ ਹੀ ਆਪਣੀਆਂ ਲੋੜਾਂ ਮੁਤਾਬਕ ਨਵੀਆਂ ਕਾਢਾਂ ਕੱਢਣ ਦੀ ਜ਼ਰੂਰਤ ਪੈਂਦੀ ਰਹੀ ਹੈ ਕਿਉਂਕਿ ਇਨ੍ਹਾਂ ਨੂੰ ਵਰਤ ਕੇ ਅਸੀਂ ਕਿਸੇ ਹਾਸਲ ਵਸਤੂ ਨੂੰ ਲੋੜੀਂਦੀ ਵਸਤੂ ਵਿਚ ਬਦਲ ਸਕਦੇ ਹਾਂ ਜਿਵੇਂ ਕਿ ਅਨਾਜ ਤੋਂ ਰੋਟੀ, ਕਪਾਹ ਤੋਂ ਪਹਿਨਣ-ਯੋਗ ਬਸਤਰ ਅਤੇ ਕੋਲੇ ਤੋਂ ਬਿਜਲੀ ਬਣਾਉਣ ਵਾਸਤੇ ਬਦਲਾਓ ਦੀ ਕਾਰਵਾਈ ਦੀ ਲੋੜ ਹੈ। ਕਾਢ ਕਿਸੇ ਵੀ ਐਸੇ ਨਵੇਂ ਸੰਦ, ਔਜ਼ਾਰ, ਯੰਤਰ ਜਾਂ ਵਸਤੂ ਨੂੰ ਕਿਹਾ ਜਾਂਦਾ ਹੈ, ਜਿਸ ਨੂੰ ਮਨੁੱਖ ਨੇ ਆਪਣੇ ਗਿਆਨ ਅਤੇ ਹੁਨਰ ਨਾਲ਼ ਆਪ ਬਣਾਇਆ ਹੋਵੇ ਜਾਂ ਇਹ ਕੋਈ ਐਸੀ ਨਵੀਂ ਵਿਚਾਰਧਾਰਾ, ਜੁਗਤ ਜਾਂ ਤਕਨੀਕ ਵੀ ਹੋ ਸਕਦੀ ਹੈ, ਜੋ ਉਸ ਵਲੋਂ ਸੋਚੀ ਗਈ ਹੋਵੇ। ਇਸ ਤਰ੍ਹਾਂ ਦੀਆਂ ਕਾਢਾਂ ਕੱਢਣ, ਇਨ੍ਹਾਂ ਨੂੰ ਵਰਤਣ ਦੇ ਹੁਨਰ ਜਾਂ ਸੋਚ-ਵਿਚਾਰ ਕਰਨ ਦੀਆਂ ਯੋਗਤਾਵਾਂ ਨੂੰ ਹੀ ਅਸੀਂ 'ਤਕਨਾਲੋਜੀ' ਕਹਿੰਦੇ ਹਾਂ। ਇਸ ਨੂੰ ਵਿਕਸਿਤ ਕਰਨ ਅਤੇ ਵਰਤਣ ਦੀ ਪ੍ਰਤਿਭਾ ਸਿਰਫ ਮਨੁੱਖ ਵਿਚ ਹੀ ਹੈ ਅਤੇ ਉਸ ਦੀ ਹੋਂਦ ਕਾਇਮ ਰੱਖਣ ਅਤੇ ਤਰੱਕੀ ਵਿਚ ਇਸ ਦਾ ਬਹੁਤ ਵੱਡਾ ਯੋਗਦਾਨ ਰਿਹਾ ਹੈ।

ਤਕਨਾਲੋਜੀ ਦਾ ਮਹੱਤਵ ਇਸ ਗੱਲ ਤੋਂ ਲਾਇਆ ਜਾ ਸਕਦਾ ਹੈ ਕਿ ਪੂਰਵ-ਇਤਿਹਾਸਕ ਸਮੇਂ ਦੀ ਵੰਡ ਇਸ ਦੇ ਵਿਕਾਸ ਵਾਸਤੇ ਵਰਤੇ ਗਏ ਖਣਿਜਾਂ ਦੇ ਆਧਾਰ 'ਤੇ ਕੀਤੀ ਗਈ ਹੈ ਭਾਵ ਪੱਥਰ ਯੁਗ, ਕਾਂਸੀ ਯੁਗ, ਲੋਹਾ ਯੁਗ ਅਤੇ ਖੇਤੀਬਾੜੀ ਯੁਗ। ਇਸੇ ਤਰ੍ਹਾਂ ਆਧੁਨਿਕ ਯੁਗ ਦੀ ਸਮਾਂ-ਵੰਡ, ਪਹਿਲੀ ਉਦਯੋਗਿਕ ਕ੍ਰਾਂਤੀ, ਦੂਸਰੀ, ਤੀਸਰੀ ਅਤੇ ਚੌਥੀ ਉਦਯੋਗਿਕ ਕ੍ਰਾਂਤੀ ਅਨੁਸਾਰ ਕੀਤੀ ਗਈ ਹੈ। ਇਹ ਯੁਗ 1760 ਤੋਂ ਭਾਫ਼ ਇੰਜਣ ਦੀ ਕਾਢ ਨਾਲ਼ ਸ਼ੁਰੂ ਹੋਇਆ ਅਤੇ ਹੁਣ ਚੌਥੀ ਕ੍ਰਾਂਤੀ ਜੋ 2010 ਤੋਂ ਸ਼ੁਰੂ ਹੋਈ ਮੰਨੀ ਜਾਂਦੀ ਹੈ, ਦਾ ਪਹਿਰਾ ਹੈ।

ਪਹਿਲੇ ਸਮਿਆਂ ਵਿਚ ਤਕਨਾਲੋਜੀ ਦਾ ਵਿਕਾਸ ਅੱਡ-ਅੱਡ ਕਿੱਤਿਆਂ ਦੇ ਸਧਾਰਨ ਕਾਰੀਗਰਾਂ ਅਤੇ ਮਿਸਤਰੀਆਂ ਵਲੋਂ ਛੋਟੇ-ਛੋਟੇ ਕਾਰਖ਼ਾਨਿਆਂ ਵਿਚ ਕੀਤਾ ਜਾਂਦਾ ਰਿਹਾ ਹੈ। 'ਲੋੜ' ਮੁੱਖ ਸੀ, 'ਕਾਢ' ਇਸ ਦੇ ਅਧੀਨ ਸੀ ਅਤੇ 'ਲੋੜ ਕਾਢਾਂ ਦੀ ਮਾਂ ਹੈ' ਦਾ ਅਸੂਲ ਵਰਤਦਾ ਸੀ। ਪਰ ਹੁਣ ਸਿਸਟਮ ਨੂੰ ਉਲਟਾ ਕਰ ਕੇ 'ਕਾਢ ਨੂੰ ਲੋੜਾਂ ਦੀ ਮਾਂ' ਬਣਾ ਦਿੱਤਾ ਹੈ। ਅੱਜ ਇਸ਼ਤਿਹਾਰਬਾਜ਼ੀ ਦੇ ਜ਼ੋਰ ਨਾਲ਼ ਉਸ ਚੀਜ਼ ਨੂੰ ਸਾਡੀ 'ਲੋੜ' ਬਣਾ ਦਿੱਤਾ ਜਾਂਦਾ ਹੈ, ਜੋ ਉਤਪਾਦਕਾਂ ਅਤੇ ਵਪਾਰੀਆਂ ਵਾਸਤੇ ਵੱਧ ਮੁਨਾਫ਼ੇ ਦਾ ਸਾਧਨ ਹੋਵੇ ਭਾਵੇਂ ਜਨ-ਸਾਧਾਰਨ ਅਤੇ ਧਰਤੀ ਦੇ ਵਾਤਾਵਰਨ ਅਤੇ ਸ੍ਰੋਤਾਂ ਵਾਸਤੇ ਕਿੰਨੀ ਵੀ ਨੁਕਸਾਨਦਾਇਕ ਹੋਵੇ। ਉਦਯੋਗਿਕ ਕ੍ਰਾਂਤੀਆਂ ਤੋਂ ਪਹਿਲਾਂ ਤਕਨਾਲੋਜੀ ਸਾਇੰਸ ਦੀ ਮੁਥਾਜ ਨਹੀਂ ਸੀ ਪਰ ਅੱਜ ਤਕਨਾਲੋਜੀ ਨੂੰ ਸਾਇੰਸ ਨਾਲ਼ ਇੰਨਾ ਜੋੜ ਦਿੱਤਾ ਗਿਆ ਹੈ ਕਿ ਅਸੀਂ ਦੋਹਾਂ ਨੂੰ ਇੱਕ ਸਿੱਕੇ ਦੇ ਦੋ ਪਾਸੇ ਸਮਝਣ ਲੱਗ ਪਏ ਹਾਂ। ਸਾਇੰਸ ਵੱਡੇ ਮੁਨਾਫ਼ਾਖੋਰਾਂ ਦਾ ਹੱਥ-ਠੋਕਾ ਬਣ ਗਈ ਹੈ ਅਤੇ ਬੇਲੋੜੀਆਂ ਖੋਜਾਂ ਰਾਹੀਂ ਤਕਨਾਲੋਜੀ ਨੂੰ ਗੁਮਰਾਹ ਕਰ ਰਹੀ ਹੈ।

ਵਿਡੰਬਨਾ ਇਹ ਵੀ ਹੈ ਕਿ ਸਾਨੂੰ ਜੀਵਨ ਦੇ ਸਾਰੇ ਖੇਤਰਾਂ ਵਿਚ ਹਰ ਕਿਸਮ ਦੀਆਂ ਸੁੱਖ-ਸਹੂਲਤਾਂ, ਨਿਰੰਤਰ ਵਿਕਸਿਤ ਹੋ ਰਹੀ ਤਕਨਾਲੋਜੀ ਕਰ ਕੇ ਹੀ ਪ੍ਰਾਪਤ ਹਨ। ਇਸ ਤੋਂ ਸਪੱਸ਼ਟ ਹੈ ਕਿ ਤਕਨਾਲੋਜੀ ਤਾਂ ਇੱਕ ਸਾਧਨ ਹੈ, ਇਸ ਨੂੰ ਬੁਰਾ ਕਹਿਣਾ ਉਚਿਤ ਨਹੀਂ। ਫਰਜ਼ ਕਰੀਏ ਕਿ ਇਕ ਕਾਰ ਹਾਈਵੇਅ 'ਤੇ ਪਰਵਾਨਿਤ ਸਪੀਡ ਤੋਂ ਵੱਧ ਤੇਜ਼ੀ ਨਾਲ਼ ਦੌੜ ਰਹੀ ਹੈ। ਇਸ ਵਿਚ ਕਸੂਰ ਕਾਰ ਦਾ ਨਹੀਂ, ਉਸ ਡਰਾਈਵਰ ਦਾ ਹੈ, ਜੋ ਆਪਣੇ ਵਕਤੀ ਹੁਲਾਸ ਵਾਸਤੇ ਤੇਜ਼-ਰਫਤਾਰੀ ਦੇ ਨੁਕਸਾਨਾਂ ਨੂੰ ਅੱਖੋਂ-ਪਰੋਖੇ ਕਰਦਾ ਹੈ। ਤਕਨਾਲੋਜੀ ਰੂਪੀ ਕਾਰ ਦਾ ਐਕਸਲਰੇਟਰ ਦੱਬਣਾ ਸੌਖਾ ਵੀ ਹੈ ਅਤੇ ਹੁਲਾਸ-ਪੂਰਨ ਵੀ ਹੈ ਪਰ ਇਸ ਦੇ ਨਤੀਜੇ ਹਮੇਸ਼ਾ ਮਾਰੂ ਹੁੰਦੇ ਹਨ। ਤਕਨਾਲੋਜੀ ਤਾਂ ਇਕ ਸਾਧਨ ਹੈ, ਇਹ ਚੰਗੀ ਜਾਂ ਮੰਦੀ ਨਹੀਂ ਹੋ ਸਕਦੀ। ਚੰਗਾ-ਮੰਦਾ ਤਾਂ ਇਸ ਦੀ ਖੋਜ ਕਰ ਕੇ ਇਸ ਨੂੰ ਖੁਦਗਰਜ਼ ਮੰਤਵਾਂ ਵਾਸਤੇ ਵਰਤਣ ਵਾਲ਼ਾ ਮਨੁੱਖ ਹੈ, ਜਿਸ ਦੀਆਂ ਕੁਦਰਤੀ ਪ੍ਰਵਿਰਤੀਆਂ ਓਹੀ ਹਨ, ਜੋ ਅੱਜ ਤੋਂ ਹਜ਼ਾਰਾਂ ਸਾਲ ਪਹਿਲਾਂ ਸਨ। ਇਸ ਕਰਕੇ ਇਸ ਨੂੰ ਕੁਰਾਹੇ ਪੈਣ ਤੋਂ ਰੋਕਣ ਦਾ ਢੰਗ ਅੱਜ ਵੀ ਅੰਕੁਸ਼ ਹੈ, ਸਖਤ ਨਿਯੰਤਰਨ ਹੈ।

ਨਿਰਸੰਦੇਹ ਨਿਯੰਤਰਨ ਸਰਕਾਰਾਂ ਦਾ ਫਰਜ਼ ਹੈ, ਫਿਰ ਵੀ ਇਸ ਵਿਆਪਕ ਸਮੱਸਿਆ ਬਾਰੇ ਸਾਡਾ ਜਾਗਰੂਕ ਹੋਣਾ ਵੀ ਜ਼ਰੂਰੀ ਅਤੇ ਲਾਹੇਵੰਦ ਹੈ। ਇਸ ਦੇ ਦੋ ਮੰਤਵ ਹਨ: ਇਸ ਤਰ੍ਹਾਂ ਅਸੀਂ ਸਰਕਾਰਾਂ 'ਤੇ ਇਸ ਨਿਯੰਤਰਨ ਵਾਸਤੇ ਜ਼ੋਰ ਪਾ ਸਕਦੇ ਹਾਂ ਜਿਵੇਂ ਕਿ ਅੱਜ-ਕੱਲ੍ਹ ਇਹ ਲਹਿਰ ਜ਼ੋਰ ਫੜ ਰਹੀ ਹੈ। ਦੂਸਰਾ ਇਸ ਨਿਯੰਤਰਨ ਵਾਸਤੇ ਸਰਕਾਰਾਂ ਦਾ ਪੁਰ-ਜ਼ੋਰ ਸਮਰਥਨ ਵੀ ਕਰ ਸਕਦੇ ਹਾਂ ਜੋ ਸਾਡਾ ਫਰਜ਼ ਹੈ। ਇਸ ਸਮੱਸਿਆ ਦਾ ਪ੍ਰਭਾਵ ਸਭ ਦੇ ਨਿੱਜੀ ਜੀਵਨ 'ਤੇ ਪੈ ਰਿਹਾ ਹੈ ਅਤੇ ਇਕੱਲਾ ਕਾਨੂੰਨ ਸਾਨੂੰ ਨਹੀਂ ਬਚਾ ਸਕਦਾ। ਆਪਣਾ ਸਭ ਦਾ ਤਲਖ਼ ਅਨੁਭਵ ਹੈ ਕਿ ਕਿਸੇ ਮੰਦੀ ਕਾਰਵਾਈ ਦੇ ਸਿੱਧੇ ਜਾਂ ਅਸਿੱਧੇ ਤਰ੍ਹਾਂ ਜ਼ਿੰਮੇਵਾਰ ਨਾ ਹੁੰਦੇ ਹੋਏ ਵੀ ਸਾਨੂੰ ਉਸ ਦੇ ਨਤੀਜੇ ਭੁਗਤਣੇ ਪੈਂਦੇ ਹਨ ਅਤੇ ਅਜਿਹਾ ਹੀ ਕੇਸ ਤਕਨਾਲੋਜੀ ਕਰ ਕੇ ਉਪਜ ਰਹੀਆਂ ਸਮੱਸਿਆਵਾਂ ਦਾ ਹੈ। ਇਨ੍ਹਾਂ ਦੇ ਬੁਰੇ ਸਰੀਰਕ, ਮਾਨਸਿਕ ਅਤੇ ਮਨੋਵਿਗਿਆਨਕ ਪ੍ਰਭਾਵਾਂ ਬਾਰੇ ਹਰ ਰੋਜ਼ ਅਨੇਕਾਂ ਲੇਖ ਅਤੇ ਕਿਤਾਬਾਂ ਛਪ ਰਹੀਆਂ ਹਨ ਅਤੇ ਇਨ੍ਹਾਂ ਤੋਂ ਬਚਣ ਦੇ ਢੰਗ ਸੁਝਾਏ ਜਾ ਰਹੇ ਹਨ। ਇਨ੍ਹਾਂ 'ਤੇ ਅਮਲ ਕਰ ਕੇ ਅਸੀਂ ਤਕਨਾਲੋਜੀ ਤੋਂ ਪੂਰਾ ਫਾਇਦਾ ਵੀ ਉਠਾ ਸਕਦੇ ਹਾਂ ਅਤੇ ਇਸ ਦੇ ਬੁਰੇ ਪ੍ਰਭਾਵਾਂ ਤੋਂ ਵੀ ਬਚ ਸਕਦੇ ਹਾਂ। ਉਦਾਹਰਨ ਵਜੋਂ ਕਾਰਾਂ ਕਿੰਨੀਆਂ ਉਪਯੋਗੀ ਹਨ ਅਤੇ ਇਨ੍ਹਾਂ ਦੀ ਸੁਰੱਖਿਅਤ ਵਰਤੋਂ ਵਾਸਤੇ ਸਰਕਾਰਾਂ ਨੇ ਅਨੇਕਾਂ ਕਾਨੂੰਨ ਬਣਾਏ ਹੋਏ ਹਨ। ਵਧੀਆ ਸੜਕਾਂ, ਪੁਲਿਸ ਦਾ ਇੰਤਜ਼ਾਮ, ਕਾਰਾਂ ਬਣਾਉਣ ਵਾਲ਼ੇ ਕਾਰਖ਼ਾਨਿਆਂ 'ਤੇ ਕੰਟਰੋਲ ਅਤੇ ਗਲਤ ਚਲਾਉਣ ਵਾਲ਼ਿਆ ਨੂੰ ਸਜ਼ਾਵਾਂ ਆਦਿ। ਇਨ੍ਹਾਂ ਸਭ ਦੇ ਬਾਵਜੂਦ ਸੁਰੱਖਿਆ ਦੀ ਵੱਡੀ ਜ਼ਿੰਮੇਵਾਰੀ (ਸਾਡੀ) ਕਾਰ ਦੇ ਡਰਾਈਵਰ ਦੀ ਹੈ। ਅਸੀਂ ਹੋ ਰਹੀਆਂ ਮਾੜੀਆਂ ਘਟਨਾਵਾਂ ਕਰਕੇ ਕਾਰਾਂ ਚਲਾਉਣੀਆਂ ਛੱਡ ਨਹੀਂ ਸਕਦੇ। ਸਾਰ-ਤੱਤ ਇਹ ਕਿ ਤਕਨਾਲੋਜੀ ਦੇ ਹਰ ਮੰਦੇ ਅਸਰ ਤੋਂ ਅਸੀਂ ਆਪ ਵੀ ਬਚਣਾ ਹੈ, ਉਸੇ ਤਰ੍ਹਾਂ ਜਿਵੇਂ ਹਰ ਰੋਜ਼ ਕਾਰ ਚਲਾਉਂਦੇ ਸਮੇਂ ਜਾਂ ਸੰਸਾਰ ਦੇ ਹੋਰ ਮੰਦੇ ਵਰਤਾਰਿਆਂ ਤੋਂ ਬਚਦੇ ਹਾਂ।

# ਪਹਿਲਵਾਨ ਪਰਿਵਾਰ ਦਾ ਰੌਸ਼ਨ ਚਿਰਾ.ਗ-ਇੰਦਰਜੀਤ ਨਾਗਰਾ

ਇਕਬਾਲ ਜੱਬੋਵਾਲੀਆ

ਇੰਦਰਜੀਤ ਨਾਗਰਾ (ਜੀਤਾ ਜੱਬੋਵਾਲ) ਬੜੇ ਸਾਲਾਂ ਤੋਂ ਕੈਲੇਫੋਰਨੀਆ ਰਹਿੰਦਾ ਅਮਰੀਕਾ ਦੀਆਂ ਸੜਕਾਂ 'ਤੇ ਵੱਡਾ ਟਰੱਕ ਟਰੇਲਰ ਭਜਾਈ ਫਿਰਦੈ। ਅਮਰੀਕਾ ਰਹਿੰਦਾ ਵੀ ਉਹ ਪਿੰਡ ਪ੍ਰਤੀ ਹਮੇਸ਼ਾ ਫਿਕਰਮੰਦ ਰਹਿੰਦੈ। ਖੇਡ ਦਾ ਸ਼ੌਕ ਹੋਣ ਕਰਕੇ ਉਸ ਨੇ ਕੈਲੇਫ਼ੋਰਨੀਆ 'ਚ ਬਜ਼ੁਰਗਾਂ ਦੀ ਰੱਸਾਕਸ਼ੀ ਟੀਮ ਬਣਾਈ ਹੋਈ ਹੈ। ਉਹ ਬਜ਼ੁਰਗਾਂ ਦਾ ਹਰ ਤਰ੍ਹਾਂ ਖਿਆਲ ਰੱਖਦੈ। ਜਿੱਥੇ ਵੀ ਕਿਤੇ ਟੂਰਨਾਮੈਂਟ ਹੋਵੇ, ਸਾਰੀ ਟੀਮ ਨੂੰ ਲੈ ਕੇ ਖ਼ੁਦ ਜਾਂਦੈ। ਹੱਲਾਸ਼ੇਰੀ ਨਾਲ ਬਜ਼ੁਰਗਾਂ ਨੂੰ ਜਵਾਨ ਬਣਾਇਆ ਹੋਇਐ। ਵੀਕ ਐਂਡ 'ਤੇ ਸਾਰੇ ਬਾਬਿਆਂ ਨੂੰ 'ਕੱਠੇ ਕਰ ਕੇ ਟਹਿਲ ਸੇਵਾ ਵੀ ਕਰ ਦਿੰਦੈ। ਬਾਬਿਆਂ ਦੀਆਂ ਅਸੀਸਾਂ ਲੈਣੀਆਂ ਨਹੀਂ ਭੁੱਲਦਾ। ਵੈਸੇ ਵੀ ਪਰਮ ਮਿੱਤਰਾਂ ਨਾਲ ਘਰ ਦੀਆਂ ਮਹਿਫ਼ਲਾਂ ਦਾ ਸ਼ਿੰਗਾਰ ਬਣਿਆ ਰਹਿੰਦੈ।

ਅਮਰੀਕਾ ਆਉਣ ਤੋਂ ਪਹਿਲਾਂ ਉਹ ਖ਼ੁਦ ਮਾਹਣੇ ਹੁਰਾਂ ਨਾਲ ਪੰਜਾਬ ਦੇ ਪਿੰਡਾਂ 'ਚ ਕਬੱਡੀ ਮੈਚ ਖੇਡਣ ਜਾਂਦਾ ਰਿਹੈ। ਪਿੰਡ ਦੇ ਖਿਡਾਰੀ ਟਰੈਕਟਰ 'ਤੇ ਬਹਾ ਕੇ ਲੈ ਜਾਣੇ ਤੇ ਲੈ ਆਉਣੇ। ਪਿੰਡ ਵਾਲਾ ਉਹੀ ਸ਼ੌਕ ਹੁਣ ਅਮਰੀਕਾ ਆ ਕੇ ਵੀ ਨਹੀਂ ਬੈਠਣ ਦੇ ਰਿਹਾ।

ਹਰ ਸਾਲ ਉਹ ਪਿੰਡ ਜਾ ਕੇ ਟੂਰਨਾਮੈਂਟਾਂ ਵਿੱਚ ਵਧ-ਚੜ੍ਹ ਕੇ ਹਿੱਸਾ ਪਾਉਂਦੈ। ਬੈਸਟ ਰੇਡਰ ਜਾਂ ਜਾਫ਼ੀ ਨੂੰ ਮੋਟਰਸਾਈਕਲ ਦੇ ਕੇ ਸਨਮਾਨਿਤ ਕੀਤਾ ਜਾਂਦਾ ਸੀ ਪਰ ਉਹ ਕੰਮ ਹੁਣ ਬੰਦ ਕਰ ਦਿੱਤੈ ਕਿਉਂਕਿ ਇਨਾਮ 'ਚ ਮਿਲੇ ਮੋਟਰਸਾਈਕਲ ਖਿਡਾਰੀ ਰਾਹ 'ਚ ਹੀ ਵੇਚ-ਵੱਟ ਜਾਂਦੇ ਸਨ। ਹੁਣ ਉਹੀ ਮਾਇਆ ਪਿੰਡ 'ਚ ਗਰੀਬ ਪਰਿਵਾਰਾਂ ਜਾਂ ਲੋੜਵੰਦ ਵਿਦਿਆਰਥੀਆਂ ਦੀ ਪੜ੍ਹਾਈ 'ਤੇ ਖਰਚ ਰਿਹੈ। ਲੜਕੀਆਂ ਦੇ ਵਿਆਹ-ਕਾਰਜਾਂ 'ਚ ਲਾ ਰਿਹੈ। ਆਪਣੇ ਇਲਾਕੇ ਤੋਂ ਬਾਹਰ ਵੀ ਲੋੜਵੰਦਾਂ ਦਾ ਪਤਾ ਲੱਗਦਿਆਂ ਹੀ ਮੱਦਦ ਲਈ ਜਾ ਖੜ੍ਹਦੈ। ਕਰੋਨਾ ਕਾਲ ਦੇ ਦਿਨਾਂ 'ਚ ਬੜੇ ਲੋਕਾਂ ਦੀ ਮੱਦਦ ਕੀਤੀ। ਲੋੜਵੰਦਾਂ ਲਈ ਦਿਲ ਦਾ ਦਲੇਰ ਬਾਦਸ਼ਾਹ ਦਾਨੀ ਸੱਜਣ ਹੈ। ਅਜਿਹੇ ਕਾਰਜਾਂ ਦੇ ਨਾਲ-ਨਾਲ ਸਿਆਸਤ ਵਿਚ ਵੀ ਦਿਲਚਸਪੀ ਰੱਖਦੈ। ਨੇਕ ਕਾਰਜ ਕਰਨ ਵਾਲੇ ਸੱਜਣਾਂ ਨੂੰ ਵੀ ਉਤਸ਼ਾਹਿਤ ਕਰਦੈ।

ਇੰਦਰਜੀਤ ਨਾਗਰਾ ਪਹਿਲਵਾਨਾਂ ਦੇ ਵੱਡੇ ਖਾਨਦਾਨ 'ਚੋਂ ਹੈ। ਉਸ ਦੇ ਬਾਬਾ ਕਰਮ ਸਿੰਘ ਦੇ ਦੂਜੇ ਭਰਾ ਚਾਨਣ ਸਿੰਘ, ਦਰਸ਼ਨ ਸਿੰਘ ਤੇ ਸੋਹਣ



ਸਿੰਘ ਤੇ ਪੜਦਾਦਾ ਆਤਮਾ ਸਿੰਘ ਛੇ, ਸਵਾ-ਛੇ ਫ਼ੁੱਟ ਉੱਚੇ ਜੁਆਨ ਸਨ। ਉਹ ਸਾਰੇ ਹੁਣ ਇਸ ਦੁਨੀਆ ਤੋਂ ਤੁਰ ਗਏ ਹਨ। ਚਾਨਣ ਸਿੰਘ ਰੱਸਾ ਖਿੱਚਦਾ ਹੁੰਦਾ ਸੀ। ਜਿਸ ਵੱਲ ਵੇਖ ਕੇ ਦਰਸ਼ਨ ਸਿੰਘ ਪਹਿਲਵਾਨੀ ਕਰਨ ਲੱਗਾ। ਦਰਸ਼ਨ ਸਿੰਘ ਨਵਾਂ ਸ਼ਹਿਰ ਲਾਗੇ ਮੇਹਰਦੀਨ ਨਾਲ ਬਰਾਬਰ ਕੁਸ਼ਤੀ ਲੜ ਚੁੱਕੈ। ਗੇਜਾ ਪਾਸਲਾ, ਸਰਬਣ ਰਾਮਾ ਖੇਲਾ ਤੇ ਰਾਏਪੁਰ ਡੱਬੀਏ ਹਰਬੰਸ ਸਿੰਘ ਦੇ ਅਖਾੜੇ 'ਚ ਪਹਿਲਵਾਨ ਕਸ਼ਮੀਰਾ ਸਿੰਘ ਹੁਰਾਂ ਨਾਲ ਜ਼ੋਰ ਕਰਦਾ ਰਿਹੈ। ਉਸ ਦੇ ਜੋੜ ਦੇ ਇਲਾਕੇ 'ਚ ਬੜੇ ਘੱਟ ਪਹਿਲਵਾਨ ਸਨ। ਪੰਜਾਬ ਤੇ ਪਹਾੜਾਂ ਦੀਆਂ ਛਿੰਝਾਂ 'ਚ ਜਾਜ਼ਰੀ ਜ਼ਰੂਰ ਭਰਦਾ। ਰੂਪੋਵਾਲ, ਸੂਰਾਪੁਰ, ਬਰਨਾਲੇ (ਨੇੜੇ ਨਵਾਂ ਸ਼ਹਿਰ) ਬੈਸਾਂ ਛਿੰਝਾਂ 'ਚ ਤਕੜੇ ਮੱਲਾਂ ਨਾਲ ਕੁਸ਼ਤੀਆਂ ਕੀਤੀਆਂ।

ਜੀਤੇ ਦਾ ਪਿਤਾ ਹਰਭਜਨ ਸਿੰਘ ਵੀ ਪਹਿਲਵਾਨੀ ਦਾ ਸ਼ੌਕ ਰੱਖਦਾ ਸੀ। ਨਿਊਜ਼ੀਲੈਂਡ ਰਹਿੰਦਾ ਪਹਿਲਵਾਨ ਦਰਸ਼ਨ ਸਿੰਘ ਦਾ ਇਕਲੌਤਾ ਬੇਟਾ ਗੁਦਨਾਦ ਸਿੰਘ ਦਾਣੀ ਵੀ ਪਿੰਡ ਦੀ ਕਬੱਡੀ ਟੀਮ ਦਾ ਵਧੀਆ ਖਿਡਾਰੀ ਰਿਹੈ। ਬੇਟੇ ਕੋਲ ਰਹਿੰਦੇ ਪਹਿਲਵਾਨ ਦਰਸ਼ਨ ਸਿੰਘ ਨੇ ਨਿਊਜ਼ੀਲੈਂਡ ਸਵਾਸਾਂ ਦੀ ਪੂੰਜੀ ਪੂਰੀ ਕੀਤੀ। ਬੇਟੀ ਅਮਰੀਕਾ ਰਹਿ ਰਹੀ ਹੈ। ਸਾਰਾ ਪਰਿਵਾਰ ਵੱਖ-ਵੱਖ ਮੁਲਕਾਂ 'ਚ ਸੈਟਲ ਹੈ। ਜਿਸ ਘਰ 'ਚ ਕਦੇ ਪੰਜਾਬ ਦੇ ਨਾਮਵਰ ਪਹਿਲਵਾਨਾਂ ਦੀਆਂ ਰੌਣਕਾਂ ਲੱਗੀਆਂ ਰਹਿੰਦੀਆਂ ਸਨ, ਹੁਣ ਉਹ ਘਰ ਸੁੰਨ-ਸਾਨ ਪਿਆ ਹੈ ਕਿਉਂਕਿ ਪਰਿਵਾਰ ਦੇ ਬਹੁਤੇ ਜੀਅ ਬਾਹਰਲੇ ਮੁਲਕਾਂ 'ਚ ਸੈਟਲ ਹੋ ਗਏ। ਸਾਲ ਛੇ ਮਹੀਨੇ ਬਾਅਦ ਇੰਦਰਜੀਤ ਜੀਤਾ ਪਰਿਵਾਰ ਸਮੇਤ ਪਿੰਡ ਗੇੜਾ ਮਾਰ ਆਉਂਦੈ। ਪਿੰਡ ਦੇ ਲੋਕਾਂ, ਯਾਰਾਂ-ਬੇਲੀਆਂ ਤੇ ਖਾਸ ਕਰਕੇ ਪੁਲੀਸ ਅਫ਼ਸਰ ਰਣਜੀਤ ਸਿੰਘ ਨਾਲ ਉਸ ਦਾ ਡਾਢਾ ਪਿਆਰ ਹੈ। ਬਾਬਿਆਂ-ਦਾਦਿਆਂ ਦੇ ਪਹਿਲਵਾਨੀ ਸ਼ੌਕ ਨੂੰ ਬਰਕਰਾਰ ਰੱਖਦਾ ਇੰਦਰਜੀਤ ਨਾਗਰਾ ਦਾ ਇਕਲੌਤਾ ਬੇਟਾ ਕਰਨਵੀਰ ਨਾਗਰਾ ਬਾਸਕਟਬਾਲ ਦਾ ਵਧੀਆ ਖਿਡਾਰੀ ਰਹਿ ਚੁੱਕੈ। ਇੰਦਰਜੀਤ ਨਾਗਰਾ ਨੂੰ ਉਸ 'ਤੇ ਹਾਲੇ ਬੜੀਆਂ ਆਸਾਂ ਨੇ। ਪਹਿਲਵਾਨੀ ਰੀਤ ਨੂੰ ਜੀਤਾ ਪੀੜ੍ਹੀ ਦਰ ਪੀੜ੍ਹੀ ਤੋਰੀ ਰੱਖਣੀ ਚਾਹੁੰਦੈ। ਪਿੰਡ ਦੇ ਲੋੜਵੰਦ ਖਿਡਾਰੀਆਂ ਲਈ ਮਾਇਆ ਪੱਖੋਂ ਹਰ ਦਮ ਹਾਜ਼ਰ ਰਹਿੰਦੈ।

ਬੜਾ ਮਿਲਾਪੜਾ, ਖ਼ੁਸ਼ ਮਿਜ਼ਾਜ ਕੈਲੇਫੋਰਨੀਆ ਰਹਿੰਦਾ ਜੀਤਾ ਆਪਣੇ ਪਰਿਵਾਰ, ਰਿਸ਼ਤੇਦਾਰਾਂ ਤੇ ਯਾਰਾਂ ਬੇਲੀਆਂ 'ਚ ਖ਼ੁਸ਼ੀ ਦੇ ਵਧੀਆ ਪਲ ਬਤੀਤ ਕਰ ਰਿਹੈ।

'ਸ਼ੌਕ ਪਾਲਣੇ ਲਈ
ਬੜਾ ਕੁਝ ਕਰਨਾ ਪੈਂਦਾ ਏ।
ਤੱਤੇ ਠੰਢੇ ਲੋਕਾਂ ਦਾ
ਬੜਾ ਕੁਝ ਜਰਨਾ ਪੈਂਦਾ ਏ।
ਲੋੜਵੰਦ ਲੋਕਾਂ ਦਾ
ਪਤਾ ਲੱਗਦੇ ਹੀ 'ਇਕਬਾਲ ਸਿੰਹਾਂ',
ਦਿਲ ਖੋਲ੍ਹ ਕੇ ਨਾਲ ਖੜ੍ਹਨਾ ਪੈਂਦਾ ਏ।'

# ਇੱਕ ਵਡਮੁੱਲੀ ਪੁਰਾਣੀ ਘਟਨਾ

## ਨਿੱਕ ਸੁੱਕ



ਗੁਲਜ਼ਾਰ ਸਿੰਘ ਸੰਧੂ
ਫੋਨ: 91-98157-78469
Sandhugulzar@yahoo.com

ਏਸ ਵਾਰ ਪੰਡਤ ਨਹਿਰੂ ਦੇ ਜਨਮ ਦਿਨ ਉੱਤੇ ਸੰਸਦ ਭਵਨ ਵਿਚ ਕੁੱਝ ਪਤਵੰਤੇ ਮਹਾਂਪੁਰਸ਼ਾਂ ਦੀ ਗੈਰ ਹਾਜ਼ਰੀ ਨੇ ਮੈਨੂੰ ਇਕ ਪੁਰਾਣੀ ਘਟਨਾ ਚੇਤੇ ਕਰਵਾ ਦਿੱਤੀ ਹੈ। 1964 ਦੀ ਗੱਲ ਹੈ। ਮੈਂ ਪਟਿਆਲਾ ਤੋਂ ਦਿੱਲੀ ਵਾਲੀ ਡੀਲਕਸ ਬੱਸ ਵਿਚ ਸਫਰ ਕਰ ਰਿਹਾ ਸਾਂ। ਬੱਸ ਦੇ ਗੱਦੇ ਅਤੇ ਸਵਾਰੀਆਂ ਦੇ ਸਾਹ, ਤਪਸ਼ ਵਿਚ ਵਾਧਾ ਕਰ ਰਹੇ ਸਨ। ਡਰਾਈਵਰ ਨੇ ਰਾਜਪੁਰਾ ਦੇ ਅੱਡੇ ਉੱਤੇ ਬੱਸ ਰੋਕ ਲਈ, ਜਿੱਥੇ ਡੀਲਕਸ ਬੱਸਾਂ ਨਹੀਂ ਰੁਕਦੀਆਂ। ਛੇਤੀ ਹੀ ਬੱਸ ਕੰਡਕਟਰ ਤੇ ਟਿਕਟ ਚੈਕਰ ਦੀ ਤੂੰ-ਤੂੰ ਮੈਂ-ਮੈਂ ਸੁਣਾਈ ਦਿੱਤੀ ਤਾਂ ਬੱਸ ਰੋਕੇ ਜਾਣ ਦੇ ਕਾਰਨ ਦਾ ਪਤਾ ਲੱਗਿਆ। ਸਵਾਰੀਆਂ ਪ੍ਰੇਸ਼ਾਨ ਸਨ। ਉਨ੍ਹਾਂ ਨੇ ਵੇਲੇ ਸਿਰ ਦਿੱਲੀ ਪਹੁੰਚਣਾ ਸੀ। ਖੜ੍ਹੀ ਬੱਸ ਵਿਚ ਤਾਂ ਸੂਰਜ ਅੱਗ ਵਰ੍ਹਾ ਰਿਹਾ ਸੀ।

'ਤੈਨੂੰ ਪਤੈ ਪੰਡਤ ਨਹਿਰੂ ਮਰ ਗਿਐ?' ਟਿਕਟ ਚੈੱਕਰ ਦਾ ਗੁੱਸਾ ਠੰਢਾ ਹੋਇਆ ਤਾਂ ਉਹ ਕੰਡਕਟਰ ਨੂੰ ਮੁਖਾਤਬ ਹੋ ਕੇ ਬੋਲਿਆ।

ਕੌਣ? ਪੰਡਤ ਨਹਿਰੂ? ਪ੍ਰਧਾਨ ਮੰਤਰੀ? ਕੰਡਕਟਰ ਸਮੇਤ ਅਨੇਕਾਂ ਸਵਾਰੀਆਂ ਬੋਲ ਪਈਆਂ। ਚੈੱਕਰ ਨੇ ਇਹ ਖ਼ਬਰ ਰੇਡੀਓ ਉੱਤੇ ਸੁਣੀ ਸੀ। ਉਦੋਂ ਮੋਬਾਈਲ ਹੋਂਦ ਵਿਚ ਨਹੀਂ ਸਨ ਆਏ। ਹਰ ਕੋਈ ਚੈੱਕਰ ਦੇ ਬੁੱਲ੍ਹਾਂ ਵੱਲ ਤੱਕ ਰਿਹਾ ਸੀ। ਕਾਸ਼! ਉਹ ਕਹਿ ਦੇਵੇ ਕਿ ਉਸ ਨੂੰ ਟਪਲਾ ਲੱਗਿਆ ਹੈ।

ਜਦੋਂ ਚੈੱਕਰ ਨੇ ਸਾਰੀ ਖ਼ਬਰ ਰੁਕ ਰੁਕ ਕੇ ਤਰਤੀਬ ਨਾਲ ਦੱਸੀ ਤਾਂ ਇਸ ਦੇ ਵਿਚਲੇ ਸੱਚ ਦਾ ਨਿਤਾਰਾ ਹੋ ਗਿਆ। ਵੱਡੀ ਅਕਲ ਦਾ ਮਾਲਕ ਸੀ। ਰੂਸ ਤੇ ਅਮਰੀਕਾ ਨੂੰ ਬਰਾਬਰ ਤੋਲਣ ਵਾਲਾ। ਭਾਰਤ ਉੱਤੇ ਚੀਨ ਦੇ ਹਮਲੇ ਸਮੇਂ ਜ਼ਰਾ ਨਾ ਡੋਲਣ ਵਾਲਾ। ਸਿਆਸਤ ਦਾ ਰੱਬ ਤੇ ਖੁਦੀ ਦਾ ਕਦਰਦਾਨ। ਸਵਾਰੀਆਂ ਭਾਂਤ-ਸੁਭਾਂਤੇ ਬੋਲ ਰਹੀਆਂ ਸਨ। ਡਰਾਈਵਰ ਨੇ ਬਰੇਕ ਲਾ ਕੇ ਬੱਸ ਸੜਕ ਦੇ ਇੱਕ ਪਾਸੇ ਖੜ੍ਹੀ ਕਰ ਲਈ। ਸਭਨਾਂ ਨੂੰ ਧੁੱਪ-ਛਾਂ ਭੁੱਲ ਚੁੱਕੀ ਸੀ। ਪਲ ਦੀ ਪਲ ਪੌਣ, ਪਾਣੀ, ਬਸੰਤਰ ਸੌਂ ਗਏ ਸਨ। ਫੇਰ 'ਜਿਵੇਂ ਵਾਹਿਗੁਰੂ ਨੂੰ ਮਨਜ਼ੂਰ' ਕਹਿ ਕੇ ਬੱਸ ਦੇ ਡਰਾਈਵਰ ਨੇ ਬੱਸ ਤੋਰ ਲਈ।

ਸਾਡੀ ਬੱਸ ਅੰਬਾਲਾ ਦੇ ਅੱਡੇ ਉੱਤੇ ਵੀ ਰੁਕੀ ਪਰ ਨਾ ਹੀ ਕੋਈ ਸਵਾਰੀ ਚੜ੍ਹੀ ਤੇ ਨਾ ਹੀ ਉਤਰੀ। ਚੈੱਕਰ ਨੇ ਉੱਤਰਨਾ ਸੀ ਉਤਰ ਗਿਆ। ਬਾਕੀ ਮਾਹੌਲ ਸ਼ਾਂਤ ਸੀ, ਜਿਵੇਂ ਪੂਰੀ ਕਾਇਨਾਤ ਵਿਚ ਚੁੱਪ ਵਰਤ ਗਈ ਹੋਵੇ।

ਬੱਸ ਦੇ ਸ਼ਾਹਬਾਦ ਮਾਰਕੰਡਾ ਪਹੁੰਚਣ ਤਕ ਮਾਤਮੀ ਜਲੂਸ ਨੇ ਸਾਰੀ ਸੜਕ ਮੱਲ ਲਈ ਸੀ। ਕੰਡਕਟਰ ਤੇ ਚੈੱਕਰ ਦੀ ਲੜਾਈ ਨੇ ਪਹਿਲਾਂ ਹੀ ਕਾਫੀ ਸਮਾਂ ਖਾ ਲਿਆ ਸੀ। ਡਰਾਈਵਰ ਨੇ ਭੀੜ ਨੂੰ ਲਾਂਭੇ ਕਰਨ ਲਈ ਹਾਰਨ ਵਜਾ ਦਿੱਤਾ। ਭੀੜ ਪਹਿਲਾਂ ਨਾਲੋਂ ਵੀ ਜੋਸ਼ ਨਾਲ ਬੱਸ ਦੇ ਅੱਗੇ ਜਮ੍ਹਾਂ ਹੋ ਗਈ।

'ਪੰਡਤ ਨਹਿਰੂ ਤੁਰ ਗਿਆ, ਤੂੰ ਹਾਰਨ ਵਜਾਉਨੈਂ?' ਵਰਗੀਆਂ ਆਵਾਜ਼ਾਂ ਆਉਣ ਲੱਗੀਆਂ।

ਡਰਾਈਵਰ ਦਾੜੀ ਪਗੜੀ ਵਾਲਾ ਸਿੱਖ ਸੀ। ਇਨ੍ਹਾਂ ਦਿਨਾਂ ਵਿਚ ਵੱਖਰੇ ਪੰਜਾਬੀ ਸੂਬੇ ਦੀ ਮੰਗ ਜ਼ੋਰਾਂ 'ਤੇ ਸੀ। ਹਰਿਆਣਾ ਦੇ ਹਿੰਦੂਆਂ ਨਾਲ ਤਣਾਅ ਸਿਖਰਾਂ ਉੱਤੇ ਸੀ।

ਮੈਂ ਕੀ ਵੇਖਦਾ ਹਾਂ ਕਿ ਕੁਝ ਬਾਤਾਂ ਡਰਾਈਵਰ ਨੂੰ ਖਿੱਚ ਰਹੀਆਂ ਸਨ। ਉਸ ਨੂੰ ਸਬਕ ਸਿਖਾਉਣ ਲਈ। ਕੁਝ ਵੀ ਮਾੜਾ ਵਾਪਰ ਸਕਦਾ ਸੀ। ਡਰਾਈਵਰ ਦੀ ਜਾਨ ਜਾ ਸਕਦੀ ਸੀ। ਉਸ ਦੇ ਜ਼ਖਮੀ ਹੋਣ ਬਾਰੇ ਤਾਂ ਸ਼ੱਕ ਹੀ ਨਹੀਂ ਸੀ। ਸਵਾਰੀਆਂ ਵਿਚ ਸਿੱਖਾਂ ਦੀ ਗਿਣਤੀ ਘੱਟ ਸੀ। ਮੇਰੇ ਜਿੰਨੀ ਛੋਟੀ ਉਮਰ ਦਾ ਕੋਈ ਨਹੀਂ ਸੀ। ਮੈਂ ਬਾਹਰ ਨਿਕਲ ਕੇ ਭੀੜ ਵੱਲ ਨੂੰ ਵਧਿਆ। ਇਹ ਦੱਸਣ ਲਈ ਕਿ ਹਾਰਨ ਵਜਾਉਣ ਵਾਲਾ ਡਰਾਈਵਰ ਤਾਂ ਬਿਨਾ ਕਿਸੇ ਦੀ ਮੰਗ ਦੇ ਇਹ ਖਬਰ ਸੁਣਦੇ ਸਾਰ ਬੱਸ ਨੂੰ ਦੋ ਮਿੰਟ ਰੋਕ ਕੇ ਸ਼ਰਧਾਂਜਲੀ ਦੇ ਚੁੱਕਿਆ ਸੀ ਪਰ ਮੈਂ ਕੀ ਵੇਖਦਾ ਹਾਂ ਕਿ ਡਰਾਈਵਰ ਨੂੰ ਉਸ ਦੀ ਸੀਟ ਤੋਂ ਖਿੱਚਣ ਵਾਲੀ ਭੀੜ ਦਾ ਮੋਹਰੀ ਕੇਸਧਾਰੀ ਸਿੱਖ ਸੀ। ਪੰਡਤ ਨਹਿਰੂ ਦੀ ਅਜ਼ਮਤ ਨੇ ਹਿੰਦੂ-ਸਿੱਖ ਪਾੜਾ ਪੂਰ ਦਿੱਤਾ ਸੀ। ਮੇਰੇ ਦਖਲ ਦੇਣ ਦੀ ਲੋੜ ਨਹੀਂ ਸੀ। ਮੈਂ ਵਾਪਸ ਆਪਣੀ ਸੀਟ ਉੱਤੇ ਆਣ ਬੈਠਾ। ਅਸੀਂ ਦੇਰੀ ਨਾਲ ਦਿੱਲੀ ਪਹੁੰਚੇ ਪਰ ਕੋਈ ਦੁਰਘਟਨਾ ਨਹੀਂ ਹੋਈ।

ਮੈਂ ਇਸ ਘਟਨਾ ਬਾਰੇ ਜਿਹੜੀ ਕਹਾਣੀ ਲਿਖੀ ਉਸ ਦਾ ਨਾਂ 'ਲੋਕ ਨਾਇਕ' ਰੱਖਿਆ। ਕਿਸੇ ਨੇ ਉਜਰ ਨਹੀਂ ਕੀਤਾ ਭਾਵੇਂ ਉਨ੍ਹਾਂ ਦਿਨਾਂ ਵਿਚ ਇਹ ਪਦਵੀ ਤੇ ਤਖ਼ੱਲਸ ਕੇਵਲ ਜੈਪ੍ਰਕਾਸ਼ ਨਾਰਾਇਣ ਲਈ ਵਰਤਿਆ ਜਾਂਦਾ ਸੀ। ਅੱਜ ਦੇ ਸਿਆਸਤਦਾਨਾਂ ਦਾ ਵਤੀਰਾ ਕੀ ਹੈ। ਸੋਚਣ ਵਾਲੀ ਗੱਲ ਹੈ। ਅੱਜ ਦੀ ਸਿਆਸਤ ਤਾਂ ਫਿਰਕਾਪ੍ਰਸਤੀ ਦੀ ਕਮਾਈ ਉੱਤੇ ਆ ਟਿਕੀ ਜਾਪਦੀ ਹੈ।

### ਭਾਰਤੀ ਨਿਆਂਪਾਲਿਕਾ ਜ਼ਿੰਦਾਬਾਦ

ਬੀਤੇ ਹਫ਼ਤੇ ਨਵੀਂ ਦਿੱਲੀ ਦੇ ਚੀਫ ਮੈਟਰੋਪਾਲੀਟਨ ਮੈਜਿਸਟਰੇਟ ਪੰਕਜ ਸ਼ਰਮਾ ਵਲੋਂ 24 ਸਾਲ ਪੁਰਾਣੇ ਕੇਸ ਵਿਚ ਉਥੋਂ ਦੀ ਗਰੀਨ ਪਾਰਕ ਕਲੋਨੀ ਵਿਚ ਪੈਂਦੇ ਉਪਹਾਰ ਸਿਨੇਮਾ ਦੇ ਸੱਤ ਦੋਸ਼ੀਆਂ ਨੂੰ ਸੱਤ ਸਾਲਾਂ ਦੀ ਜੇਲ੍ਹ ਤੇ ਭਾਰੀ ਜੁਰਮਾਨੇ ਦੀ ਸਜ਼ਾ ਦੇਣ ਦਾ ਸਵਾਗਤ ਕਰਨਾ ਬਣਦਾ ਹੈ। ਇਨ੍ਹਾਂ ਵਿਚ ਸਿਨੇਮਾ ਮਾਲਕ ਦੋਵੇਂ ਅਾਂਸਲ ਭਰਾ ਵੀ ਸ਼ਾਮਲ ਹਨ। ਉਦੋਂ ਸਿਨੇਮਾ ਹਾਲ ਨੂੰ ਲੱਗੀ ਭਿਆਨਕ ਅੱਗ ਦੀ ਲਪੇਟ ਵਿਚ ਆ ਕੇ 59 ਦਰਸ਼ਕਾਂ ਦੀ ਜਾਨ ਚਲੀ ਗਈ ਸੀ। ਇਨ੍ਹਾਂ ਵਿਚ ਸੀਨੀਅਰ ਆਈ.ਏ.ਐਸ. ਅਫ਼ਸਰ ਸ਼ਵਿੰਦਰ ਸਿੰਘ ਸਿੱਧੂ ਦੀ ਨੂੰਹ ਤੇ ਉਸ ਦੇ ਦੋ ਬੱਚੇ ਵੀ ਸਨ। ਸਿੱਧੂ ਮੇਰੀ ਗ੍ਰਾਮੀਣ ਮੰਤਰਾਲੇ ਦੀ ਨੌਕਰੀ ਸਮੇਂ ਮੇਰਾ ਅਫ਼ਸਰ ਸੀ, ਜੋ ਦੋ ਦਹਾਕੇ ਪਹਿਲਾਂ ਇਸ ਦੁਨੀਆ ਨੂੰ ਅਲਵਿਦਾ ਕਹਿ ਚੁੱਕਿਆ ਹੈ। ਨਿਸ਼ਚੇ ਹੀ ਉਸ ਵਰਗੇ ਹੋਰ ਵੀ ਹੋਣਗੇ, ਜੋ 24 ਸਾਲਾਂ ਵਿਚ ਰੱਬ ਨੂੰ ਪਿਆਰੇ ਹੋ ਚੁੱਕੇ ਹਨ। ਉਨ੍ਹਾਂ ਦੇ ਜੀਉਂਦੇ ਜੀਅ ਅਾਂਸਲ ਭਰਾਵਾਂ ਨੂੰ ਸਿਨੇਮਾ ਹਾਲ ਦੀ ਸੁਰੱਖਿਆ ਨਾਲ ਸਬੰਧਤ ਨਿਯਮਾਂ ਦੀ ਪਾਲਣਾ ਨਾ ਕਰਨ ਸਦਕਾ ਕੇਵਲ ਦੋ ਸਾਲ ਦੀ ਜੇਲ੍ਹ ਹੋਈ ਸੀ। ਸੱਜਰੀ ਤੇ ਲੰਮੇਰੀ ਸਜ਼ਾ ਦਾ ਕਾਰਨ ਅਾਂਸਲ ਭਰਾਵਾਂ ਤੇ ਉਨ੍ਹਾਂ ਦੇ ਪੰਜ ਕਰਿੰਦਿਆਂ ਵੱਲੋਂ ਮਿਟਾਏ ਗਏ ਅਜਿਹੇ ਸਬੂਤ ਹਨ, ਜਿਹੜੇ ਮ੍ਰਿਤਕਾਂ ਦੀ ਪੈਰਵੀ ਸਦਕਾ ਉਜਾਗਰ ਹੋਏ ਹਨ। ਨਿਸ਼ਚੇ ਹੀ ਤਾਜ਼ੀ ਸਜ਼ਾ ਦੀ ਖਬਰ ਮ੍ਰਿਤਕਾਂ ਦੇ ਵਾਰਸਾਂ ਲਈ ਢਾਰਸ ਹੋਵੇਗੀ। ਇਹ ਸਜ਼ਾ ਸਾਡੀ ਨਿਆਂਪਾਲਿਕਾ ਉਤੇ ਵੀ ਮੋਹਰ ਲਾਉਂਦੀ ਹੈ, ਜਿਸ ਵਿਚ ਦੇਰ ਤਾਂ ਹੈ, ਹਨੇਰ ਨਹੀਂ।

### ਅੰਤਿਕਾ

ਗੁਰਭਜਨ ਗਿੱਲ

ਵੇ ਪੁੱਤਰੋ, ਵੇ ਜੀਊਣ ਜੋਗਿਓ, ਲਾਜ ਧਰਮ ਨੂੰ ਲੱਗ ਨਾ ਜਾਵੇ,
ਰਣ ਭੂਮੀ ਵਿਚ ਜੋ ਵੀ ਖੁੰਝਿਆ, ਪਛਤਾਉਂਦੇ ਹੀ ਉਮਰ ਗੁਆਵੇ,
ਜੇ ਚਾਹੋ ਤਾਂ ਆ ਜਾਂਦੀ ਹਾਂ, ਮਾਂ ਭਾਗੋ ਦੀ ਵਾਰਸ ਹਾਂ ਮੈਂ।

# ਸਿਆਸੀ ਸੂਝ-ਬੂਝ ਵੀ ਘੁੰਮਣਘੇਰੀ ਵਿਚ

ਜਿੰਦਗੀ ਦੇ ਤਲਖ ਤਜ਼ਰਬਿਆਂ ਦੇ ਨਿਚੋੜ ਵਜੋਂ ਬਹੁਤ ਸਾਰੀਆਂ ਸਰਵ-ਵਿਆਪਕ ਸੱਚਾਈਆਂ ਕਹਾਵਤਾਂ ਦੇ ਰੂਪ ਵਿਚ ਪ੍ਰਚੱਲਿਤ ਹਨ। ਉਨ੍ਹਾਂ ਵਿਚੋਂ'PRIDE HATH A FALL' ਕਹਾਵਤ ਦੀ ਪੁਸ਼ਟੀ ਕਰਦੀ ਹੋਈ ਹੁਣੇ ਜਿਹੇ ਵਾਪਰੀ ਇੱਕ ਘਟਨਾ ਦੀ ਬਰਾਬਰੀ ਕਰਦੀ ਹੋਈ ਸ਼ਾਇਦ ਹੀ ਕੋਈ ਮਿਸਾਲ ਇਤਿਹਾਸ ਵਿਚ ਮਿਲੇ। ਉਹ ਹੈ ਅਚਨਚੇਤ 'ਮੌਤ ਦੇ



ਮੇਜਰ ਹਰਦੇਵ ਸਿੰਘ ਬਾਲਿਆਂਵਾਲੀ
ਫੋਨ: +91-95013-54391

ਵਾਰੰਟ' ਦੇ ਤੁਲ ਖੇਤੀ ਦੇ ਤਿੰਨੇ ਕਾਲੇ ਕਾਨੂੰਨਾਂ ਦੀ ਵਾਪਸੀ ਦਾ ਐਲਾਨ। 'ਦੇਰ ਆਏ ਦਰੁਸਤ ਆਏ' ਕਹਾਵਤ ਦੀ ਪੁਸ਼ਟੀ ਵੀ ਹੋ ਗਈ। ਇਹ ਕਹਿਣ ਨਾਲ ਕਿ ਇਨ੍ਹਾਂ ਕਾਨੂੰਨਾਂ ਨਾਲ ਹੋਣ ਵਾਲਾ ਲਾਭ ਅਸੀਂ ਕੁੱਝ ਕੁ ਕਿਸਾਨਾਂ ਨੂੰ ਸਮਝਾ ਨਹੀਂ ਸਕੇ 'ਰੱਸੀ ਜਲ ਗਈ ਪਰ ਵਟ ਨੀਂ ਗਿਆ' ਵਾਲੀ ਕਹਾਵਤ ਵੀ ਪੱਬਾਂ ਭਾਰ ਹੋ ਕੇ ਕਹਿ ਰਹੀ ਹੈ, 'ਮੈਂ ਕਿਹੜੀ ਗੱਲੋਂ ਘੱਟ ਹਾਂ'

ਇਸ ਇਤਿਹਾਸਕ ਅੰਦੋਲਨ ਵਿਚ ਆਪਣੀ ਹੈਸੀਅਤ ਅਨੁਸਾਰ ਜਿਸ ਕਿਸੇ ਨੇ ਜਿਵੇਂ-ਕਿਵੇਂ ਵੀ ਯੋਗਦਾਨ ਪਾਇਆ, ਉਨ੍ਹਾਂ ਨੂੰ ਸਲਾਮ ਤੇ ਮੁਬਾਰਕਬਾਦ।

ਹਾਲੇ ਇਸ ਐਲਾਨ ਨੂੰ ਅਮਲੀ ਜਾਮਾ ਪਹਿਨਾਉਣ ਤੋਂ ਇਲਾਵਾ ਬਿਜਲੀ, ਪਰਾਲੀ ਤੇ MSP ਆਦਿ ਦੇ ਸਬੰਧ ਵਿਚ ਬਹੁਤ ਕੁੱਝ ਬਾਕੀ ਹੈ। ਸੰਯੁਕਤ ਕਿਸਾਨ ਮੋਰਚੇ ਦੇ ਆਗੂ ਵੀ ਆਪਣਾ ਸੰਘਰਸ਼ ਸੰਪੂਰਨ ਮੰਗਾਂ ਦੀ ਪੂਰਤੀ ਤਕ ਜਾਰੀ ਰੱਖਣ ਦੇ ਰੌਂਅ ਵਿਚ ਹਨ। ਪੰਜ ਸੂਬਿਆਂ ਦੀਆਂ ਵਿਧਾਨ ਸਭਾਵਾਂ ਦੀਆਂ ਹੋਣ ਵਾਲੀਆਂ ਚੋਣਾਂ ਦੇ ਮੱਦੇਨਜ਼ਰ ਇਹ ਐਲਾਨ ਸਿਆਸੀ ਹੈ। ਇਸ ਲਈ ਇਸ ਵਿਚ ਸ਼ੱਕ ਦੀ ਕੋਈ ਗੁੰਜਾਇਸ਼ ਨਹੀਂ ਕਿ ਨੇੜਲੇ ਲੋਕ ਸਭਾ ਦੇ ਸੈਸ਼ਨ ਵਿਚ ਇਨ੍ਹਾਂ ਕਾਨੂੰਨਾਂ ਨੂੰ ਰੱਦ ਕਰਨ ਦੀ ਪ੍ਰਕਿਰਿਆ ਪੂਰੀ ਕਰ ਲਈ ਜਾਵੇਗੀ। ਫਿਰ ਵੀ ਪਿਛਲੀਆਂ ਚੋਣਾਂ ਵਿਚ ਐਲਾਨੇ ਜੁਮਲਿਆਂ ਦੇ ਮੱਦੇਨਜ਼ਰ ਆਮ ਕਹਾਵਤ ਅਨੁਸਾਰ ਫੂਕ ਫੂਕ ਕੇ ਕਦਮ ਚੁੱਕਣ ਦੀ ਲੋੜ ਨੂੰ ਅਖੋਂ-ਖਰੋਖੇ ਨਾ ਕਰਦਿਆਂ ਸੰਘਰਸ਼ ਜਾਰੀ ਰੱਖਣ ਦਾ ਫੈਸਲਾ ਬਿਲਕੁਲ ਸਹੀ ਹੈ।

ਦੇਸ਼ ਦੇ ਪ੍ਰਧਾਨ ਮੰਤਰੀ ਸ਼੍ਰੀਮਾਨ ਨਰਿੰਦਰ ਮੋਦੀ ਜੀ ਇਸ ਗਲੋਂ ਧੰਨਵਾਦ ਦੇ ਪਾਤਰ ਹਨ ਕਿ ਉਨ੍ਹਾਂ ਇਹ ਐਲਾਨ ਕਰਨ ਲਈ ਗੁਰੂ ਨਾਨਕ ਦੇਵ ਜੀ ਦੇ ਪ੍ਰਕਾਸ਼ ਪੁਰਬ ਨੂੰ ਚੁਣਿਆ। ਇਸ ਚੋਣ ਨਾਲ ਗੁਰੂ ਨਾਨਕ ਦੇਵ ਜੀ ਦਾ 'ਖੇਤੀ ਉਤਮ ਮੱਧਮ ਵਪਾਰ ਨਖਿੱਧ ਚਾਕਰੀ' ਵਾਲਾ ਫਲਸਫਾ ਸਾਰੇ ਸੰਸਾਰ ਵਿਚ ਸਿਰ ਚੜ੍ਹ ਕੇ ਬੋਲੇਗਾ। ਇਥੇ ਇਹ ਧਿਆਨ ਦੇਣ ਯੋਗ ਹੈ ਕਿ ਗੁਰੂ ਨਾਨਕ ਦੇਵ ਜੀ ਨੇ ਜ਼ਿੰਦਗੀ ਦੇ ਅਖੀਰਲੇ 17 ਸਾਲ ਤੇ ਕੁੱਝ ਦਿਨ ਖੇਤੀ ਕਰਨ ਵਿਚ ਗੁਜ਼ਾਰ ਕੇ ਕਹਿਣੀ ਤੇ ਕਰਨੀ ਵਿਚ ਇੱਕ ਹੋਣ ਦੀ ਉਦਾਹਰਨ ਸਥਾਪਿਤ ਕੀਤੀ। ਇਸ ਐਲਾਨ ਦੇ ਸਿਆਸੀ ਐਂਗਲ 'ਤੇ ਝਾਤ ਮਾਰਨੀ ਵੀ ਸ਼ਾਇਦ ਓਪਰੀ ਨਹੀਂ ਲੱਗੇਗੀ।


ਕੁੱਝ ਕੁ ਲੋਕਾਂ ਦਾ ਮੰਨਣਾ ਹੈ ਕਿ ਖੇਤੀ ਕਾਨੂੰਨਾਂ ਦੇ ਵਾਪਸ ਲੈਣ ਦੇ ਐਲਾਨ ਵਿਚ ਸਾਬਕਾ ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ ਦਾ ਹੱਥ ਹੈ। ਦਰਅਸਲ ਸੱਚਾਈ ਕੁੱਝ ਹੋਰ ਐ। ਹੱਥ ਹੈ ਨਹੀਂ ਹੱਥ ਹੋਣ ਦਾ ਵਿਖਾਵਾ ਕੀਤਾ ਜਾ ਰਿਹਾ ਹੈ। ਇਸ ਲੁਕਵੇਂ ਸੱਚ ਨੂੰ ਸਮਝਣ ਲਈ ਕੁਝ ਕੁ ਤੱਥਾਂ ਦੀ ਨਜ਼ਰਸਾਨੀ ਕਰਨੀ ਬਣਦੀ ਹੈ। ਕੈਪਟਨ ਅਮਰਿੰਦਰ ਸਿੰਘ ਜਿਹੜਾ ਪਾਣੀਆਂ ਦੇ ਤਥਾਕਥਿਤ ਸਮਝੌਤੇ ਵਿਧਾਨ ਸਭਾ ਵਿਚ ਰੱਦ ਕਰਵਾ ਕੇ ਹੀਰੋ ਬਣ ਗਿਆ ਸੀ, ਹੁਣ ਪੰਜਾਬ ਦੇ ਲੋਕਾਂ ਦੀ ਨਜ਼ਰ ਵਿਚ ਜ਼ੀਰੋ ਹੋ ਗਿਆ। ਸਾਢੇ ਚਾਰ ਸਾਲਾਂ ਵਿਚ ਫਖਰ ਕਰਨ ਵਾਲਾ ਕੋਈ ਵੀ ਕੰਮ ਨਹੀਂ ਕਰ ਸਕਿਆ। ਇਥੋਂ ਤਕ ਕਿ ਗੁਟਕਾ ਸਾਹਿਬ ਦੀ ਸਹੁੰ ਚੁੱਕ ਕੇ ਕੀਤਾ ਵਾਅਦਾ ਵੀ ਪੂਰਾ ਨਹੀਂ ਕਰ ਸਕਿਆ। ਇਸ ਦੇ ਕਾਰਨਾਂ ਬਾਰੇ ਪੰਜਾਬ ਦੇ ਲੋਕਾਂ ਵਿਚ ਆਮ ਚਰਚਾ ਹੈ ਕਿ ਅਰੂਸਾ ਆਲਮ ਨੂੰ ਆਪਣੇ ਮਹਿਲ ਵਿਚ ਰੱਖਣਾ ਤੇ ਆਪਣੇ ਦਾਮਾਦ ਨਾਲ ਸਬੰਧਤ ਕਾਲੇ ਧਨ ਨੂੰ ਸਫੈਦ ਬਣਾਉਣ (money laundeirng) ਵਾਲੇ ਕੇਸ ਕਰਕੇ ਕੇਂਦਰ ਸਰਕਾਰ ਵਲੋਂ ਬਣਦੀ ਕਾਰਵਾਈ ਦੇ ਡਰੋਂ ਕੈਪਟਨ ਅਮਰਿੰਦਰ ਸਿੰਘ ਨੇ ਪੰਜਾਬ ਵਿਚ ਆਪਣੀ ਹੀ ਪਾਰਟੀ ਦਾ ਭੱਠਾ ਬਿਠਾਉਣ ਦਾ ਮਨ ਬਣਾ ਲਿਆ, ਤਾਂ ਕਿ ਕੇਂਦਰ ਸਰਕਾਰ ਨੂੰ ਖੁਸ਼ ਕਰ ਕੇ ਆਪਣੇ ਖਿਲਾਫ ਕਾਨੂੰਨੀ ਕਾਰਵਾਈ ਨੂੰ ਠੱਲ੍ਹ ਪਾਈ ਰੱਖੇ। ਹੁਣ ਵੱਖਰੀ ਪਾਰਟੀ ਬਣਾ ਕੇ ਤੇ ਖੇਤੀ ਕਾਨੂੰਨਾਂ ਦੀ ਵਾਪਸੀ ਵਿਚ ਆਪਣੇ ਅਣਐਲਾਨੇ ਹੱਥ ਹੋਣ ਦਾ ਵਿਖਾਵਾ ਕਰ ਕੇ ਦੋਹਰਾ ਲਾਹਾ ਖੱਟਣ ਦੀ ਕੋਸ਼ਿਸ਼ ਕਰ ਰਿਹਾ ਹੈ। ਆਪਣੇ ਖਿਲਾਫ ਕਾਨੂੰਨੀ ਕਾਰਵਾਈ ਤੋਂ ਬਚਦਾ ਹੋਇਆ ਕਿਸਾਨਾਂ ਦੀਆਂ ਵੋਟਾਂ ਨਾਲ ਮੁੜ ਮੁੱਖ ਮੰਤਰੀ ਬਣਨ ਦੇ ਸੁਪਨੇ ਲੈ ਰਿਹਾ ਹੈ। ਜੇ ਅਜਿਹਾ ਕੁੱਝ ਅਣਦਿਖੇ ਕਾਰਨਾਂ ਕਰਕੇ ਹੋ ਵੀ ਜਾਂਦਾ ਹੈ, ਜਿਸ ਦੀ ਸੰਭਾਵਨਾ ਬਹੁਤ ਘੱਟ ਹੈ, ਤਾਂ ਬਹੁਤ ਮੰਦਭਾਗਾ ਹੋਵੇਗਾ।

ਇੱਕ ਸਾਲ ਤੋਂ ਇਸ ਅੰਦੋਲਨ ਵਿਚ ਸ਼ਾਮਲ ਮਾਤਾਵਾਂ, ਭੈਣਾਂ ਤੇ ਬਜ਼ੁਰਗਾਂ ਨੇ ਗਰਮੀ-ਸਰਦੀ ਤੇ ਬਾਰਸ਼ ਦਾ ਕਹਿਰ ਪਿੰਡੇ 'ਤੇ ਹੰਢਾਉਂਦਿਆਂ ਆਪਣੇ ਨਿੱਜੀ ਕੰਮਾਂ-ਕਾਰਾਂ ਨੂੰ ਕੁਦਰਤ ਦੇ ਰਹਿਮੋ-ਕਰਮ 'ਤੇ ਛੱਡਦਿਆਂ ਬੇਮਿਸਾਲ ਯੋਗਦਾਨ ਪਾਇਆ ਹੈ। ਸੈਂਕੜੇ ਕਿਸਾਨ ਅਣਕਿਆਸੀਆਂ ਤਕਲੀਫਾਂ ਨਾਲ ਜੂਝਦੇ ਹੋਏ ਸ਼ਹੀਦੀਆਂ ਪਾ ਗਏ। ਇੰਨੀਆਂ ਕੁਰਬਾਨੀਆਂ ਨਾਲ ਜਿੱਤੇ ਹੋਏ ਇਤਿਹਾਸਕ ਘੋਲ ਦਾ ਕ੍ਰੈਡਿਟ ਕੈਪਟਨ ਅਮਰਿੰਦਰ ਸਿੰਘ ਦੀ ਝੋਲੀ ਵਿਚ ਸਹਿਜੇ ਹੀ ਕਿਵੇਂ ਪਾਇਆ ਜਾ ਸਕਦਾ ਹੈ। ਕਿਸਾਨ ਜਥੇਬੰਦੀਆਂ ਦੇ ਆਗੂਆਂ ਨੇ ਸਮੇਂ ਦੀ ਨਜ਼ਾਕਤ ਨੂੰ ਪਛਾਣਦਿਆਂ ਜੋ ਇਕਜੁਟਤਾ ਤੇ ਦੂਰਅੰਦੇਸ਼ੀ ਤੋਂ ਕੰਮ ਲਿਆ ਹੈ,



ਆਪਣੇ-ਆਪ ਵਿਚ ਇੱਕ ਮਿਸਾਲ ਹੈ। ਇਸ ਕਰਕੇ ਸੰਯੁਕਤ ਕਿਸਾਨ ਮੋਰਚਾ ਦੇ ਆਗੂਆਂ ਦੀ ਸਹੀ ਫੈਸਲਾ ਲੈਣ ਦੀ ਕਾਬਲੀਅਤ ਨੂੰ, ਕੈਪਟਨ ਅਮਰਿੰਦਰ ਸਿੰਘ ਦੇ ਮੁੱਖ ਮੰਤਰੀ ਬਣਨ ਦੇ ਸੁਪਨੇ ਲੈ ਰਹੇ ਲੋਕ, ਕਿਸੇ ਵੀ ਪੱਖੋਂ underesitmate ਕਰਨ ਦਾ ਭੁਲੇਖਾ ਨਾ ਪਾਲਣ। ਵੈਸੇ ਵੀ ਹਾਲੇ ਤਕ ਤਾਂ ਉਹ ਆਪਣੀ ਨਵੀਂ ਬਣਾਈ ਪਾਰਟੀ ਵਿਚ ਇਕੱਲੇ ਹੀ ਨਜ਼ਰ ਆ ਰਹੇ ਹਨ। ਕੁਰਸੀ ਖੁੱਸਣ ਕਾਰਨ ਆਪਣੇ ਆਪ ਨੂੰ ਬੇਇੱਜ਼ਤ ਕੀਤੇ ਹੋਣ ਦੀ ਸਥਿਤੀ ਵਿਚ ਵੱਖਰੀ ਪਾਰਟੀ ਬਣਾਉਣ ਦਾ ਕਾਰਨ ਬਦਲਾਖੋਰੀ ਦੀ ਭਾਵਨਾ ਦਰਸਾਉਣਾ ਵੀ ਮਹਿਜ਼ ਡਰਾਮਾ ਹੈ। ਅਸਲ ਕਾਰਨ ਕੇਂਦਰ ਸਰਕਾਰ ਨੂੰ ਖੁਸ਼ ਕਰਕੇ ਆਪਣੇ ਖਿਲਾਫ ਸੰਭਾਵਿਤ ਕਾਨੂੰਨੀ ਕਾਰਵਾਈ ਤੋਂ ਬਚਣ ਦੀ ਕੋਸ਼ਿਸ਼ ਹੈ।

ਕੀ ਭਾਜਪਾ ਇਸ ਐਲਾਨ ਨੂੰ ਅਮਲੀ ਜਾਮਾ ਪਹਿਨਾਉਣ ਉਪਰੰਤ ਕੋਈ ਫਾਇਦਾ ਉਠਾ ਸਕੇਗੀ? ਮੁਸ਼ਕਿਲ ਹੈ ! ਸਿਰਫ ਤੇ ਸਿਰਫ ਭਾਜਪਾ ਦੇ ਵਰਕਰ ਲੋਕਾਂ ਵਿਚ ਵਿਚਰਨ ਜੋਗੇ ਹੋ ਜਾਣਗੇ। ਚੋਣਾਂ ਵਿਚ ਧਾਂਦਲੇਬਾਜ਼ੀ ਵੀ ਹੁੰਦੀ ਆਈ ਐ। ਇਹੋ ਜਿਹੀ ਸੂਰਤ ਵਿਚ ਸਿਆਸੀ ਮਾਹਿਰਾਂ ਦੀਆਂ ਗਿਣਤੀਆਂ-ਮਿਣਤੀਆਂ ਵੀ ਫੇਲ੍ਹ ਹੋ ਜਾਂਦੀਆਂ ਹਨ। ਪੰਜਾਬ ਵਿਚ ਕਿਸਦੀ ਸਰਕਾਰ ਬਣਦੀ ਹੈ, ਹਾਲ ਦੀ ਘੜੀ ਸਥਿਤੀ ਸਾਫ ਨਹੀਂ ਹੈ। ਸਮੇਂ ਦੇ ਗਰਭ ਵਿਚ ਕੀ ਪਨਪ ਰਿਹੈ, ਇਸ ਨੂੰ ਸਕੈਨ ਕਰਨ ਵਾਲੀ ਸਿਆਸੀ ਸੂਝ-ਬੂਝ ਵੀ ਘੁੰਮਣਘੇਰੀ ਵਿਚ ਹੈ।



# ਆਸਾਨ ਨਹੀਂ ਹੁੰਦਾ

ਸ਼ਬਦ ਜੋਤ



ਡਾ. ਗੁਰਬਖਸ਼ ਸਿੰਘ ਭੰਡਾਲ
ਫੋਨ: 216-556-2080

***ਡਾ. ਗੁਰਬਖਸ਼ ਸਿੰਘ ਭੰਡਾਲ ਫਿਜਿਕਸ ਦੇ ਅਧਿਆਪਕ ਹਨ ਪਰ ਉਨ੍ਹਾਂ ਦੀਆਂ ਲਿਖਤਾਂ ਵਿਚ ਫਿਜਿਕਸ ਵਰਗੀ ਖੁਸ਼ਕੀ ਨਹੀਂ ਸਗੋਂ ਕਾਵਿਕ ਰਵਾਨੀ ਹੁੰਦੀ ਹੈ। ਉਹ ਜ਼ਿੰਦਗੀ ਦੇ ਸੱਚ ਦੀਆਂ ਗੱਲਾਂ ਇੰਨੇ ਸਹਿਜ ਭਾਅ ਕਰੀ ਜਾਂਦੇ ਹਨ, ਜਿਵੇਂ ਕੋਈ ਬੜਾ ਸਿਆਣਾ ਬਜ਼ੁਰਗ ਅਗਲੀ ਪੀੜ੍ਹੀ ਨੂੰ ਜ਼ਿੰਦਗੀ ਦੇ ਸੱਚ ਸੁਣਾ ਰਿਹਾ ਹੋਵੇ। ਉਹ ਅਸਲ ਵਿਚ ਕਾਵਿਕ ਵਾਰਤਕ ਦੇ ਸ਼ਾਹ-ਅਸਵਾਰ ਹਨ ਜਿਨ੍ਹਾਂ ਦੀਆਂ ਲਿਖਤਾਂ ਜ਼ਿੰਦਗੀ ਦੇ ਸਰੋਕਾਰਾਂ ਨਾਲ ਸੰਵਾਦ ਰਚਾਉਂਦੀਆਂ ਹਨ ਜੋ ਅੰਤਰੀਵੀ ਨਾਦ ਬਣ ਕੇ ਉਨ੍ਹਾਂ ਦੀ ਕਿਰਤ ਵਿਚ ਫੈਲਦਾ ਹੈ। ਉਹ ਉਨ੍ਹਾਂ ਵਿਸ਼ਿਆਂ ਦੀਆਂ ਪਰਤਾਂ ਫਰੋਲਦੇ ਹਨ ਜਿਨ੍ਹਾਂ ਬਾਰੇ ਬਹੁਤ ਘੱਟ ਲਿਖਿਆ ਗਿਆ ਹੈ। ਇਸ ਲੇਖ ਵਿਚ ਉਨ੍ਹਾਂ ਬੰਦੇ ਦੇ ਪੈਰੀਂ ਪਏ ਸਫਰ ਦੀਆਂ ਤਹਿਆਂ ਫਰੋਲੀਆਂ ਹਨ ਅਤੇ ਉਸ ਪਰਵਾਜ਼ ਦੀ ਗੱਲ ਕੀਤੀ ਹੈ ਜਿਸ ਦੀ ਲੋਚਾ ਹਰ ਦਿਲ ਅੰਦਰ ਸੁਪਨੇ ਬਣ ਕੇ ਪਲਦੀ ਹੈ।***

ਆਸਾਨ ਕੁਝ ਵੀ ਨਹੀਂ ਅਤੇ ਆਸਾਨ ਕਦੇ ਵੀ ਆਸਾਨ ਨਹੀਂ ਹੁੰਦਾ। ਸਿਰਫ਼ ਇਸ ਕਰਕੇ ਸਾਨੂੰ ਆਸਾਨ ਲੱਗਦਾ ਹੈ ਕਿਉਂਕਿ ਸਾਡੇ ਵਿਚ ਇਸਨੂੰ ਕਰਨ ਦੀ ਸਮਰੱਥਾ ਤੇ ਸੋਚ ਹੁੰਦੀ ਹੈ। ਹਰ ਵਿਅਕਤੀ ਸੋਚਦਾ ਹੈ ਕਿ ਦੂਸਰੇ ਦਾ ਕੰਮ ਆਸਾਨ ਹੈ, ਮੇਰਾ ਕੰਮ ਔਖਾ ਹੈ ਕਿਉਂਕਿ ਅਕਸਰ ਅਸੀਂ ਖੁਦ ਨੂੰ ਖੁਦ ਦੀ ਸਥਿਤੀ ਵਿਚ ਨਹੀਂ ਸਗੋਂ ਦੂਸਰੇ ਦੀ ਨਜ਼ਰ ਨਾਲ ਦੇਖਣ ਦੇ ਆਦੀ ਹੁੰਦੇ ਹਾਂ।

ਦਰਅਸਲ ਆਸਾਨ ਜਾਂ ਔਖਾ ਸਾਡੀ ਮਾਨਸਿਕ ਸਥਿਤੀ ਕਾਰਨ ਹੈ। ਜਿਹੜਾ ਕਾਰਜ ਮਨ ਨੂੰ ਆਸਾਨ ਲੱਗਦਾ ਹੈ, ਉਹ ਆਪੇ ਹੀ ਆਸਾਨ ਹੋ ਜਾਂਦਾ ਹੈ ਅਤੇ ਜਿਹੜਾ ਔਖਾ ਜਾਪਦਾ, ਉਹ ਔਖਾ ਹੀ ਹੁੰਦਾ ਹੈ। ਲੋੜ ਹੈ ਮਨ ਦੀ ਸਥਿਤੀ ਨੂੰ ਆਪਣੇ ਹੱਕ ਵਿਚ ਕਰਨ ਅਤੇ ਹਰੇਕ ਕਾਰਜ ਨੂੰ ਆਸਾਨ ਬਣਾਉਣ ਦੀ।

ਉਂਜ ਆਸਾਨ ਤਾਂ ਕੁਝ ਵੀ ਨਹੀਂ ਹੁੰਦਾ ਕਿਉਂਕਿ ਹਰ ਕਾਰਜ ਵਿਚ ਤੁਹਾਡੀ ਸਮੁੱਚਤਾ, ਲਗਨ, ਦ੍ਰਿੜ੍ਹਤਾ ਅਤੇ ਪੂਰਨ ਰੂਪ ਤੇ ਸਮਰੱਥਾ ਨਾਲ ਸ਼ਾਮਲ ਹੋਣਾ ਅਤੇ ਇਸ ਦੀ ਪੂਰਨਤਾ ਦਾ ਪ੍ਰਣ ਨਿਭਾਉਣ ਦੀ ਆਦਤ ਹੋਣੀ ਚਾਹੀਦੀ ਹੈ। ਆਸਾਨ ਨਹੀਂ ਹੁੰਦਾ ਵਿਚਾਰਾਂ ਨੂੰ ਹਰਫ਼ਾਂ ਵਿਚ ਢਾਲਣਾ ਅਤੇ ਹਰਫ਼ਾਂ ਵਿਚ ਅਰਥਾਂ ਦੀਆਂ ਮੋਮਬੱਤੀਆਂ ਜਗਾਉਣਾ ਪਰ ਜਦ ਇਹ ਮੋਮਬੱਤੀਆਂ ਵਰਕਿਆਂ 'ਤੇ ਜਗਦੀਆਂ ਤਾਂ ਮਸਤਕ ਧਰਾਤਲ ਨੂੰ ਚਾਨਣ ਨਾਲ ਭਰਦੀਆਂ ਵਰਕਿਆਂ ਨੂੰ ਜਗਮਗਾਉਣ ਦੇ ਨਾਲ-ਨਾਲ ਆਲੇ-ਦੁਆਲੇ ਵਿਚ ਰੌਸ਼ਨੀ ਦਾ ਆਭਾ-ਮੰਡਲ ਸਿਰਜ ਜਾਂਦੀਆਂ। ਇਹ ਕਿਤਾਬਾਂ ਮੋਮਬੱਤੀਆਂ ਦੀਆਂ ਉਹ ਡਾਰਾਂ ਹੁੰਦੀਆਂ, ਜਿਹੜੀਆਂ ਹਵਾਵਾਂ ਵਿਚ ਵੀ ਜਗਦੀਆਂ ਰਹਿ ਕੇ ਚਾਨਣ ਵੰਡਣ ਦਾ ਸੁੱਚਾ ਕਾਰਜ ਹਰ ਰੁੱਤ, ਹਰ ਮੌਸਮ ਅਤੇ ਹਰ ਪਹਿਰ ਵਿਚ ਕਰਨ ਲਈ ਯਤਨਸ਼ੀਲ ਰਹਿੰਦੀਆਂ।

ਆਸਾਨ ਨਹੀਂ ਹੁੰਦਾ ਪਾਣੀ ਦਾ ਵਾਸ਼ਪ ਹੋਣ ਲਈ ਤਰਲਤਾ ਤੋਂ ਵਾਸ਼ਪੀਕਰਨ ਦਾ ਬਿਖੜਾ ਪੈਂਡਾ ਤੈਅ ਕਰਨਾ ਪਰ ਇਹ ਵਾਸ਼ਪ ਹੀ ਹੁੰਦੇ ਹਨ, ਜੋ ਬੱਦਲ ਬਣਦੇ, ਹਵਾਵਾਂ ਦੇ ਪਿੰਡੇ ਦੀ ਅਸਵਾਰੀ ਕਰਦੇ, ਅੰਧ-ਅਸਮਾਨੀਂ ਉਡਦੇ, ਮਾਰੂਥਲਾਂ ਦੀ ਟੋਹ ਲਾਉਂਦੇ, ਮੇਘ ਬਣ ਬਰਸਦੇ ਅਤੇ ਮਾਰੂਥਲਾਂ ਦੀ ਪਿਆਸ ਬੁਝਾ, ਰੱਕੜਾਂ ਨੂੰ ਜ਼ਰਖੇਜ਼ ਬਣਾਉਂਦੇ, ਸੁੱਕੀ ਧਰਤ ਨੂੰ ਤਰੰਗਤ ਕਰਦੇ। ਕੁਦਰਤ ਮੌਲਦੀ ਅਤੇ ਹਰ ਵਿਅਕਤੀ ਦੇ ਨਾਵੇਂ ਮੌਲਦੇ ਚਾਵਾਂ ਅਤੇ ਰੂਹਾਨੀਅਤ ਭਰੇ ਪਲਾਂ ਦੀ ਨਿਆਮਤ ਕਰ ਜਾਂਦੀ। ਬੱਦਲਾਂ ਦਾ ਬਰਸਣਾ ਹੀ ਸਮੁੱਚੇ ਜੀਵ-ਜੰਤੂ ਦੀ ਖੁਸ਼ੀ ਦਾ ਆਧਾਰ ਅਤੇ ਕਾਇਨਾਤ ਦਾ ਵਿਸਥਾਰ ਹੁੰਦਾ।

ਆਸਾਨ ਨਹੀਂ ਹੁੰਦਾ ਪੈਰਾਂ ਵਿਚ ਸਫ਼ਰ ਉਗਾਉਣਾ ਪਰ ਇਹ ਸਫ਼ਰ ਹੀ ਹੁੰਦਾ, ਜੋ ਪਗਡੰਡੀਆਂ ਤੇ ਪਹੇ ਬਣ ਕੇ ਨਵੇਂ ਮਾਰਗਾਂ ਦੀ ਨਿਸ਼ਾਨਦੇਹੀ ਕਰਦਾ। ਤੁਹਾਡੇ ਕਦਮਾਂ ਵਿਚ ਸਾਬਤ ਕਦਮੀਂ ਤੁਰਨ ਦਾ ਜਜ਼ਬਾ ਅਤੇ ਜਨੂੰਨ ਅਰਪਤ ਕਰਦਾ। ਤੁਹਾਡੇ ਮਨ ਵਿਚ ਮੰਜ਼ਲਾਂ ਨੂੰ ਆਪਣੇ ਨਾਵੇਂ ਕਰਨ ਦੀ ਜ਼ਿੱਦ ਹੁੰਦੀ ਅਤੇ ਦੂਰ ਦਿਸੇਂਦੇ ਦਿਸਹੱਦਿਆਂ 'ਤੇ ਸਫ਼ਲਤਾਵਾਂ ਦੇ ਸ਼ਿਲਾਲੇਖ ਲਿਖਣ ਦੀ ਤਮੰਨਾ ਹੁੰਦੀ। ਸਫ਼ਰ ਹੈ ਤਾਂ ਜ਼ਿੰਦਗੀ ਹੈ। ਇਸ ਦੀਆਂ ਬਰਕਤਾਂ ਨੂੰ ਮਾਨਣ ਦਾ ਚਾਅ ਅਤੇ ਇਨ੍ਹਾਂ ਵਿਚੋਂ ਹੀ ਜ਼ਿੰਦਗੀ ਨੂੰ ਨਿਵੇਕਲੇ ਰੂਪ ਵਿਚ ਸਮਝਣ, ਸਮਝਾਉਣ ਅਤੇ ਅਪਨਾਉਣ ਦਾ ਦਾਈਆ ਪੈਦਾ ਹੁੰਦਾ।

ਆਸਾਨ ਨਹੀਂ ਹੁੰਦਾ ਸੁਪਨਹੀਣ ਦੀਦਿਆਂ ਵਿਚ ਸੁਪਨੇ ਧਰਨੇ ਪਰ ਇਹ ਸੁਪਨੇ ਹੀ ਹੁੰਦੇ ਹਨ, ਜੋ ਸਾਡੇ ਜਿਊਣ ਦਾ ਸਬੱਬ ਬਣਦੇ, ਕੁਝ ਚੰਗੇਰਾ ਕਰਨ ਦਾ ਚਾਅ ਪੈਦਾ ਹੁੰਦਾ। ਨਵਾਂ ਨਰੋਆ ਸਿਰਜਣ ਦੀ ਚਾਹਨਾ ਹੁੰਦੀ। ਕੁਝ ਵਿਲੱਖਣ ਅਤੇ ਵਿਕਲੋਤਰਾ ਕਰਨ ਦੀ ਚੇਸ਼ਟਾ ਹੁੰਦੀ। ਇਸ ਸੁਪਨੇ ਨੂੰ ਸੱਚ ਕਰਨ ਲਈ ਤਰਜੀਹਾਂ ਸਿਰਜਦੇ, ਤਦਬੀਰਾਂ ਘੜਦੇ ਅਤੇ ਇਨ੍ਹਾਂ ਵਿਚੋਂ ਹੀ ਅਸੀਂ ਉਨ੍ਹਾਂ ਤਕਦੀਰਾਂ ਨੂੰ ਆਪਣੇ ਨਾਮ ਕਰਦੇ ਜਿਹੜੀਆਂ ਸਾਥੋਂ ਰੁੱਸੀਆਂ, ਸਾਡਾ ਹੀ ਇੰਤਜ਼ਾਰ ਕਰ ਰਹੀਆਂ ਹੁੰਦੀਆਂ। ਇਹ ਸੁਪਨੇ ਸਾਡੇ ਵੀ ਹੁੰਦੇ, ਸਾਡੇ ਮਾਪਿਆਂ ਦੇ ਵੀ, ਸਾਡੇ ਬਜ਼ੁਰਗਾਂ ਅਤੇ ਸਾਡੇ ਸਮਾਜ ਦੇ ਵੀ, ਜਿਨ੍ਹਾਂ ਨੂੰ ਆਪਣੇ ਦੀਦਿਆਂ ਵਿਚ ਧਰਨ ਅਤੇ ਇਨ੍ਹਾਂ ਨੂੰ ਪੂਰਾ ਕਰਨਾ ਤੁਹਾਡਾ ਕਰਮ-ਧਰਮ ਬਣ ਜਾਂਦਾ।

ਆਸਾਨ ਨਹੀਂ ਹੁੰਦਾ, ਕਾਲਖ ਭਰੇ ਸਮਿਆਂ 'ਚ ਜੁਗਨੂੰ ਦਾ ਨ੍ਹੇਰਿਆਂ ਨਾਲ ਆਢਾ ਲਾਉਣਾ ਅਤੇ ਨ੍ਹੇਰੇ ਨੂੰ ਆਪਣੀ ਔਕਾਤ ਦੇ ਰੂਬਰੂ ਕਰਨਾ ਪਰ ਇਹ ਜੁਗਨੂੰ ਦੀ ਅੜੀ ਹੀ ਹੁੰਦੀ, ਜੋ ਹਨੇਰੇ ਦੀ ਵੱਖੀ 'ਚ ਚਾਨਣ ਦਾ ਚੀਰ ਪਾਉਂਦੀ। ਭੁੱਲੇ ਭਟਕੇ ਰਾਹੀਆਂ ਨੂੰ ਰਾਹਾਂ ਦੀ ਦੱਸ ਪਾਉਂਦੀ, ਮੰਜ਼ਲਾਂ ਦਾ ਧੁੰਧਲਕਾ ਹਟਾਉਂਦੀ, ਨ੍ਹੇਰਾ ਢੋਂਦਿਆਂ ਨੂੰ ਚਾਨਣ ਦੀ ਉਂਗਲ ਫੜਾਉਂਦੀ, ਹਨੇਰੀਆਂ ਰਾਤਾਂ ਨੂੰ ਪੁੰਨਿਆ ਬਣਾਉਂਦੀ ਅਤੇ ਰਾਤ ਦੀ ਕੁੱਖ ਵਿਚ ਸਰਘੀ ਦਾ ਜਾਗ ਲਾਉਂਦੀ। ਇਹ ਜੁਗਨੂੰ ਹੀ ਹੁੰਦੇ ਜਿਹੜੇ ਦੀਵਿਆਂ, ਮੋਮਬੱਤੀਆਂ ਅਤੇ ਬਲਦੇ ਚਿਰਾਗਾਂ ਕੋਲੋਂ ਚਾਨਣ ਉਧਾਰਾ ਮੰਗ ਜੰਗਲ ਬੀਆਬਾਨਾਂ ਨੂੰ ਰੌਸ਼ਨ ਕਰਦੇ। ਯਾਦ ਰਹੇ ਕਿ ਚਾਨਣ ਦਾ ਵਣਜ ਕਰਨ ਤੋਂ ਪਹਿਲਾਂ ਚਾਨਣ ਖੁਦ ਕਮਾਉਣਾ ਪੈਂਦਾ ਕਿਉਂਕਿ ਚਾਨਣ ਦੇ ਵਣਜਾਰੇ ਹੀ ਚਾਨਣ ਦੇ ਦਾਨੀ ਹੋ ਸਕਦੇ। ਬਿਨ-ਚਾਨਣਿਆਂ ਕੋਲੋਂ ਚਾਨਣ-ਭੀਤ ਦੀ ਆਸ ਨਹੀਂ ਰੱਖੀ ਜਾ ਸਕਦੀ।

ਆਸਾਨ ਨਹੀਂ ਹੁੰਦਾ ਸ਼ੂਕਦੇ ਦਰਿਆਵਾਂ 'ਚ ਠਿੱਲਣਾ, ਮੂੰਹਜ਼ੋਰ ਅਤੇ ਆਦਮ ਖੋਰ ਲਹਿਰਾਂ ਦੀ ਸਵਾਰੀ ਕਰਦਿਆਂ ਦਰਿਆਵਾਂ ਨੂੰ ਪਾਰ ਕਰਨਾ ਅਤੇ ਵਗਦੇ ਪਾਣੀਆਂ ਦੀ ਹਿੱਕ 'ਤੇ ਆਪਣੀਆਂ ਪੈੜਾਂ ਦੇ ਨਿਸ਼ਾਨ ਉਕਰਨੇ। ਪਰ ਜਦ ਸਿੱਖ ਵਹੀਰ ਸਰਸਾ ਨਦੀ 'ਚ ਠਿੱਲਦੀ ਹੈ ਤਾਂ ਇਕ ਇਤਿਹਾਸ



ਸਿਰਜਿਆ ਜਾਂਦਾ, ਜੋ ਸਰਸਾ ਨਦੀ ਦੇ ਕੰਢਿਆਂ, ਪਾਣੀਆਂ ਅਤੇ ਇਸ ਦੀਆਂ ਲਹਿਰਾਂ ਵਿਚ ਹੁਣ ਤੀਕ ਵੀ ਰਮਿਆ ਹੋਇਆ ਹੈ। ਇਹ ਇਤਿਹਾਸ ਹੀ ਸਿੱਖੀ ਸਿਦਕ ਦਾ ਸਬੂਤ ਬਣਿਆ ਕਿ ਮਰਦ ਅਗੰਮੜੇ ਨੂੰ ਕਿੰਝ ਇਹ ਪਾਣੀ ਰੋਕ ਸਕਦੇ ਨੇ?

ਆਸਾਨ ਨਹੀਂ ਹੁੰਦਾ, 9 ਅਤੇ ਸੱਤ ਸਾਲ ਦੇ ਸਾਹਿਬਜ਼ਾਦਿਆਂ ਦਾ ਹਾਕਮ ਸਾਹਵੇਂ ਬੇਖੌਫ਼ ਹੋ ਕੇ ਸੱਚ ਕਹਿਣ ਦੀ ਜੁਰਅਤ ਕਰਨਾ ਪਰ ਜਦ ਰਾਜ ਦਰਬਾਰ ਵਿਚ ਸੱਚ ਦਾ ਹੋਕਰਾ ਲੱਗਿਆ ਤਾਂ ਹਾਕਮਾਂ ਨੂੰ ਛਿੜੀ ਹੋਈ ਕੰਬਣੀ ਹੀ ਦੱਸਦੀ ਸੀ ਕਿ ਸਾਹਿਬਜ਼ਾਦਿਆਂ ਦੇ ਖੂਨ ਵਿਚ ਉਨ੍ਹਾਂ ਦੇ ਪਿਤਾ ਦੀ ਜੁਰਅਤ ਅਤੇ ਪੁਰਖਿਆਂ ਦੀ ਸ਼ਹਾਦਤ ਬੋਲਦੀ ਹੈ। ਉਹ ਕਿਸੇ ਜ਼ੋਰ-ਜਬਰ ਸਾਹਵੇਂ ਝੁਕਣ ਦੀ ਥਾਂ ਮੌਤ ਨੂੰ ਗਲਵੱਕੜੀ ਪਾਉਣ ਨੂੰ ਤਰਜੀਹ ਦੇਣਗੇ।

ਆਸਾਨ ਨਹੀਂ ਹੁੰਦਾ, ਕਿਸੇ ਬਾਪ ਲਈ ਆਪਣੇ ਲਾਡਲਿਆਂ ਨੂੰ ਜੰਗ ਦੇ ਮੈਦਾਨ ਵਿਚ ਭੇਜਦਿਆਂ, ਮੌਤ ਵਿਹਾਜਣ ਲਈ ਹੱਥੀਂ ਤੋਰਨਾ। ਪਰ ਇਨ੍ਹਾਂ ਨੇ ਹੀ ਇਤਿਹਾਸ ਦੇ ਉਸ ਵਰਕੇ ਦਾ ਫਖ਼ਰਯੋਗ ਅਧਿਆਏ ਬਣਨਾ ਸੀ ਕਿ ਗੁਰੂ ਗੋਬਿੰਦ ਸਿੰਘ ਜੀ ਲਈ ਆਪਣੇ ਪੁੱਤਰ ਤੇ ਸਿੱਖ ਇਕ ਸਮਾਨ ਸਨ। ਉਹ ਆਪਣੇ ਪੁੱਤਰਾਂ ਦੀ ਸ਼ਹਾਦਤ ਨੂੰ ਉਸ ਰੂਪ ਵਿਚ ਦੇਖ ਸਕਦੇ ਨੇ ਜਿਵੇਂ ਉਨ੍ਹਾਂ ਦੇ ਹੱਥੀਂ ਤੋਰੇ ਸਿੰਘ ਸ਼ਹਾਦਤਾਂ ਦੀ ਦਸਤਾਵੇਜ਼ ਬਣ ਰਹੇ ਨੇ।

ਆਸਾਨ ਨਹੀਂ ਹੁੰਦਾ, ਸਿੰਘਾਂ ਤੇ ਸਾਹਿਬਜ਼ਾਦਿਆਂ ਦੀਆਂ ਲਾਸ਼ਾਂ ਨੂੰ ਜੰਗ-ਏ-ਮੈਦਾਨ ਵਿਚ ਛੱਡ ਕੇ ਮਾਛੀਵਾੜੇ ਦੇ ਜੰਗਲਾਂ ਵਿਚ ਖੁਹ ਦੀ ਮੌਣ 'ਤੇ ਸੌਣਾ ਅਤੇ ਫਿਰ ਉੱਚ ਦਾ ਪੀਰ ਬਣ ਕੇ ਅਗਲੇ ਸਫ਼ਰ 'ਤੇ ਨਿਕਲ ਜਾਣਾ ਪਰ ਇਹ ਅਗਲੇਰਾ ਸਫ਼ਰ ਹੀ ਸੀ, ਜਿਸ ਨੇ ਖਾਲਸੇ ਨੂੰ ਉਸ ਰੂਪ ਅਤੇ ਰੰਗ ਵਿਚ ਪਰਿਭਾਸ਼ਤ ਕੀਤਾ, ਜਿਸ 'ਤੇ ਸਮੁੱਚੀ ਮਾਨਵਤਾ ਨੂੰ ਨਾਜ਼ ਹੈ। ਇਸ ਵਿਚੋਂ ਬੰਦੇ ਬਹਾਦਰ ਦਾ ਸਰਹਿੰਦ ਨੂੰ ਫ਼ਤਹਿ ਕਰਨਾ ਅਤੇ ਸਿੱਖ ਰਾਜ ਦੀ ਸਥਾਪਨਾ ਕਰਨਾ ਸੀ।

ਆਸਾਨ ਨਹੀਂ ਹੁੰਦਾ, ਵਗਦੇ ਦਰਿਆਵਾਂ ਨੂੰ ਬੰਨ੍ਹ ਲੈਣਾ ਪਰ ਇਹ ਬੰਨ੍ਹਿਆ ਪਾਣੀ ਹੀ ਡੈਮ ਬਣ ਕੇ ਬਿਜਲੀ ਪੈਦਾ ਕਰਦਾ ਅਤੇ ਘਰਾਂ ਨੂੰ ਰੌਸ਼ਨ ਕਰਦਾ। ਇਸ ਵਿਚੋਂ ਨਿਕਲੀਆਂ ਨਹਿਰਾਂ, ਮਾਰੂ ਜ਼ਮੀਨਾਂ ਤੇ ਰੱਕੜਾਂ ਨੂੰ ਸਿੰਜਦਾ, ਹਰਿਆਵਲ ਦੀ ਜੋਗ ਕਮਾਉਂਦਾ ਤੇ ਭਰੇ ਭੜੋਲਿਆਂ ਦਾ ਵਰਦਾਨ ਬਣਦਾ। ਇਹ ਪਿਆਸਿਆਂ ਦੀ ਤਰੇਹ ਬੁਝਾਉਂਦਾ। ਪਾਣੀ ਖੁਣੋਂ ਮੁਰਝਾਈਆਂ ਫ਼ਸਲਾਂ ਤੇ ਬੂਟਿਆਂ ਦੇ ਮੁਖੜੇ 'ਤੇ ਖੇੜਾ ਲਿਆਉਂਦਾ ਅਤੇ ਸਾਹ ਲੈਣ ਤੋਂ ਆਤੁਰ ਹੋ ਚੁੱਕੀ ਜ਼ਿੰਦਗੀ ਨੂੰ ਮੁੜ ਜਿਊਣਾ ਸਿਖਾਉਂਦਾ।

ਆਸਾਨ ਨਹੀਂ ਹੁੰਦਾ, ਸ਼ਬਦਾਂ ਨੂੰ ਨਜ਼ਮ, ਨਾਵਲ, ਕਹਾਣੀ, ਵਾਰਤਕ, ਨਾਟਕ ਜਾਂ ਸਵੈ-ਜੀਵਨੀ ਵਿਚ ਵਟਾਉਣਾ ਪਰ ਇਹ ਕਲਮ-ਕਿਰਤਾਂ ਹੀ ਹੁੰਦੀਆਂ, ਜੋ ਸਾਡੇ ਜੀਵਨ ਵਿਚ ਰੌਸ਼ਨੀ ਕਰਦੀਆਂ, ਸਾਡੀ ਇਕੱਲਤਾ ਨੂੰ ਭਰਦੀਆਂ, ਸੁਮੱਤ ਸੋਚ ਅਤੇ ਸਰੋਕਾਰਾਂ ਦੀ ਸਮਝ ਸਾਡੀ ਸੰਵੇਦਨਾ ਦੇ ਨਾਮ ਕਰਦੀਆਂ। ਸਾਨੂੰ ਆਪੇ ਨਾਲ ਜੋੜਦੀਆਂ, ਅਸਾਡਾ ਅੰਤਰੀਵ ਫ਼ਰੋਲਦੀਆਂ। ਇਹ ਕਿਤਾਬਾਂ ਹੀ ਹੁੰਦੀਆਂ, ਜਿਨ੍ਹਾਂ ਨੂੰ ਦੁੱਖ-ਸੁੱਖ ਸੁਣਾਇਆ ਜਾ ਸਕਦਾ। ਕਿਸੇ ਵੀ ਕਿਰਤ ਨਾਲ ਖੁਦ ਨੂੰ ਜੋੜ ਕੇ ਖੁਦ ਨੂੰ ਰੁਆਇਆ ਵੀ ਜਾ ਸਕਦਾ, ਹਸਾਇਆ ਵੀ, ਸਿਖਾਇਆ ਵੀ ਅਤੇ ਸਮਝਾਇਆ ਵੀ। ਦਰਅਸਲ ਇਹ ਕਲਾ-ਕਿਰਤਾਂ ਹੀ ਜੀਵਨ ਦਾ ਮੂਲ ਮੰਤਰ ਹਨ ਕਿਉਂਕਿ ਇਹ ਹੀ ਜੀਵਨ-ਜਾਚ, ਸੁਪਨਿਆਂ ਦਾ ਆਧਾਰ, ਤਕਦੀਰ ਦਾ ਪਸਾਰ ਅਤੇ ਕਰਮਨ ਰੇਖਾਵਾਂ ਦਾ ਵਿਸਥਾਰ ਹੁੰਦੀਆਂ। ਇਹ ਰਾਹ ਦਸੇਰਾ ਵੀ ਹੁੰਦੀਆਂ, ਜੋ ਉਂਗਲ ਫੜ ਕੇ ਰਾਹੇ ਪਾਉਣ ਦਾ ਸ਼ੁਭ-ਕਰਮਨ ਵੀ ਕਰਦੀਆਂ।

ਆਸਾਨ ਨਹੀਂ ਹੁੰਦਾ, ਕਿਸੇ ਫੁੱਲ ਦਾ ਗੁਰਬਤ ਦੇ ਵਿਹੜੇ ਵਿਚ ਉਗਣਾ, ਵਿਗਸਣਾ, ਫਲ ਤੇ ਫੁੱਲਾਂ ਦੀ ਰੁੱਤ ਮਾਨਣਾ। ਵਿਹੜੇ ਨੂੰ ਰੰਗ ਤੇ ਮਹਿਕਾਂ ਨਾਲ ਲਬਰੇਜ਼ ਕਰਨਾ ਅਤੇ ਘਰ ਦੇ ਮੁੱਖ ਤੋਂ ਗੁਰਬਤ ਦਾ ਦਾਗ ਧੋਣਾ। ਪਰ ਇਹ ਗੋਦੜੀਆਂ ਦੇ ਲਾਲ ਹੀ ਹੁੰਦੇ, ਜਿਨ੍ਹਾਂ ਦੀ ਮਿਹਨਤ ਮੁਸ਼ੱਕਤ ਦੀ ਖੁਸ਼ਬੂ ਜ਼ਿੰਦਗੀ ਨੂੰ ਮਹਿਕ ਨਾਲ ਭਰਦੀ। ਉਹ ਚੌਗਿਰਦੇ ਦਾ ਮਾਣ ਬਣਦੇ ਅਤੇ ਉਹ ਅੰਬਰ ਜੋੜ ਹੁੰਦਿਆਂ ਵੀ ਆਪਣੀ ਧਰਤੀ ਨਾਲ ਜੁੜੇ ਹੁੰਦੇ ਕਿਉਂਕਿ ਉਨ੍ਹਾਂ ਨੂੰ ਪਤਾ ਹੁੰਦਾ ਕਿ ਉਹ ਕਿਹੜੀ ਮਿੱਟੀ ਵਿਚੋਂ ਉਗੇ ਅਤੇ ਕਿਸ ਮਿੱਟੀ ਦਾ ਆਖ਼ਰ ਨੂੰ ਇਕ ਕਿਣਕਾ ਬਣਨਾ ਏ। ਉਹ ਆਪਣੀ ਔਕਾਤ ਜਾਣਦੇ, ਇਸ ਨੂੰ ਮਾਣਦੇ, ਖੁਦ ਨੂੰ ਪਛਾਣਦੇ ਕਿਉਂਕਿ ਉਹ ਅੰਦਰੋਂ-ਬਾਹਰੋਂ ਇਕਸੁਰ ਤੇ ਇਕਸਾਰ ਹੁੰਦੇ।

ਆਸਾਨ ਨਹੀਂ ਹੁੰਦਾ, ਭੱਖੜਾਂ ਸਾਹਵੇਂ ਹਿੱਕ ਡਾਹੁਣਾ, ਜ਼ੋਰਾਵਰ ਭੱਖੜ ਦੀਆਂ ਅੱਖਾਂ ਵਿਚ ਅੱਖਾਂ ਪਾਉਣਾ, ਉਸ ਨਾਲ ਦਸਤਪੰਜਾ ਲੈਣਾ ਅਤੇ ਫਿਰ ਉਸ ਦੇ ਕੁਕਰਮਾਂ, ਕਮੀਨਗੀਆਂ ਅਤੇ ਕੁਤਾਹੀਆਂ ਨੂੰ ਜੱਗ-ਜ਼ਾਹਰ ਕਰਨਾ ਤੇ ਉਸ ਨੂੰ ਉਸ ਦੀ ਅਸਲੀਅਤ ਦੇ ਰੂਬਰੂ ਕਰਨਾ। ਦਰਅਸਲ ਹਿੱਕ ਡਾਹੁਣ 'ਤੇ ਹੀ ਭੱਖੜ ਨੂੰ ਪਤਾ ਲੱਗਦਾ ਕਿ ਕੋਈ ਹਰਿਆ ਬੂਟਾ ਉਸ ਦੀ ਹਉਮੈ ਨੂੰ ਵੰਗਾਰ ਸਕਦਾ। ਉਸ ਦੀ ਆਕੜ ਨੂੰ ਲਲਕਾਰ ਸਕਦਾ, ਉਸਦੇ ਮੁਲੰਮੇ ਨੂੰ ਉਤਾਰ ਸਕਦਾ ਅਤੇ ਮੁਖੌਟਿਆਂ ਹੇਠ ਛੁਪੇ ਕਿਰਦਾਰ ਨੂੰ ਸਰੇਬਾਜ਼ਾਰ ਨੰਗਾ ਕਰ ਸਕਦਾ। ਜਦ ਮਾਰੂ ਭੱਖੜਾਂ ਸਾਹਵੇਂ ਹਿੱਕ ਡਾਹੁਣ ਵਾਲੇ ਸਾਹਮਣੇ ਆਉਂਦੇ ਤਾਂ ਲੋਕ ਲਹਿਰਾਂ ਜਨਮ ਲੈਂਦੀਆਂ, ਆਜ਼ਾਦੀ ਸੰਗਰਾਮ ਛਿੜਦੇ ਅਤੇ ਲੋਕ ਮੁਹਿੰਮਾਂ ਵਿਚੋਂ ਲੋਕ-ਜਿੱਤਾਂ ਦੇ ਜਸ਼ਨ ਆਮ ਲੋਕਾਂ ਦੇ ਹਿੱਸੇ ਆਉਂਦੇ। ਹਰੇਕ ਨੂੰ ਆਪਣੇ ਹਿੱਸੇ ਦਾ ਅੰਬਰ ਮਿਲਦਾ। ਆਪਣੀ ਹਿੱਸੇ ਦੀ ਛੱਤ ਅਤੇ ਆਪਣੇ ਹਿੱਸੇ ਦਾ ਟੁੱਕਰ ਜਦ ਹਰੇਕ ਦੇ ਨਸੀਬਾਂ ਦਾ ਹਿੱਸਾ ਬਣ ਜਾਵੇ ਤਾਂ ਭੱਖੜ ਭੱਖੜ ਨਹੀਂ ਰਹਿੰਦਾ ਫਿਰ ਉਹ ਪੁਰਵਾਈ ਬਣ ਜਾਂਦਾ, ਜਿਸ ਵਿਚ ਸੰਗੀਤਕ ਫ਼ਿਜ਼ਾਵਾਂ ਅਤੇ ਲੋਕ ਮਸਤੀਆਂ ਦਾ ਆਗਮਨ ਹੁੰਦਾ।

ਆਸਾਨ ਨਹੀਂ ਹੁੰਦਾ, ਕਿਸੇ ਨੂੰ ਪਲਕਾਂ 'ਤੇ ਬਿਠਾਉਣਾ, ਉਸ ਦੀ ਤਾਮੀਰਦਾਰੀ ਕਰਨਾ, ਅਪਣੱਤ ਤੇ ਮੋਹ ਦੀਆਂ ਬਾਤਾਂ ਪਾਉਣੀਆਂ, ਬਲਾਵਾਂ ਉਤਾਰਨੀਆਂ, ਸਦਕੇ ਜਾਣਾ, ਤਲੀਆਂ 'ਤੇ ਚੋਗ ਚੁਗਾਉਣਾ ਅਤੇ ਮਨ ਦੀ ਬਰੂਹਾਂ 'ਤੇ ਉਸ ਦੀ ਆਮਦ ਲਈ ਤੇਲ ਚੋਣਾ ਪਰ ਪਲਕਾਂ 'ਤੇ ਬਿਠਾ ਕੇ ਹੀ ਕਿਸੇ ਨੂੰ ਆਪਣਾ ਬਣਾਇਆ ਜਾ ਸਕਦਾ ਜਾਂ ਕਿਸੇ ਦਾ ਬਣਿਆ ਜਾਂਦਾ। ਬੇਗਾਨਗੀ 'ਚ ਕੌਣ ਕਿਸੇ ਦਾ ਬਣਦਾ? ਬੇਗਾਨੇ ਕਦੋਂ ਆਪਣੇ ਬਣਦੇ ਨੇ? ਹੁਣ ਤਾਂ ਕਈ ਵਾਰ ਆਪਣਿਆਂ ਨੂੰ ਵੀ ਆਪਣੇ ਕਹਿਣ ਤੋਂ ਖ਼ੌਫ਼ ਆਉਂਦਾ ਕਿਉਂਕਿ ਕਈ ਵਾਰ ਆਪਣੇ ਹੀ ਤੁਹਾਡੇ ਲਈ ਕਬਰਾਂ ਦਾ ਬੰਦੋਬਸਤ ਕਰਨ ਵਿਚ ਰੁੱਝੇ ਹੁੰਦੇ ਹਨ। ਕਿਸੇ ਨੂੰ ਜ਼ਰੂਰ ਪਲਕਾਂ 'ਤੇ ਬਿਠਾਉਣਾ ਤਾਂ ਕਿ ਕੋਈ ਮੋਢਾ ਤਾਂ ਅਜਿਹਾ ਹੋਵੇ, ਜਿਸ 'ਤੇ ਸਿਰ ਰੱਖ ਕੇ ਰੋਇਆ ਜਾ ਸਕੇ, ਦਿਲ ਦਾ ਦਰਦ ਫ਼ਰੋਲਿਆ ਜਾ ਸਕੇ। ਰਾਜ਼ ਦੀਆਂ ਗੱਲਾਂ ਕਹੀਆਂ ਤੇ ਸੁਣੀਆਂ ਜਾ ਸਕਣ ਅਤੇ ਮਨ ਦੇ ਬੋਝ ਨੂੰ ਹਲਕਾ ਕੀਤਾ ਜਾ ਸਕੇ।

ਆਸਾਨ ਨਹੀਂ ਹੁੰਦਾ, ਹਵਾ ਦੇ ਵਗਦਿਆਂ ਆਲੇ ਵਿਚ ਦੀਵਾ ਡੰਗਣਾ ਪਰ ਇਹ ਜਗਦਾ ਦੀਵਾ ਹੁੰਦਾ ਜੋ ਘਰ ਨੂੰ ਚਾਨਣ ਨਾਲ ਭਰਦਾ। ਘਰ ਦੇ ਜੀਆਂ ਨੂੰ ਨਿਹਾਰਦਾ ਅਤੇ ਕਮਰਿਆਂ ਤੇ ਕੰਧਾਂ ਨੂੰ ਘਰ ਬਣਨ ਦਾ ਵਰਦਾਨ ਦਿੰਦਾ। ਆਪਣੇ ਆਪਣਿਆਂ ਨੂੰ ਦੇਖਦੇ, ਇਕ ਦੂਜੇ ਦੀਆਂ ਮਨੋਭਾਵਨਾਵਾਂ ਪੜ੍ਹਦੇ ਅਤੇ ਮਨੋਭਾਵਾਂ ਵਿਚ ਕੁਤਕੁਤਾਰੀਆਂ ਅਤੇ ਗੁਦਗੁਦੀ ਦਾ ਸਬੱਬ ਬਣਦੇ। ਹੱਸਦੇ-ਵੱਸਦੇ ਘਰ ਨੂੰ ਚਾਨਣ ਵਿਚ ਨਹਾਉਣ ਅਤੇ ਖੁਦ ਨੂੰ ਨਵੀਆਂ ਰਹਿਤਲਾਂ ਦਾ ਜਾਮਾ ਪਾਉਣ ਦਾ ਨਾਜ਼ ਤੇ ਨਖ਼ਰਾ ਹੁੰਦਾ।

ਆਸਾਨ ਨਹੀਂ ਹੁੰਦਾ, ਕਿਸੇ ਵੀ ਵਿਅਕਤੀ ਲਈ ਖੁਦ ਦੇ ਰੂਬਰੂ ਹੋਣਾ ਅਤੇ ਆਪਣੇ ਆਪ ਨੂੰ ਸ਼ੀਸ਼ੇ ਸਾਹਵੇਂ ਖੜ੍ਹ ਕੇ ਦੇਖਣਾ ਪਰ ਜਦ ਅਸੀਂ ਖੁਦ ਦੇ ਰੂਬਰੂ ਹੋਣ ਦੀ ਆਦਤ ਪਾ ਲੈਂਦੇ ਹਾਂ ਤਾਂ ਕੁਤਾਹੀਆਂ ਕੀਰਤੀਆਂ ਬਣਦੀਆਂ, ਕਮੀਨਗੀਆਂ, ਕਾਰਨਾਮਿਆਂ ਦਾ ਨਾਮਕਰਨ ਹੁੰਦੀਆਂ, ਕਸਕ ਵਿਚੋਂ ਕਿਰਤ ਜਨਮ ਲੈਂਦੀ ਅਤੇ ਕੁਤੱਤਣ ਵਿਚੋਂ ਕਿਰਤਾਰਥਾ ਦਾ ਪੈਦਾ ਹੋਣਾ ਲਾਜ਼ਮੀ ਹੁੰਦਾ।

ਆਸਾਨ ਨਹੀਂ ਹੁੰਦਾ, ਬੱਚਿਆਂ ਵਲੋਂ ਵਾਰ-ਵਾਰ ਕਿਰ ਰਹੇ ਰੇਤ ਦੇ ਘਰ ਬਣਾਉਣੇ ਪਰ ਇਹ ਰੇਤ ਦੇ ਘਰਾਂ ਦਾ ਤੁਸੱਵਰ ਹੀ ਹੁੰਦਾ ਹੈ, ਜੋ ਉਨ੍ਹਾਂ ਦੇ ਮਨਾਂ ਵਿਚ ਘਰ ਦਾ ਸੁਪਨਾ ਧਰਦਾ। ਘਰ ਜੋ ਉਨ੍ਹਾਂ ਦਾ ਆਪਣਾ, ਜਿੱਥੇ ਉਨ੍ਹਾਂ ਨੂੰ ਪੂਰਨ ਆਜ਼ਾਦੀ ਹੋਵੇ, ਖਲਾਰਾ ਪਾਉਣ ਜਾਂ ਸਜਾਉਣ ਦੀ, ਕੰਧਾਂ 'ਤੇ ਲੀਕਾਂ ਵਾਹੁਣ ਦੀ, ਹਰ ਵਸਤ ਨੂੰ ਆਪਣੇ ਰੂਹੇ-ਅੰਦਾਜ਼ ਵਿਚ ਟਿਕਾਉਣ ਅਤੇ ਸਜਾਉਣ ਦੀ ਤਾਂਘ। ਇਹ ਤਾਂਘ ਹੀ ਮਹਿਲਾਂ ਵਰਗੇ ਘਰਾਂ ਲਈ ਸੋਚ ਨੀਂਹ ਬਣ ਕੇ ਭਵਿੱਖੀ ਵਿਸਥਾਰ ਦਾ ਸੁੰਦਰ ਸ਼ੁਭ ਆਰੰਭ ਹੁੰਦੀ।

ਆਸਾਨ ਨਹੀਂ ਹੁੰਦਾ, ਕਿਸੇ ਪਿੰਡੇ ਦੇ ਤੱਪੜ ਵਾਲੇ ਸਕੂਲ ਵਿਚ ਪੜ੍ਹਦਿਆਂ ਤੇ ਪਸ਼ੂ ਚਾਰਦਿਆਂ, ਖ਼ਿਆਲਾਂ ਵਿਚ ਉੱਚੇ ਦਿਸਹੱਦਿਆਂ ਦੀ ਪੈੜ ਨੱਪਣ ਦੀ ਚਾਹਨਾ ਮਨ ਵਿਚ ਪੈਦਾ ਕਰਨੀ। ਪਰ ਇਹ ਚਾਹਨਾ ਹੀ ਹੁੰਦੀ ਹੈ, ਜੋ ਇਕ ਸੁਪਨੇ ਦਾ ਰੂਪ ਧਾਰਦੀ ਅਤੇ ਫਿਰ ਇਸ ਦਾ ਪਿੱਛਾ ਕਰਦਿਆਂ ਬੰਦਾ ਸਭ ਕੁਝ ਪ੍ਰਾਪਤ ਕਰ ਲੈਂਦਾ। ਕਦੇ ਡਾ. ਏਪੀਜੇ ਕਲਾਮ ਜਾਂ ਡਾ. ਸਰਦਾਰਾ ਸਿੰਘ ਜੌਹਲ ਦੀ ਜੀਵਨੀ ਪੜ੍ਹਨਾ, ਪਤਾ ਲੱਗੇਗਾ ਕਿ ਸੁਪਨਿਆਂ ਦਾ ਸੱਚ ਕਿਵੇਂ ਤੁਹਾਡੀ ਮਿਹਨਤ ਨੂੰ ਸਲਾਮ ਕਰਦਾ।

ਆਸਾਨ ਨਹੀਂ ਹੁੰਦਾ, ਆਪਣੇ ਪਿਆਰਿਆਂ ਤੋਂ ਟੁੱਟਣਾ ਤੇ ਨਜ਼ਦੀਕੀਆਂ ਤੋਂ ਦੂਰੀ ਬਣਾਉਣਾ ਪਰ ਇਹ ਦੂਰੀ ਹੀ ਹੁੰਦੀ ਜਿਹੜੀ ਆਤਮਿਕ ਸ਼ਾਂਤੀ, ਸਕੂਨ ਅਤੇ ਬਖੇੜਿਆਂ ਤੋਂ ਖੁਦ ਨੂੰ ਦੂਰ ਕਰਨ ਲਈ ਜ਼ਰੂਰੀ ਹੁੰਦੀ। ਕਈ ਵਾਰ ਤਾਂ ਸਾਨੂੰ ਇਸ ਲਈ ਵੀ ਦੂਰ ਜਾਣਾ ਪੈਂਦਾ ਕਿਉਂਕਿ ਸਾਡੇ ਆਪਣੇ ਹੀ ਸਾਡਾ ਸਿਵਾ ਸੇਕਣ ਲਈ ਕਾਹਲੇ ਹੁੰਦੇ।

ਮਾਂ ਬਣਨਾ ਆਸਾਨ ਨਹੀਂ ਹੁੰਦਾ ਪਰ ਮਾਂ ਬਣਨ ਦੀ ਪੀੜਾ ਹੀ ਔਰਤ ਨੂੰ ਪੂਰਨਤਾ ਬਖ਼ਸ਼ਦੀ, ਮਮਤਾ ਦਾ ਹੁਲਾਸ ਮਿਲਦਾ, ਗੋਦ ਵਿਚ ਬੱਚੇ ਨੂੰ ਲਾਡ ਲਡਾਉਣ ਦਾ ਮੌਕਾ ਮਿਲਦਾ। ਆਪਣੇ ਬੱਚਿਆਂ ਦੇ ਨੈਣਾਂ ਵਿਚ ਸੁਪਨੇ ਧਰਨ ਅਤੇ ਉਨ੍ਹਾਂ ਦੀ ਪੂਰਤੀ ਲਈ ਖੁਦ ਨੂੰ ਅਰਪਿਤ ਕਰਨ ਦਾ ਸਬੱਬ ਮਿਲਦਾ। ਫਿਰ ਹੀ ਪਤਾ ਲੱਗਦਾ ਹੈ ਕਿ ਮਾਂ ਕੀ ਹੁੰਦੀ ਅਤੇ ਮਾਂ ਨੂੰ ਰੱਬ ਤੋਂ ਉੱਚਾ ਦਰਜਾ ਕਿਉਂ ਦਿੱਤਾ ਜਾਂਦਾ ਕਿਉਂਕਿ ਮਾਂ ਬੱਚੇ ਲਈ ਰੱਬ ਤੋਂ ਬਹੁਤ ਜ਼ਿਆਦਾ ਨੇੜੇ ਹੁੰਦੀ।

ਬਾਪ ਬਣਨਾ ਆਸਾਨ ਨਹੀਂ ਹੁੰਦਾ ਪਰ ਬਾਪ ਬਣ ਕੇ ਹੀ ਬਾਪ ਦੀਆਂ ਜ਼ਿੰਮੇਵਾਰੀਆਂ, ਧੀ ਦੇ ਸਿਰ 'ਤੇ ਅਸੀਸ ਅਤੇ ਪੁੱਤ ਨੂੰ ਬੁੱਕਲ ਵਿਚ ਲੈ ਕੇ ਆਪਣੀ ਛਾਂ ਵਿਚ ਤੁਰਨ ਦਾ ਵਿਸਮਾਦ ਮਾਣਿਆ ਜਾ ਸਕਦਾ। ਬਾਪ ਬਣ ਕੇ ਬਾਪ-ਰੂਪੀ ਛਾਂ ਨੂੰ ਪਰਿਵਾਰ ਦੇ ਨਾਵੇਂ ਕਰ ਕੇ ਜੀਵਨ ਦੀਆਂ ਸਭ ਨਿਆਮਤਾਂ ਆਪਣੇ ਬੱਚਿਆਂ ਦੇ ਨਾਵੇਂ ਕਰਨ ਦਾ ਸੁਖਦ ਅਹਿਸਾਸ ਮਨ ਵਿਚ ਉਪਜਾਇਆ ਜਾ ਸਕਦਾ।

ਬੱਚੇ ਤਾਂ ਸਾਰੇ ਹੀ ਹੁੰਦੇ ਪਰ ਅਸਲ ਵਿਚ ਬੱਚੇ ਬਣਨਾ ਆਸਾਨ ਨਹੀਂ ਹੁੰਦਾ ਕਿਉਂਕਿ ਸਹੀ ਮਾਅਨਿਆਂ ਵਿਚ ਬੱਚੇ ਬਣ ਕੇ ਮਾਂ ਦੀਆਂ ਰੀਝਾਂ ਦੀ ਪੂਰਤੀ ਕਰਨੀ ਹੁੰਦੀ। ਬਾਪ ਦਾ ਸ਼ਮਲਾ ਉੱਚਾ ਕਰਨਾ ਹੁੰਦਾ। ਬੱਚੇ ਚੁਬਾਰੇ ਦੀ ਭੁਰਦੀ ਇੱਟ ਨਹੀਂ ਬਣਦੇ ਸਗੋਂ ਮਜ਼ਬੂਤ ਨੀਂਹਾਂ ਬਣ ਕੇ ਘਰ ਦੀ ਸਲਾਮਤੀ ਦਾ ਸੁੱਚਾ ਸ਼ਰਫ਼ ਬਣਦੇ।

ਕਦੇ ਵੀ ਆਸਾਨ ਨਹੀਂ ਹੁੰਦਾ ਆਪਣੇ ਅੰਤਰੀਵ ਵਿਚ ਉਤਰਨਾ, ਅੰਦਰ ਨੂੰ ਪੜ੍ਹਨਾ, ਅੰਦਰ ਨੂੰ ਬਾਹਰ ਨਾਲ ਇਕਸੁਰ ਕਰਨਾ ਕਿਉਂਕਿ ਤੁਹਾਡਾ ਅੰਦਰ ਤੁਹਾਡਾ ਸਭ ਤੋਂ ਅਹਿਮ ਸੱਚ ਹੁੰਦਾ ਹੈ। ਇਸ ਸੱਚ ਵਿਚ ਜਿਊਣਾ ਹੀ ਅਸਲ ਵਿਚ ਜਿਊਣਾ ਅਤੇ ਜ਼ਿੰਦਗੀ ਨੂੰ ਅਰਥਮਈ ਬਣਾਉਣਾ ਹੁੰਦਾ ਹੈ। ਇਸ ਲਈ ਬਹੁਤ ਜ਼ਰੂਰੀ ਹੁੰਦਾ ਏ ਕਦੇ ਕਦਾਈਂ ਆਪਣੇ ਅੰਤਰੀਵ ਵਿਚ ਉਤਰਨਾ ਅਤੇ ਆਪਣੇ ਅੰਦਰ ਨੂੰ ਬਾਹਰੀ ਰੂਪ ਵਿਚ ਪ੍ਰਗਟ ਕਰਨਾ। ਇਹੀ ਸਭ ਤੋਂ ਉੱਤਮ ਕੀਰਤੀ, ਕਰਮਯੋਗਤਾ ਤੇ ਕਰਮ-ਧਰਮ ਹੈ ਅਤੇ ਇਸ ਨੂੰ ਨਿਭਾਉਣ ਵਿਚ ਕਦੇ ਵੀ ਕੁਤਾਹੀ ਜਾਂ ਦੇਰੀ ਨਾ ਕਰੋ।

# ਵਜੂਦ ਦੀ ਤਲਾਸ਼

'ਭਲਾ ਮਿਲਣਾ-ਵਿਛੜਨਾ ਕੁਦਰਤ ਦੀ ਖੇਡ ਹੈ?' ਭਰੇ ਮੇਲੇ ਵਿਚ ਇੱਕ ਬੱਚੇ ਦੇ ਨੰਨ੍ਹੇ ਹੱਥੋਂ ਮਾਂ ਦੀ ਉਂਗਲ ਛੁੱਟ ਜਾਂਦੀ ਹੈ। ਉਸ ਡੌਰ-ਭੌਰ ਵੇਖਦਾ ਕਦੇ ਇਧਰ ਭੱਜਦਾ, ਕਦੇ ਉਧਰ ਦੌੜਦਾ। ਸਾਰੇ ਅਣਜਾਣ ਚਿਹਰੇ। ਉਸ ਉਚੀ-ਉਚੀ ਰੋਂਦਾ ਹਾਲੋਂ-ਬੇਹਾਲ ਹੋਈ ਜਾਂਦਾ। ਕੋਈ ਹਮਦਰਦ ਉਸ ਨੂੰ ਵਰਾਉਂਦਾ ਉਸ ਦੀ ਮਾਂ ਤਕ ਪੁੱਜਦਾ ਕਰਦਾ। ਬੱਚੇ ਦਾ ਆਪਣੀ ਮਾਂ ਨਾਲ ਮੁੜ ਮਿਲਾਪ!... ਉਸ ਦੀਆਂ ਅੱਖਾਂ ਦੇ ਕੋਇਆਂ 'ਤੇ ਯਕਦਮ ਰੁਕ ਗਏ ਝਿਲਮਿਲਾਉਂਦੇ ਹੰਝੂ। ਮੂੰਹ 'ਤੇ ਅੱਥਰੂਆਂ ਦੀਆਂ ਵਗੀਆਂ ਘਰਾਲਾਂ ਦੀਆਂ ਲਕੀਰਾਂ। ਉਸ ਦੇ ਅੰਦਰਲੀ ਹਲਚਲ, ਉਥਲ-ਪੁਥਲ ਅਤੇ ਆਖਰ ਮਿਲਾਪ ਦਾ ਸਕੂਨ। ਇਹ ਅਨੁਭਵ ਉਹ ਗੁਆਚਿਆ ਬੱਚਾ ਹੀ ਜਾਣਦਾ-ਮਹਿਸੂਸਦਾ ਹੈ, ਕੋਈ ਹੋਰ ਇਸ ਨੂੰ ਬਿਆਨ ਨਹੀਂ ਕਰ ਸਕਦਾ।...ਕਮਰੇ ਦੀ ਵੱਡੇ ਸ਼ੀਸ਼ੇ ਵਾਲੀ ਖਿੜਕੀ ਕੋਲ ਖੜੀ ਉਸ ਸ਼ੀਸ਼ੇ ਦੇ ਪਾਰ ਬਾਹਰਲੀ ਤੇਜ਼-ਤੇਜ਼ ਦੌੜੀ ਜਾਂਦੀ ਦੁਨੀਆਂ ਵੱਲ ਵੇਖਦੀ ਸੋਚਾਂ ਵਿਚ ਡੁੱਬੀ ਹੋਈ ਸੀ।

'ਭਲਾ ਮੈਂ ਵੀ ਭਰੇ ਮੇਲੇ ਵਿਚ ਗੁਆਚ ਗਈ ਸਾਂ? ਮੇਰੀ ਮਾਂ ਦੀ ਉਂਗਲ ਮੇਰੇ ਹੱਥੋਂ ਛੁੱਟ ਗਈ

**ਗੁਰਚਰਨ ਕੌਰ ਥਿੰਦ, ਕੈਨੇਡਾ।**
**ਫੋਨ:403-293-2625**

ਸੀ ਜਾਂ ਛੁਡਾ ਦਿੱਤੀ ਗਈ ਸੀ?...ਮੈਂ ਕੌਣ ਹਾਂ? ਮੇਰਾ ਵਜੂਦ ਕੀ ਹੈ? ਮੇਰੀ ਅਸਲੀ ਪਛਾਣ ਕੀ ਹੈ? ਮੇਰੇ ਆਪਣੇ ਕੌਣ ਹਨ?...ਕਿੰਨੇ ਸਾਰੇ ਸੁਆਲ ਹਨ, ਜੋ ਮੇਰੇ ਜ਼ਿਹਨ 'ਚ ਖ਼ਲਬਲੀ ਮਚਾਈ ਰੱਖਦੇ ਹਨ।' ਸੋਚ ਉਸ ਦੀਆਂ ਅੱਖਾਂ ਭਰ ਆਈਆਂ।

'ਮੇਰੇ ਕੋਲ ਸਭ ਕੁੱਝ ਹੈ। ਰਹਿਣ ਲਈ ਸੋਹਣਾ ਘਰ। ਪਿਆਰ ਕਰਨ ਵਾਲਾ ਪਤੀ। ਪਿਆਰੀ ਜਿਹੀ ਬੇਟੀ ਪਰ ਫਿਰ ਵੀ ਕਦੇ-ਕਦੇ ਮਨ ਭਰ-ਭਰ ਡੁੱਲ੍ਹਣ ਨੂੰ ਕਰਦਾ ਹੈ। ਦੂਰ ਦਿਸਹੱਦੇ ਤੋਂ ਪਾਰ ਜਾ ਆਪਣੇ-ਆਪ ਨੂੰ ਤਲਾਸ਼ਣ ਦੀ ਹਿਰਸ ਹਾਵੀ ਹੋ ਜਾਂਦੀ ਹੈ। ਮੇਰੇ ਚੇਤਿਆਂ ਵਿਚ ਉਹ ਪਲ ਅਜੇ ਵੀ ਜਿਉਂ ਦੇ ਤਿਉਂ ਜੀਵੰਤ ਹਨ।'...ਮੈਂ ਤਿੰਨ ਕੁ ਸਾਲ ਦੀ ਹਾਂ। ਮੈਂ ਨਵੇਂ ਕੱਪੜੇ ਪਾਏ ਹੋਏ ਹਨ, ਜਿਹੜੇ ਮੈਂ ਕਦੇ ਕਦਾਈਂ ਪਾਉਂਦੀ ਹਾਂ। ਮੇਰੀ ਫ਼ੁੱਲਾਂ ਵਾਲੀ ਫ਼ਰਾਕ ਮੈਨੂੰ ਥੋੜ੍ਹੀ ਛੋਟੀ ਹੋ ਗਈ ਹੈ। ਮੈਂ ਆਪਣੇ ਨਿੱਕੇ*ਨਿੱਕੇ ਹੱਥਾਂ ਨਾਲ ਉਸ ਨੂੰ ਹੇਠਾਂ ਵੱਲ ਖਿੱਚ ਰਹੀ ਹਾਂ। ਸਾਡੇ ਕਮਰੇ ਵਿਚ ਇੱਕ ਪੁਲਿਸ ਵਾਲਾ ਆਇਆ ਹੈ। ਉਸ ਨਾਲ ਇੱਕ ਔਰਤ ਵੀ ਹੈ। ਉਹ ਮੈਨੂੰ ਬੜਾ ਪਿਆਰ ਕਰ ਰਹੇ ਹਨ। ਮੇਰੀ ਮਾਂ ਨੇ ਮੈਨੂੰ ਕਲਾਵੇ ਵਿਚ ਲੈ ਆਪਣੇ ਨਾਲ ਘੁੱਟ ਲਿਆ ਹੈ। ਉਹ ਰੋਈ ਜਾ ਰਹੀ ਹੈ। ਮੈਂ ਕਦੇ ਮਾਂ ਵੱਲ ਕਦੇ ਕੋਲ ਖੜ੍ਹੇ ਅਜਨਬੀਆਂ ਵੱਲ ਝਾਕ ਰਹੀ ਹਾਂ। ਆਖਰ ਉਸ ਨੇਕ ਦਿਸਦੀ ਔਰਤ ਨੇ ਮੈਨੂੰ ਮੇਰੀ ਮਾਂ ਦੀਆਂ ਬਾਹਵਾਂ ਤੋਂ ਵੱਖ ਕਰ ਆਪਣੀ ਗੋਦ ਵਿਚ ਲੈ ਲਿਆ ਹੈ।'...

'...ਮੈਂ ਹੁਣ ਪੁਲਿਸ ਕਾਰ ਵਿਚ ਬੈਠੀ ਆਪਣੀ ਮਾਂ ਤੋਂ ਦੂਰ ਜਾ ਰਹੀ ਹਾਂ। ਮੈਨੂੰ ਸਮਝ ਨਹੀਂ ਲੱਗਦੀ ਉਹ ਮੈਨੂੰ ਮੇਰੀ ਮਾਂ ਤੋਂ ਦੂਰ ਕਿਉਂ ਲਿਜਾ ਰਹੇ ਹਨ। ਗਰਮੀ ਦਾ ਦਿਨ ਹੈ। ਕਾਰ ਦੀ ਸੀਟ ਦੇ ਗਰਮ ਲੋਹੇ ਨਾਲ ਮੇਰੀਆਂ ਲੱਤਾਂ ਸੜ ਰਹੀਆਂ ਹਨ ਪਰ ਮੈਂ ਅਬੋਲ ਹਾਂ। ਉਸ ਔਰਤ ਨੇ ਮੈਨੂੰ ਚੁੱਕ ਕੇ ਆਪਣੀ ਗੋਦੀ ਵਿਚ ਬਿਠਾ ਲਿਆ। ਮੈਨੂੰ ਥੋੜ੍ਹਾ ਸਕੂਨ ਮਿਲਿਆ। ਫਿਰ ਅਸੀਂ ਜਹਾਜ਼ ਵਿਚ ਸੁਆਰ ਹੋ ਗਏ। ਹੇਠਾਂ ਧਰਤੀ 'ਤੇ ਦੌੜੀਆਂ ਜਾਂਦੀਆਂ ਕਾਰਾਂ ਤੇ ਗੱਡੀਆਂ ਛੋਟੇ ਛੋਟੇ ਖਿਡੌਣੇ ਲੱਗਦੇ ਹਨ।'... '...ਹੁਣ ਮੈਂ ਇਕ ਵੱਡੇ ਸਾਰੇ ਘਰ 'ਚ ਪਹੁੰਚ ਗਈ ਹਾਂ ਜਿਸ ਦੇ ਚੁਫ਼ੇਰੇ ਦੂਰ-ਦੂਰ ਤਕ ਖੇਤ ਹੀ ਖੇਤ ਹਨ। ਮੇਰੇ ਅਣਭੋਲ ਮਨ ਨੂੰ ਸਮਝ ਨਹੀਂ ਲੱਗਦੀ ਕਿ ਮੈਂ ਇੱਥੇ ਕਿਉਂ ਲਿਆਂਦੀ ਗਈ ਹਾਂ? ਮੇਰੇ ਲਈ ਇਹ ਨਵੀਂ ਜ਼ਿੰਦਗੀ ਕਿਸ ਨੇ ਚੁਣੀ ਤੇ ਕਿਉਂ ਚੁਣੀ ਹੈ? ਹੁਣ ਮੈਂ ਉਥੇ ਰਹਿਣ ਲੱਗ ਪਈ। ਆਪਣੀ ਮਾਂ ਤੋਂ ਦੂਰ। ਇਕ ਹੋਰ ਮੰਮੀ ਕੋਲ, ਜਿੱਥੇ ਮੇਰਾ ਇਕ ਪਾਪਾ ਵੀ ਹੈ। ਮੇਰੇ ਵਰਗੇ ਦੋ ਹੋਰ ਬੱਚੇ ਹਨ। ਜਦੋਂ ਮੈਂ ਆਪਣੀ ਮਾਂ ਕੋਲ ਰਹਿੰਦੀ ਸੀ ਤਾਂ ਮੇਰਾ ਕੋਈ ਬਾਪ ਨਹੀਂ ਸੀ। ਮੈਂ ਕਦੇ ਕਿਸੇ ਨੂੰ ਘਰ ਵਿਚ ਆਉਂਦੇ-ਜਾਂਦੇ ਨਹੀਂ ਵੇਖਿਆ ਸੀ। ਮੇਰੀ ਮਾਂ 'ਕੱਲ੍ਹੀ ਰਹਿੰਦੀ ਸੀ।'...'ਉਸ ਆਪਣਾ ਸਿਰ ਝਟਕਿਆ। ਭਰ ਆਈਆਂ ਅੱਖਾਂ ਪੂੰਝੀਆਂ। ਆਪਣੇ ਭਰੇ-ਪੂਰੇ ਘਰ ਵੱਲ ਵੇਖਿਆ। ਦਿਵਾਰ 'ਤੇ ਲਟਕਦੀ ਆਪਣੀ ਫੋਟੋ ਵੱਲ ਵੇਖਿਆ। ਉਹ ਕਾਲਾ ਗਾਊਨ ਤੇ ਸਿਰ 'ਤੇ ਟੋਪੀ ਪਾਈ ਖੜੀ ਹੈ। ਇਹ ਉਸ ਦੀ ਜਰਨਲਿਜ਼ਮ ਦੀ ਗ੍ਰੈਜੂਏਸ਼ਨ ਵੇਲੇ ਦੀ ਤਸਵੀਰ ਹੈ। ਐਸ ਵੇਲੇ ਉਹ ਇੱਕ ਜਾਣੀ-ਮਾਣੀ ਰਿਪੋਰਟਰ ਹੈ। ਉਸ ਦੀਆਂ ਨਿਗਾਹਾਂ ਇਸ ਫੋਟੋ 'ਤੇ ਟਿਕ ਗਈਆਂ।

'...ਪਰ ਇਥੋਂ ਤਕ ਦਾ ਮੇਰਾ ਸਫ਼ਰ ਸੁਖਾਲਾ ਨਹੀਂ ਸੀ। ਮੇਰੇ ਮਤਰੇਏ ਮਾਪੇ, ਜਿਨ੍ਹਾਂ ਮੈਨੂੰ ਅਡਾਪਟ ਕੀਤਾ ਸੀ ਜਾਂ ਖ਼ੌਰੇ ਸਰਕਾਰ ਨੇ ਮੈਨੂੰ ਜਬਰੀ ਅਡਾਪਟ ਕਰਵਾਇਆ ਸੀ, ਉਹ ਫਾਰਮ ਹਾਊਸ ਛੱਡ ਇੱਕ ਕਸਬੇ ਵਿਚ ਰਹਿਣ ਲਗ ਪਏ। ਇੱਥੇ ਹੋਰ ਗੋਰੇ ਪਰਿਵਾਰ ਸਨ। ਅਸੀਂ ਤਿੰਨੇ ਆਦੀਵਾਸੀ ਬੱਚੇ ਉਨ੍ਹਾਂ ਦੇ ਗੋਰੇ ਬੱਚਿਆਂ ਨਾਲੋਂ ਵਖਰੇ ਦਿਸਦੇ ਸਾਂ। ਸਾਡਾ ਕੱਦ-ਕਾਠ, ਭਰਵੀਂ ਡੀਲ-ਡੌਲ ਤੇ ਕਾਲੇ ਵਾਲ ਉਨ੍ਹਾਂ ਦੇ ਰੰਗ-ਰੂਪ ਤੇ ਹਲਕੇ ਭੂਰੇ ਵਾਲਾਂ ਨਾਲ ਮੇਲ ਨਹੀਂ ਸਨ ਖਾਂਦੇ। ਉਨ੍ਹਾਂ ਲਈ ਅਸੀਂ ਅਸੱਭਿਅਕ ਤੇ ਫੂਹੜ ਸਾਂ। ਵੀਹਵੀਂ ਸਦੀ ਦੇ ਸੱਠਵਿਆਂ ਦੇ ਦਹਾਕੇ ਵਿਚ ਇਹ ਗੋਰੇ ਲੋਕ ਸਾਡੇ ਵੱਲ ਹਿਕਾਰਤ ਨਾਲ ਵੇਖਣ ਤੋਂ ਗੁਰੇਜ਼ ਨਾ ਕਰਦੇ ਅਤੇ ਨਾ ਹੀ ਮੂੰਹੋਂ ਬੋਲ-ਕੁਬੋਲ ਕੱਢਣ ਤੋਂ ਝਿਜਕਦੇ। ਅਕਸਰ ਇਹ ਜਤਾਉਣ ਵਿਚ ਕਿ 'ਅਸੀਂ ਤੁਹਾਨੂੰ ਆਦੀਵਾਸੀ ਹੋਣ ਦੇ ਬਾਵਜੂਦ ਕਬੂਲਿਆ ਹੈ'। ਉਹ ਮਾਣ ਕਰਦੇ, ਭਾਵੇਂ ਮੂੰਹੋਂ ਬੋਲ ਕੇ ਜਾਂ ਨਫ਼ਰਤ ਭਰਪੂਰ ਨਿਗਾਹਾਂ ਨਾਲ ਝਾਕ ਕੇ। ਮੇਰਾ ਨਿੱਕਾ ਜਿਹਾ ਦਿਮਾਗ ਇਸ ਸਭ ਨੂੰ ਸਮਝ ਲੈਂਦਾ ਪਰ ਕੋਈ ਪ੍ਰਤੀਕਿਰਿਆ ਨਾ ਕਰਦਾ।

ਤੇ ਮੈਂ!...ਮੈਨੂੰ ਚੇਤੇ ਆਉਂਦਾ ਹੈ ਕਿਵੇਂ ਆਪਣਾ ਪੂਰਾ ਜ਼ੋਰ ਲਾਉਂਦੀ ਰਹਿੰਦੀ ਸੀ, ਇਨ੍ਹਾਂ ਲੋਕਾਂ ਵਰਗੀ ਬਣਨ ਦਾ। ਕੁੱਝ ਵੀ ਅਜਿਹਾ ਨਾ ਕਰਨ ਦਾ ਜਿਸ ਕਾਰਨ ਮੈਂ ਓਪਰੀ ਲੱਗਾਂ। ਉਂਜ ਮੈਨੂੰ ਹਰ ਵੇਲੇ ਅਹਿਸਾਸ ਰਹਿੰਦਾ ਸੀ...ਮੈਂ ਉਨ੍ਹਾਂ ਵਰਗੀ ਨਹੀਂ ਹਾਂ। ਇਨ੍ਹਾਂ ਤੋਂ ਵੱਖਰੀ ਤਰ੍ਹਾਂ ਦੀ ਹਾਂ ਪਰ ਮੈਂ ਹਾਂ ਕੌਣ? ਮੇਰਾ ਅੰਦਰਲਾ ਮੈਨੂੰ ਕਚੋਟਦਾ ਸੀ।

ਮੈਂ (1968 ਵਿਚ) ਛੇਵੀਂ ਜਮਾਤ ਵਿਚ ਪੜ੍ਹਦੀ ਸਾਂ। ਸਾਡੀ ਇਤਿਹਾਸ ਦੀ ਕਿਤਾਬ ਵਿਚ ਆਦੀਵਾਸੀਆਂ ਬਾਰੇ ਇਕ ਚੈਪਟਰ ਸੀ। ਉਹ ਪੜ੍ਹਨ ਤੋਂ ਬਾਅਦ ਮੈਨੂੰ ਪਤਾ ਲੱਗਾ ਕਿ ਮੈਂ 'ਚਿਪੇਵਾਇਨ' ਕਬੀਲੇ ਨਾਲ ਸਬੰਧਤ ਹਾਂ। ਮੇਰੇ ਕੋਲੋਂ ਇਹ ਸ਼ਬਦ ਸਹੀ ਨਹੀਂ ਬੋਲਿਆ ਗਿਆ ਸੀ ਤਾਂ ਇਕ ਗੋਰੇ ਜਮਾਤੀ ਨੇ ਜਦੋਂ ਕਿਹਾ, 'ਵੇਖੋ, ਬੈਟੀ ਕੋਲੋਂ ਆਪਣੇ ਲੋਕਾਂ ਦਾ ਨਾਂ ਵੀ ਸਹੀ ਨਹੀਂ ਬੋਲਿਆ ਜਾਂਦਾ!' ਮੈਂ ਘਬਰਾਹਟ ਅਤੇ ਸ਼ਰਮ ਨਾਲ ਪਾਣੀ-ਪਾਣੀ ਹੋ ਗਈ ਸਾਂ। 'ਮੇਰੇ ਕੋਲੋਂ ਆਪਣੇ ਹੀ ਵਜੂਦ ਦਾ ਨਾਂ ਨਹੀਂ ਬੋਲਿਆ ਜਾਂਦਾ? ਕਿਉਂ? ਕਿਉਂ? ਜਦੋਂ ਕਿ ਬੇਗਾਨੇ'...! ਮੈਂ ਆਪਣੀ ਬੇਵਸੀ ਅਤੇ ਮਜਬੂਰੀ 'ਤੇ ਗੁੱਸੇ ਨਾਲ ਕੰਬ ਰਹੀ ਸਾਂ।' ਉਸ ਨੇ ਆਪਣੇ ਕੰਬਦੇ ਹੱਥਾਂ ਨਾਲ ਆਪਣੇ ਮੱਥੇ ਨੂੰ ਟਟੋਲਿਆ ਜਿਵੇਂ ਉਸ ਸ਼ਰਮ ਦੇ ਅਹਿਸਾਸ ਨੂੰ ਪੂੰਝ ਰਹੀ ਹੋਵੇ। ਉਹ ਖਿੜਕੀ ਤੋਂ ਪਾਸੇ ਹਟ ਕੋਲ ਪਈ ਕੁਰਸੀ 'ਤੇ ਬੈਠ ਕਿਤਾਬ ਚੁੱਕ ਉਸ ਦੇ ਪੰਨੇ ਪਲਟਣ ਲੱਗ ਪਈ। ਇਕ ਅਚਵੀ ਜਿਹੀ ਉਸ ਨੂੰ ਚੈਨ ਨਹੀਂ ਲੈਣ ਦੇ ਰਹੀ ਸੀ।

''...ਚਾਹੇ ਜੋ ਵੀ ਸੀ, ਮੇਰੇ ਅੰਦਰ ਆਪਣੇ ਲੋਕਾਂ ਬਾਰੇ ਜਾਣਨ ਦੀ ਖੁਤਖੁਤੀ ਹਮੇਸ਼ਾ ਰਹਿੰਦੀ। ਦੋ ਕੁ ਸਾਲ ਬਾਅਦ ਮੈਨੂੰ ਲਾਇਬ੍ਰੇਰੀ ਵਿਚੋਂ ਇਕ ਛੋਟਾ ਜਿਹਾ ਪੈਂਫਲਿਟ ਲੱਭਾ, ਜਿਸ ਵਿਚ 'ਚਿਪੇਵਾਇਨ' ਕਬੀਲੇ ਬਾਰੇ ਅੱਧੇ ਕੁ ਪੰਨੇ ਦੀ ਜਾਣਕਾਰੀ ਦਾ ਮੂਲਸਾਰ ਨਿਕਲਦਾ ਸੀ ਕਿ 'ਇਹ ਲੋਕ ਬੜੇ ਖੂੰਖ਼ਾਰ ਤੇ ਲੜਾਕੇ ਹਨ। ਇਹ ਘੁਮੱਕੜ ਹਨ, ਇਕ ਥਾਂ ਟਿਕ ਕੇ ਨਹੀਂ ਰਹਿੰਦੇ। ਆਪਣੇ ਕਮਜ਼ੋਰ ਤੇ ਬਿਮਾਰ ਲੋਕਾਂ ਨੂੰ, ਜਿਹੜੇ ਤੁਰਨ-ਫਿਰਨ ਤੋਂ ਆਰੀ ਹੋ ਜਾਂਦੇ ਹਨ, ਆਪਣੇ ਕਬੀਲੇ 'ਚੋਂ ਬਾਹਰ ਕੱਢ ਦੇਂਦੇ ਹਨ।' ਇਹ ਪੜ੍ਹ ਕੇ ਮੇਰਾ ਮਨ ਖੱਟਾ ਹੋ ਗਿਆ। ਮੇਰੇ ਅੰਦਰ ਪਹਿਲੀ ਵਾਰ ਉਨ੍ਹਾਂ ਪ੍ਰਤੀ ਨਫ਼ਰਤ ਦਾ ਅਹਿਸਾਸ ਪਨਪਣ ਲੱਗਾ। ਮੈਂ ਹਤਾਸ਼ ਹੋ ਆਪਣੇ ਆਪ ਨੂੰ ਇਨ੍ਹਾਂ ਨਾਲੋਂ ਵੱਖ ਕਰੀ ਰੱਖਣ ਦਾ ਜਿਵੇਂ ਪ੍ਰਣ ਕਰ ਲਿਆ ਹੋਵੇ। ਜਿਨ੍ਹਾਂ ਲੋਕਾਂ ਵਿਚ ਰਹਿੰਦੀ ਸੀ, ਮੈਂ ਹੋਰ ਜ਼ਿਆਦਾ ਉਨ੍ਹਾਂ ਵਰਗਾ ਬਣਨ ਦਾ ਯਤਨ ਕਰਨ ਲੱਗ ਪਈ।'



ਉਹ ਆਪਣੇ ਅਤੀਤ ਦੇ ਪੰਨਿਆਂ 'ਤੇ ਪਿੱਛਲ-ਝਾਤ ਮਾਰਦੀ ਆਪਣੇ ਚੇਤਿਆਂ ਦੀਆਂ ਉਚਾਣਾਂ-ਨਿਵਾਣਾਂ ਵਿਚ ਉਲਝੀ ਹੋਈ ਸੀ।

'...ਹਾਂਅ! ਪਰ ਪਹਿਲੀ ਵਾਰ ਮੇਰਾ ਮਨ ਬੱਲੀਆਂ ਉਛਲਿਆ ਸੀ, ਜਦੋਂ ਮੈਨੂੰ ਪਤਾ ਲੱਗਾ ਕਿ ਮੇਰੀ ਇੱਕ ਭੈਣ ਹੈ। ਉਦੋਂ ਮੈਂ ਆਪਣੀ ਸਕੂਲੀ ਪੜ੍ਹਾਈ ਖਤਮ ਕਰ ਲਈ ਸੀ। ਇਕ ਦਿਨ ਸੋਸ਼ਲ ਵਰਕਰ ਨੇ ਮੇਰੇ ਮੰਮੀ ਨੂੰ ਫੋਨ ਕਰ ਕੇ ਮੇਰੀ ਇੱਕ ਭੈਣ ਰੋਜ਼ੇਲ ਬਾਰੇ ਜਾਣਕਾਰੀ ਦਿੱਤੀ। ਉਸ ਨੂੰ ਜਨਮ ਵੇਲੇ ਹੀ ਮੇਰੀ ਮਾਂ ਤੋਂ ਵੱਖ ਕਰ ਕਿਸੇ ਗੋਰੇ ਪਰਿਵਾਰ ਨੂੰ ਦੇ ਦਿੱਤਾ ਗਿਆ ਸੀ। ਉਹ ਹੁਣ ਮਸਾਂ ਸਾਡੇ ਤੋਂ ਡੇਢ ਸੌ ਕਿਲੋਮੀਟਰ ਦੀ ਦੂਰੀ 'ਤੇ ਰਹਿੰਦੇ ਸਨ। ਪਹਿਲੀ ਵਾਰ ਮੈਨੂੰ ਕਿਸੇ ਆਪਣੇ ਦੇ ਹੋਣ ਦਾ ਅਹਿਸਾਸ ਹੋਇਆ ਸੀ। ਮੈਂ ਉਸ ਨੂੰ ਮਿਲਣਾ ਚਾਹੁੰਦੀ ਸੀ। ਉਸ ਨੂੰ ਵੇਖਣ ਲਈ ਤੜਪ ਰਹੀ ਸੀ ਪਰ ਅਫਸੋਸ! ਮੈਂ ਉਸ ਨੂੰ ਉਸੇ ਵੇਲੇ ਮਿਲ ਨਹੀਂ ਸਕਦੀ ਸੀ। ਅਜੇ ਸੌ ਪ੍ਰਕਾਰ ਦੀਆਂ ਸਰਕਾਰੀ ਕਾਰਵਾਈਆਂ ਦੀਆਂ ਵਲਗਣਾਂ ਪਾਰ ਕਰਨੀਆਂ ਪੈਣੀਆਂ ਸਨ।

**ਇਕ ਸ਼ਾਦੀ ਦੇ ਮੌਕੇ ਸਾਡੇ ਪਰਿਵਾਰ ਦੇ ਇੱਕ ਜਾਣਕਾਰ ਨੇ ਮੈਨੂੰ ਦੱਸਿਆ, 'ਬੈਟੀ, ਤੇਰੀ ਭੈਣ ਮੇਰੀ ਕਜ਼ਨ ਹੈ। ਉਹ ਮੇਰੀ ਆਂਟੀ ਕੋਲ ਰਹਿੰਦੀ ਹੈ। ਉਹ ਗੋਲ-ਮਟੋਲ ਜਿਹੀ ਬੜੀ ਪਿਆਰੀ ਹੈ।' ਤਾਂ ਮੇਰਾ ਮਨ ਮਸੋਸ ਕੇ ਰਹਿ ਗਿਆ ਸੀ। ਮੈਂ ਧੁਰ ਅੰਦਰ ਤਕ ਵਲੂੰਧਰੀ ਗਈ ਸੀ।'...'ਮੇਰੀ ਭੈਣ ਬਾਰੇ ਮੈਨੂੰ ਪਤਾ ਨਹੀਂ ਪਰ ਕੋਈ ਹੋਰ ਉਸ ਨੂੰ ਜਾਣਦਾ ਹੈ? ਮੈਨੂੰ ਉਸ ਬਾਰੇ ਕਿਉਂ ਨਹੀਂ ਪਤਾ?... ਉਸ ਬਾਰੇ ਕਿਸੇ ਹੋਰ ਨੂੰ ਮੇਰੇ ਨਾਲੋਂ ਵੱਧ ਪਤਾ ਹੈ ਅਤੇ ਉਹ ਉਸ ਦਾ ਰਿਸ਼ਤੇਦਾਰ ਹੈ। ਮੈਂ ਜੋ ਉਸ ਦੀ ਆਪਣੀ ਹਾਂ, ਮੇਰਾ ਕੋਈ ਰਿਸ਼ਤਾ ਈ ਨਹੀਂ ਉਸ ਨਾਲ? ਇਹ ਲੋਕ ਮੇਰੇ ਨਾਲੋਂ ਪਹਿਲਾਂ ਮੇਰੀ ਭੈਣ ਬਾਰੇ ਜਾਣਦੇ ਹਨ। ਕਿਉਂ? ਕਿਉਂ?' ਤੇ ਮੈਂ ਰੋਂਦੀ ਹੋਈ ਕਮਰੇ ਤੋਂ ਬਾਹਰ ਆ ਗਈ ਸੀ।**

ਆਖ਼ਰ ਦੋ ਕੁ ਮਹੀਨੇ ਬਾਅਦ ਮੈਂ ਆਪਣੀ ਭੈਣ ਨੂੰ ਮਿਲੀ। ਗਿਆਰਾਂ ਕੁ ਸਾਲ ਦੀ ਗੁਗਲੂ ਜਿਹੀ ਰੋਜ਼ੇਲ ਨੂੰ ਜੱਫੀ 'ਚ ਲੈ ਮੈਨੂੰ ਸਕੂਨ ਮਿਲਿਆ। 'ਇਹ ਮੇਰੀ ਆਪਣੀ ਹੈ। ਸਾਡੀਆਂ ਰਗਾਂ ਵਿਚ ਇਕੋ ਖ਼ੂਨ ਦੌੜਦਾ ਹੈ। ਸਾਡੇ ਹੱਥ-ਪੈਰ, ਸਾਡੀ ਮੁਸਕਰਾਹਟ ਕਿੰਨੀ ਰਲਦੀ ਹੈ! ਅਸੀਂ ਇਕੋ ਪਰਿਵਾਰ ਦੀਆਂ ਹਾਂ। ਸਾਡੀਆਂ ਜੜ੍ਹਾਂ ਸਾਂਝੀਆਂ ਹਨ। ਆਖਰ ਮੈਂ ਕਿਸੇ ਨੂੰ ਨਿਰੋਲ ਆਪਣਾ ਆਖ ਸਕਦੀ ਹਾਂ। ਮੇਰੇ ਵਜੂਦ ਦੀ ਪਛਾਣ ਦਾ ਇੱਕ ਅੰਸ਼ ਮੇਰੇ ਸਾਹਮਣੇ ਹੈ, ਮੇਰੇ ਆਗੋਸ਼ ਵਿਚ ਹੈ।' ਮੈਂ ਦੱਸ ਨਹੀਂ ਸਕਦੀ ਮੈਂ ਉਸ ਵੇਲੇ ਕੀ ਮਹਿਸੂਸਿਆ ਸੀ। ਮੇਰੀ ਪਿਆਸ ਨੂੰ ਉਸ ਘੜੀ ਜਿਵੇਂ ਸਵਾਂਤ ਬੂੰਦ ਮਿਲ ਗਈ ਹੋਵੇ।

ਹੁਣ ਅਸੀਂ ਦੋਵੇਂ ਭੈਣਾਂ ਚਿੱਠੀਆਂ ਦਾ ਆਦਾਨ-ਪ੍ਰਦਾਨ ਕਰਦੀਆਂ। ਕਦੇ-ਕਦਾਈਂ ਮਿਲਦੀਆਂ ਵੀ ਪਰ ਮੇਰੇ ਅੰਦਰਲੀ ਖੋਹ ਨੂੰ ਅਜੇ ਚੈਨ ਨਹੀਂ ਸੀ। ਰੋਜ਼ੇਲ ਵੀ ਮੇਰੇ ਵਾਂਗ ਆਪਣੀਆਂ ਜੜ੍ਹਾਂ ਤੋਂ ਉਖੜੀ ਹੋਈ ਸੀ।'...'ਸਾਡਾ ਸਾਂਝਾ ਮੂਲ ਕੀ ਹੈ? ਕਿੱਥੇ ਹੈ?' ਇਹ ਸੁਆਲ ਹਰ ਪਲ ਮੈਨੂੰ ਕਚੋਟਦਾ ਰਹਿੰਦਾ। 'ਅਸੀਂ ਭੈਣਾਂ ਜ਼ਰੂਰ ਹਾਂ ਪਰ ਸਾਡੀ ਕੋਈ ਵੀ ਯਾਦ ਸਾਂਝੀ ਨਹੀਂ ਹੈ। ਸਾਡਾ ਬਚਪਨ, ਸਾਡੀਆਂ ਖੇਡਾਂ, ਨਿੱਕੇ ਹੁੰਦਿਆਂ ਇੱਕ ਦੂਜੇ ਨਾਲ ਝਾਟਮ-ਝੂਟੇ ਹੋਣਾ ਕੁਝ ਵੀ ਚੇਤਿਆਂ 'ਚ ਸਾਂਭਣ ਜੋਗਾ ਨਹੀਂ ਹੈ।'...ਤੇ ਹੁਣ ਮੇਰੀ ਆਪਣੇ ਵਜੂਦ ਦੇ ਤਲਾਸ਼ ਦੀ ਪਿਆਸ ਹੋਰ ਤਖੇਰੀ ਹੁੰਦੀ ਗਈ। ਮੇਰਾ ਦਿਲ ਕਰਦਾ ਕਿ ਕਾਸ਼! ਕੋਈ ਕ੍ਰਿਸ਼ਮਾ ਵਾਪਰ ਜਾਵੇ।

'...ਤੇ ਮੈਂ ਉਨੀ ਵਰ੍ਹਿਆਂ ਦੀ ਸੀ। ਉਦੋਂ ਮੈਂ ਡੈਂਟਲ ਅਸਿਸਟੈਂਟ ਦੀ ਪੜ੍ਹਾਈ ਕਰ ਰਹੀ ਸੀ। ਮੇਰੀ ਟਰੇਨਿੰਗ ਯੂਰੇਨੀਅਮ ਨਾਂ ਦੇ ਕਸਬੇ ਵਿਚ ਲੱਗਣੀ ਤੈਅ ਹੋਈ, ਜੋ ਸੰਜੋਗ ਨਾਲ ਮੇਰੀ ਜੰਮਣ-ਭੌਂ ਸੀ। ਮੈਂ ਕੁਝ ਭਾਲ ਲੈਣ ਦੀ ਖੁਸ਼ੀ ਨਾਲ ਉਛਲ ਪਈ। ਉਥੇ ਮੈਂ ਆਪਣੇ ਸੁਪਵਾਈਜ਼ਰ ਨਾਲ ਉਸ ਦੇ ਘਰ ਹੀ ਰਹਿਣ ਲੱਗੀ। ਇੱਕ ਦਿਨ ਮੈਂ ਝਕਦੇ-ਝਕਦੇ ਆਪਣੀ ਸਾਰੀ ਕਹਾਣੀ ਸੁਪਰਵਾਈਜ਼ਰ ਨੂੰ ਕਹਿ ਸੁਣਾਈ। ਅਗਲੇ ਹੀ ਦਿਨ ਉਸ ਮੈਨੂੰ ਕਾਲੇ ਰੰਗ ਦੀ ਜਿਲਦ ਵਾਲਾ ਇੱਕ ਮੋਟਾ ਰਜਿਸਟਰ ਲਿਆ ਦਿੱਤਾ। ਇਹ ਆਲੇ-ਦੁਆਲੇ ਦੇ ਵਸਨੀਕਾਂ ਦੇ ਜਨਮ-ਮੌਤ ਦੇ ਅੰਦਰਾਜਾਂ ਦਾ ਰਿਕਾਰਡ ਸੀ। ਮੈਂ ਤੇ ਮੇਰੀ ਸੁਪਰਵਾਈਜ਼ਰ ਨੇ ਮਿਲ ਕੇ ਉਸ ਰਜਿਸਟਰ ਨੂੰ ਫਰੋਲਿਆ। ਮੈਂ ਖੁਸ਼ੀ ਨਾਲ ਲਗਭਗ ਚੀਕ ਹੀ ਪਈ, ਜਦੋਂ ਇੱਕ ਕਾਲਮ ਵਿਚ ਮੈਂ ਆਪਣੀ ਮਾਂ ਦਾ ਨਾਂ ਵੇਖਿਆ'...ਮੈਰੀ ਜੇਨ ਐਡਮ। ਉਸ ਦੇ ਹੇਠਾਂ ਮੇਰਾ ਨਾਂ ਤੇ ਮੇਰੀ ਜਨਮ ਮਿਤੀ ਸੀ ਅਤੇ ਨਾਲ ਮੇਰੇ ਤਿੰਨ ਭੈਣ ਭਰਾਵਾਂ'...ਐਸਥਰ, ਰੋਜ਼ੇਲ ਅਤੇ ਬੈਨ ਦੇ ਵੇਰਵੇ ਲਿਖੇ ਹੋਏ ਸਨ। ਪਹਿਲੀ ਵਾਰ ਮੈਂ ਆਪਣਾ ਨਾਂ ਇੱਕ ਪਰਿਵਾਰ ਵਿਚ ਸੰਮਲਿਤ ਵੇਖਿਆ। ਮੈਂ ਠੱਗੀ ਜਿਹੀ ਬੈਠੀ ਸਾਂ। 'ਮੇਰਾ ਇਕ ਭਰਾ ਵੀ ਹੈ ਤੇ ਮੇਰੇ ਤੋਂ ਛੋਟੀ ਇਕ ਹੋਰ ਭੈਣ ਵੀ ਹੈ।' ਮੈਨੂੰ ਆਪਣੀ ਭੈਣ ਐਸਥਰ ਦੇ ਜਨਮ ਦਾ ਤਾਂ ਚੇਤਾ ਵੀ ਨਹੀਂ। ਇਨ੍ਹਾਂ ਵੇਰਵਿਆਂ ਦੇ ਹਿਸਾਬ ਨਾਲ ਮੈਂ ਉਦੋਂ ਦੋ ਕੁ ਸਾਲ ਦੀ ਹੋਵਾਂਗੀ ਜਦੋਂ ਐਸਥਰ ਦਾ ਜਨਮ ਹੋਇਆ। ਉਹ ਮਸਾਂ ਤਿੰਨ ਕੁ ਮਹੀਨਿਆਂ ਦੀ ਸੀ, ਜਦੋਂ ਉਸ ਨੂੰ ਮੇਰੀ ਮਾਂ ਤੋਂ ਜੁਦਾ ਕਰ ਦਿੱਤਾ ਗਿਆ ਸੀ। ਫਿਰ ਭਲਾ ਮੈਨੂੰ ਕਿਵੇਂ ਕੁਝ ਯਾਦ ਰਹਿਣਾ ਸੀ!

...ਖ਼ੈਰ ਜੋ ਵੀ ਸੀ, ਉਸ ਵੇਲੇ ਇਨ੍ਹਾਂ ਆਪਣਿਆਂ ਦੇ ਹੋਣ ਦਾ ਅਹਿਸਾਸ ਮੈਨੂੰ ਧੁਰ ਅੰਦਰ ਤਕ ਭਰ ਗਿਆ। ਬੇਸ਼ਕ ਉਨ੍ਹਾਂ ਅੰਦਰਾਜਾਂ ਤੋਂ ਉਨ੍ਹਾਂ ਦੇ ਥਾਂ ਟਿਕਾਣੇ ਦਾ ਕੋਈ ਪਤਾ ਨਹੀਂ ਚਲਦਾ ਸੀ ਪਰ ਉਹ ਕਿਤੇ ਨਾ ਕਿਤੇ ਤਾਂ ਹੋਣਗੇ ਹੀ! ਉਸ ਪਲ ਇਹ ਸੋਚ ਹੀ ਮੇਰੇ ਸਕੂਨ ਲਈ ਕਾਫ਼ੀ ਸੀ। ਉਂਜ ਮੈਂ ਸਾਰਿਆਂ ਦੇ ਨਾਂ ਤੇ ਜਨਮ ਤਰੀਕਾਂ ਨੋਟ ਕਰ ਲਈਆਂ। ਹੁਣ ਮੇਰੇ ਕੋਲ ਕੁਝ ਸੀ, ਜੋ ਨਿਰੋਲ ਮੇਰਾ ਆਪਣਾ ਸੀ। ਮੈਂ ਹਮੇਸ਼ਾ ਚਾਹੁੰਦੀ ਸੀ 'ਮੈਂ ਕੌਣ ਹਾਂ?' ਮੈਂ ਹੁਣ ਤਕ 'ਇੰਡੀਅਨਜ਼' 'ਮੂਲਵਾਸੀ' 'ਆਦੀਵਾਸੀ' ਨਾਵਾਂ ਤੋਂ ਤ੍ਰਹਿੰਦੀ ਰਹੀ ਸੀ। ਮੈਂ ਆਪਣੇ ਆਪ ਨੂੰ ਗੋਰਿਆਂ ਦੀ ਦੁਨੀਆ ਵਿਚ ਸਮਾ ਲਿਆ ਸੀ। ਉਨ੍ਹਾਂ ਵਰਗਾ ਬਣਾ ਲਿਆ ਸੀ। ਉਨ੍ਹਾਂ ਦੀ ਬੋਲੀ, ਉਨ੍ਹਾਂ ਦਾ ਰਹਿਣ-ਸਹਿਣ ਅਪਣਾ ਲਿਆ ਸੀ। ਮੈਨੂੰ ਆਪਣੇ ਮੂਲ ਨਾਲ ਜੁੜਨ ਲਈ, ਆਦਿਵਾਸੀ ਕਹਾਉਣ ਤੇ ਮਹਿਸੂਸਣ ਲਈ ਲੰਮੀ ਜੱਦੋ-ਜਹਿਦ ਕਰਨੀ ਪੈਣੀ ਸੀ। ਅਜੇ ਮੇਰੇ ਪੈਰਾਂ ਨੇ ਆਪਣੀ ਅਸਲੀ ਪਛਾਣ ਤਕ ਪਹੁੰਚਣ ਲਈ ਲੰਮਾ ਪੈਂਡਾ ਤੈਅ ਕਰਨਾ ਸੀ।' ਬੈਟੀ ਨੇ ਆਪਣਾ ਝੁਕਿਆ ਸਿਰ ਉਪਰ ਚੁੱਕਿਆ, ਮੱਥੇ ਨੂੰ ਦੋਵਾਂ ਹੱਥਾਂ ਨਾਲ ਪੋਲਾ-ਪੋਲਾ ਘੁੱਟਿਆ ਅਤੇ ਧੌਣ ਦੇ ਅਕੜਾਅ ਨੂੰ ਢਿੱਲਾ ਕਰਨ ਖਾਤਰ ਇਧਰ-ਉਧਰ ਘੁਮਾਇਆ। ਉਸ ਦੀ ਨਜ਼ਰ ਉਸ ਦੇ ਆਪਣੇ ਪਰਿਵਾਰ ਦੀ ਫੋਟੋ 'ਤੇ ਟਿਕ ਗਈ। ਉਹ, ਉਸ ਦਾ ਪਤੀ ਤੇ ਛੇ ਕੁ ਸਾਲ ਦੀ ਉਨ੍ਹਾਂ ਦੀ ਧੀ ਦੀ ਫੋਟੋ। ਉਸ ਨੂੰ ਆਪਣੇ ਇਸ ਪਰਿਵਾਰ ਨਾਲ, ਆਪਣੀ ਮਾਨਸਿਕ ਦੁਬਿਧਾ ਕਾਰਨ ਕੀਤੀ ਅਣਗਹਿਲੀ 'ਤੇ ਰੰਜ ਹੋਇਆ। ਉਸ ਡੂੰਘਾ ਸਾਹ ਲਿਆ। ਇੱਕ ਹਓਕਾ ਉਸ ਦੇ ਗਲ਼ ਵਿਚ ਅਟਕ ਕੇ ਰਹਿ ਗਿਆ।

ਮੈਂ, ਮੇਰੀ ਮਾਂ, ਮੇਰੇ ਭੈਣ ਭਰਾ...ਅਸੀਂ ਇਕ ਪਰਿਵਾਰ ਵਾਂਗ ਰਹਿਣ ਤੋਂ ਵਾਂਝੇ ਰਹਿ ਗਏ। ਸਾਡਾ ਬਚਪਨ ਰੁਲ਼ ਗਿਆ ਪਰ ਮੇਰੀ ਮਾਂ ਦਾ ਦਰਦ, ਮੇਰੀ ਮਾਂ ਦਾ ਆਪਣੇ ਬੱਚਿਆਂ ਤੋਂ ਜੁਦਾਈ ਦੀ ਪੀੜ ਦਾ ਅਹਿਸਾਸ ਮੈਨੂੰ ਧੁਰ ਅੰਦਰ ਤਕ ਚੀਰਦਾ ਰਹਿੰਦਾ ਸੀ।

ਸਭਿਅਕ ਬਣਾਉਣ ਦੇ ਨਾਂ 'ਤੇ ਆਦਿਵਾਸੀਆਂ ਦੇ ਬੱਚਿਆਂ ਨੂੰ ਜਬਰੀ ਉਨ੍ਹਾਂ ਦੇ ਮਾਪਿਆਂ ਤੋਂ ਵੱਖ ਕਰ 'ਰੈਜ਼ੀਡੈਂਸ਼ੀਅਲ ਸਕੂਲਾਂ' ਵਿਚ ਰਹਿਣ ਲਈ ਮਜਬੂਰ ਕਰਨਾ। ਉਨ੍ਹਾਂ ਦੀ ਬੋਲੀ, ਉਨ੍ਹਾਂ ਦੇ ਸਭਿਆਚਾਰ ਤੋਂ ਵੱਖ ਕਰ ਉਨ੍ਹਾਂ ਦੇ ਵਜੂਦ ਨੂੰ ਮਿਟਾਉਣ ਦੇ ਕੋਝੇ ਯਤਨ ਕਰਨਾ। ਉਨ੍ਹਾਂ ਨੂੰ ਗੋਰਿਆਂ ਦੁਆਰਾ ਗੋਰਿਆਂ ਦੀ ਪੜ੍ਹਾਈ ਕਰਵਾ ਉਨ੍ਹਾਂ ਦੇ ਮੂਲ ਨੂੰ ਛੁਟਿਆਉਣ ਦੇ ਉਪਰਾਲੇ ਕਰਨਾ। ਇੱਕ ਡੂੰਘੀ ਸਾਜ਼ਿਸ਼!...ਸੌ ਸਾਲ ਤੋਂ ਵੀ ਵੱਧ ਸਮੇਂ ਤਕ, ਕਈ ਪੀੜ੍ਹੀਆਂ ਇਨ੍ਹਾਂ ਸਕੂਲਾਂ ਵਿਚ ਰਹਿ ਆਪਣੇ ਮਾਪਿਆਂ, ਆਪਣੀ ਬੋਲੀ, ਆਪਣਾ ਸਭਿਆਚਾਰ ਭੁੱਲ ਨਵੇਂ ਸਿਖਾਏ ਗਏ ਸਭਿਅਕ ਸਮਾਜ ਦੇ ਵਾਸੀਆਂ ਦੇ ਨਾਂ 'ਤੇ ਸਮਾਜਿਕ ਟੁੱਟ-ਭੱਜ ਦਾ ਸ਼ਿਕਾਰ ਹੁੰਦੇ ਗਏ। ਨਤੀਜਾ!...ਨਸ਼ੇੜੀਆਂ, ਨਿਕੰਮਿਆਂ ਤੇ ਨਿਆਸਰਿਆਂ ਦੀ ਨਵੀਂ ਨਸਲ ਦਾ ਹੋਂਦ ਵਿਚ ਆਉਣਾ ਅਤੇ ਇੰਡੀਜੀਨਸ ਕਹੇ ਜਾਣ ਵਾਲਿਆਂ ਦੀਆਂ ਕਈ ਸਭਿਆਚਾਰਾਂ ਦਾ ਮੂਲੋਂ ਹੀ ਖਾਤਮਾ।'

ਮੇਰੀ ਮਾਂ ਇਸ ਸਭ ਕੁਝ ਦਾ ਸ਼ਿਕਾਰ ਹੋਈ। ਉਹ ਬਹੁਤ ਛੋਟੀ ਸੀ ਜਦੋਂ ਉਸ ਨੂੰ ਰੈਜ਼ੀਡੈਂਸ਼ੀਅਲ ਸਕੂਲ ਭੇਜ ਦਿੱਤਾ ਗਿਆ। ਉਹ ਅੱਲ੍ਹੜ ਸੀ ਜਦ ਉਹ ਸਕੂਲ ਛੱਡ ਬਾਹਰ ਦੀ ਦੁਨੀਆ ਵਿਚ ਆ ਸ਼ਾਮਲ ਹੋਈ। ਪੜ੍ਹੀ-ਲਿਖੀ ਕਹੀ ਜਾਣ ਕਰਕੇ ਉਹ ਮੁੜ ਕਦੇ ਆਪਣੇ ਫੂਹੜ ਕਹੇ ਜਾਣ ਵਾਲੇ ਮਾਪਿਆਂ ਕੋਲ ਨਹੀਂ ਗਈ। ਕਹਿੰਦੇ ਨੇ ਨਾ ਕਿ 'ਕਾਂ ਹੰਸਾਂ 'ਚ ਗਿਆ, ਨਾ ਉਹ ਹੰਸ ਬਣ ਸਕਿਆ ਨਾ ਕਾਵਾਂ ਜੋਗਾ ਰਿਹਾ' ਮੇਰੀ ਮਾਂ ਨਾਲ ਵੀ ਅਜਿਹਾ ਹੀ ਵਾਪਰਿਆ ਹੋਣੈ। ਉਹ ਸਭਿਅਕ ਕਹੇ ਜਾਣ ਵਾਲੇ ਸਮਾਜ ਵਿਚ ਸਭਿਅਕ ਜ਼ਿੰਦਗੀ ਜਿਉਂਦੀ 'ਸਿੰਗਲ ਮਦਰ' ਵਜੋਂ ਵਿਚਰਦੀ ਆਪਣੇ ਕਿਸੇ ਵੀ ਬੱਚੇ ਨੂੰ ਲਾਡ ਨਾ ਲਡਾ ਸਕੀ। ਆਪਣੀ ਛਾਤੀ ਨਾਲ ਲਾ ਸਕੂਨ ਨਾਲ ਸੌਂ ਨਾ ਸਕੀ। ਉਹ ਦਰ-ਦਰ ਭਟਕਦੀ ਕਦੇ ਕਿਸੇ ਮਰਦ ਨਾਲ ਸਾਂਝ ਪਾਉਂਦੀ ਅਤੇ ਕਿਸੇ ਹੋਰ ਨਾਲ ਜੀਉਣ ਦੇ ਸੁਪਨੇ ਬਟੋਰਦੀ ਰਹੀ। ਬੈਟੀ ਨੇ ਭਰ ਆਈਆਂ ਅੱਖਾਂ ਪੂੰਝੀਆਂ। ਅਤੀਤ ਦੇ ਪੰਨੇ ਪਲਟਦਿਆਂ ਉਸ ਦਾ ਅੰਦਰਲਾ ਵਲੂੰਧਰਿਆ ਪਿਆ ਸੀ। ਉਸ ਨੂੰ ਆਪਣੀ ਮਾਂ ਬਾਰੇ ਕੁਝ ਵੀ ਪਤਾ ਨਹੀਂ ਸੀ। ਉਹ ਕਿਹੋ ਜਿਹੀ ਦਿਸਦੀ ਹੋਵੇਗੀ?... ਉਸ ਦਾ ਕੱਦ-ਕਾਠ, ਉਸ ਦੀ ਸ਼ਕਲ, ਰੰਗ-ਰੂਪ...ਕੁਝ ਵੀ ਪਤਾ ਨਹੀਂ ਸੀ ਬੈਟੀ ਨੂੰ ਪਰ ਉਹ ਆਪਣੀ ਮਾਂ ਦੇ ਦਰਦ ਨੂੰ ਪਛਾਣ ਸਕਦੀ ਸੀ, ਮਹਿਸੂਸ ਕਰ ਸਕਦੀ ਸੀ ਕਿਉਂ ਜੁ ਉਹ ਖ਼ੁਦ ਇਕ ਮਾਂ ਸੀ। ਇਕ ਮਾਂ ਦੀ ਪੀੜ ਨੂੰ ਜਾਣਦੀ ਵੀ ਸੀ ਤੇ ਪਛਾਣਦੀ ਵੀ ਸੀ। ਚੇਤਿਆਂ ਦੀ ਇੱਕ ਚੀਸ ਉਸ ਦੇ ਮੱਥੇ ਵਿਚ ਉਭਰ ਖਲੋਤੀ।

ਉਦੋਂ ਮੇਰੀ ਮਾਂ ਵੈਨਕੂਵਰ ਦੇ ਪੂਰਬੀ ਪਾਸੇ ਰਹਿੰਦੀ ਸੀ, ਜਦੋਂ ਪਹਿਲੀ ਵਾਰ ਮੈਨੂੰ ਉਸ ਦੀ ਹੋਂਦ ਬਾਰੇ ਪਤਾ ਲਗਾ। ਇਹ ਵੀ ਇੱਕ ਮੌਕਾ-ਮੇਲ ਹੀ ਸੀ। ਇਕ ਵਾਰ ਬੱਸ ਵਿਚ ਸਫ਼ਰ ਕਰਦੇ ਸਮੇਂ ਮੇਰੀ ਮੁਲਾਕਾਤ ਮੇਰੀ ਮਾਂ ਦੀ ਜੰਮਣ-ਭੌਂ ਦੇ ਇਕ ਵਿਅਕਤੀ ਨਾਲ ਹੋ ਗਈ। ਉਸ ਦੱਸਿਆ ਕਿ ਉਸ ਦੇ ਨਾਨਾ ਤੇ ਮੇਰੀ ਮਾਂ ਰਿਸ਼ਤੇਦਾਰ ਹਨ, ਇਸ ਨਾਤੇ ਉਹ ਮੇਰਾ ਕਜ਼ਨ ਹੈ। ਉਸ ਦੱਸਿਆ ਕਿ ਮੇਰਾ ਨਾਨਾ ਮੇਰੀ ਮਾਂ ਤੇ ਉਸ ਦੇ ਬੱਚਿਆਂ ਨੂੰ ਬਹੁਤ ਯਾਦ ਕਰਦਾ ਰਹਿੰਦਾ ਹੈ। ਓਹ ਬਹੁਤ ਬੁੱਢਾ ਤੇ ਕਮਜ਼ੋਰ ਹੋ ਗਿਆ ਸੀ ਅਤੇ ਮਰਨ ਤੋਂ ਪਹਿਲਾਂ ਇਨ੍ਹਾਂ ਆਪਣਿਆਂ ਨੂੰ ਮਿਲਣ ਦੀ ਸਿੱਕ ਸੀਨੇ ਸੰਭਾਲੀ ਬੈਠਾ ਹੈ।

ਪਰ ਮੈਂ!...ਮੈਂ ਹੁਣ ਉਸ ਦੁਨੀਆ 'ਚ ਪੈਰ ਧਰਨ ਤੋਂ ਡਰਦੀ ਸੀ। ਮੇਰੀ ਇਕ ਆਪਣੀ ਦੁਨੀਆ ਸੀ। ਉਸ ਤੋਂ ਬਿਲਕੁਲ ਵੱਖਰੀ ਤਰ੍ਹਾਂ ਦੀ ਦੁਨੀਆ! ਮੈਂ ਕਦੇ ਵੀ ਉਥੇ ਜਾ ਮਿਲਣ ਦਾ ਹੌਸਲਾ ਨਾ ਬਟੋਰ ਸਕੀ। ਉਂਜ ਮੇਰੇ ਕਈ ਕਜ਼ਨ ਜਦ ਕਦੇ ਸ਼ਹਿਰ ਆਉਂਦੇ ਸਨ ਤਾਂ ਮੇਰਾ ਉਨ੍ਹਾਂ ਨਾਲ ਮੇਲ ਹੋ ਜਾਂਦਾ ਸੀ। ਉਨ੍ਹਾਂ ਵਿਚੋਂ ਹੀ ਇਕ ਨੇ 1985 ਵਿਚ ਮੈਨੂੰ ਸੂਚਿਤ ਕੀਤਾ ਕਿ ਸੈਲਵੇਸ਼ਨ ਆਰਮੀ ਦੀ ਮਦਦ ਨਾਲ ਉਸ ਮੇਰੀ ਮਾਂ ਦਾ ਟਿਕਾਣਾ ਲੱਭ ਲਿਆ ਹੈ। ***(ਬਾਕੀ ਅਗਲੇ ਸਫੇ 'ਤੇ)***

# ਮੇਰਾ ਪਿੰਡ, ਧਰਮ ਅਤੇ ਦਸਤਾਰ

ਅਸੀਂ ਸਿਆਲਕੋਟੀਏ ਹੁੰਨੇ ਆਂ। ਸਾਡੇ ਬਜ਼ੁਰਗ ਪਾਕਿਸਤਾਨ ਤੋਂ ਸਿਆਲਕੋਟ ਜ਼ਿਲ੍ਹੇ 'ਚੋਂ ਉੱਜੜ ਕੇ ਏਧਰ ਆਏ ਸਨ। ਹੁੱਕੇ ਪੀਂਦੇ ਸਨ, ਕੇਸ ਦਾੜੀਆਂ ਕਟਵਾਉਂਦੇ ਸਨ, ਪੱਗਾਂ ਬੰਨ੍ਹਦੇ ਸਨ, ਸਰਦਾਰ ਅਖਵਾਉਂਦੇ ਸਨ। ਘਰਦੇ ਦੱਸਦੇ ਹੁੰਦੇ ਸਨ ਕਿ ਮੇਰਾ ਜਨਮ 1953 ਦੇ ਕਰੀਬ ਹੋਇਆ ਸੀ। ਮੇਰੇ ਹੋਸ਼ ਸੰਭਾਲਣ ਤਕ ਮੇਰੇ ਪਿੰਡ ਵਿਚ ਸੌ ਕੁ ਘਰ ਸਨ। ਚਾਰ ਘਰ ਲੁਹਾਰਾਂ ਦੇ ਸਨ, ਉਂਜ ਪਰਿਵਾਰ ਇਕੋ ਸੀ। ਦੋ ਘਰ ਬ੍ਰਾਹਮਣਾਂ ਦੇ, ਤਿੰਨ ਘਰ ਝਿਊਰਾਂ ਦੇ ਅਤੇ ਤਿੰਨ ਹੀ ਘਰ ਘੁਮਿਆਰਾਂ ਦੇ ਸਨ। ਦੋ ਘਰ ਸੁਨਿਆਰਿਆਂ ਦੇ ਵੀ ਸਨ। ਇਕ ਘਰ ਬਾਅਦ ਵਿਚ ਮਜ਼ਹਬੀਆਂ ਦਾ ਵੀ ਏਥੇ ਆ ਕੇ ਬੈਠ ਗਿਆ। ਬਾਕੀ ਸਾਰੇ ਘਰ ਜੱਟਾਂ ਦੇ ਅਖਵਾਉਂਦੇ ਸਨ। ਜੱਟਾਂ ਤੋਂ ਬਿਨਾਂ

**ਡਾ. ਏ.ਐਸ. ਘੁੰਮਣ**
**ਫੋਨ: 97798-53245**

ਬਾਕੀਆਂ ਨੂੰ 'ਕੰਮੀ' ਕਿਆ ਜਾਂਦਾ ਸੀ। ਤਰਖਾਣਾਂ ਦਾ ਸਾਰਾ ਪਰਿਵਾਰ ਸਿੱਖ ਸੀ, ਵਡੇਰੇ ਵੀ ਅਤੇ ਬੱਚੇ ਵੀ ਕੇਸਾਧਾਰੀ ਸਨ ਅਤੇ ਬਾਕਾਇਦਾ ਗੁਰਦੁਆਰੇ ਜਾਂਦੇ ਸਨ। ਬਾਕੀ ਸਾਰੇ ਮਨਮਰਜ਼ੀ ਦੇ ਮਾਲਕ ਸਨ।

ਪਾਕਿਸਤਾਨੋਂ ਏਧਰ ਆ ਕੇ ਪਿੰਡ ਦਾ ਪਹਿਲਾ ਗੁਰਦੁਆਰਾ ਪਿੰਡ ਦੀ ਸੋਹਣੀ ਪੱਕੀ ਮਸੀਤ ਵਿਚ ਹੀ ਬਣਾ ਲਿਆ ਗਿਆ, ਭਾਵ ਉਥੇ ਗੁਰੂ ਗ੍ਰੰਥ ਸਾਹਿਬ ਦਾ ਪ੍ਰਕਾਸ਼ ਕਰ ਲਿਆ ਗਿਆ। ਪੱਕੀਆਂ ਅਲਾਟਾਂ ਵੇਲੇ ਜਦੋਂ ਉਹ 'ਮਸੀਤ' ਕਹੀ ਜਾਂਦੀ ਇਮਾਰਤ ਕਿਸੇ ਜੱਟ ਨੂੰ ਅਲਾਟ ਹੋ ਗਈ ਤਾਂ ਗੁਰਦੁਆਰਾ ਕਿਤੇ ਹੋਰ ਲਿਜਾਣਾ ਪਿਆ। ਫੇਰ ਸਾਡੇ ਵੇਂਹਦਿਆਂ-ਵੇਂਹਦਿਆਂ ਥੋੜਾ ਵੱਡਾ ਗੁਰਦੁਆਰਾ ਹੋਂਦ ਵਿਚ ਆਇਆ। ਗੁਰਦੁਆਰੇ ਵਿਚ ਪਾਰਟ ਟਾਈਮ ਭਾਈ ਸਵੇਰੇ-ਸ਼ਾਮ ਨਿਤਨੇਮ ਕਰਨ ਆਉਂਦਾ ਅਤੇ ਵਾਰੀ-ਵਾਰੀ ਜੱਟਾਂ ਦੇ ਘਰੋਂ ਪਰਸ਼ਾਦਾ ਛਕਦਾ। ਸੰਗਰਾਂਦ ਨੂੰ ਸੰਗਤ ਗੁਰਦੁਆਰੇ ਆਉਂਦੀ, ਮਹੀਨਾ ਸੁਣਨ। ਪਿੰਡ ਵਿਚੋਂ ਕਈ ਬੰਦੇ ਐਸੇ ਵੀ ਸਨ, ਜੋ ਕਦੀ ਗੁਰਦੁਆਰੇ ਨਹੀਂ ਸਨ ਆਉਂਦੇ। ਪਿੰਡ ਦੇ ਗੈਰ-ਜੱਟ (ਤਰਖਾਣਾਂ-ਲੁਹਾਰਾਂ ਤੋਂ ਬਿਨਾਂ) ਗੁਰਪੁਰਬ 'ਤੇ ਲੰਗਰ ਛਕਣ ਭਾਵੇਂ ਆ ਜਾਣ, ਉਂਜ ਗੁਰਦੁਆਰੇ ਨਾਲ ਉਨ੍ਹਾਂ ਦਾ ਬਹੁਤਾ ਸਬੰਧ ਨਹੀਂ ਸੀ। ਹਾਂ, ਕਦੀ ਕਿਸੇ ਦਾ ਜੀਅ ਕਰੇ, ਮੱਸਿਆ-ਸੰਗਰਾਂਦ ਗੁਰਦੁਆਰੇ ਆਉਣ ਦਾ ਤਾਂ ਕੋਈ ਮਨਾਹੀ ਵੀ ਨਹੀਂ ਸੀ।

ਪਿੰਡ ਦਾ ਇਕ ਪਰਜਾਪਤ ਸੀ, ਪਿਆਰਾ ਲਾਲ, ਸੋਹਣਾ ਗਾ ਲੈਂਦਾ ਸੀ। ਉਸ ਨੂੰ ਮਾਤਾ ਦੀਆਂ ਭੇਟਾਂ ਅਤੇ ਹੋਰ ਕਈ ਕਿੱਸੇ, ਬਿਰਤਾਂਤ ਜ਼ਬਾਨੀ ਯਾਦ ਸਨ। ਉਹ ਭਾਂਡੇ ਘੜਨ, ਪਕਾਉਣ ਅਤੇ ਵੇਚਣ ਦੇ ਆਪਣੇ ਕਾਰੋਬਾਰ ਦੇ ਨਾਲ-ਨਾਲ ਜਗਰਾਤੇ ਵੀ ਕਰਦਾ ਸੀ। ਪਿੰਡ ਦਾ ਇੱਕ ਤਕੜਾ ਜ਼ਿਮੀਂਦਾਰ ਸੋਹਣ ਸਿੰਘ ਰੋੜਸੀਆ ਹਰ ਸਾਲ ਜਗਰਾਤਾ ਕਰਾਉਂਦਾ ਸੀ। ਇੱਕ ਵਿਚਾਰਾ ਨਾਂ-ਵਲਦ ਵੀ ਕਈ ਸਾਲ ਬੱਚੇ ਦੀ ਦਾਤ ਲੈਣ ਲਈ ਮਾਤਾ ਦੇ ਜਗਰਾਤੇ ਕਰਾਉਂਦਾ ਰਹਿੰਦਾ ਸੀ ਅਤੇ 1970 ਦੇ ਕਰੀਬ ਉਸ ਨੇ ਪਿੰਡ ਦੇ ਬਾਹਰ ਜੂਹ ਵਿਚ ਇੱਕ ਛੋਟੀ ਜਿਹੀ ਕੋਠੜੀ ਬਣਾ ਕੇ ਉਸ ਵਿਚ ਮਾਤਾ ਦੀ ਫੋਟੋ ਰੱਖ ਕੇ 'ਮਾਤਾ ਰਾਣੀ' ਵੀ ਬਣਵਾਈ ਸੀ। ਏਥੇ ਕਈ ਲੋਕੀਂ ਬੱਚੇ ਦੇ ਮਾਤਾ ਨਿਕਲ ਆਉਣ 'ਤੇ ਸੁੱਖਣਾਂ ਸੁੱਖਦੇ ਅਤੇ ਮੱਥੇ ਟੇਕਦੇ ਸਨ। ਜੱਟਾਂ ਦੇ ਘਰਾਂ ਵਿਚੋਂ ਵੀ ਸਾਲ ਵਿਚ ਕੋਈ ਨਾ ਕੋਈ ਜਗਰਾਤਾ ਕਰਾਉਂਦਾ ਰਹਿੰਦਾ ਸੀ। ਬ੍ਰਾਹਮਣ ਸਗੋਂ ਜਗਰਾਤਾ ਕਦੀ ਕਿਤੇ ਵਿਆਹ-ਸ਼ਾਦੀ ਮੌਕੇ ਹੀ ਕਰਾਉਂਦੇ ਸਨ। ਅਖੰਡ ਪਾਠ ਕਰਾਉਣ ਦਾ ਕਾਰਜ ਵੀ ਨਾਲੋ-ਨਾਲ ਚੱਲੀ ਜਾਂਦਾ ਸੀ। ਕਈ ਵਾਰ ਅਖੰਡ ਪਾਠ ਦਾ ਸਵੇਰੇ ਭੋਗ ਪੈਂਦਾ ਅਤੇ ਰਾਤ ਨੂੰ ਮਾਤਾ ਦਾ ਜਗਰਾਤਾ ਹੁੰਦਾ।



1947 ਤੋਂ ਪਹਿਲਾਂ ਸਾਡਾ ਪਿੰਡ ਤਕੜੇ ਮੁਸਲਮਾਨ ਸੱਯਦਾਂ ਦਾ ਪਿੰਡ ਸੀ। ਪਿੰਡ ਤੋਂ ਬਾਹਰ ਇਕ ਤਕੜੀ ਖ਼ਾਨਗਾਹ ਸੀ ਅਤੇ ਵੱਡਾ ਖੁੱਲ੍ਹਾ ਕਬਰਸਤਾਨ ਸੀ। ਪਿੰਡ ਦੇ ਅੰਦਰ ਵੀ ਇਕ ਮਸੀਤ ਸੀ, ਜਿਸ ਨੂੰ ਪੀਰ ਲਾਚੇ ਸ਼ਾਹ ਦੀ ਜਗ੍ਹਾ ਕਹਿੰਦੇ ਸਨ ਅਤੇ ਪਿੰਡ ਦੇ ਬਾਹਰ ਇੱਕ ਹੋਰ ਸਮਾਧ ਸੀ, ਜਿਸ ਨੂੰ ਪੀਰ ਲਾਲ ਸ਼ਾਹ ਦੀ ਕਬਰ ਕਿਹਾ ਜਾਂਦਾ ਸੀ। ਇਨ੍ਹਾਂ ਥਾਵਾਂ 'ਤੇ ਲੋਕ ਸੁੱਖਣਾ ਸੁੱਖਦੇ ਸਨ ਅਤੇ ਸੁੱਖਣਾ ਪੂਰੀ ਹੋਣ 'ਤੇ ਵੀਰਵਾਰ ਵਾਲੇ ਦਿਨ ਚਿਰਾਗ ਬਾਲਦੇ ਸਨ ਅਤੇ ਪ੍ਰਸ਼ਾਦ ਚੜ੍ਹਾਉਂਦੇ ਸਨ। ਇਨ੍ਹਾਂ ਸਮਾਧਾਂ 'ਤੇ ਸਾਲਾਨਾ ਦੇਗ ਵੀ ਚੜ੍ਹਾਈ ਜਾਂਦੀ ਸੀ। ਪਿੰਡ ਤੋਂ ਕੋਈ ਦੋ-ਤਿੰਨ ਮੀਲ ਦੂਰ ਇੱਕ ਵੱਡੀ ਟਾਹਲੀ ਸੀ, ਜਿਸ ਨੂੰ ਪੀਰ-ਟਾਹਲੀ ਕਿਹਾ ਜਾਂਦਾ ਸੀ। ਏਥੇ ਵੀ ਹਰ ਵੀਰਵਾਰ ਚਿਰਾਗ ਬਾਲੇ ਜਾਂਦੇ ਸਨ ਅਤੇ ਪ੍ਰਸ਼ਾਦ ਚੜ੍ਹਾਇਆ ਜਾਂਦਾ ਸੀ। ਕਈ ਵਾਰੀ ਕੋਈ ਦੇਗ ਚੜ੍ਹਾਉਂਦਾ ਤਾਂ ਹੋਰ ਵੀ ਵਧੀਆ ਰੌਣਕ-ਮੇਲਾ ਲੱਗ ਜਾਂਦਾ। ਬਾਅਦ ਵਿਚ ਪਿੰਡ ਦੇ ਇਕ ਭਣੇਵੇਂ ਦੀ ਇਥੋਂ ਕੈਨੇਡਾ ਜਾਣ ਦੀ ਸੁੱਖਣਾ ਪੂਰੀ ਹੋ ਗਈ ਅਤੇ ਉਹ ਹਰ ਸਾਲ ਨਵੰਬਰ ਦੇ ਮਹੀਨੇ ਏਥੇ ਵੱਡਾ ਮੇਲਾ ਲਗਵਾਉਣ ਲੱਗ ਪਿਆ। ਉਸ ਵੱਲੋਂ ਵੇਖੋ-ਵੇਖੀ ਹੋਰ ਕਈ ਬਾਹਰ ਜਾਣ ਦੀਆਂ ਸੁੱਖਣਾ ਸੁੱਖਣ ਲੱਗੇ ਅਤੇ ਸੁੱਖਣਾ ਪੂਰੀ ਹੋਣ 'ਤੇ ਚੜ੍ਹਾਵੇ ਚੜ੍ਹਾਉਣ ਲੱਗੇ।

ਮੁੰਡੇ ਦੇ ਮੰਗਣੇ 'ਤੇ ਪਿੰਡ ਦੇ ਬਜ਼ੁਰਗ ਪੰਡਤ ਤੁਲਸੀ ਦਾਸ ਨੂੰ ਜ਼ਰੂਰ ਬੁਲਾਇਆ ਜਾਂਦਾ ਸੀ। ਉਹ ਚੌਕ ਪੂਰਨ ਦੀ ਰਸਮ ਅਦਾ ਕਰਦਾ ਅਤੇ ਕੁਝ ਨਾ ਸਮਝ ਆਉਣ ਵਾਲੇ ਮੰਤਰ ਉਚਾਰਦਾ। ਗੁਰਦੁਆਰੇ ਦਾ ਭਾਈ ਵੀ ਹਾਜ਼ਰ ਹੁੰਦਾ ਸੀ। ਉਹ ਅਰਦਾਸ ਕਰ ਦੇਂਦਾ ਸੀ। ਵਿਆਹ ਮੌਕੇ ਕੇਵਲ ਅਨੰਦ ਕਾਰਜ ਦੀ ਰਸਮ ਹੀ ਹੁੰਦੀ ਸੀ। ਸਿੱਖ ਅਖਵਾਉਂਦੇ ਜੱਟਾਂ ਵਿਚੋਂ ਵਡੇਰੇ, ਨੌਜੁਆਨ ਜਾਂ ਬੱਚੇ ਸਾਰੇ ਹੀ ਕੇਸਾਧਾਰੀ ਸਨ। ਕਈਆਂ ਦੇ ਕੇਸ ਰੱਖੇ ਸਨ ਪਰ ਦਾੜੀ-ਮੁੱਛ ਕਟਵਾਉਂਦੇ ਸਨ। ਕਈ ਕੇਸ ਤਾਂ ਰੱਖਦੇ ਸਨ ਪਰ ਸਿਰ ਦੇ ਐਨ ਵਿਚਕਾਰੋਂ ਟਿੰਡ ਕਰਾ ਲੈਂਦੇ ਸਨ, ਖਾਸ ਤੌਰ 'ਤੇ ਜੇ ਵਾਲ ਭਾਰੇ ਹੋਣ ਤਾਂ। ਪਿੰਡ ਵਿਚ ਨਾਈਆਂ ਦਾ ਕੋਈ ਘਰ ਨਹੀਂ ਸੀ, ਪਰ ਇਕ ਨਾਈ ਬਾਹਰਲੇ ਪਿੰਡੋਂ ਮਹੀਨੇ ਵਿਚ ਇੱਕ ਦੋ ਵਾਰੀ ਆਉਂਦਾ ਸੀ ਅਤੇ ਕੇਸਾਂ ਪ੍ਰਤੀ ਆਪਣੀਆਂ 'ਸੇਵਾਵਾਂ' ਨਿਭਾਅ ਜਾਂਦਾ ਸੀ, ਨਾਲੇ ਨਹੁੰ ਵਗੈਰਾ ਕੱਟ ਜਾਂਦਾ ਸੀ।

ਪਿੰਡ ਵਿਚ ਕੋਈ ਮੁਸਲਮਾਨ ਨਹੀਂ ਸੀ ਫਿਰ ਵੀ ਉਨ੍ਹਾਂ ਦੀਆਂ ਜਗ੍ਹਾ ਪੂਜੀਆਂ ਜਾਂਦੀਆਂ ਸਨ। ਪਿੰਡ ਵਿਚ ਦੋ ਘਰ ਹਿੰਦੂਆਂ ਦੇ ਸਨ ਪਰ ਕੋਈ ਮੰਦਰ ਨਹੀਂ ਸੀ। ਜੱਟਾਂ ਦੇ ਘਰਾਂ ਵਿਚੋਂ ਮਸੀਂ ਦੋ-ਤਿੰਨ ਬੰਦੇ ਹੋਣਗੇ ਜੋ ਪੂਰਨ ਗੁਰਸਿੱਖ ਸਨ। ਬਾਕੀ ਸਾਰੇ 'ਕੱਚੇ' ਸਿੱਖ ਸਨ। ਤਿੰਨ ਪੂਰਨ ਗੁਰਸਿੱਖਾਂ ਵਿਚੋਂ ਇੱਕ ਦਾ ਨਾਂ ਹੀ 'ਸਿੰਘ' ਰੱਖ ਦਿੱਤਾ ਗਿਆ ਸੀ ਕਿਉਂਕਿ ਉਸ ਨੇ 1947 ਦੇ ਦੰਗਿਆਂ ਸਮੇਂ ਮੁਸੀਬਤ ਵਿਚ ਪਏ ਹੋਣ ਦੇ ਬਾਵਜੂਦ ਕੇਸ ਨਹੀਂ ਸਨ ਕਟਵਾਏ। ਹੌਲਦਾਰ ਕੇਸਰ ਸਿੰਘ ਨਾਮੀ ਇਹ ਸਿੱਖ ਫ਼ੌਜ ਵਿਚ ਰਿਹਾ ਸੀ ਅਤੇ ਉਥੇ ਹੀ ਉਸ ਨੂੰ ਅੰਮ੍ਰਿਤ ਵੀ ਛਕਾਇਆ ਗਿਆ ਸੀ। ਪਹਿਲੇ ਵਿਸ਼ਵ ਯੁੱਧ ਵਿਚ ਉਹ ਕਿਤੇ ਉਝੜ ਰਾਹੀਂ ਪੈ ਗਿਆ ਅਤੇ ਸੱਤ ਸਾਲਾਂ ਦੀ ਗੁੰਮਸ਼ੁਦਗੀ ਤੋਂ ਬਾਅਦ ਘਰ ਪਹੁੰਚਿਆ ਸੀ। ਅੰਮ੍ਰਿਤਧਾਰੀ ਜੀਵਨ ਕਾਇਮ ਨਹੀਂ ਸੀ ਰਹਿ ਸਕਿਆ ਅਤੇ ਦੁਬਾਰਾ ਉਸ ਨੇ ਅੰਮ੍ਰਿਤ ਛਕਣ ਦੀ ਲੋੜ ਨਹੀਂ ਸੀ ਸਮਝੀ। ਉਂਜ ਉਹ ਸਾਰੀ ਉਮਰ ਸਾਬਤ ਸੂਰਤ ਗੁਰਸਿੱਖੀ ਵਾਲਾ ਜੀਵਨ ਬਤੀਤ ਕਰਦਾ ਰਿਹਾ। ਇਕ ਹੋਰ ਪੂਰਨ ਗੁਰਸਿੱਖ ਵੀ ਫ਼ੌਜ ਵਿਚ ਸਿੱਖ ਰੈਜਮੈਂਟ ਵਿਚ ਰਿਹਾ ਸੀ। ਪਿੰਡ ਵਿਚ ਉਹੀ ਅਸਲੀ ਅੰਮ੍ਰਿਤਧਾਰੀ ਸੀ ਪਰ ਉਹ ਬਹੁਤੇ ਵਿਖਾਵੇ ਵਿਚ ਨਹੀਂ ਸੀ ਪੈਂਦਾ। ਛੇਤੀ ਹੀ ਉਹ ਰਾਧਾ ਸੁਆਮੀ ਬਣ ਗਿਆ।

ਜੇ ਮੈਂ ਆਪਣੇ ਪਿੰਡ ਨੂੰ ਹੀ ਆਧਾਰ ਬਣਾ ਕੇ ਚੱਲਾਂ ਤਾਂ ਸਪੱਸ਼ਟ ਹੋ ਜਾਂਦਾ ਹੈ ਕਿ ਮੇਰੇ ਪਿੰਡ ਵਾਸੀਆਂ ਲਈ ਧਰਮ, ਕੇਸ ਅਤੇ ਦਸਤਾਰ ਕੋਈ ਵੱਡਾ ਮਸਲਾ ਨਹੀਂ ਸੀ। ਸਾਂਝਾ ਜਿਹਾ ਕੰਮ ਸੀ, ਮਰਜ਼ੀ ਵੀ ਚੱਲਦੀ ਸੀ। ਦਸਤਾਰ ਦਾ ਸਬੰਧ ਕੇਵਲ ਧਰਮ ਨਾਲ ਨਹੀਂ ਸੀ। 1960 ਦੇ ਕਰੀਬ ਪਿੰਡ ਦੇ ਸਾਰੇ ਹੀ ਬਜ਼ੁਰਗ ਪੱਗ ਬੰਨ੍ਹਦੇ ਸਨ, ਚਾਹੇ ਉਹ ਜੱਟ ਸਨ ਜਾਂ ਲੁਹਾਰ, ਤਰਖਾਣ, ਝਿਊਰ, ਸੁਨਿਆਰੇ, ਬ੍ਰਾਹਮਣ ਆਦਿ। ਪੱਗ ਉਨ੍ਹਾਂ ਦਾ ਸਮਾਜਿਕ, ਭਾਈਚਾਰਕ, ਸਭਿਆਚਾਰਕ ਪਹਿਰਾਵਾ ਸੀ। ਕੇਸਾਧਾਰੀ ਵੀ ਬੰਨ੍ਹਦੇ ਸਨ ਅਤੇ ਮੋਨੇ ਵੀ। ਜਦੋਂ ਘਰੋਂ ਜਾਂ ਪਿੰਡੋਂ ਬਾਹਰ ਜਾਂਦੇ ਸਨ ਤਾਂ ਪੱਗ ਵੱਲ ਉਚੇਚਾ ਧਿਆਨ ਦੇਂਦੇ ਸਨ। ਅੱਗੇ ਪਿੱਛੇ ਕਦੀ ਬੰਨ੍ਹ ਲੈਂਦੇ, ਕਦੀ ਨਾ ਵੀ ਬੰਨ੍ਹਦੇ। ਪਿੰਡ ਵਿਚ ਸਾਫ਼ਾ ਜਾਂ ਪਰਨਾ ਵਲ੍ਹੇਟ ਲੈਣਾ ਹੀ ਕਾਫ਼ੀ ਸੀ, ਪਰ ਇਹ ਗੱਲ ਅੱਜ ਨਵੀਂ ਪੀੜ੍ਹੀ ਬਾਰੇ ਨਹੀਂ ਕਹੀ ਜਾ ਸਕਦੀ। ਕੱਟੜਤਾ ਵੀ ਵਧੀ ਹੈ ਅਤੇ ਫੈਸ਼ਨ-ਪ੍ਰਸਤੀ ਵੀ। ਬਹੁਤ ਸਾਰੇ ਕਹੇ ਜਾਂਦੇ 'ਕੰਮੀ' ਪਰਿਵਾਰ ਸ਼ਹਿਰੀਂ ਸ਼ਿਫਟ ਹੋ ਗਏ ਹਨ।

ਰਹਿੰਦੇ ਪਰਿਵਾਰਾਂ ਵਿਚੋਂ ਕਿਸੇ ਦਾ ਵੀ ਬੱਚਾ ਪੱਗ ਨਹੀਂ ਬੰਨ੍ਹਦਾ। ਬਹੁਤ ਸਾਰੇ ਜੱਟ-ਸਿੱਖਾਂ ਦੇ ਬੱਚੇ ਵੀ ਮੋਨੇ ਹੋ ਗਏ ਹਨ। ਕਾਲਜ ਪਹੁੰਚਣ ਤਕ ਕਾਫ਼ੀ ਨੌਜੁਆਨ 'ਸਮਾਰਟ' ਲੱਗਣ ਦੀ ਹੋੜ ਵਿਚ ਵਾਲ ਕਟਾ ਲੈਂਦੇ ਹਨ। ਕੁੜੀਆਂ ਵੀ 'ਸਮਾਰਟ' ਮੁੰਡੇ ਨੂੰ ਪਹਿਲ ਦੇਣ ਲੱਗੀਆਂ ਹਨ। ਹੁਣ ਕੇਸਾਧਾਰੀ ਮੁੰਡੇ ਹੀ ਜ਼ਿਆਦਾਤਰ ਪੱਗ ਬੰਨ੍ਹੀ ਨਜ਼ਰ ਆਉਂਦੇ ਹਨ। ਹਾਂ, ਇਹ ਜ਼ਰੂਰ ਹੈ ਕਿ ਜਿਹੜੇ ਮੁੰਡੇ ਪੱਗਾਂ ਬੰਨ੍ਹਦੇ ਹਨ ਉਹ ਪਹਿਲਾਂ ਨਾਲੋਂ ਕਿਤੇ ਵੱਧ ਸਾਫ਼ ਸੁਥਰੀਆਂ ਅਤੇ ਰੰਗ-ਬਰੰਗੀਆਂ ਪੱਗਾਂ ਦੀ ਚੋਣ ਕਰਦੇ ਹਨ ਅਤੇ ਸੋਹਣੀ ਫੱਬਤ ਅਤੇ ਪ੍ਰਭਾਵਸ਼ਾਲੀ ਸਜਾਵਟ ਨਾਲ ਪੱਗਾਂ ਸਜਾਉਂਦੇ ਹਨ। ਪੂਣੀ ਕਰਨ ਅਤੇ ਪੱਗ ਬੰਨ੍ਹਣ ਵੱਲ ਬਹੁਤ ਜ਼ਿਆਦਾ ਧਿਆਨ ਵੀ ਦਿੰਦੇ ਹਨ ਅਤੇ ਸਮਾਂ ਵੀ ਲਾਉਂਦੇ ਹਨ। ਉਹ ਦਸਤਾਰ ਰਾਹੀਂ 'ਸਮਾਰਟ' ਬਣਨ ਦੀ ਕੋਸ਼ਿਸ਼ ਕਰਦੇ ਹਨ।

ਪਿੰਡ ਸੱਚੀਂ-ਮੁੱਚੀਂ ਬਹੁਤ ਬਦਲ ਗਿਆ ਹੈ।

## ਵਜੂਦ ਦੀ ਤਲਾਸ਼

### *(ਪਿਛਲੇ ਸਫੇ ਦੀ ਬਾਕੀ)*

ਉਸ ਮੈਨੂੰ ਮੇਰੀ ਮਾਂ ਦਾ ਪਤਾ ਦਿੱਤਾ। ਮੈਂ ਆਪਣੀ ਮਾਂ ਨੂੰ ਚਿੱਠੀ ਲਿਖੀ ਅਤੇ ਉਸ ਜੁਆਬ ਵੀ ਦਿੱਤਾ ਪਰ ਮੈਂ ਆਪਣੀ ਮਾਂ ਨੂੰ ਮਿਲਣ ਜਾਣ ਦੀ ਦੁਚਿੱਤੀ ਵਿਚ ਉਲਝਦੀ ਗਈ। ਕਿਉਂ? ਮੈਨੂੰ ਖੁਦ ਨੂੰ ਸਮਝ ਨਹੀਂ ਸੀ ਲਗਦੀ। ਮੇਰੇ ਕੋਲ ਇਸ 'ਕਿਉਂ' ਦਾ ਕੋਈ ਜੁਆਬ ਨਹੀਂ ਸੀ।

ਮੈਂ ਇਕ ਪਰਿਵਾਰ ਵਿਚ ਪਲ ਜੁਆਨ ਹੋਈ ਸੀ। ਮੇਰੇ ਮਾਂ-ਬਾਪ ਸਨ। ਜਿਵੇਂ ਦਾ ਵੀ ਸੀ ਉਨ੍ਹਾਂ ਨਾਲ ਮੇਰਾ ਇਕ ਰਿਸ਼ਤਾ ਇਕ ਸਬੰਧ ਬਣਿਆ ਹੋਇਆ ਸੀ। ਚਾਹੇ ਮੈਂ ਤਾ-ਉਮਰ ਆਪਣੀਆਂ ਜੜ੍ਹਾਂ ਤਲਾਸ਼ਦੀ ਔਝੜ ਰਾਹਾਂ ਦੀ ਪਾਂਧੀ ਬਣੀ ਰਹੀ, ਪਰ 30 ਕੁ ਵਰ੍ਹਿਆਂ ਦੀ ਆਪਣੀ ਉਮਰ ਦੇ ਇਸ ਪੜਾਅ 'ਤੇ ਇਹ ਸਬੰਧ ਬਣਾਉਣਾ ਮੈਨੂੰ ਸੁਖਾਲਾ ਨਹੀਂ ਸੀ ਲੱਗਦਾ। ਮੇਰੀ ਅੰਦਰਲੀ ਇਸ ਭਾਵਨਾ ਦਾ ਸਰੋਤ ਈ ਖੌਰੇ ਸੁੱਕ ਗਿਆ ਸੀ ਜਾਂ ਆਪਣੇ ਅਜੋਕੇ ਦਾਇਰੇ ਵਿਚੋਂ ਬਾਹਰ ਨਹੀਂ ਨਿਕਲਣਾ ਚਾਹੁੰਦੀ ਸੀ ਜਾਂ ਫਿਰ ਬਾਹਰ ਆ ਹੀ ਨਹੀਂ ਪਾ ਰਹੀ ਸੀ। ਇਕ ਝਿਜਕ...ਇਕ ਖਾਸ ਤਰ੍ਹਾਂ ਦੀ ਹਿਕਾਰਤ ਮੇਰਾ ਰਾਹ ਮੱਲੀ ਖਲੋਤੀ ਸੀ। ਸ਼ਾਇਦ ਧੁਰ ਅੰਦਰ ਕਿਤੇ ਆਪਣੀ ਮਾਂ ਦੇ ਚਿਹਰੇ 'ਤੇ ਪਸਰੀ ਪੀੜ ਵੇਖਣ ਦਾ ਜੇਰਾ ਨਹੀਂ ਕਰ ਪਾ ਰਹੀ ਸੀ। ਜੋ ਵੀ ਕੁਝ ਸੀ ਉਸ 'ਕੁਝ' ਨੇ ਮੇਰੀ ਮਾਂ ਨਾਲ ਮੇਰੇ ਰਿਸ਼ਤੇ ਨੂੰ ਮੁੜ ਪਨਪਣ ਲਈ ਕਈ ਵਰ੍ਹੇ ਲਾ ਦਿੱਤੇ। ਆਖਰ ਪੰਜ-ਛੇ ਵਰ੍ਹਿਆਂ ਦੇ ਅਰਸੇ ਬਾਅਦ ਜਦ ਮੇਰੀ ਮਾਂ ਦੇ ਕਦਮ ਉਸ ਦੀ ਜਮੰਣ-ਭੋਂ (ਸਸਕੈਚਵਨ) ਵੱਲ ਪਰਤੇ ਤਾਂ ਉਹ ਮੈਨੂੰ ਮਿਲਣ ਆਈ।' ਬੈਟੀ ਨੇ ਅੱਖਾਂ ਝਮਕੀਆਂ ਜਿਵੇਂ ਕੋਈ ਚਲਚਿੱਤਰ ਉਸ ਦੀਆਂ ਅੱਖਾਂ ਮੂਹਰੇ ਤੈਰਨ ਲੱਗ ਪਿਆ ਹੋਵੇ।

'ਅਸੀਂ ਮਾਂ-ਧੀ ਮਿਲੀਆਂ ਜ਼ਰੂਰ ਪਰ ਸਾਡੇ ਦਰਮਿਆਨ ਅਣਚਾਹੀ ਦੂਰੀ ਬਣੀ ਰਹੀ ਅਤੇ ਅਸੀਂ ਇਕ ਵਿੱਥ 'ਤੇ ਖੜੋ ਗੱਲਾਂ ਕਰਦੀਆਂ ਰਹੀਆਂ। ਵਰ੍ਹਿਆਂ ਦੀ ਦੂਰੀ ਨੂੰ ਨਾ ਉਹ ਅਤੇ ਨਾ ਮੈਂ ਹੀ ਸਹਿਜ-ਭਾਵ ਨਾਲ ਪਾਰ ਕਰਨ ਦਾ ਹੌਸਲਾ ਕਰ ਰਹੀ ਸੀ। ਸ਼ਾਇਦ ਮੈਂ ਆਪਣੇ ਬਚਕਾਨੇ ਸੁਆਲਾਂ ਨਾਲ ਉਸ ਨੂੰ ਪ੍ਰੇਸ਼ਾਨ ਨਹੀਂ ਕਰਨਾ ਚਾਹੁੰਦੀ ਸੀ ਤੇ ਉਹ ਦੋਸ਼ੀ ਭਾਵ ਹੇਠ ਦੱਬੀ ਬੋਚ-ਬੋਚ ਗੱਲ ਕਰ ਰਹੀ ਸੀ। ਆਪਣੇ ਅਤੀਤ ਨੂੰ ਫਰੋਲ ਲਫ਼ਜ਼ਾਂ ਰਾਹੀਂ ਬਿਆਨਣ ਤੋਂ ਗੁਰੇਜ਼ ਕਰਦੀ ਉਹ ਆਪਣੇ ਅੰਦਰਲੀ ਪੀੜ ਨੂੰ ਦਬਾਉਂਦੀ ਲੱਗਦੀ ਸੀ। ਗੱਲ ਕਰਦੀ ਉਹ ਕਿੰਨਾ ਕੁਝ ਅਣਕਿਹਾ ਰਹਿਣ ਦੇਂਦੀ ਤੇ ਮੈਂ ਕੁਝ ਪੁੱਛਣ-ਪੁੱਛਣ ਕਰਦੀ ਬੁੱਲ੍ਹਾਂ ਵਿਚ ਘੁਟ ਲੈਂਦੀ। ਮੇਰੇ ਸਾਹਮਣੇ ਮੇਰੀ ਮਾਂ ਬੈਠੀ ਹੈ। ਹੂ-ਬਹੂ ਮੇਰੇ ਵਰਗੀ! ਮੇਰੇ ਵਰਗੇ ਹੱਥ ਪੈਰ, ਉਹੋ ਜਿਹਾ ਚਿਹਰਾ ਅਤੇ ਕਮਜ਼ੋਰ ਝੁਰੜਾਏ ਪੀਲੇ ਚਿਹਰੇ ਦੇ ਹਾਵ-ਭਾਵ ਅਤੇ ਮੇਰੇ ਨਾਲ ਰਲਦੀ-ਮਿਲਦੀ ਮੁਸਕਰਾਹਟ ਵੀ! ਮੈਨੂੰ ਸਾਹਮਣੇ ਬੈਠੀ ਆਪਣੀ ਮਾਂ ਵਿਚ ਕੁਝ ਦਹਾਕਿਆਂ ਬਾਅਦ ਦਾ ਆਪਣਾ-ਆਪ ਵਿਖਾਈ ਦੇ ਰਿਹਾ ਹੈ। ਮੈਂ ਇਸ ਦੇ ਵਜੂਦ ਦਾ ਹਿੱਸਾ ਹਾਂ। ਇਹ ਮੇਰੀ ਤਲਾਸ਼ ਦਾ ਸੱਚ ਹੈ। ਇਸ ਸਮੇਂ ਇਹ ਸੋਚ ਤੇ ਸੱਚ ਮੈਨੂੰ ਸਕੂਨ ਦੇ ਰਿਹਾ ਸੀ। ਮੇਰੇ ਆਪਣੇ ਬਾਪ ਬਾਰੇ ਮੇਰੀ ਪੁੱਛ ਮੇਰੇ ਅੰਦਰ ਹੀ ਦੱਬ ਕੇ ਰਹਿ ਗਈ। ਮੈਨੂੰ ਉਸ ਦੇ ਵਰ੍ਹਿਆਂ ਦੇ ਆਠਰੇ ਜ਼ਖ਼ਮਾਂ ਨੂੰ ਖਰੀਂਢਣ ਦਾ ਕੋਈ ਹੱਕ ਨਹੀਂ ਸੀ। ਬੈਟੀ ਨੇ ਕਸੀਸ ਵੱਟੀ। ਆਪਣੇ ਬੁੱਲ੍ਹ ਟੁੱਕੇ ਤੇ ਉਠ ਕੇ ਟਹਿਲਣ ਲੱਗ ਪਈ। ਤਲਾਸ਼ ਦੇ ਥੱਕੇ ਪੈਰਾਂ ਨੂੰ ਅਜੇ ਵੀ ਚੈਨ ਨਹੀਂ ਸੀ। ਉਹ ਮੁੜ ਦੂਰੀਆਂ ਨਾਪਦੇ ਪ੍ਰਤੀਤ ਹੁੰਦੇ ਸਨ। ਬੈਟੀ ਦਾ ਬੇਚੈਨ ਜ਼ਿਹਨ ਅਜੇ ਵੀ ਰਹਿੰਦਾ ਸਫ਼ਰ ਸਰ ਕਰਨ ਲਈ ਖੌਰੂ ਪਾ ਰਿਹਾ ਸੀ।

ਹਾਂ, ਮੇਰੀ ਮਾਂ ਨਾਲ ਮੇਰਾ ਰਾਬਤਾ ਬਣਿਆ ਰਿਹਾ ਪਰ ਮੈਂ ਉਸ ਨੂੰ ਹੋਰ ਮਿਲਣ ਤੋਂ ਕਤਰਾਉਂਦੀ ਰਹੀ। ਆਪਣੀ ਮਾਂ ਨੂੰ ਮਿਲਣ ਤੋਂ ਪਹਿਲਾਂ ਮੈਂ ਹੌਸਲਾ ਕਰ ਆਪਣੇ ਨਾਨੇ ਨੂੰ ਮਿਲਣ ਚਲੇ ਗਈ ਸਾਂ। 'ਬੈਨ ਐਡਮ'—ਚੁਰਾਸੀ ਸਾਲਾਂ ਦਾ, ਦੁੱਧ ਚਿੱਟੇ ਵਾਲਾਂ ਵਾਲਾ, ਥੋੜ੍ਹਾ ਜਿਹਾ ਕੁੱਬਾ ਸੀ ਮੇਰਾ ਨਾਨਾ। ਜਿਹਦੀਆਂ ਅੱਖਾਂ ਵਿਚ ਕੁੱਝ ਗੁਆ ਦੇਣ ਦੀ ਪੀੜ ਸਾਫ਼ ਵਿਖਾਈ ਦੇਂਦੀ ਸੀ। ਉਸ ਪਿਆਰ ਨਾਲ ਮੇਰਾ ਸਿਰ ਪਲੋਸਿਆ ਤੇ ਲਗਪਗ ਸਾਰਾ ਸਮਾਂ ਮੇਰੇ ਹੱਥ ਨੂੰ ਆਪਣੇ ਕਮਜ਼ੋਰ ਹੱਥਾਂ ਵਿਚ ਫੜੀ ਰੱਖਿਆ। ਮੈਂ ਭਰੀਆਂ ਅੱਖਾਂ ਨਾਲ ਉਸ ਵੱਲ ਕੇਵਲ ਵੇਖ ਹੀ ਸਕਦੀ ਸੀ, ਕੋਈ ਬੋਲ ਸਾਂਝਾ ਕਰਨ ਤੋਂ ਅਸਮਰੱਥ ਸੀ। ਉਹ ਆਪਣੀ ਬੋਲੀ 'ਡੈਨੀ' ਬੋਲਦਾ ਸੀ ਅਤੇ ਮੈਨੂੰ ਅੰਗਰੇਜ਼ੀ ਹੀ ਆਉਂਦੀ ਸੀ। ਮੇਰੇ ਕਜ਼ਨ ਮੇਰੇ ਲਈ ਉਸ ਦਾ ਉਲੱਥਾ ਕਰਦੇ ਰਹੇ। ਮੇਰਾ ਅੰਦਰਲਾ ਮੈਨੂੰ ਲਾਹਨਤਾਂ ਪਾ ਰਿਹਾ ਸੀ, ਮੈਂ ਆਪਣੇ ਨਾਨੇ ਦੀ ਕਿਹੋ ਜਿਹੀ ਦੋਹਤੀ ਹਾਂ ਜਿਸ ਦੀ ਉਸ ਨਾਲ ਬੋਲਾਂ ਦੀ ਸਾਂਝ ਵੀ ਨਹੀਂ। ਮੇਰੇ ਤੋਂ ਮੇਰਾ ਪਰਿਵਾਰਕ ਬਚਪਨ ਤਾਂ ਖੋਹਿਆ ਹੀ ਸੀ, ਮੈਨੂੰ ਮੇਰੀ ਮਾਂ-ਬੋਲੀ, ਮਾਂ ਦੇ ਪਿਆਰ ਤੇ ਜੰਮਣ-ਭੋਇੰ ਦੀ ਰਸਭਿੰਨੀ ਮਹਿਕ ਤੋਂ ਵੀ ਵਿਰਵਾ ਕਰੀ ਰਖਿਆ ਸੀ, ਸਾਨੂੰ ਸਭਿਅਕ ਬਣਾਉਣ ਵਾਲੇ ਇਨ੍ਹਾਂ ਅਸਭਿਅਕ ਲੋਕਾਂ ਨੇ।' ਮੇਰਾ ਗਚ ਭਰ ਆਇਆ। ਮੈਂ ਉਥੇ ਹਾਜ਼ਰ ਸਾਰਿਆਂ ਤੋਂ ਵੱਖਰੀ ਸਾਂ। ਉਹ ਸਾਰੇ ਮੇਰੇ ਲਈ ਇਕ ਅਜੀਬ ਜਿਹਾ ਉਚੇਚ ਕਰ ਰਹੇ ਸਨ। ਮੈਨੂੰ ਆਪਣੇ ਆਪ ਤੋਂ ਕਚਿਆਣ ਆ ਰਹੀ ਸੀ। ਮੈਂ ਆਪਣਿਆਂ ਦਰਮਿਆਨ ਵੀ ਆਪਣਿਆਂ ਦਾ ਨਿੱਘ ਨਹੀਂ ਸਾਂ ਮਾਣ ਸਕਦੀ।

ਮੇਰੀ ਬੇਵਸੀ, ਮੇਰੀ ਲਾਚਾਰੀ ਸਿਰਫ਼ ਮੇਰੀ ਸੀ ਸਿਰਫ਼ ਮੇਰੀ। ਫਿਰ ਵਾਪਸੀ ਵੇਲੇ ਮੇਰੇ ਇਕ ਕਜ਼ਨ 'ਬਿਲੀ' ਨੇ ਮੈਨੂੰ ਹੱਥ ਦੀ ਕਢਾਈ ਕੀਤੇ ਫਰ ਵਾਲੇ ਬੂਟਾਂ ਦਾ ਜੋੜਾ ਦਿੱਤਾ, ਜਿਹੜਾ ਉਸ ਦੀ ਮਾਂ ਨੇ ਉਸ ਲਈ ਬਣਾਇਆ ਸੀ। ਮੈਨੂੰ ਲੱਗਾ ਮੈਂ ਇਸ ਕੀਮਤੀ ਤੋਹਫ਼ੇ ਦੇ ਯੋਗ ਨਹੀਂ ਹਾਂ। ਮੈਂ ਉਹ ਨਹੀਂ ਹਾਂ ਜੋ ਉਹ ਮੈਨੂੰ ਸਮਝਦੇ ਨੇ। ਮੇਰੇ ਅੰਦਰ ਗਿਲਾਨੀ ਦਾ ਪੱਕਾ ਫੋੜਾ ਫਿਸਣ-ਫਿਸਣ ਕਰ ਰਿਹਾ ਸੀ।' ਬੈਟੀ ਦੇ ਕਮਰੇ ਵਿਚ ਟਹਿਲਦੇ ਬੇਚੈਨ ਪੈਰ ਅਚਾਨਕ ਥੰਮ੍ਹ ਗਏ। ਉਸ ਰਸੋਈ ਵਿਚ ਜਾ ਪਾਣੀ ਦਾ ਗਲਾਸ ਪੀਤਾ। ਘੜੀ ਵੱਲ ਵੇਖਿਆ। ਅੱਧੇ ਕੁ ਘੰਟੇ ਤਾਈਂ ਉਸ ਨੇ ਆਪਣੀ ਬੇਟੀ ਐਨੀ ਨੂੰ ਲੈਣ ਜਾਣਾ ਸੀ। ਉਹ ਬਾਹਰ ਲਾਅਨ ਵਿਚ ਬੈਠ ਅਕਾਸ਼ ਦੀਆਂ ਨੀਲਤਾਈਆਂ ਵੱਲ ਤਕਦੀ ਆਪਣੇ ਵਜੂਦ ਦੇ ਅੰਤਮ ਸਫ਼ਰ ਦੀ ਪਾਂਧੀ ਬਣ ਗਈ।

'ਜਦੋਂ ਮੇਰੀ ਮਾਂ ਦੀ ਬਿਮਾਰੀ ਦੀ ਖ਼ਬਰ ਮੈਨੂੰ ਮਿਲੀ ਸੀ ਤਾਂ ਮੈਂ ਝਬਦੇ ਹਸਪਤਾਲ ਪਹੁੰਚ ਗਈ ਸਾਂ। ਮੇਰੀ ਭੈਣ ਰੋਜ਼ੇਲ ਵੀ ਆ ਗਈ ਸੀ। ਹਸਪਤਾਲ ਵਿਚ ਮੇਰੀ ਮਾਂ ਕੋਲ ਉਸ ਦਾ ਦੋਸਤ ਜੋਅ ਸੀ। ਹੱਡੀਆਂ ਦੀ ਮੁੱਠ ਮਾਂ ਨੂੰ ਵੇਖ ਮੇਰਾ ਮਨ ਤਰਸ ਨਾਲ ਭਰ ਗਿਆ। ਉਸ ਕੋਲੋਂ ਉਸ ਦੇ ਬੱਚਿਆਂ ਦਾ ਲਾਲਣ-ਪਾਲਣ, ਲਾਡ-ਦੁਲਾਰ ਖੋਹ ਲਿਆ ਗਿਆ ਸੀ। ਉਸ ਨੂੰ ਉਨ੍ਹਾਂ ਨਾਲ ਪਿਆਰ ਕਰਨ, ਝਿੜਕਣ ਤੇ ਸਮਝਣ-ਸਮਝਾਉਣ ਦੇ ਹੱਕ ਤੋਂ ਵਾਂਝਾ ਕਰ ਦਿੱਤਾ ਸੀ। ਵਿਯੋਗ ਦੀ ਪੀੜ ਝਲਦੀ ਉਹ ਹੁਣ ਰੁਖ਼ਸਤੀ ਦੇ ਨੇੜੇ ਹੈ- ਸੋਚ ਮੇਰੀਆਂ ਅੱਖਾਂ ਭਰ-ਭਰ ਡੁੱਲ੍ਹਦੀਆਂ ਰਹੀਆਂ। ਇਹ ਮੇਰੀ ਮਾਂ ਨਾਲ ਮੇਰੀ ਦੂਸਰੀ ਮੁਲਾਕਾਤ ਸੀ। ਬੋਲ ਤਾਂ ਜਿਵੇਂ ਮੁੱਕ ਗਏ ਸਨ। ਕੇਵਲ ਨਜ਼ਰਾਂ ਦਾ ਮੇਲ ਜਾਂ ਵਿਚ-ਵਿਚਾਲੇ ਹੱਥ ਘੁੱਟਣੀਆਂ ਹੀ ਰਹਿ ਗਈਆਂ ਸਨ।

ਕੁਝ ਦਿਨਾਂ ਬਾਅਦ ਮੇਰੀ ਮਾਂ ਸਾਨੂੰ ਛੱਡ ਕਿਤੇ ਦੂਰ ਚਲੇ ਗਈ, ਮੁੜ ਕਦੇ ਵੀ ਵਾਪਸ ਨਾ ਆਉਣ ਲਈ। ਅਸੀਂ ਉਸ ਦੀ ਮ੍ਰਿਤਕ ਦੇਹ ਨੂੰ ਉਸ ਦੀ ਜੰਮਣ-ਭੋਇੰ ਲੈ ਕੇ ਗਏ ਤਾਂ ਜਹਾਜ਼ ਵਿਚ ਮੈਂ, ਮੇਰੀ ਬੇਟੀ, ਮੇਰੀ ਭੈਣ ਰੋਜ਼ੇਲ ਅਤੇ ਜੋਅ ਉਸ ਦੇ ਨਾਲ ਸਾਂ। ਜਦੋਂ ਅਸੀਂ ਆਪਣੇ ਪਿੰਡ ਆਪਣੇ ਘਰ ਪਹੁੰਚੇ ਤਾਂ ਉਥੋਂ ਦੇ ਸਾਰੇ ਲੋਕ ਸਾਡੇ ਨਾਲ ਦੁੱਖ ਸਾਂਝਾ ਕਰਨ ਲਈ ਜਿਵੇਂ ਉਮੜ ਹੀ ਪਏ। ਅਗਲੇ ਦਿਨ ਦੀਆਂ ਅੰਤਮ ਰਸਮਾਂ ਲਈ ਉਹ ਸਾਡੇ ਨਾਲ ਸਾਰੀ ਰਾਤ ਮੇਰੀ ਮਾਂ ਦੇ ਮੁਰਦਾ ਸਰੀਰ ਕੋਲ ਬੈਠੇ ਜਾਗਦੇ ਰਹੇ ਅਤੇ ਮੇਰੀ ਮਾਂ ਦੀਆਂ, ਸਾਡੇ ਪਰਿਵਾਰ ਦੀਆਂ ਯਾਦਾਂ ਸਾਂਝੀਆਂ ਕਰਦੇ ਰਹੇ। ਆਪਣਿਆਂ ਦਰਮਿਆਨ ਵਿਚਰਨ ਦਾ ਇਹ ਅਨੁਭਵ ਮੈਂ ਪਹਿਲੀ ਵਾਰ ਮਹਿਸੂਸਿਆ ਸੀ। ਦਿਲ ਦੀਆਂ ਤਾਰਾਂ ਜੁੜ ਜਿਵੇਂ ਅੰਦਰਲਾ ਰੁਸਨਾ ਦਿੱਤਾ ਸੀ। 'ਇਹ ਮੇਰੇ ਆਪਣੇ ਹਨ, ਮੈਂ ਇਨ੍ਹਾਂ ਦੀ ਹਾਂ, ਇਨ੍ਹਾਂ ਵਿਚੋਂ ਇਕ ਹਾਂ।' ਸੋਚ ਮੈਂ ਨਸ਼ਿਆਈ ਗਈ ਸਾਂ। ਸਕੂਨੋ-ਸਕੂਨ ਹੋਈ ਪਈ ਸਾਂ।

'ਉਸ ਵੇਲੇ ਮੇਰੇ ਧੁਰ ਅੰਦਰ ਅਹਿਸਾਸ ਹੋ ਰਿਹਾ ਸੀ ਕਿ ਮੇਰੀ ਆਦਿਵਾਸੀ ਹੋਣ ਦੀ ਪਛਾਣ ਇਕ ਪਰਛਾਵੇਂ ਵਾਂਗ ਸੀ, ਜੋ ਹੁਣ ਤਕ ਮੇਰੇ ਪਿੱਛੇ-ਪਿੱਛੇ ਰਿਹਾ ਸੀ। ਮੈਂ ਕਿਸੇ ਹੋਰ ਦੁਨੀਆ ਵਿਚ ਰਲਣ ਖਾਤਰ ਉਸ ਤੋਂ ਡਰਦੀ ਰਹੀ ਸਾਂ, ਉਸ ਤੋਂ ਭੱਜਦੀ ਰਹੀ ਸਾਂ। ਹੁਣ ਜਦ ਮੈਂ ਦੌੜਨਾ ਛੱਡ ਰੁਕ ਗਈ ਹਾਂ ਤਾਂ ਉਸ ਪਰਛਾਵੇਂ ਨੂੰ ਕਲਾਵੇ ਵਿਚ ਲੈ ਮੈਂ ਆਪਣਾ ਇਕ ਹਮਸਾਇਆ ਲੱਭ ਲਿਆ ਹੈ। ਮੈਨੂੰ ਮੇਰਾ ਪਰਿਵਾਰ, ਮੇਰਾ ਆਪਾ, ਮੇਰਾ ਵਜੂਦ ਮਿਲ ਗਿਆ ਹੈ।' ਬੈਟੀ ਨੇ ਮਾਣ ਨਾਲ ਸਿਰ ਉੱਚਾ ਚੁੱਕ ਅਸਮਾਨ ਵੱਲ ਵੇਖਿਆ। ਅਕਾਸ਼ ਵਿਚ ਉਡੇ ਜਾਂਦੇ ਪੰਛੀਆਂ ਦੀਆਂ ਡਾਰਾਂ ਵੇਖ ਉਸ ਨੂੰ ਵੀ ਆਪਣਾ-ਆਪ ਖੁਸ਼ੀ ਨਾਲ ਹਵਾ ਵਿਚ ਤੈਰਦਾ ਪ੍ਰਤੀਤ ਹੋਣ ਲੱਗਾ। ਉਹ ਪਿਛਲੇ ਵਿਹੜੇ ਦਾ ਦਰਵਾਜ਼ਾ ਖੋਲ੍ਹ ਘਰ ਅੰਦਰ ਆਈ ਅਤੇ ਕਾਰ ਦੀਆਂ ਚਾਬੀਆਂ ਫੜ ਗਰਾਜ ਖੋਲ੍ਹਣ ਵਾਲਾ ਬਟਨ ਨੱਪ ਦਿੱਤਾ। ਉਸ ਆਪਣੀ ਬੇਟੀ ਨੂੰ ਸਕੂਲੋਂ ਲੈਣ ਜੁ ਜਾਣਾ ਸੀ ਪਰ ਜ਼ਿਹਨ ਵਿਚ ਅਜੇ ਵੀ ਕੌਤੂਹਲ ਸੀ।

'ਮੇਰੇ ਆਪੇ ਦੀ ਤਲਾਸ਼ ਦੀ ਦੌੜ ਦਾ ਹਾਸਲ ਮੈਂ ਪਾ ਲਿਆ ਹੈ ਪਰ ਤਲਾਸ਼ ਅਜੇ ਜਾਰੀ ਹੈ। ਮੇਰੇ ਉਨ੍ਹਾਂ ਆਪਣਿਆਂ ਦੀ ਜੋ ਪਤਾ ਨਹੀਂ ਕਿਥੇ ਬੈਠੇ ਇਸ ਸਭ ਤੋਂ ਅਣਜਾਣ ਹਨ। ਮੇਰੇ ਵਰਗਿਆਂ ਹੋਰਾਂ ਦੀ ਜੋ ਆਪਣੇ ਵਜੂਦ ਦੀ ਤਲਾਸ਼ ਦੀ ਤੜਪ ਨਾਲ ਜਿਊ ਰਹੇ ਹਨ।'

# ਪਹਿਲੀ ਹਵਾਲਾਤ ਯਾਤਰਾ

***ਹੀਰਾ ਸਿੰਘ ਦਰਦ (12 ਫਰਵਰੀ 1887-22 ਜੂਨ 1965) ਅਜਿਹੇ ਸਾਹਿਤਕਾਰ ਸਨ ਜਿਨ੍ਹਾਂ ਗੁਰਦੁਆਰਾ ਸੁਧਾਰ ਲਹਿਰ ਅਤੇ ਆਜ਼ਾਦੀ ਦੀ ਲੜਾਈ ਵਿਚ ਭਰਪੂਰ ਯੋਗਦਾਨ ਪਾਇਆ। ਬਾਅਦ ਵਿਚ ਉਨ੍ਹਾਂ ਸਾਹਿਤ ਦੇ ਜਥੇਬੰਦਕ ਵਿਹਾਰ ਨੂੰ ਅਮਲ ਵਿਚ ਲਿਆਂਦਾ। ਉਹ ਲੇਖਕ ਸਭਾ ਦੇ ਮੁਢਲੇ ਕਰਤਿਆਂ ਧਰਤਿਆਂ ਵਿਚੋਂ ਇਕ ਸਨ। ਇਸ ਲੇਖ ਵਿਚ ਉਨ੍ਹਾਂ ਆਪਣੀ ਪਹਿਲੀ ਗ੍ਰਿਫਤਾਰੀ ਦੇ ਦਿਲਚਸਪ ਕਿੱਸੇ ਦਾ ਜ਼ਿਕਰ ਛੋਹਿਆ ਹੈ।***

1910 ਵਿਚ ਪਹਿਲੀ ਵੇਰ ਮੈਨੂੰ ਬਰਤਾਨਵੀ ਸਰਕਾਰ ਦੀ ਹਵਾਲਾਤ ਵਿਚ ਇਕ ਦਿਨ ਪਰਾਹੁਣਾ ਬਣਨ ਦਾ ਅਵਸਰ ਮਿਲਿਆ। ਇਉਂ ਸਮਝ ਲਓ ਕਿ ਇਥੋਂ ਮੇਰੇ ਜਿਹਲੀ ਜੀਵਨ ਦਾ ਸਿਰੀ ਗਣੇਸ਼ ਹੋ ਗਿਆ। ਇਹ ਵਾਰਤਾ ਇਸ ਪਰਕਾਰ ਹੈ।

ਘਰੋਗੀ ਆਰਥਕ ਮਜਬੂਰੀਆਂ ਨੇ ਮੈਨੂੰ ਆਪਣੇ ਪਿਆਰੇ ਵਤਨ, ਕਰੰਗ ਨਦੀ ਦੇ ਪੂਰਬੀ ਕੰਢੇ ਦੀ ਹਰੀ ਭਰੀ ਤੇ ਸੁਹਾਵਣੀ ਧਰਤੀ ਤੋਂ ਧੱਕ ਕੇ ਗਰਮੀਆਂ ਵਿਚ ਭੱਠ ਤਪਦੀ ਲਾਇਲਪੁਰ ਦੀ ਬਾਰ ਵਿਚ ਭੇਜ ਦਿੱਤਾ। ਇਨ੍ਹਾਂ ਦਿਨਾਂ ਵਿਚ ਸਿੱਖਾਂ ਵਿਚ ਵਿਦਿਆ ਪਰਚਾਰ ਦੀ ਲਹਿਰ ਜ਼ੋਰ ਨਾਲ ਉੱਠ ਰਹੀ ਸੀ। ਪਹਿਲੀ ਸਿੱਖ ਵਿਦਿਅਕ ਕਾਨਫਰੰਸ ਗੁਜਰਾਂਵਾਲੇ ਹੋ ਚੁੱਕੀ ਸੀ ਤੇ ਲਾਇਲਪੁਰ ਵਿਚ ਖਾਲਸਾ ਹਾਈ ਸਕੂਲ ਖੁੱਲ੍ਹ ਗਿਆ ਸੀ। ਪਿੰਡਾਂ ਵਿਚ ਪਰਾਇਮਰੀ ਸਕੂਲ ਖੋਲ੍ਹਣ ਦੀ ਸਕੀਮ ਵੀ ਚੱਲ ਰਹੀ ਸੀ। ਵਿਦਿਆ ਪਰਚਾਰ ਨੂੰ ਧਰਮ ਪਰਚਾਰ ਦਾ ਅੰਗ ਸਮਝਿਆ ਜਾਂਦਾ ਸੀ। ਭਾਵੇਂ ਮੇਰੀ ਗਿਣਤੀ ਉਸ ਵੇਲੇ ਦੇ ਉਨ੍ਹਾਂ ਨੌਜਵਾਨਾਂ ਵਿਚੋਂ ਸੀ ਜਿਨ੍ਹਾਂ ਬਾਰੇ ਤੀਵੀਆਂ ਗੀਤ ਗਾਉਂਦੀਆਂ ਹੁੰਦੀਆਂ ਸਨ ਕਿ 'ਉਨ੍ਹਾਂ ਨਾਲ ਕੀ



**ਹੀਰਾ ਸਿੰਘ ਦਰਦ**

ਬੋਲਣਾ ਜਿਨ੍ਹਾਂ ਮਿਡਲ ਪਾਸ ਨਹੀਂ ਕੀਤਾ' ਅਰਥਾਤ ਮੈਂ ਮਿਡਲ ਵੀ ਪਾਸ ਨਹੀਂ ਸੀ ਕਰ ਸਕਿਆ ਪਰ ਡਾ. ਜਗਤ ਸਿੰਘ ਪਰਦੇਸੀ ਪਰਸਿਧ ਸਿੱਖ ਪਰਚਾਰਕ ਨੇ ਚਕ ਨੰ. 73 ਭਕਨਾ ਝਬਾਲ ਵਿਚ ਪਰਾਇਮਰੀ ਸਕੂਲ ਖੁਲ੍ਹਾ ਕੇ ਮੈਨੂੰ ਅਧਿਆਪਕ ਮੁਕੱਰਰ ਕਰ ਦਿੱਤਾ। ਮਿਡਲ ਪਾਸ ਗਭਰੂ ਦੀ ਚਾਹਵਾਨ ਕਿਸੇ ਮੁਟਿਆਰ ਦਾ ਪ੍ਰੇਮਪਾਤਰ ਤਾਂ ਮੈਂ ਨਾ ਬਣ ਸਕਿਆ ਪਰ ਇਕ ਵਿਦਿਆ ਤੇ ਧਰਮ ਪਰਚਾਰ ਦੇ ਪਰੇਮੀ ਨੇ ਮੇਰੇ ਨਾਲ ਉਹ ਪਿਆਰ ਕੀਤਾ ਜਿਸ ਨੇ ਮੈਨੂੰ ਲੋਕ-ਸੇਵਾ ਦੇ ਰਾਹੇ ਪਾ ਦਿੱਤਾ।

10 ਰੁਪਏ ਮਹੀਨਾ ਤੇ ਪਰਸ਼ਾਦਾ ਮੇਰੀ ਤਨਖਾਹ ਮੁਕੱਰਰ ਕੀਤੀ ਗਈ। ਭਾਵੇਂ ਤਨਖਾਹ ਥੋੜ੍ਹੀ ਸੀ ਪਰ ਇਥੇ ਇਲਾਕੇ ਵਿਚ ਵਿਦਿਆ ਤੇ ਧਰਮ ਪਰਚਾਰ ਦਾ ਉਤਸ਼ਾਹ ਭਰਪੂਰ ਵਾਯੂ ਮੰਡਲ ਸੀ, ਜਿਥੇ ਮੇਰੀਆਂ ਉਮੰਗਾਂ ਨੂੰ ਵਧਣ ਫੁਲਣ ਦਾ ਬੜਾ ਖੁਲ੍ਹਾ ਮੈਦਾਨ ਨਜ਼ਰ ਆ ਰਿਹਾ ਸੀ। ਇਸ ਕਰਕੇ ਮੈਂ ਬੜਾ ਪਰਸੰਨ ਸਾਂ।

ਵਧੇਰੇ ਆਰਥਕ ਤੰਗੀਆਂ ਮਨੁੱਖ ਨੂੰ ਵਧੇਰੇ ਧਰਮੀ ਜਾਂ ਇਨਕਲਾਬੀ ਬਣਨ ਵਲ ਧੱਕ ਦੇਂਦੀਆਂ ਹਨ। ਮੇਰੇ ਦਿਲ ਵਿਚ ਕੁਝ ਬਣਨ ਤੇ ਕੁਝ ਕਰਕੇ ਵਿਖਾਉਣ ਦਾ ਚਾਉ ਉਛਾਲੇ ਮਾਰ ਰਿਹਾ ਸੀ। ਮੈਂ ਸਮਝਦਾ ਸਾਂ ਕਿ ਧਾਰਮਕ ਰਹਿਣੀ ਬਹਿਣੀ ਵਿਚ ਪਰਪੱਕ ਹੋ ਕੇ ਨਾ ਕੇਵਲ ਆਪਣੀਆਂ ਤੰਗੀਆਂ ਤੋਂ ਛੁਟਕਾਰਾ ਪਰਾਪਤ ਕਰ ਲਵਾਂਗਾ ਬਲਕਿ ਵਧਰੇ ਲੋਕ-ਸੇਵਾ ਦੇ ਮੈਦਾਨ ਵਿਚ ਅੱਗੇ ਵਧ ਸਕਾਂਗਾ। ਭਜਨੀਕ ਸੰਤ, ਰਹਿਣੀ-ਬਹਿਣੀ ਵਿਚ ਪੱਕੇ ਸਿੱਖਾਂ ਤੇ ਸਤਿਸੰਗੀਆਂ ਨੂੰ ਮਿਲਣ ਗਿਲਣ ਤੇ ਉਨ੍ਹਾਂ ਤੋਂ ਸਿਖਿਆ ਪਰਾਪਤ ਕਰਨ ਅਤੇ ਸਿੱਖ ਇਤਿਹਾਸਕ ਧਰਮ ਅਸਥਾਨਾਂ ਦੇ ਦਰਸ਼ਨਾਂ ਦਾ ਬੜਾ ਸ਼ੌਕ ਸੀ।

ਸ੍ਰੀ ਅੰਮ੍ਰਿਤਸਰ ਦੇ ਦਰਸ਼ਨ ਦੀ ਖਾਸ ਤੌਰ ਤੇ ਬੜੀ ਸਿੱਕ ਲੱਗੀ ਰਹਿੰਦੀ ਸੀ। ਬਾਣੀ ਵਿਚ ਵੀ ਪੜ੍ਹਿਆ ਸੀ- "ਡਿਠੇ ਸਭੇ ਥਾਵ ਨਹੀ ਤੁਧੁ ਜੇਹਿਆ।" ਸੁੰਦਰੀ, ਬਿਜੈ ਸਿੰਘ ਤੇ ਸਿੱਖ ਇਤਿਹਾਸ ਵਿਚ ਤਾਂ ਅੰਮ੍ਰਿਤਸਰ ਦੀ ਮਹਿਮਾ ਦਾ ਹਿਸਾਬ ਨਹੀਂ ਸੀ। ਵਗਦੀਆਂ ਤਲਵਾਰਾਂ ਵਿਚ ਸਿੱਖ ਸ੍ਰੀ ਅੰਮ੍ਰਿਤਸਰ ਦਾ ਅਸ਼ਨਾਨ ਕਰਨ ਚਲੇ ਜਾਂਦੇ ਸਨ ਤੇ ਸ਼ਹੀਦੀਆਂ ਪਰਾਪਤ ਕਰਕੇ ਆਪਣਾ ਜੀਵਨ ਸਫਲ ਸਮਝਦੇ ਸਨ। ਮੈਂ ਦਿਲ ਵਿਚ ਕਹਿੰਦਾ ਸਾਂ- "ਓਹ ਲੋਕ ਕਿੰਨੇ ਭਾਗਾਂ ਵਾਲੇ ਹਨ ਜੋ ਸ੍ਰੀ ਅੰਮ੍ਰਿਤਸਰ ਵਸਦੇ ਹਨ। ਨਿੱਤ ਅੰਮ੍ਰਿਤ ਸਰੋਵਰ ਵਿਚ ਅਸ਼ਨਾਨ ਕਰਦੇ, ਅੰਮ੍ਰਿਤ ਬਾਣੀ ਦਾ ਕੀਰਤਨ ਸੁਣਦੇ ਅਤੇ ਨਾਮਰਸ ਦੇ ਹੁਲਾਰੇ ਲੈਂਦੇ ਹਨ।" ਮੈਂ ਇਉਂ ਤਸੱਵਰ ਬੰਨ੍ਹ ਰਿਹਾ ਸਾਂ ਕਿ ਜਦ ਕਦੀ ਮੈਂ ਸ੍ਰੀ ਅੰਮ੍ਰਿਤਸਰ ਦੇ ਅਸ਼ਨਾਨ ਕਰਾਂਗਾ, ਅੰਮ੍ਰਿਤ ਵੇਲੇ ਹਰਿਮੰਦਰ ਵਿਚ ਅੰਮ੍ਰਿਤ ਭਿੰਨਾ ਕੀਰਤਨ ਸੁਣਾਂਗਾ ਤਾਂ ਮੇਰੀ ਕਾਇਆ ਪਲਟ ਜਾਏਗੀ। ਮੇਰੇ ਅੰਦਰ ਕੋਈ ਜੋਤ ਜਾਗ ਉੱਠੇਗੀ ਅਤੇ ਫਿਰ ਮੈਂ ਕਈ ਲੋਕਾਂ ਦੇ ਜੀਵਨ ਪਲਟ ਦੇਵਾਂਗਾ। ਮੈਂ ਕਈ ਸਾਖੀਆਂ ਸੁਣੀਆਂ ਸਨ ਕਿ ਸਰੋਵਰ ਦੇ ਅੰਮ੍ਰਿਤ ਤੇ ਹਰਿਮੰਦਰ ਸਾਹਿਬ ਦੇ ਦਰਸ਼ਨ ਨਾਲ ਕਈਆਂ ਦੇ ਜੀਵਨ ਬਦਲ ਗਏ ਸਨ। ਇਤਿਹਾਸ ਵਿਚ ਇਹ ਵੀ ਪੜ੍ਹਿਆ ਸੀ ਕਿ ਅੰਮ੍ਰਿਤ ਸਰੋਵਰ ਵਿਚ ਕਾਂ ਨਹਾ ਕੇ ਹੰਸ ਬਣ ਗਿਆ ਸੀ ਤੇ ਪਿੰਗਲਾ ਨੌ ਬਰ ਨੌ ਹੋ ਗਿਆ ਸੀ! ਇਨ੍ਹਾਂ ਸਾਖੀਆਂ ਨੂੰ ਵੀ ਮੈਂ ਓਦੋਂ ਸੱਚੀਆਂ ਮੰਨਦਾ ਸਾਂ।



ਬੜੀਆਂ ਸੱਧਰਾਂ ਤੇ ਉਮੰਗਾਂ ਨਾਲ ਭਰਿਆ ਹੋਇਆ ਦਿਲ ਲੈ ਕੇ ਦੀਪ ਮਾਲਾ ਦੇ ਮੌਕੇ ਉੱਤੇ ਮੈਂ ਸ੍ਰੀ ਅੰਮ੍ਰਿਤਸਰ ਪਹੁੰਚ ਗਿਆ। ਬੜੀ ਸ਼ਰਧਾ ਭਗਤੀ ਨਾਲ ਸ੍ਰੀ ਹਰਿਮੰਦਰ ਸਾਹਿਬ ਦੇ ਦਰਸ਼ਨ ਤੇ ਅਸ਼ਨਾਨ ਕੀਤੇ। ਦਿਲ ਨੂੰ ਬੜੀ ਸ਼ਾਂਤੀ ਤੇ ਪਰਸੰਨਤਾ ਪਰਾਪਤ ਹੋਈ ਪਰ ਪਰਕਰਮਾ ਵਿਚ ਗੰਦ ਮੰਦ, ਸਰੋਵਰ ਦੇ ਕਿਨਾਰੇ ਬੈਠੇ ਪੰਡਤਾਂ ਤੇ ਮੰਗਤਿਆਂ ਦੀ ਭੀੜ ਅਤੇ ਪੁਜਾਰੀਆਂ ਤੇ ਰਾਗੀਆਂ ਦੀਆਂ ਲਾਲਚ ਭਰੀਆਂ ਨਜ਼ਰਾਂ ਤੇ ਲੋਭੀ ਹਰਕਤਾਂ ਵੇਖ ਕੇ ਦਿਲ ਵਿਚ ਦੁੱਖ ਵੀ ਬੜਾ ਹੋਇਆ। ਹਰਿਮੰਦਰ ਸਾਹਿਬ ਵਿਚ ਗੁਰੂ ਗਰੰਥ ਸਹਿਬ ਦੇ ਤਾਬੇ ਇਕ 10-12 ਵਰ੍ਹੇ ਦੇ ਬਾਲਕ ਨੂੰ ਬੈਠਾ ਵੇਖ ਕੇ ਮੈਂ ਹੈਰਾਨ ਰਹਿ ਗਿਆ। ਪੁੱਛਣ ਤੋਂ ਪਤਾ ਲੱਗਾ ਕਿ ਈਹੋ ਭਾਈ ਫਤੇ ਸਿੰਘ ਹੈਡ ਗਰੰਥੀ ਹੈ ਜਿਸ ਨੂੰ ਸਰਕਾਰ ਨੇ ਜੱਦੀ ਜਾਇਦਾਦ ਦੇ ਮਾਲਕ ਵਾਂਗ ਇਸ ਗੱਦੀ ਉੱਤੇ ਬਿਠਾ ਦਿੱਤਾ ਸੀ ਜਿਸ ਕਰਕੇ ਸਿੱਖ ਨਾਰਾਜ਼ ਸਨ।

ਮਥਰਾ ਤੇ ਬਨਾਰਸ ਦੇ ਪਾਂਡਿਆਂ ਦੀ ਠੱਗੀ ਦੀਆਂ ਗੱਲਾਂ ਸੁਣਦਾ ਹੁੰਦਾ ਸਾਂ ਪਰ ਅੱਜ ਸ੍ਰੀ ਹਰਿਮੰਦਰ ਸਾਹਿਬ ਦੇ ਪੁਜਾਰੀਆਂ ਨੂੰ ਵੇਖ ਕੇ ਮੈਂ ਖਿਆਲ ਕੀਤਾ ਕਿ ਇਹ ਵੀ ਉਨ੍ਹਾਂ ਤੋਂ ਘੱਟ ਨਹੀਂ ਹਨ। ਇਹ ਧਰਮ ਦੇ ਆਗੂ ਇਨ੍ਹਾਂ ਪਵਿੱਤਰ ਧਰਮ ਅਸਥਾਨਾਂ ਨੂੰ ਆਪਣੀਆਂ ਦੁਕਾਨਾਂ ਸਮਝ ਰਹੇ ਸਨ। ਮੈਂ ਸੋਚਦਾ ਸਾਂ 'ਜੇ ਘਰ ਪੰਨੈ ਪਾਹਰੂ ਤਿਸ ਕੋ ਰਖਵਾਰਾਂ', ਜੇ ਸਾਡੇ ਧਰਮ ਦੇ ਆਗੂਆਂ ਦਾ ਇਹ ਹਾਲ ਹੈ ਤਾਂ ਸਾਡੇ ਧਰਮ ਦਾ ਰੱਬ ਹੀ ਰਾਖਾ! ਗੁਰਦੁਆਰੇ ਉੱਤੇ ਅਮਲੀ ਤੌਰ 'ਤੇ ਸਰਕਾਰੀ ਕਬਜ਼ਾ ਸੀ। ਸਰਕਾਰ ਦਾ ਮੁਕੱਰਰ ਕੀਤਾ ਹੋਇਆ ਸਰਬਰਾਹ ਸਰਦਾਰ ਅਰੂੜ ਸਿੰਘ ਹੁਕਮ ਚਲਾਉਂਦਾ ਸੀ ਅਤੇ ਗਰੰਥੀ, ਪੁਜਾਰੀ, ਸਿੱਖ ਸੰਗਤਾਂ ਦੀ ਰਤਾ ਪਰਵਾਹ ਨਹੀਂ ਕਰਦੇ ਸਨ।

ਸਵੇਰ ਵੇਲੇ ਮਲਵਈ ਬੁੰਗੇ ਵਿਚ ਚੀਫ ਖਾਲਸਾ ਦੀਵਾਨ ਸਜਿਆ ਹੋਇਆ ਸੀ। ਮੈਂ ਉਥੇ ਜਾ ਬੈਠਾ। ਸ਼ਬਦ ਕੀਰਤਨ ਤੇ ਕਥਾ ਮਗਰੋਂ ਉਸ ਵੇਲੇ ਦੀ ਪਰਸਿਧ ਪਰਚਾਰਕਾ ਮਾਈ ਰਾਮ ਕੌਰ ਵਖਿਆਨ ਕਰਨ ਲੱਗ ਪਈ। ਥੋੜ੍ਹੇ ਚਿਰ ਮਗਰੋ ਇਕ ਡਾਢੀ ਦੁੱਖਦਾਈ ਘਟਨਾ ਵਾਪਰੀ ਜਿਸ ਨੇ ਸਾਰਾ ਪਰੋਗਰਾਮ ਬਦਲ ਦਿੱਤਾ। ਦੋ ਸਿੱਖ ਇਕ ਹਿੰਦੂ ਨੂੰ ਪਰਕਰਮਾ ਵਿਚੋਂ ਫੜ ਕੇ ਦੀਵਾਨ ਵਿਚ ਲੈ ਆਏ। ਉਸ ਦੀ ਮੈਲੀ ਜਿਹੀ ਧੋਤੀ ਦੀ ਗੰਢੜੀ ਵਿਚ ਕੁਝ ਬੱਧਾ ਹੋਇਆ ਸੀ। ਮਾਈ ਰਾਮ ਕੌਰ ਨੇ ਉਹ ਗੰਢੜੀ ਲੈ ਕੇ ਮੇਜ਼ ਉੱਤੇ ਰੱਖੀ। ਪਤਾ ਲੱਗਾ ਕਿ ਇਸ ਵਿਚ ਪੰਜ ਛੇ ਸੇਰ ਕੜਾਹ ਪਰਸ਼ਾਦ ਬੱਧਾ ਸੀ।

ਮਾਈ ਰਾਮ ਕੌਰ ਨੇ ਡਾਢੀ ਦਰਦ ਭਰੀ ਆਵਾਜ਼ ਵਿਚ ਆਖਿਆ-

"ਖਾਲਸਾ ਜੀ, ਇਹ ਜੇ ਸਾਡੇ ਪਵਿੱਤਰ ਗੁਰਧਾਮਾਂ ਦਾ ਹਾਲ! ਜਾਣਦੇ ਹੋ, ਇਹ ਕੀ ਚੀਜ਼ ਹੈ? ਇਹ ਪਵਿੱਤਰ ਕੜਾਹ ਪਰਸ਼ਾਦ ਹੈ। ਇਹ ਦੂਰ-ਦੂਰ ਤੋਂ ਆਈਆਂ ਸੰਗਤਾਂ ਦੀ ਪਵਿੱਤਰ ਸ਼ਾਰਧਾ ਭਗਤੀ ਹੈ ਜਿਹੜੀ ਇਥੇ ਟਕੇ ਸੇਰ ਵਿਕ ਰਹੀ ਹੈ! ਲਾਲਚੀ ਗਰੰਥੀ ਤੇ ਪੁਜਾਰੀ ਸ਼ਰਧਾ ਭਗਤੀ ਨਾਲ ਚੜ੍ਹਾਏ ਕੜਾਹ ਪਰਸ਼ਾਦ ਨੂੰ ਸੰਗਤਾਂ ਵਿਚ ਵੰਡਦੇ ਨਹੀਂ। ਪਰਸ਼ਾਦ ਚੜ੍ਹਾਉਣ ਵਾਲੇ ਨੂੰ ਥੋੜ੍ਹਾ ਜਿਹਾ ਦੇ ਕੇ ਬਾਕੀ ਸਾਰਾ ਇਕ ਵੱਡੇ ਕੜਾਹੇ ਵਿਚ ਇਕੱਠਾ ਕਰਦੇ ਰਹਿੰਦੇ ਹਨ ਅਤੇ ਆਨੇ ਦੋ ਆਨੇ ਸੇਰ ਵੇਚ ਕੇ ਪੈਸੇ ਇਕੱਠੇ ਕਰਦੇ ਹਨ। ਵਧਿਆ ਹੋਇਆ ਪਰਸ਼ਾਦ ਆਪਣੇ ਘਰੀਂ ਲਿਜਾ ਕੇ ਕੁੱਤਿਆਂ ਤੇ ਘੋੜਿਆਂ ਨੂੰ ਪਾਉਂਦੇ ਹਨ। ਸਾਡੀਆਂ ਅਖਬਾਰਾਂ ਗੁਰਦਆਰਿਆਂ ਦੀ ਦੁਰਦਸ਼ਾ ਬਾਰੇ ਦੁਹਾਈਆਂ ਪਾ ਰਹੀਆਂ ਹਨ ਪਰ ਸਰਕਾਰ ਪਰਵਾਹ ਨਹੀਂ ਕਰਦੀ ਅਤੇ ਤੁਸੀਂ ਸੁੱਤੇ ਪਏ ਹੋ। ਖਾਲਸਾ ਜੀ ਜਾਗੋ, ਜੀਉਂਦੇ ਹੋ ਕੇ ਮਰ ਗਏ ਹੋ! ਤੁਹਾਡੀ ਖਾਲਸਈ ਅਣਖ ਕਿਥੇ ਚਲੀ ਗਈ? ਭਾਈ ਸੁੱਖਾ ਸਿੰਘ ਤੇ ਮਹਿਤਾਬ ਸਿੰਘ ਨੂੰ ਯਾਦ ਕਰੋ।"

ਮਾਈ ਰਾਮ ਕੌਰ ਦੇ ਇਨ੍ਹਾਂ ਸ਼ਬਦਾਂ ਨੇ ਮੇਰਾ ਕਲੇਜਾ ਵਿੰਨ੍ਹ ਦਿੱਤਾ। ਸੰਗਤ ਵਿਚ ਵੀ ਸਨਾਟਾ ਛਾ ਗਿਆ।

ਮਾਈ ਰਾਮ ਕੌਰ ਦੇ ਲੈਕਚਰ ਮਗਰੋਂ ਇਕ ਦੋ ਲੈਕਚਰ ਹੋਰ ਹੋਏ। ਦੀਵਾਨ ਦੇ ਭੋਗ ਪੈਣ ਮਗਰੋਂ ਮਾਈ ਰਾਮ ਕੌਰ ਦੀ ਅਗਵਾਈ ਵਿਚ ਇਕ ਜੱਥਾ ਸ਼ਬਦ ਪੜ੍ਹਦਾ ਹੋਇਆ ਪਰਕਰਮਾ ਕਰਨ ਤੇ ਦਰਬਾਰ ਸਾਹਿਬ ਦੇ ਦਰਸ਼ਨਾਂ ਨੂੰ ਚੱਲ ਪਿਆ। ਮੈਂ ਬਾਜ਼ਾਰ ਮਾਈ ਸੇਵਾ ਵਿਚੋਂ ਕੁਝ ਪੁਸਤਕਾਂ ਖਰੀਦਣ ਲਈ ਚਲਾ ਗਿਆ।

ਕੋਈ ਅੱਧੇ ਕੁ ਘੰਟੇ ਮਗਰੋਂ ਬਾਜ਼ਾਰ ਵਿਚ ਰੌਲਾ ਪੈ ਗਿਆ ਕਿ ਮਾਈ ਰਾਮ ਕੌਰ ਦੇ ਜੱਥੇ ਨੂੰ ਹਰਿਮੰਦਰ ਸਾਹਿਬ ਦੀ ਪਰਕਰਮਾ ਵਿਚ ਡਾਂਗਾਂ ਨਾਲ ਕੁੱਟ-ਕੁੱਟ ਕੇ ਕਈਆਂ ਨੂੰ ਫੱਟੜ ਕਰ ਦਿੱਤਾ ਹੈ। ਮਾਈ ਰਾਮ ਕੌਰ ਵੀ ਬੁਰੀ ਤਰ੍ਹਾਂ ਫੱਟੜ ਹੋ ਗਈ ਹੈ।

ਸੁਧਾਰਕ ਖਿਆਲ ਦੇ ਸਿੰਘਾਂ ਤੇ ਪੁਜਾਰੀਆਂ ਵਿਚਕਾਰ ਚਿਰ ਤੋਂ ਵਿਰੋਧ ਵਧ ਰਿਹਾ ਸੀ। ਅੱਜ ਖੁੱਲ੍ਹੇ ਦੀਵਾਨ ਵਿਚ ਮਾਈ ਰਾਮ ਕੌਰ ਵਲੋਂ ਕੜਾਹ ਪਰਸ਼ਾਦ ਦੀ ਬੇ-ਅਦਬੀ ਤੇ ਦਰਬਾਰ ਸਾਹਿਬ ਵਿਚ ਪਰਚਲਤ ਕੁਰੀਤੀਆਂ ਵਿਰੁਧ ਧੜੱਲੇਦਾਰ ਵਖਿਆਨ ਨੇ ਉਨ੍ਹਾਂ ਨੂੰ ਸੱਤੀ ਕੱਪੜੀਂ ਅੱਗ ਲਾ ਦਿੱਤੀ ਸੀ। ਗਰੰਥੀਆਂ ਤੇ ਪੁਜਾਰੀਆਂ ਨੂੰ ਪਤਾ ਸੀ ਕਿ ਸਦਾ ਵਾਂਗ ਦੀਵਾਨ ਦੀ ਸਮਾਪਤੀ ਮਗਰੋਂ ਮਾਈ ਰਾਮ ਕੌਰ ਜੱਥਾ ਲੈ ਕੇ ਹਰਿਮੰਦਰ ਸਾਹਿਬ ਦਰਸ਼ਨ ਨੂੰ ਆਏਗੀ। ਪੈਰ ਉੱਤੇ ਬਦਲਾ ਲੈ ਕੇ ਦਿਲ ਠੰਡਾ ਕਰਨ ਲਈ ਉਨ੍ਹਾਂ ਨੇ ਡਾਂਗਾਂ ਸੋਟੇ ਇਕੱਠੇ ਕਰਕੇ ਤਿਆਰੀ ਕਰ ਲਈ ਸੀ। ਜਦੋਂ ਸ਼ਬਦ ਪੜ੍ਹਦਾ ਜੱਥਾ ਦਰਸ਼ਨੀ ਡਿਉਢੀ ਵਿਚੋਂ ਲੰਘ ਕੇ ਹਰਿਮਦਰ ਸਾਹਿਬ ਦੇ ਸਾਹਮਣੇ ਮੱਥਾ ਟੇਕਣ ਲੱਗਾ ਤਾਂ ਉਨ੍ਹਾਂ ਉੱਤੇ ਅਚਨਚੇਤ ਮੀਂਹ ਵਾਂਗ ਡਾਂਗਾਂ ਵਰ੍ਹਨੀਆਂ ਸ਼ੁਰੂ ਹੋ ਗਈਆਂ। ਉਨ੍ਹਾਂ ਨੂੰ ਸੁਪਨੇ ਵਿਚ ਵੀ ਖਿਆਲ ਨਹੀਂ ਸੀ ਕਿ ਗਰੰਥੀ ਪੁਜਾਰੀ ਅਜਿਹਾ ਕਹਿਰ ਕਮਾਉਣ ਉੱਤੇ ਉਤਰ ਆਉਣਗੇ ਪਰ ਉਨ੍ਹਾਂ ਨੂੰ ਡਰ ਕਾਹਦਾ ਸੀ?

"ਸਈਆਂ ਭਏ ਕੁਤਵਾਲ ਅਬ ਡਰ ਕਾਹੇ ਕਾ"।

ਸਰਕਾਰ ਮਾਈ ਬਾਪ ਦਾ ਹੱਥ ਉਨ੍ਹਾਂ ਦੇ ਸਿਰ ਉਪਰ ਸੀ। ਪੁਲਿਸ ਨੂੰ ਤੇ ਸਥਾਨਕ ਹਾਕਮਾਂ ਨੂੰ ਉਹ ਸਦਾ ਪ੍ਰਸੰਨ ਰੱਖਦੇ ਸਨ। ਸਿੱਖ ਸੰਗਤਾਂ ਨੂੰ ਉਹ ਟਿੱਚ ਸਮਝਦੇ ਸਨ। ਇਸ ਬੇਦਰਦੀ ਨਾਲ ਇਕ ਧਰਮ ਪਰਚਾਰਕਾ ਮਾਈ ਤੇ ਗੁਰੂ ਪਿਆਰੇ ਸਿੱਖਾਂ ਨੂੰ ਗੁਰੂ ਦੀ ਹਜ਼ੂਰੀ ਵਿਚ ਲਹੂ ਲੁਹਾਣ ਕਰਕੇ ਉਹ ਝੱਟ ਘੰਟਾ ਘਰ ਦੇ ਕੋਲ ਪੁਲਸ ਚੌਕੀ ਵਿਚ ਚਲੇ ਗਏ। ਰਿਪੋਰਟ ਲਿਖਾ ਦਿੱਤੀ ਕਿ ਮਾਈ ਰਾਮ ਕੌਰ ਸਿੰਘ ਸਭੀਆਂ ਦਾ ਜੱਥਾ ਲੈ ਕੇ ਗੁਰੂ ਦੀ ਗੋਲਕ ਲੁੱਟਣ ਆ ਪਈ ਸੀ। ਥਾਣੇਦਾਰ ਸਾਹਿਬ ਨੇ ਪੁਲਸ ਦੀ ਗਾਰਦ ਲੈ ਕੇ ਤੁਰਤ ਮਾਈ ਰਾਮ ਕੌਰ ਨੂੰ ਤੇ ਕੁਝ ਹੋਰ ਦੂਹਰੀਆਂ ਪੱਗਾਂ ਵਾਲੇ ਸਿੱਖਾਂ ਨੂੰ ਘੇਰੇ ਵਿਚ ਲੈ ਕੇ ਪੁਲਸ ਚੌਕੀ ਵਿਚ ਬੁਲਾ ਲਿਆ।

ਜਦ ਮੈਂ ਬਾਜ਼ਾਰ ਵਿਚ ਇਹ ਸਾਰੀ ਖਬਰ ਤੇ ਰੌਲਾ ਗੌਲਾ ਸੁਣਿਆ ਤਾਂ ਮੈਂ ਵੀ ਝੱਟ ਪੱਟ ਭੱਜਾ ਭੱਜਾ ਘੰਟਾ ਘਰ ਕੋਲ ਪੁਲਸ ਚੌਕੀ ਕੋਲ ਪੁਜਾ। ਉਥੇ ਹੋਰ ਗਰੰਥੀਆਂ ਤੋਂ ਬਿਨਾਂ ਇਕ ਮੱਧਰੇ ਕਦ ਦਾ ਚਿਲਕਦੇ ਲੰਮੇ ਦਾਹੜੇ ਵਾਲਾ ਗਰੰਥੀ ਸੀ ਜਿਸ ਦਾ ਦਾਹੜਾ ਧੁਨੀ ਤੋਂ ਹੇਠਾਂ ਤਕ ਲੰਮਾ ਸੀ। ਗਲ ਵਿਚ ਸਰਬ-ਲੋਹ ਦੀ ਮਾਲਾ ਤੇ ਹੱਥ ਵਿਚ ਸਿਮਰਨਾ ਸੀ। ਕੜਾਹ ਦੀ ਥਿੰਧਿਆਈ ਨਾਲ ਉਸ ਦਾ ਮੂੰਹ ਚਿਲਕ ਰਿਹਾ ਸੀ। ਮੈਨੂੰ ਵੇਖਦਿਆਂ ਹੀ ਥਾਣੇਦਾਰ ਨੂੰ ਕਹਿਣ ਲੱਗਾ- "ਲੌ ਜੀ ਅਹੁ ਆ ਗਿਆ ਜੇ, ਇਹ ਵੀ ਰਾਮ ਕੌਰ ਦੇ ਨਾਲ ਸੀ ਤੇ ਉੱਚੀ ਉੱਚੀ ਕਹਿੰਦਾ ਸੀ, 'ਫੜ ਲੌ ਗਰੰਥੀਆਂ ਨੂੰ ਤੇ ਲੁੱਟ ਲੌ ਗੋਲਕ'।"

ਮੈਨੂੰ ਪੁੱਛਣ ਦੀ ਹੁਣ ਕੀ ਲੋੜ ਸੀ! ਝੱਟ ਮੈਨੂੰ ਵੀ ਗ੍ਰਿਫ਼ਤਾਰ ਕਰ ਲਿਆ ਗਿਆ ਅਤੇ ਮੇਰੇ ਸਣੇ 20-25 ਸਿੰਘਾਂ ਨੂੰ ਘੇਰ ਕੇ ਸ਼ਹਿਰ ਦੀ ਕੋਤਵਾਲੀ ਵਿਚ ਜਾ ਡਕਿਆ।

ਇਹ ਸੀ ਮੇਰੀ ਪਹਿਲੀ ਹਵਾਲਤਾ ਯਾਤਰਾ। ਹਵਾਲਾਤ ਕੀ ਸੀ, ਘੋੜਿਆਂ ਦਾ ਅਸਤਬਲ ਸੀ। ਇਕ ਨੁੱਕਰ ਵਿਚ ਪਿਸ਼ਾਬ ਤੇ ਟੱਟੀ ਦਾ ਬੰਦੋਬਸਤ ਸੀ ਜਿਥੋਂ ਦੇ ਗੰਦ ਤੇ ਬਦਬੂ ਨਾਲ ਨੱਕ ਸੜ ਰਿਹਾ ਸੀ। ਓਥੇ ਗੱਲਾਂ ਬਾਤਾਂ ਕਰਨ ਤੋਂ ਪਤਾ ਲੱਗਾ ਕਿ ਗ੍ਰਿਫਤਾਰ ਹੋਇਆਂ ਵਿਚੋਂ ਅੱਧਿਆਂ ਤੋਂ ਵੱਧ ਉਹ ਸੱਜਣ ਸਨ ਜਿਹੜੇ ਅਜੇ ਪਰਕਰਮਾ ਵਿਚ ਵੀ ਨਹੀਂ ਗਏ ਸਨ।

ਗਰੰਥੀਆਂ ਦਾ ਝੂਠ ਫਰੇਬ ਤੇ ਧੱਕੇਸ਼ਾਹੀ ਅਤੇ ਪੁਲਸ ਵਲੋਂ ਬਿਨਾਂ ਪੁੱਛ ਗਿੱਛ ਦੇ ਅੰਧਾ ਧੁੰਦ ਗ੍ਰਿਫਤਾਰੀ ਵੇਖ ਕੇ ਮੈਂ ਆਖਿਆ- "ਇਸ ਦਾ ਨਾਂ ਹੈ ਅੰਧ ਰਾਜ ਤੇ ਬੇਦਾਦ ਨਗਰੀ"। ਸਾਰਾ ਦਿਨ ਅਸੀਂ ਹਵਾਲਤ ਵਿਚ ਭੁੱਖੇ ਭਾਣੇ ਡੱਕੇ ਰਹੇ। ਤ੍ਰਿਕਾਲਾਂ ਵੇਲੇ ਸਾਡੇ ਨਾਂ, ਪਤੇ ਤੇ ਬਿਆਨ ਲਿਖਣੇ ਸ਼ੁਰੂ ਕੀਤੇ ਗਏ। ਫਿਰ ਥਾਣੇਦਾਰ ਸਾਨੂੰ ਧਮਕੀਆਂ ਦੇ ਕੇ ਕਹਿਣ ਲੱਗਾ ਕਿ ਮਾਫੀਨਾਮਾ ਲਿਖ ਦਿਓ, ਤੁਹਾਨੂੰ ਰਿਹਾਅ ਕਰ ਦਿਆਂਗਾ।

ਮੈਂ ਪੁੱਛਿਆ- "ਥਾਣੇਦਾਰ ਸਾਹਿਬ ਡਾਕੇ ਦੇ ਮੁਕੱਦਮੇ ਵਿਚ ਮਾਫੀ ਕੈਸੀ? ਜੇ ਅਸਾਂ ਡਾਕਾ ਮਾਰਨ ਦਾ ਜੁਰਮ ਕੀਤਾ ਹੈ ਤਾਂ ਸਾਨੂੰ ਚਲਾਨ ਕਰੋ, ਅਸੀਂ ਮੁਕੱਦਮਾ ਲੜਾਂਗੇ।" ਬਿਆਨ ਲਿਖ ਕੇ ਥਾਣੇਦਾਰ ਚਲਦਾ ਹੋਇਆ।

ਘੰਟੇ ਕੁ ਮਗਰੋਂ ਸਾਡੇ ਜਾਤੀ ਮਚਲਕੇ ਲੈ ਕੇ ਸਾਨੂੰ ਛੱਡ ਦਿੱਤਾ ਗਿਆ।

ਮੈਂ ਅੰਮ੍ਰਿਤਸਰ ਸਾਹਿਬ ਬੜੀ ਸ਼ਰਧਾ ਭਗਤੀ ਤੇ ਤਾਂਘ ਨਾਲ ਦਿਲ ਵਿਚ ਆਤਮਕ ਜੋਤ ਜਗਾਉਣ ਦੇ ਆਸ਼ੇ ਨਾਲ ਗਿਆ ਸਾਂ। ਉਹ ਜੋਤ ਨਾ ਜਗੀ ਪਰ ਦਿਲ ਵਿਚ ਇਕ ਲਾਟ ਬਾਲ ਕੇ ਵਾਪਸ ਮੁੜਿਆ, ਇਹ ਲਾਟ ਗੁਰਦੁਆਰਾ ਸੁਧਾਰ ਤੇ ਰਾਜ ਪਰਬੰਧ ਦੇ ਸੁਧਾਰ ਦੀ ਅਬੁਝ ਅਗਨੀ ਸੀ।

ਇਹ ਹੈ ਮਰੀ ਪਹਿਲੀ ਹਵਾਲਾਤ ਯਾਤਰਾ ਦੀ ਸੰਖੇਪ ਕਥਾ।

## *ਹੀਰਾ ਸਿੰਘ ਦਰਦ ਦੀ ਕਵਿਤਾ : ਜਲ੍ਹਿਆਂ ਵਾਲੇ ਬਾਗ਼ ਦੀ ਵਸਾਖੀ*

ਜਲ੍ਹਿਆਂ ਵਾਲੇ ਬਾਗ਼ ਦੀ ਵਸਾਖੀ
ਐ ਬਾਗ਼ ਜਲ੍ਹਿਆਂ ਵਾਲਿਆ,
ਫਿਰ ਯਾਦ ਤੇਰੀ ਆ ਗਈ।
ਓਹੀ ਵਸਾਖੀ ਆ ਗਈ!

ਇਕਦਰ ਮਸ਼ੀਨਾਂ ਬੀੜੀਆਂ,
ਇਕਦਰ ਨੇ ਤਣੀਆਂ ਛਾਤੀਆਂ,
ਇਕਦਰ ਸਬਰ ਦੀਆਂ ਆਹੀਆਂ,
ਇਕਦਰ ਜਬਰ ਦੀਆਂ ਕਾਤੀਆਂ,

ਉਹ ਬੇਗੁਨਾਹਾਂ ਦੇ ਖ਼ੂਨ ਵਿਚ
ਰਜ ਰਜ ਕੇ ਓਥੇ ਨ੍ਹਾਤੀਆਂ।
ਐ ਬਾਗ਼ ਜਲ੍ਹਿਆਂ ਵਾਲਿਆ...

ਮੇਲੇ ਗਏ ਹੋਏ ਵੀਰ ਨੂੰ,
ਕੋਈ ਭੈਣ ਸਿਕਦੀ ਰਹਿ ਗਈ!
ਅਤੇ ਜਿਗਰ ਦੇ ਟੋਟੇ ਲਈ
ਅੰਬੜੀ ਪਟਿਕਦੀ ਰਹਿ ਗਈ!
ਨਾ ਜਾਈਂ ਅਜ ਦੀ ਰਾਤ ਵੇ
(ਕੋਈ) ਪ੍ਰੀਤਮ ਨੂੰ ਸਿਕਦੀ ਰਹਿ ਗਈ!
ਆਸਾਂ ਦੀ ਤੰਦੜੀ ਟੁਟ ਗਈ,
ਮੁੜ ਕੇ ਨਾ ਜਦ ਕੋਈ ਬਹੁੜਿਆ।
ਘਰ ਘਰ ਸੀ ਮਾਤਮ ਹੋ ਰਿਹਾ!

ਕੀ ਕਹਿਰ ਉਥੇ ਵਰਤਿਆ?
ਬਸ ਓਹੀ ਦਸ ਹੈ ਸਕਦੀ,
ਜਿਸ ਉਥੇ ਗੁਜ਼ਾਰੀ ਰਾਤ ਸੀ।
ਜ਼ੁਲਮਾਂ ਦੀ ਕਾਲੀ ਰਾਤ ਸੀ,
ਚੁਪ ਮੌਤ ਵਾਂਙੂ ਛਾ ਰਹੀ,
ਲੋਥਾਂ ਦਾ ਲੱਗਾ ਢੇਰ ਸੀ,
ਲਹੂ ਦੀ ਨਦੀ ਸੀ ਵਹਿ ਰਹੀ।
ਬੈਠੀ ਸਰ੍ਹਾਂਦੀ ਪਤੀ ਦੇ
ਇਕ ਰਤਨ ਦਈ ਸੀ ਰੋ ਰਹੀ!
ਬਸ ਉਹੀ ਦਸ ਹੈ ਸਕਦੀ,
ਜਿਸ ਓਥੇ ਗੁਜ਼ਾਰੀ ਰਾਤ ਸੀ।

ਉਸ ਜਲ੍ਹਿਆਂ ਵਾਲੇ ਬਾਗ਼ ਵਿਚ,
ਜੋ ਲਹੂ ਸ਼ਹੀਦੀ ਡੁਲ੍ਹਿਆ
ਸਾਨੂੰ ਅਜੇ ਨਹੀਂ ਭੁਲਿਆ।
ਡਾਇਰ ਦੀ ਤਕ ਕੇ ਡਾਇਰੀ,
ਦਰਦਾਂ ਨੇ ਕੀਤੀ ਸ਼ਾਇਰੀ।
ਮਾਸੂਮ ਬੇ-ਹਥਿਆਰ ਤੇ,
ਸ਼ਸਤ੍ਰ ਚਲਾਣਾਂ ਕਾਇਰੀ।
ਲਾਹਨਤ ਹੈ ਉਸ ਤਹਿਜ਼ੀਬ ਨੂੰ,
ਜਿਸ ਏਹ ਕਿਆਮਤ ਲਿਆ ਧਰੀ।
ਓਸੇ ਸ਼ਹੀਦੀ ਖ਼ੂਨ 'ਚੋਂ,
ਇਕ ਮਰਦ ਪੈਦਾ ਹੋ ਗਿਆ।
ਇਕ ਦਰਦ ਪੈਦਾ ਹੋ ਗਿਆ।

ਜਿਸਦਾ ਆਜ਼ਾਦੀ ਮਜ਼ਹਬ ਹੈ,
ਹਿੰਦੀ ਹੈ ਨਾਉਂ ਸਦਾਉਂਦਾ।
ਭਾਰਤ ਨੂੰ ਕਹਿੰਦਾ ਮਾਉਂ ਹੈ,
ਵੀਰਾਂ ਨੂੰ ਛਾਤੀ ਲਾਉਂਦਾ।
ਆਖੇ ਇਹ ਪ੍ਰਣ ਮੈਂ ਨਿਭਾਉਣਾ,
ਡਾਇਰਾਂ ਨੂੰ ਹੁਣ ਮੈਂ ਮੁਕਾਉਣਾ।
ਕਾਲਖ ਦਾ ਟਿਕਾ ਏਹ ਗੁਲਾਮੀ,
ਮਥਿਓਂ ਹੁਣ ਲਾਹੁਣਾ।

ਆਜ਼ਾਦ ਕਰਨਾ ਵਤਨ ਨੂੰ,
ਅਗੇ ਹੀ ਅਗੇ ਜਾਵਣਾ।
ਨਹੀਂ ਪੈਰ ਪਿਛੇ ਪਾਵਣਾ।
ਇਹ ਕੂਕ ਹੁਣ ਤਕ ਆ ਰਹੀ,
ਉਸ ਜਲ੍ਹਿਆਂ ਦੇ ਬਾਗ਼ ਦੀ:
"ਐ ਹਿੰਦੀਆ ਤੂੰ ਸੌਂ ਰਿਹਾ,
ਪਰ ਰਤਨ ਦਈ ਹੈ ਜਾਗਦੀ।
ਉਠਕੇ ਸ਼ਹੀਦੀ ਬੰਨ੍ਹ ਗਾਨਾ,
ਵਤਨ ਉਤੋਂ ਜਿੰਦ ਘੁਮਾ,
ਆਜ਼ਾਦ ਹਿੰਦ ਕਰਕੇ ਵਿਖਾ।"

ਐ ਬਾਗ਼ ਜਲ੍ਹਿਆਂ ਵਾਲਿਆ,
ਫਿਰ ਯਾਦ ਤੇਰੀ ਆ ਰਹੀ।
ਓਹੀ ਵਸਾਖੀ ਆ ਗਈ!

***(ਅਪਰੈਲ 1934)***

# ਪੂੰਜੀਵਾਦ ਧਰਤ ਨੂੰ ਕਿੰਝ ਕਰ ਰਿਹੈ ਬਰਬਾਦ

***ਪੂੰਜੀਵਾਦ ਨੇ ਅੱਜ ਦੇ ਮਨੁੱਖ ਨੂੰ ਇੰਨਾ ਸਵਾਰਥੀ ਬਣਾ ਦਿੱਤਾ ਹੈ ਕਿ ਉਸ ਨੂੰ ਆਪਣੀਆਂ ਆਉਣ ਵਾਲੀਆਂ ਪੀੜ੍ਹੀਆਂ ਦੇ ਹਨੇਰੇ ਭਵਿੱਖ ਦੀ ਵੀ ਕੋਈ ਚਿੰਤਾ ਨਹੀਂ ਹੈ। ਪੂੰਜੀਵਾਦੀ ਸੋਚ ਤਹਿਤ ਮੁਨਾਫਾ ਹੀ ਖੁਦਾ ਹੋ ਗਿਆ ਹੈ। ਜੇ ਪੂੰਜੀਵਾਦ ਦਾ ਇਹ ਵਿਕਾਸ ਮਾਡਲ ਇਸੇ ਰਫਤਾਰ ਨਾਲ ਜਾਰੀ ਰਿਹਾ ਤਾਂ ਆਉਣ ਵਾਲਾ ਵਕਤ ਬਹੁਤ ਖਤਰਨਾਕ ਹੋਵੇਗਾ। ਹਰੀਪਾਲ ਨੇ ਆਪਣੇ ਇਸ ਲੇਖ ਵਿਚ ਪੂੰਜੀਵਾਦ ਦੀ ਇਸ ਭਿਆਨਕ ਮਾਰ ਬਾਰੇ ਵਿਸਥਾਰ ਸਹਿਤ ਖੁਲਾਸਾ ਕੀਤਾ ਹੈ।***



ਪੂੰਜੀਵਾਦ ਤਾਂ ਖਤਰਨਾਕ ਹੈ ਹੀ ਪਰ ਪੂੰਜੀਵਾਦੀ ਸੋਚ ਜਿਹੜੀ ਆਮ ਲੋਕਾਂ ਦੇ ਦਿਮਾਗ ਵਿਚ ਘਰ ਕਰ ਗਈ ਹੈ, ਇਸ ਤੋਂ ਵੀ ਵੱਧ ਖਤਰਨਾਕ ਹੈ। ਅਸੀਂ ਇਹੋ ਜਿਹੇ ਸਮੇਂ ਵਿਚ ਜੀਅ ਰਹੇ ਹਾਂ ਜਦ ਕੋਈ ਕਿਸੇ ਤੇ ਇਤਬਾਰ ਨਹੀਂ ਕਰ ਸਕਦਾ, ਜਾਂ ਕਹੀਏ ਕਿ ਇਹ ਬੇਇਤਬਾਰੀ ਦਾ ਯੁਗ ਹੈ। ਹਾਲਤ ਇਹ ਹੋ ਗਏ ਹਨ ਕਿ ਗੂੜ੍ਹੇ ਰਿਸ਼ਤੇ ਪਤਲੇ ਪੈ ਗਏ ਹਨ। ਬਾਹਰ ਜਾਣ ਵਾਲਾ ਸ਼ਖਸ ਆਪਣੀ ਕੋਠੀ ਜਾਂ ਜ਼ਮੀਨ ਵਗੈਰਾ ਆਪਣੇ ਰਿਸ਼ਤੇਦਾਰਾਂ ਨੂੰ ਸੰਭਾਲ ਜਾਂਦਾ ਹੈ ਤੇ ਜਦ ਵਾਪਸ ਆ ਕੇ ਆਪਣੀ ਕੋਠੀ ਜਾਂ ਜ਼ਮੀਨ ਵਾਪਸ ਮੰਗਦਾ ਹੈ ਤਾਂ ਕਈ ਵਾਰੀ ਆਪਣੀ ਜਾਨ ਤੋਂ ਵੀ ਹੱਥ ਧੋ ਬੈਠਦਾ ਹੈ। ਕਿੰਨੇ ਹੀ ਭਰਾ ਜਿਹਨਾਂ ਨੇ ਬਾਹਰ ਜਾ ਕੇ ਬੇਹੱਦ ਕੰਮ ਕਰਕੇ ਆਪਣੇ ਘਰਾਂ ਨੂੰ ਪੈਰਾਂ ਸਿਰ ਕੀਤਾ, ਆਪਣੇ ਹੀ ਭਰਾਵਾਂ ਹੱਥੋਂ ਮਾਰੇ ਗਏ। ਕਿੰਨੀਆਂ ਹੀ ਸਾਡੀਆਂ ਧੀਆਂ ਜਾਂ ਭੈਣਾਂ ਆਪਣੇ ਮਾਪਿਆਂ ਤੋਂ ਜ਼ਮੀਨ ਵਿਚੋਂ ਹਿੱਸਾ ਲੈ ਲੈਂਦੀਆਂ ਹਨ ਜਾਂ ਮੰਗਦੀਆਂ ਹਨ ਪਰ ਆਪਣੇ ਸਹੁਰਿਆਂ ਦੀ ਜ਼ਮੀਨ ਵਿਚੋਂ ਆਪਣੀਆਂ ਨਣਦਾਂ ਨੂੰ ਹਿੱਸਾ ਦੇਣ ਨੂੰ ਤਿਆਰ ਨਹੀਂ।

ਪੂੰਜੀਵਾਦੀ ਸੋਚ ਨੇ ਮਨੁੱਖ ਨੂੰ ਹਾਬੜਾ ਲਾ ਦਿੱਤਾ ਹੈ। ਹਰ ਵੇਲੇ ਪੈਸਾ ਪੈਸਾ। ਮਨੁੱਖ ਨੇ ਪੈਸਾ ਕਮਾਉਣ ਲਈ ਫੈਕਟਰੀਆਂ ਲਾਈਆਂ, ਮਜ਼ਦੂਰਾਂ ਦੀ ਲੁੱਟ ਕੀਤੀ, ਫੈਕਟਰੀਆਂ ਦਾ ਗੰਦ ਧਰਤੀ ਵਿਚ

**ਹਰੀਪਾਲ**
**ਫੋਨ: +91-403-714-4816**


ਬੋਰ ਕਰਕੇ ਗਰਕ ਕਰ ਰਿਹਾ ਹੈ ਜਾਂ ਦਰਿਆਵਾਂ ਵਿਚ ਸੁੱਟ ਰਿਹਾ ਹੈ, ਨਾਲ਼ੇ ਉਸ ਨੂੰ ਪਤਾ ਹੈ ਕਿ ਪਾਣੀ ਹੀ ਜੀਵਨ ਹੈ; ਫਿਰ ਵੀ ਥੋੜ੍ਹਚਿਰੇ ਮੁਨਾਫੇ ਲਈ ਕੁਝ ਵੀ ਨਹੀਂ ਦੇਖਦਾ। ਸਾਰੇ ਮੁਲਕਾਂ ਵਿਚ ਪਲਾਸਟਿਕ ਦੀਆਂ ਫੈਕਟਰੀਆਂ ਹਨ, ਐਸ ਵੇਲ਼ੇ ਇੱਕ ਟਨ ਤੋਂ ਉਪਰ ਪਲਾਸਟਿਕ ਹਰ ਘੰਟੇ ਸਮੁੰਦਰ ਵਿਚ ਜਾ ਰਿਹਾ ਹੈ ਪਰ ਕੋਈ ਵੀ ਪ੍ਰਵਾਹ ਨਹੀਂ ਕਰ ਰਿਹਾ। ਸਮੁੰਦਰ ਵਿਚ ਪਲਾਸਟਿਕ ਦੇ ਤਿੰਨ ਵੱਡੇ ਵੱਡੇ ਗਾਰਬੇਜ ਟਾਪੂ ਬਣ ਗਏ ਹਨ। ਕੈਲੀਫੋਰਨੀਆ ਅਤੇ ਹਵਾਈ ਦੇ ਵਿਚਕਾਰ ਪਲਾਸਟਿਕ ਦਾ ਟਾਪੂ ਫਰਾਂਸ ਤੋਂ ਵੀ ਵੱਡਾ ਹੈ ਜਿਸ ਤੋਂ ਸਮੁੰਦਰੀ ਜਹਾਜ਼ ਪਾਸੇ ਹੋ ਕੇ ਲੰਘਦੇ ਹਨ ਪਰ ਕਿਸ ਸਰਕਾਰ ਦੀ ਜੁਰਅਤ ਹੈ ਜਿਹੜੀ ਪਲਾਸਟਿਕ ਬਣਾਉਣ ਵਾਲ਼ੀਆਂ ਫੈਕਟਰੀਆਂ ਨਾਲ ਪੰਗਾ ਲਵੇ!

ਮਾਹਰ ਕਹਿੰਦੇ ਹਨ ਕਿ 2050 ਤੱਕ ਜੇਕਰ ਇਸੇ ਹਿਸਾਬ ਨਾਲ ਪਲਾਸਟਿਕ ਸਮੁੰਦਰ ਵਿਚ ਜਾਂਦਾ ਰਿਹਾ ਤਾਂ ਸਮੁੰਦਰ ਵਿਚ ਪਲਾਸਟਿਕ ਸਮੁੰਦਰੀ ਜੀਵਾਂ ਨਾਲ਼ੋਂ ਵੀ ਵਧ ਜਾਵੇਗਾ। ਫਿਰ ਜਿਹੜੇ ਲੋਕ ਸਿਰਫ ਸਮੁੰਦਰੀ ਜੀਵਾਂ ਤੋਂ ਆਪਣਾ ਰੁਜ਼ਗਾਰ ਕਮਾਉਂਦੇ ਹਨ ਜਾਂ ਜਿਹਨਾਂ ਦੀ ਖੁਰਾਕ ਹੀ ਸਮੁੰਦਰੀ ਜੀਵ ਹਨ, ਉਹ ਕੀ ਕਰਨਗੇ? ਕੁਝ ਚਿਰ ਬਾਅਦ ਇਹ ਕਾਰਪੋਰੇਸ਼ਨਾਂ ਸਰਕਾਰਾਂ ਤੋਂ ਪੈਸੇ ਲੈ ਕੇ ਸਮੁੰਦਰ ਵਿਚੋਂ ਪਲਾਸਟਿਕ ਕੱਢਣ ਦਾ ਕੰਮ ਸ਼ੁਰੂ ਕਰਨਗੀਆਂ ਅਤੇ ਆਮ ਲੋਕ ਟੈਕਸਾਂ ਰਾਹੀਂ ਇਸ ਦੀ ਭਰਪਾਈ ਕਰਨਗੇ। ਜਿਹੜੀ ਹੇਠਲੀ ਜਮਾਤ ਪਹਿਲਾਂ ਹੀ ਟੈਕਸਾਂ ਦੇ ਬੋਝ ਨਾਲ ਮਾਰੀ ਪਈ ਹੈ, ਉਸ ਤੇ ਹੋਰ ਬੋਝ ਪਾਇਆ ਜਾਵੇਗਾ। ਧਰਤੀ ਦੀ ਇੱਕ ਹੋਰ ਦੁਸ਼ਮਣ ਹੈ ਮਾਈਨਿੰਗ; ਸਮੁੰਦਰੀ ਰੇਤ ਜਾਂ ਦਰਿਆਵਾਂ ਦੀ ਰੇਤ ਅੱਜ ਕੱਲ੍ਹ ਬੁਰੀ ਤਰ੍ਹਾਂ ਕੱਢੀ ਜਾ ਰਹੀ ਹੈ। ਅਸਟਰੇਲੀਆਂ ਦੀਆਂ ਕੰਪਨੀਆਂ, ਇੰਡੋਨੇਸ਼ੀਆਂ ਦੇ ਲਾਗਿਓਂ ਸਮੁੰਦਰ ਵਿਚੋਂ ਰੇਤ ਕੱਢਦੀਆਂ ਹਨ। ਵੱਡੀਆਂ-ਵੱਡੀਆਂ ਪਾਈਪਾਂ ਰਾਹੀਂ ਧਰਤੀ ਵਿਚੋਂ ਰੇਤ ਖਿੱਚੀ ਜਾਂਦੀ ਹੈ, ਰੇਤ ਦੇ ਨਾਲ ਹੀ ਸਮੁੰਦਰੀ ਜੀਵ, ਕੀੜੇ ਮਕੌੜੇ ਵਗੈਰਾ ਖਿੱਚੇ ਜਾਂਦੇ ਹਨ। ਇਹ ਕੀੜੇ ਮਕੌੜੇ ਘੋਗੇ ਸਿੱਪੀਆਂ ਮਨੁੱਖ ਦੀ ਲਾਲਚ ਦੀ ਭੇਟਾ ਚੜ੍ਹ ਜਾਂਦੇ ਹਨ। ਸਮੁੰਦਰ ਵਿਚ ਇਸ ਸੈਂਡ ਮਾਈਨਿੰਗ ਕਰਕੇ ਇੰਡੋਨੇਸ਼ੀਆ ਦਾ ਇੱਕ ਟਾਪੂ ਸਮੁੰਦਰ ਵਿਚ ਹੀ ਗਰਕ ਗਿਆ। ਬਹੁਤ ਸਾਰੇ ਮੁਲਕਾਂ ਵਿਚ ਧਰਤੀ ਵਿਚੋਂ ਪੱਥਰ ਕੱਢਣ ਦਾ ਰੁਝਾਨ ਹੈ। ਧਰਤੀ ਵਿਚੋਂ ਵੱਡੇ ਵੱਡੇ ਟੋਏ ਜਾਂ ਖੁੱਲ੍ਹੀਆਂ ਖਦਾਣਾਂ ਰਾਹੀਂ ਪੱਥਰ ਕੱਢਿਆ ਜਾਂਦਾ ਹੈ। ਫਿਰ ਇਸ ਪੱਥਰ ਨੂੰ ਕਰੱਸ਼ ਕਰਕੇ ਕੰਸਟਰੱਕਸ਼ਨ ਲਈ ਵਰਤਿਆ ਜਾਂਦਾ ਹੈ। ਪੰਜਾਬ ਵਿਚ ਹੁਸ਼ਿਆਰਪੁਰ ਲਾਗੇ ਇਹ ਕੰਮ ਜ਼ੋਰ-ਸ਼ੋਰਾਂ ਨਾਲ ਚੱਲ ਰਿਹਾ ਹੈ। ਇਹ ਉਪਜਾਊ ਧਰਤੀ ਜਿਸ ਨੇ ਮਨੁੱਖਤਾ ਲਈ ਅੰਨ ਪੈਦਾ ਕਰਨਾ ਸੀ, ਵੱਡੇ ਵੱਡੇ ਟੋਇਆਂ ਦੀ ਸ਼ਕਲ ਵਿਚ ਛੱਡ ਦਿੱਤੀ ਜਾਂਦੀ ਹੈ।

ਬਹੁਤ ਮੁਲਕਾਂ ਵਿਚ ਪਹਾੜਾਂ ਨੂੰ ਡਾਇਨਾਮਾਈਟ ਰਾਹੀਂ ਉਡਾ ਦਿੱਤਾ ਜਾਂਦਾ ਹੈ ਕਿਉਂਕਿ ਪਹਾੜਾਂ ਵਿਚ ਹੀਰੇ ਜਵਾਹਰਾਤ ਜਾਂ ਹੋਰ ਬਹੁਤ ਤਰ੍ਹਾਂ ਦੇ ਖਣਿਜ ਪਦਾਰਥ ਭਰੇ ਪਏ ਹਨ। ਇਹ ਪਹਾੜ ਨਮੀ ਨਾਲ ਭਰੀਆਂ ਹਵਾਵਾਂ ਨੂੰ ਰੋਕ ਕੇ ਬਾਰਸ਼ ਦਾ ਕਾਰਨ ਬਣਦੇ ਹਨ। ਇਹ ਬਾਰਸ਼ ਦਰਿਆਵਾਂ ਨੂੰ ਪਾਣੀ ਨਾਲ ਭਰਪੂਰ ਕਰਦੀ ਹੈ ਅਤੇ ਇਹਨਾਂ ਦਰਿਆਵਾਂ ਤੋਂ ਨਹਿਰਾਂ ਵਗੈਰਾ ਕੱਢ ਕੇ ਖੇਤਾਂ ਨੂੰ ਪਾਣੀ ਦਿੱਤਾ ਜਾਂਦਾ ਹੈ। ਕਿੰਨਾ ਜਨ ਜੀਵਨ ਇਹਨਾਂ ਦਰਿਆਵਾਂ ਤੇ ਨਿਰਭਰ ਕਰਦਾ ਹੈ। ਇੱਕ ਗੱਲ ਹੋਰ, ਇਹਨਾਂ ਪਹਾੜਾਂ ਤੋਂ ਦਰੱਖਤਾਂ ਦਾ ਵਢਾਂਗਾ ਕਰਕੇ ਦਰੱਖਤ ਰੋਡੇ ਭੋਡੇ ਕੀਤੇ ਜਾ ਰਹੇ ਹਨ। ਇਸੇ ਕਰਕੇ ਪਹਾੜਾਂ ਦੀ ਮਿੱਟੀ ਖਿਸਕ ਕੇ ਫਿਰ ਤਬਾਹੀ ਲਿਆਂਉਦੀ ਹੈ ਪਰ ਕੌਣ ਪਰਵਾਹ ਕਰਦਾ ਹੈ। ਕਾਰਪੋਰੇਸ਼ਨਾਂ ਅਤੇ ਸਰਕਾਰਾਂ ਨੂੰ ਤਾਂ ਪੈਸਾ ਚਾਹੀਦਾ ਹੈ। ਮਨੁੱਖ ਦੀ ਸੋਚਣੀ ਕਿੰਨੀ ਛੋਟੀ ਹੋ ਗਈ ਹੈ। ਧਰਤੀ ਦੇ ਮੌਸਮ ਦਾ ਵਿਗਾੜ ਤਾਂ ਇਹਨਾਂ ਅਮੀਰਾਂ ਦੀਆਂ ਪੀੜ੍ਹੀਆਂ ਨੂੰ ਵੀ ਝੱਲਣਾ ਪਵੇਗਾ, ਇਹਨਾਂ ਅਮੀਰਾ ਦੇ ਪੋਤੇ ਪੋਤੀਆਂ ਜਾਂ ਦੋਹਤੇ ਦੋਹਤੀਆਂ ਐਡੀ ਛੇਤੀ ਤਾਂ ਮੰਗਲ਼ ਤੇ ਕਲੋਨੀਆਂ ਨਹੀਂ ਪਾ ਸਕਣਗੇ।

ਦੁਨੀਆ ਤੇ ਸਰਦਾਰੀ ਕਾਰਪੋਰੇਸ਼ਨਾਂ ਦੀ ਹੈ ਅਤੇ ਸਰਕਾਰਾਂ ਸਮਝੋ ਉਹਨਾਂ ਦੇ ਅਧੀਨ ਹਨ। ਸਾਰੀ ਦੁਨੀਆ ਵਿਚ ਜੰਗਲ਼ਾਂ ਦਾ ਵਢਾਂਗਾ ਬੁਰੀ ਤਰ੍ਹਾਂ ਹੋ ਰਿਹਾ ਹੈ। ਧਰਤੀ ਦੇ ਜੀਅ ਜੰਤ ਦੀ ਆਕਸੀਜਨ ਦੀ ਪੂਰਤੀ ਦਰੱਖਤ ਕਰਦੇ ਹਨ। ਜੰਗਲ ਧਰਤੀ ਦੇ ਫੇਫੜੇ ਹਨ। ਪਿਛਲੇ ਸਾਲ ਐਮਾਜ਼ੋਨ ਦੇ ਜੰਗਲ ਨੂੰ ਜਾਣ ਬੁੱਝ ਕੇ ਅੱਗ ਲਗਾਈ ਗਈ ਅਤੇ ਫਿਰ ਜੰਗਲ ਨੂੰ ਬੁਰੀ ਤਰ੍ਹਾਂ ਮੱਚਣ ਦਿੱਤਾ ਗਿਆ ਤਾਂ ਕਿ ਸਾਫ ਹੋਈ ਧਰਤੀ ਤੇ ਫਾਰਮਿੰਗ ਕੀਤੀ ਜਾ ਸਕੇ। ਜਦ ਐਮਾਜ਼ੋਨ ਦੇ ਆਦੀਵਾਸੀਆਂ ਨੇ ਉਹ ਲੋਕ ਫੜ ਲਏ ਜਿਹਨਾਂ ਨੇ ਅੱਗ ਲਾਈ ਸੀ ਤਾਂ ਸਰਕਾਰ ਨੇ ਅੱਗ ਲਾਉਣ ਵਾਲ਼ਿਆਂ ਨੂੰ ਤਾਂ ਕੁਝ ਨਹੀਂ ਕਿਹਾ ਪਰ ਉਹਨਾਂ ਆਦੀਵਾਸੀਆਂ ਨੂੰ ਜੇਲ੍ਹਾਂ ਵਿਚ ਸੁੱਟ ਦਿੱਤਾ ਤਾਂ ਕਿ ਹੋਰ ਵੀ ਕੋਈ ਸਰਕਾਰ ਨੂੰ ਚੈਲਿੰਜ ਕਰਨ ਦੀ ਹਿਮਾਕਤ ਨਾ ਕਰੇ। ਇਹ ਹੈ ਇਨਸਾਫ ਜਿਹੜਾ ਧਰਤੀ ਪੁੱਤਰਾਂ ਨੂੰ ਮਿਲ਼ਦਾ ਹੈ। ਹਰ ਸਾਲ ਵਾਤਾਵਰਨ ਬਚਾਉਣ ਵਾਲ਼ੇ ਲੋਕਾਂ ਦੇ ਕਤਲ ਹੋ ਰਹੇ ਹਨ। ਬਰਟਾ ਕੈਸਰਸ ਵਰਗੀ ਵਾਤਾਵਰਨ ਕਾਰਕੁਨ ਨੂੰ ਉਸ ਦੇ ਘਰੇ ਜਾ ਕੇ ਗੋਲ਼ੀਆਂ ਨਾਲ ਭੁੰਨ ਦਿੱਤਾ ਜਾਂਦਾ ਹੈ ਅਤੇ ਕਾਤਲਾਂ ਨੂੰ ਸ਼ੱਕ ਦੇ ਆਧਾਰ ਤੇ ਛੱਡ ਦਿੱਤਾ ਜਾਂਦਾ ਹੈ। ਸਾਰੀ ਦੁਨੀਆ ਵਿਚ ਹੀ ਜਲ ਜੰਗਲ ਬਚਾਉਣ ਵਾਲ਼ੇ ਲੋਕਾਂ ਨੂੰ ਅਤਿਵਾਦੀ ਗਰਦਾਨ ਕੇ ਗੋਲ਼ੀਆਂ ਨਾਲ ਭੁੰਨ ਦਿੱਤਾ ਜਾਂਦਾ ਹੈ ਜਾਂ ਜੇਲ੍ਹਾਂ ਵਿਚ ਸੁੱਟ ਦਿੱਤਾ ਜਾਂਦਾ ਹੈ।

ਦੁਨੀਆ ਭਰ ਦਾ ਗੰਦ ਸਮੁੰਦਰ ਵਿਚ ਡੰਪ ਹੋ ਰਿਹਾ ਹੈ। ਸਮੁੰਦਰੀ ਕਿਨਾਰੇ ਦੇ ਬਹੁਤ ਸ਼ਹਿਰ ਉਹ ਹਨ ਜਿਹੜੇ ਅਣਸੋਧਿਆ ਸੀਵਰੇਜ ਸਮੁੰਦਰ ਵਿਚ ਸੁੱਟ ਰਹੇ ਹਨ। ਇਸ ਤੋਂ ਬਿਨਾ ਕਿੰਨੇ ਹੀ ਸਮੁੰਦਰੀ ਜਹਾਜ਼ ਵੀ ਮਨੁੱਖੀ ਰਹਿੰਦ-ਖੂੰਹਦ ਸਮੁੰਦਰ ਵਿਚ ਡੰਪ ਕਰ ਦਿੰਦੇ ਹਨ। ਸਭ ਨੂੰ ਪਤਾ ਹੈ ਕਿ ਇਹ ਕੱਚਾ ਸੀਵਰੇਜ ਸਮੁੰਦਰ ਨੂੰ ਕਿੰਨਾ ਤੇਜ਼ਾਬੀ ਕਰ ਰਿਹਾ ਹੈ ਪਰ ਕੋਈ ਨਹੀਂ ਬੋਲਦਾ, ਸਮੁੰਦਰ ਵਿਚੋਂ ਤੇਲ ਕੱਢਣਾ ਗੈਰ ਕਾਨੂੰਨੀ ਕਰ ਦੇਣਾ ਚਾਹੀਦਾ ਹੈ ਕਿਉਂਕਿ ਜਦ ਤੇਲ ਕੱਢਣ ਵਾਲ਼ੇ ਬੋਰ ਸਮੁੰਦਰ ਵਿਚ ਫਟ ਜਾਂਦੇ ਹਨ ਤਾਂ ਜਿਹੜੀ ਤਬਾਹੀ ਆਉਂਦੀ ਹੈ, ਉਹ ਮੈਕਸਿਕੋ ਦੀ ਖਾੜੀ ਵਿਚ ਦੇਖੀ ਹੈ ਜਦ ਬ੍ਰਿਟਿਸ਼ ਪੈਟਰੋਲੀਅਮ ਦਾ ਬੋਰ ਸਮੁੰਦਰ ਵਿਚ ਫਟ ਗਿਆ ਸੀ ਅਤੇ ਕਈ ਹਫਤੇ ਸਾਰਾ ਕੱਚਾ ਤੇਲ ਸਮੁੰਦਰ ਵਿਚ ਰਲ਼ੀ ਗਿਆ ਸੀ। ਕਿੰਨੇ ਹੀ ਜੀਵ ਜੰਤੂ, ਮੱਛੀਆਂ, ਮੁਰਗਾਬੀਆਂ, ਸਮੁੰਦਰੀ ਮਗਰਮੱਛ, ਗੀਜ਼ ਵਗੈਰਾ ਤੜਫ ਤੜਫ ਕੇ ਮਰੇ ਪਰ ਸਦਕੇ ਜਾਈਏ ਯੂ.ਐਨ.ਓ. ਵਗੈਰਾ ਵਰਗੀਆਂ ਕੌਮਾਂਤਰੀ ਸੰਸਥਾਵਾਂ ਦੇ ਜਿਹੜੀਆਂ ਵਾਤਾਵਰਨ ਦੀ ਇੰਨੀ ਤਬਾਹੀ ਹੋਣ ਦੇ ਬਾਵਜੂਦ ਟੱਸ ਤੋਂ ਮੱਸ ਨਹੀਂ ਹੋਈਆਂ। ਇੱਥੇ ਤਾਂ ਸ਼ੈੱਲ ਵਰਗੀਆਂ ਕੰਪਨੀਆਂ ਨੂੰ ਜਦ ਤੇਲ ਰੁੜ੍ਹਨ/ਡੋਲ੍ਹਣ ਤੇ ਜੁਰਮਾਨਾ ਕੀਤਾ ਜਾਂਦਾ ਹੈ ਤਾਂ ਹਾਸਾ ਆਉਂਦਾ ਹੈ। ਜਿਹੜੀਆਂ ਕੰਪਨੀਆਂ ਅਰਬਾਂ ਦਾ ਵਪਾਰ ਕਰਦੀਆਂ ਹਨ, ਉਹਨਾਂ ਨੂੰ ਜੁਰਮਾਨਾ ਹੁੰਦਾ ਹੈ ਕੁਝ ਲੱਖ ਡਾਲਰ ਅਤੇ ਕਈ ਵਾਰੀ ਉਹ ਵੀ ਬਾਅਦ ਵਿਚ ਮੁਆਫ ਕਰ ਦਿੱਤਾ ਜਾਂਦਾ ਹੈ।



*ਸਮੁੰਦਰ ਵਿਚ ਸੁੱਟੇ ਪਲਾਸਟਿਕ ਦੀ ਝਲਕ।*

ਅਮਰੀਕਾ ਵਰਗਾ ਮੁਲਕ ਆਪਣੇ ਹਥਿਆਰ ਟੈਸਟ ਕਰਨ ਲਈ ਬਿਨਾ ਕਿਸੇ ਕਾਰਨ ਕਿਸੇ ਵੀ ਮੁਲਕ ਨੂੰ ਬਲੀ ਦਾ ਬੱਕਰਾ ਬਣਾ ਸਕਦਾ ਹੈ ਅਤੇ ਲੜਾਈ ਲਾ ਕੇ ਲੱਖਾਂ ਟਨ ਪ੍ਰਦੂਸ਼ਣ ਪੈਦਾ ਕਰ ਦਿੰਦਾ ਹੈ। ਇਰਾਕ ਦੀ ਲੜਾਈ ਤੋਂ ਬਾਅਦ ਇਸ ਨੇ ਐੱਫ16 ਜਹਾਜ਼ ਵਗੈਰਾ ਵੇਚ ਕੇ ਅਰਬਾਂ ਡਾਲਰ ਬਣਾਏ ਅਤੇ ਬਿਨਾ ਮਤਲਬ ਇਰਾਕ ਦੇ ਲੱਖਾਂ ਲੋਕ ਮੌਤ ਦੇ ਘਾਟ ਉਤਾਰ ਦਿੱਤੇ। ਇਰਾਕ ਜਾਂ ਲਿਬੀਆ ਦੀ ਤਬਾਹੀ ਇਸ ਕਰਕੇ ਹੋਈ ਕਿਉਂਕਿ ਅਮਰੀਕੀ ਕੰਪਨੀਆਂ, ਇਹਨਾਂ ਦੇਸ਼ਾਂ ਦੇ ਤੇਲ ਤੇ ਕਬਜ਼ਾ ਕਰਨਾ ਚਾਹੁੰਦੀਆਂ ਸਨ।

ਹਰ ਸਾਲ ਟਨਾਂ ਦੇ ਟਨ ਹਿਸਾਬ ਪਰਮਾਣੂ ਰਹਿੰਦ-ਖੂੰਹਦ ਅਫਰੀਕਾ ਦੇ ਟਿੱਬਿਆਂ ਵਿਚ ਡੰਪ ਕੀਤੀ ਜਾ ਰਹੀ ਹੈ। ਯਾਦ ਰਹੇ, ਟਿੱਬੇ ਪਾਣੀ ਦੇ ਭੰਡਾਰ ਹੁੰਦੇ ਹਨ ਕਿਉਂਕਿ ਬਰਸਾਤੀ ਪਾਣੀ ਟਿੱਬਿਆਂ ਵਿਚ ਸਮਾ ਜਾਂਦਾ ਹੈ। ਇਹ ਪਾਣੀ ਤਾਂ ਹੁਣ ਪ੍ਰਦੂਸ਼ਿਤ ਹੋਵੇਗਾ ਹੀ, ਨਾਲ ਮਾਰੂਥਲ ਦੇ ਜੀਅ ਜੰਤ ਵੀ ਮਰਨਗੇ। ਇਹ ਦੁਨੀਆ 43 ਬਿਲੀਅਨ ਟਨ ਕਾਰਬਨ ਡਾਇਆਕਸਾਈਡ ਹਵਾ ਵਿਚ ਛੱਡ ਰਹੀ ਹੈ। ਇਸ ਨੂੰ ਰੋਕ ਕੌਣ ਪਾਵੇਗਾ? ਇਹ ਤੇਲ ਕੰਪਨੀਆਂ ਜਾਂ ਕੋਲੇ ਦੀਆਂ ਖਦਾਣਾਂ ਵਾਲ਼ੇ ਮਾਲਕ ਇਹ ਹੋਣ ਦੇਣਗੇ? ਬਿਲਕੁਲ ਨਹੀਂ। ਗਲਾਸਗੋ ਵਿਚ ਵਾਤਾਵਰਨ ਨੂੰ ਬਚਾਉਣ ਵਾਰੇ ਕਾਨਫਰੰਸ ਕੀਤੀ ਜਾਂਦੀ ਹੈ। ਉਥੇ ਇਹਨਾਂ ਲੀਡਰਾਂ ਦੇ ਇੰਨੇ ਜਹਾਜ਼ ਪਹੁੰਚਦੇ ਹਨ ਕਿ ਏਅਰਪੋਰਟ ਤੇ ਜਹਾਜ਼ ਪਾਰਕ ਕਰਨ ਲਈ ਜਗ੍ਹਾ ਵੀ ਨਹੀਂ ਲੱਭਦੀ। ਫਿਰ ਇਹ ਜਹਾਜ਼ ਪਾਰਕ ਕਰਨ ਲਈ ਦੂਜੇ ਏਅਰਪੋਰਟਾਂ ਤੇ ਭੇਜੇ ਜਾਂਦੇ ਹਨ। ਇੰਨੇ ਜਹਾਜ਼ ਲਿਜਾ ਕੇ ਪ੍ਰਦੂਸ਼ਣ ਫੈਲਾ ਕੇ ਲੀਡਰ ਵਾਤਾਵਰਨ ਬਚਾਉਣ ਦੀਆਂ ਗੱਲਾਂ ਕਰਦੇ ਹਨ! ਇਹ ਲੀਡਰ ਸਵਾਰੀਆਂ ਵਾਲ਼ੇ ਜਹਾਜ਼ਾਂ ਵਿਚ ਕਿਉਂ ਨਹੀ ਜਾ ਸਕਦੇ? 737 ਜਹਾਜ਼ ਜਿਹੜਾ 174 ਸਵਾਰੀਆਂ ਲਿਜਾ ਸਕਦਾ ਹੈ, ਉਹ ਇਕ ਲੀਡਰ ਲਈ ਵਰਤਿਆ ਜਾ ਰਿਹਾ ਹੈ। ਇਸ ਜਹਾਜ਼ ਦੀ ਟੈਂਕੀ 32000 ਲਿਟਰ ਤੇਲ ਨਾਲ ਭਰਦੀ ਹੈ। ਇਹਨਾਂ ਲੀਡਰਾਂ ਨੇ ਪ੍ਰਦੂਸ਼ਣ ਰੋਕਣ ਵਾਲ਼ੀ ਕਾਨਫਰੰਸ ਕਰਨ ਤੇ ਖੁਦ ਕਿੰਨਾ ਪ੍ਰਦੂਸ਼ਣ ਫੈਲਾਇਆ, ਕੌਣ ਇਸ ਦਾ ਹਿਸਾਬ ਕਰੇਗਾ? ਫਿਰ ਇਸ ਕਾਨਫਰੰਸ ਵਿਚੋਂ ਨਿਕਲ਼ਿਆ ਕੀ? ਵਾਤਾਵਰਨ ਬਚਾਉਣ ਵਾਲ਼ੀ ਗੱਲ ਪਹਿਲਾਂ ਵਾਂਗ ਅਗਲੇ ਵੀਹ ਤੀਹ ਸਾਲ ਤੇ ਸੁੱਟ ਦਿੱਤੀ ਗਈ।

ਬੇਹੱਦ ਪ੍ਰਦੂਸ਼ਣ ਅਸਮਾਨ ਨੂੰ ਚੜ੍ਹਨ ਵਾਲ਼ੇ ਰਾਕਟ ਕਰਦੇ ਹਨ, ਅੱਜ ਕੱਲ੍ਹ ਜੈਫ ਬੀਜੋ ਜਾਂ ਐਲਨ ਮਸਕ ਵਰਗੇ ਇਹਨਾਂ ਰਾਕਟਾਂ ਤੇ ਬੈਠ ਕੇ ਧਰਤੀ ਦੇ ਚੱਕਰ ਲਾਉਂਦੇ ਹਨ ਅਤੇ ਇਹ ਸੋਚ ਕੇ ਹੱਸਦੇ ਹੋਣਗੇ ਕਿ ਅਸੀਂ ਤਾਂ ਸਾਰੇ ਪਲੈਨਿਟ ਨੂੰ ਹੀ ਬੁੱਧੂ ਬਣਾ ਦਿੱਤਾ ਹੈ। ਇਹ ਮੰਗਲ਼ ਤਾਰੇ ਤੇ ਜ਼ਿੰਦਗੀ ਜਿਊਣ ਦੀਆਂ ਹਾਲਤਾਂ ਭਾਲਦੇ ਹਨ ਪਰ ਧਰਤੀ ਜਿਸ ਤੇ ਸੱਤ ਅਰਬ ਲੋਕਾਂ ਤੋਂ ਬਿਨਾ ਹੋਰ ਪਤਾ ਨਹੀਂ ਕਿੰਨੇ ਅਰਬ ਜੀਅ ਜੰਤੂ ਰਹਿ ਰਹੇ ਹਨ, ਨੂੰ ਤਬਾਹ ਕਰਨ ਤੇ ਤੁਲੇ ਹੋਏ ਹਨ। ਇਹ ਕਾਰਪੋਰੇਟ ਸਿਸਟਮ ਆਪ ਹੀ ਬਿਮਾਰੀਆਂ ਪੈਦਾ ਕਰਦਾ ਹੈ ਅਤੇ ਆਪ ਹੀ ਉਹਨਾਂ ਦੇ ਇਲਾਜ ਦੀਆਂ ਦਵਾਈਆਂ ਵੇਚਦਾ ਹੈ। ਕਿਸੇ ਬਿਮਾਰੀ ਦਾ ਖਾਤਮਾ ਨਹੀਂ ਕਰਦਾ ਸਗੋਂ ਬਿਮਾਰੀ ਦਾ ਡਰਾਵਾ ਦੇ ਕੇ, ਦਵਾਈਆਂ ਬਣਾਉਣ ਵਾਲ਼ੀਆਂ ਫੈਕਟਰੀਆਂ ਚਾਲੂ ਰੱਖਦਾ ਹੈ।

ਯੁੱਧ ਦਾ ਸਮਾਂ ਹੋਵੇ ਜਾਂ ਸ਼ਾਂਤੀ ਦਾ, ਹਥਿਆਰ ਧੜਾ-ਧੜ ਬਣ ਰਹੇ ਹਨ। ਫਿਰ ਇਹਨਾਂ ਨੂੰ ਵੇਚਣ ਲਈ ਲੜਾਈਆਂ ਵੀ ਕਰਾਉਣੀਆਂ ਪੈਣਗੀਆਂ। ਹਥਿਆਰ ਬਣਾਉਣ ਵਾਲ਼ੀਆਂ ਕੰਪਨੀਆਂ ਕਦੋਂ ਚਾਹੁਣਗੀਆਂ ਕਿ ਧਰਤੀ ਤੇ ਸ਼ਾਂਤੀ ਹੋਵੇ ਜਾਂ ਦਵਾਈਆਂ ਬਣਾਉਣ ਵਾਲ਼ੀਆਂ ਕੰਪਨੀਆਂ ਕਦੋਂ ਚਾਹੁਣਗੀਆਂ ਕਿ ਇਸ ਦੁਨੀਆ ਵਿਚ ਬਿਮਾਰੀਆਂ ਨਾ ਫੈਲਣ। ਧਰਤੀ ਦੇ ਵਧ ਰਹੇ ਤਾਪਮਾਨ ਕਰਕੇ ਗਲੇਸ਼ੀਅਰ ਖੁਰ ਰਹੇ ਹਨ, ਸਮੁੰਦਰ ਦੇ ਪਾਣੀ ਦਾ ਪੱਧਰ ਉਚਾ ਹੋ ਰਿਹਾ ਹੈ। ਯਾਦ ਰਹੇ ਕਿ ਇੱਕ ਡਿਗਰੀ ਤਾਪਮਾਨ ਵਧਣ ਨਾਲ ਸਮੁੰਦਰ ਦਾ ਪੱਧਰ ਇੱਕ ਮੀਟਰ ਵਧਦਾ ਹੈ। ਇਸ ਸਾਲ ਫਿਜ਼ੀ ਅਤੇ ਇੰਡੋਨੇਸ਼ੀਆ ਦੇ ਕਈ ਟਾਪੂਆਂ ਦੀ ਹਾਲਤ ਡੁੱਬਣ ਵਾਲ਼ੀ ਹੋ ਗਈ। ਕਿੰਨੇ ਹੀ ਟਾਪੂਆਂ ਦੇ ਲੋਕ ਆਪਣਾ ਘਰ ਬਾਰ ਛੱਡ ਕੇ ਬੇਘਰ ਹੋਏ ਬੈਠੇ ਹਨ। ਧਰਤੀ ਉਤੇ ਪ੍ਰਦੂਸ਼ਣ ਵਧਣ ਕਰਕੇ ਜਾਨਵਰਾਂ ਦੀਆਂ ਕਿੰਨੀਆਂ ਹੀ ਜਾਤੀਆਂ ਲੋਪ ਹੋ ਰਹੀਆਂ ਹਨ। ਪੰਜਾਬ ਦੇ ਲੋਕ ਤਾਂ ਸ਼ਰੇਆਮ ਦੇਖ ਰਹੇ ਹਨ ਕਿ ਗਿਰਝਾਂ, ਘੋਗੜ ਤੇ ਹੋਰ ਕਈ ਪੰਛੀ ਤਾਂ ਦਿਸਣੋ ਹੀ ਹਟ ਗਏ ਹਨ ਅਤੇ ਚਿੜੀਆਂ, ਕਾਂ, ਮੋਰ ਵੀ ਬਹੁਤ ਘੱਟ ਦਿਸਦੇ ਹਨ।

ਦੁਨੀਆ ਦੇ ਹੋਰ ਦੇਸ਼ਾਂ ਤੇ ਨਜ਼ਰ ਮਾਰੀਏ ਤਾਂ ਅਫਰੀਕਾ ਦਾ ਕਾਲ਼ਾ ਰਾਈਨੋ, ਚਿੱਟੀਆਂ ਡੌਲਫਿਨ, ਪੈਸੰਜਰ ਕਬੂਤਰ, ਸਪੈਨਿਸ਼ ਆਈਬਰੀਅਨ ਬੱਕਰੀਆਂ, ਤਾਸਮੇਨੀਅਨ ਟਾਈਗਰ, ਸਟੈਬਰ ਸਮੁੰਦਰੀ ਗਾਂ, ਵੱਡੇ ਵੱਡੇ ਦੰਦਾਂ ਵਾਲ਼ੇ ਸ਼ੇਰ, ਜੱਤ ਵਾਲ਼ਾ ਮਮੋਥ (ਹਾਥੀ ਵਰਗਾ ਜਾਨਵਰ) ਧਰਤੀ ਤੋਂ ਗਾਇਬ ਹੋ ਚੁੱਕੇ ਹਨ। ਮਨੁੱਖ, ਜਾਨਵਰ, ਬਨਸਪਤੀ ਆਪਸ ਵਿਚ ਪੀਡੇ ਜੁੜੇ ਹੋਏ ਹਨ। ਇੱਕ ਵਾਰ ਚੀਨ ਨੂੰ ਲੱਗਿਆ ਕਿ ਚਿੜੀਆਂ ਬਹੁਤ ਅਨਾਜ ਖਾ ਜਾਂਦੀਆਂ ਹਨ, ਸਰਕਾਰ ਨੇ ਚਿੜੀਆਂ ਮਾਰਨ ਦਾ ਹੁਕਮ ਦੇ ਦਿੱਤਾ। ਲੋਕਾਂ ਨੇ ਸਰਕਾਰ ਦੇ ਹੁਕਮਾਂ ਤੇ ਫੁੱਲ ਚੜ੍ਹਾਏ ਅਤੇ ਬੇਹੱਦ ਚਿੜੀਆਂ ਮਾਰ ਦਿੱਤੀਆਂ। ਫਿਰ ਕੀ ਹੋਇਆ, ਚੀਨ ਵਿਚ ਅਕਾਲ਼ ਪੈ ਗਿਆ, ਕਿਉਂਕਿ ਚਿੜੀਆਂ ਫਸਲਾਂ ਦੇ ਦੁਸ਼ਮਣ ਕੀੜਿਆਂ ਨੂੰ ਖਾਂਦੀਆਂ ਸਨ। ਇਹਨਾਂ ਕੀੜਿਆਂ ਦੀ ਗਿਣਤੀ ਵਧ ਗਈ ਅਤੇ ਉਹ ਫਸਲਾਂ ਖਾ ਗਏ। ਇਸ ਤੋਂ ਬਾਅਦ ਚੀਨ ਵਿਚ ਚਿੜੀਆਂ ਮਾਰਨ ਤੇ ਪਾਬੰਦੀ ਲਾ ਦਿੱਤੀ ਗਈ। ਜਿਸ ਤਰ੍ਹਾਂ ਧਰਤੀ ਦੇ ਹੋਰ ਜਾਨਵਰ ਖਤਮ ਹੋ ਰਹੇ ਹਨ, ਇਸੇ ਤਰ੍ਹਾਂ ਸਾਡੀ ਵਾਰੀ ਵੀ ਇੱਕ ਦਿਨ ਆ ਸਕਦੀ ਹੈ।

1978 ਵਿਚ ਉਤਰੀ ਧਰੁਵ ਦੀ ਬਰਫ ਦੀ ਡੂੰਘਾਈ ਪੰਜ ਕਿਲੋਮੀਟਰ ਸੀ ਜਿਹੜੀ 2021 ਵਿਚ ਸਿਰਫ ਦੋ ਕਿਲੋਮੀਟਰ ਰਹਿ ਗਈ ਹੈ। ਇਹੀ ਹਾਲ ਦੱਖਣੀ ਧਰੁਵ ਦਾ ਹੋਇਆ ਹੈ। ਇਹ ਬਰਫ ਖੁਰ ਕੇ ਸਮੁੰਦਰ ਦਾ ਤਲ ਉਚਾ ਕਰਦੀ ਹੈ। ਜੇਕਰ ਧਰਤੀ ਇਸੇ ਤਰ੍ਹਾਂ ਹੀ ਗਰਮ ਹੁੰਦੀ ਰਹੀ, ਅਗਲੇ ਦਸ ਵੀਹ ਸਾਲਾਂ ਤੱਕ ਸਮੁੰਦਰੀ ਕਿਨਾਰੇ ਵਾਲ਼ੇ ਸ਼ਹਿਰਾਂ ਦੀ ਹੋਂਦ ਖਤਰੇ ਵਿਚ ਪੈ ਜਾਵੇਗੀ ਅਤੇ ਕਰੋੜਾਂ ਲੋਕ ਬੇਘਰ ਹੋ ਜਾਣਗੇ। ਅਸੀਂ ਇਸ ਟਾਈਮ 80 ਬਿਲੀਅਨ ਟਨ ਮਟੀਰੀਅਲ ਪੈਦਾ ਕਰ ਰਹੇ ਹਾਂ (ਜੋ ਵੀ ਚੀਜ਼ਾਂ ਅਸੀਂ ਬਣਾ ਰਹੇ ਹਾਂ, ਉਹਨਾਂ ਦਾ ਭਾਰ) ਪਰ 2050 ਤੱਕ ਇਹ ਉਤਪਾਦਨ 180 ਬਿਲੀਅਨ ਟਨ ਤੱਕ ਚਲਾ ਜਾਵੇਗਾ। ਜੇ ਅਸੀਂ 80 ਬਿਲੀਅਨ ਟਨ ਮਟੀਰੀਅਲ ਪੈਦਾ ਕਰਨ ਲਈ ਕੁਦਰਤ ਦਾ ਘਾਣ ਕਰ ਰਹੇ ਹਾਂ ਤਾਂ ਜਦੋਂ ਅਸੀਂ 180 ਬਿਲੀਅਨ ਟਨ ਮਟੀਰੀਅਲ ਉਤਪਾਦਨ ਕਰਾਂਗੇ ਤਾਂ ਅਸੀਂ ਕੁਦਰਤ ਦਾ ਕਿੰਨਾ ਘਾਣ ਕਰ ਰਹੇ ਹੋਵਾਂਗੇ?

ਜਿਹੜਾ ਅੱਜ ਵਿਕਾਸ ਹੋ ਰਿਹਾ ਹੈ, ਜੇ ਹਰ ਬੰਦੇ/ਔਰਤ ਨੂੰ 5 ਡਾਲਰ ਘੰਟੇ ਦੇ ਲੈਣ ਦੇ ਕਾਬਲ ਕਰੀਏ ਤਾਂ ਸਾਨੂੰ ਹੁਣ ਦੇ ਵਿਕਾਸ ਨੂੰ 175 ਗੁਣਾਂ ਵਧਾਉਣਾ ਪਵੇਗਾ। ਅਸੀਂ ਹਰ ਵੇਲ਼ੇ ਵਿਕਾਸ ਦੀ ਗੱਲ ਕਰਦੇ ਹਾਂ ਪਰ ਸੋਚੋ, ਧਰਤੀ ਨੇ ਤਾਂ ਵਧਣਾ ਨਹੀਂ , ਧਰਤੀ ਓਨੀ ਹੀ ਰਹੇਗੀ, ਫਿਰ ਇਹ ਵਿਕਾਸ ਧਰਤੀ ਤੇ ਬੋਝ ਹੀ ਬਣੇਗਾ। ਧਰਤੀ ਨੂੰ ਤਬਾਹੀ ਵੱਲ ਲਿਜਾਣ ਲਈ ਤਿੰਨ ਫੈਕਟਰ ਹੋਰ ਵੀ ਹਨ:


1) ਵਪਾਰਕ ਮੱਛੀ ਫੜਨਾ (ਕਮਰਸ਼ੀਅਲ ਫਿਸ਼ਿੰਗ): ਵੱਡੇ ਵੱਡੇ ਸਮੁੰਦਰੀ ਜਹਾਜ਼ਾਂ/ਕਿਸ਼ਤੀਆਂ ਨਾਲ ਜਦੋਂ ਵੱਡੇ ਨੈੱਟ ਸੁੱਟ ਕੇ ਮੱਛੀਆਂ ਫੜਨ ਦਾ ਕੰਮ ਕੀਤਾ ਜਾਂਦਾ ਹੈ ਤਾਂ ਸ਼ਾਰਕ, ਡਾਲਫਿਨ ਜਾਂ ਵੱਡੇ ਕੱਛੂ ਵੀ ਇਹਨਾਂ ਜਾਲ਼ਾਂ ਵਿਚ ਫਸ ਜਾਂਦੇ ਹਨ। ਬਹੁਤ ਸਾਰੀਆਂ ਉਹ ਸਮੁੰਦਰੀ ਪਰਜਾਤੀਆਂ ਵੀ (ਜਿਹਨਾਂ ਦੀ ਹੋਂਦ ਹੀ ਖਤਮ ਹੋਣ ਵਾਲ਼ੀ ਹੈ) ਵੀ

***(ਬਾਕੀ ਅਗਲੇ ਸਫੇ 'ਤੇ)***

# ਸਰਦੂਲ ਸਿੰਘ ਕਵੀਸ਼ਰ ਅਤੇ ਬਰਤਾਨਵੀ ਰਾਜ

ਅੰਮ੍ਰਿਤਸਰ ਦਾ ਜੰਮਪਲ ਸਰਦੂਲ ਸਿੰਘ ਕਵੀਸ਼ਰ (1886) ਉਨ੍ਹਾਂ ਥੋੜ੍ਹੇ ਸੁਤੰਤਰ ਸੰਗਰਾਮੀ ਤੇ ਚਿੰਤਕਾਂ 'ਚੋਂ ਸੀ ਜਿਨ੍ਹਾਂ ਬਰਤਾਨਵੀ ਸਾਮਰਾਜ ਅਤੇ ਇਸ ਦੇ ਅਸਰਾਂ ਦਾ ਗੰਭੀਰ ਅਧਿਐਨ ਕੀਤਾ। ਕਵੀਸ਼ਰ ਨੇ ਇਸ ਪ੍ਰਸੰਗ ਵਿਚ ਅਨੇਕਾਂ ਲੇਖ, ਪੈਂਫਲਿਟ, ਕਿਤਾਬਚੇ ਅਤੇ ਕਿਤਾਬਾਂ ਲਿਖੀਆਂ। ਉਸ ਨੇ ਪੰਜਾਬੀ ਅਤੇ ਅੰਗਰੇਜ਼ੀ ਦੀਆਂ ਅਖਬਾਰਾਂ ਅਤੇ ਰਸਾਲਿਆਂ ਦੀ ਸੰਪਾਦਨਾ ਕੀਤੀ। ਉਸ ਨੇ 1913 ਵਿਚ 'ਸਿੱਖ ਰੀਵਿਊ' ਅਤੇ 1921 ਵਿਚ 'ਨਿਊ ਹੈਰਲਡ' ਸ਼ੁਰੂ ਕੀਤੇ।

ਕਵੀਸ਼ਰ ਨੇ ਆਪਣੇ ਰਾਜਨੀਤਕ ਜੀਵਨ ਦਾ ਆਰੰਭ ਸਿੱਖ ਸੁਧਾਰਕ ਵਜੋਂ ਕੀਤਾ। ਉਸ ਨੇ ਗੁਰਦੁਆਰਾ ਰਕਾਬਗੰਜ (ਨਵੀਂ ਦਿੱਲੀ) ਦੀ ਬਾਹਰਲੀ ਕੰਧ ਦੀ ਮੁੜ-ਉਸਾਰੀ ਲਈ ਹੋਏ ਅੰਦੋਲਨ ਵਿਚ ਵਿਸ਼ੇਸ਼ ਯੋਗਦਾਨ ਪਾਇਆ। 'ਸਿੱਖ ਰੀਵਿਊ' ਵਿਚ ਧੜੱਲੇਦਾਰ ਲੇਖ ਲਿਖੇ। ਫਲਸਰੂਪ ਬਰਤਾਨਵੀ ਸਰਕਾਰ ਨੇ ਉਸ ਨੂੰ ਦਿੱਲੀ ਛੱਡ ਦੇਣ ਦਾ ਹੁਕਮ ਦਿੱਤਾ। ਉਹ ਦਿੱਲੀ ਤੋਂ ਲਾਹੌਰ ਆ ਗਿਆ। ਇੱਥੇ ਉਸ ਨੇ ਅੰਗਰੇਜ਼ੀ ਦੇ ਅਖਬਾਰ 'ਨਿਊ ਹੈਰਲਡ' ਦੀ ਸਥਾਪਨਾ



**ਡਾ. ਜੋਗਿੰਦਰ ਸਿੰਘ**
ਫੋਨ: +91-98158-46460

ਕੀਤੀ। ਉਸ ਨੇ 1921 ਵਿਚ ਹੀ 'ਨਿਊ ਹੈਰਲਡ' ਨੂੰ ਪੰਜਾਬੀ ਵਿਚ 'ਸੰਗਤ' ਦੇ ਨਾਂ ਹੇਠ ਪ੍ਰਕਾਸ਼ਿਤ ਕੀਤਾ ਅਤੇ 1926 ਵਿਚ ਉਰਦੂ ਹਫਤਾਵਾਰੀ 'ਹਿੰਦੋਸਤਾਨੀ' ਸ਼ੁਰੂ ਕੀਤਾ।

ਉਹ 1920 ਵਿਚ ਆਲ ਇੰਡੀਆ ਸਿੱਖ ਲੀਗ ਅਤੇ ਪੰਜਾਬ ਪ੍ਰਦੇਸ਼ ਕਾਂਗਰਸ ਕਮੇਟੀ ਦਾ ਸਕੱਤਰ ਚੁਣਿਆ ਗਿਆ। ਉਸ ਨੇ 1921 ਤੋਂ 1922 ਤਕ ਅਕਾਲੀ ਅਤੇ ਨਾ-ਮਿਲਵਰਤਨ ਲਹਿਰਾਂ ਵਿਚ ਵਿਸ਼ੇਸ਼ ਯੋਗਦਾਨ ਪਾਇਆ ਅਤੇ ਪੰਜ ਸਾਲ ਜੇਲ੍ਹ ਕੱਟੀ। 1925 ਵਿਚ ਕਵੀਸ਼ਰ ਨੇ ਪੰਜਾਬ ਪ੍ਰਦੇਸ਼ ਕਾਂਗਰਸ ਦੀ ਪ੍ਰਧਾਨਗੀ ਕੀਤੀ। 1926 ਵਿਚ ਉਸ ਨੇ ਸਭ ਸਿੱਖ ਸੰਗਠਨਾਂ ਤੋਂ ਕਿਨਾਰਾ ਕਰ ਲਿਆ। 1928 ਵਿਚ ਉਹ ਕਾਂਗਰਸ ਵਰਕਿੰਗ ਕਮੇਟੀ ਦਾ ਮੈਂਬਰ ਚੁਣਿਆ ਗਿਆ। 1932 ਤੋਂ 1933 ਤਕ ਉਹ ਇੰਡੀਅਨ ਨੈਸ਼ਨਲ ਕਾਂਗਰਸ ਦਾ ਪ੍ਰਧਾਨ ਰਿਹਾ। ਉਸ ਨੂੰ ਸਿਵਲ ਨਾ-ਫਰਮਾਨੀ ਲਹਿਰ ਦੇ ਸਮੇਂ ਚਾਰ ਵਾਰੀ ਜੇਲ੍ਹ ਜਾਣਾ ਪਿਆ। 1935 ਵਿਚ ਉਹ ਐਂਟੀ-ਮਾਇਨੌਰਿਟੀ ਕਮੇਟੀ ਦਾ ਪ੍ਰਧਾਨ ਚੁਣਿਆ ਗਿਆ। 1939 ਵਿਚ ਉਹ ਸੁਭਾਸ਼ ਚੰਦਰ ਬੋਸ ਦੇ ਫਾਰਵਰਡ ਬਲਾਕ ਵਿਚ ਸ਼ਾਮਿਲ ਹੋ ਗਿਆ। 1941 ਵਿਚ ਸੁਭਾਸ਼ ਚੰਦਰ ਬੋਸ ਰੂਪੋਸ਼ ਹੋ ਗਿਆ ਤਾਂ ਕਵੀਸ਼ਰ ਇਸ ਸੰਗਠਨ ਦਾ ਪ੍ਰਧਾਨ ਚੁਣਿਆ ਗਿਆ। ਸੁਭਾਸ਼ ਚੰਦਰ ਬੋਸ ਦੇ ਰੂਪੋਸ਼ ਹੋਣ 'ਤੇ ਪੁਲਿਸ ਨੇ ਕਵੀਸ਼ਰ ਤੋਂ ਕਰੜੀ ਪੁੱਛਗਿੱਛ ਕੀਤੀ। ਉਸ ਨੂੰ ਲਾਹੌਰ ਕਿਲ੍ਹੇ ਅਤੇ ਕੈਂਬਲਪੁਰ ਜੇਲ੍ਹ ਵਿਚ ਤਸੀਹੇ ਦਿੱਤੇ ਗਏ। 1948 ਵਿਚ ਉਸ ਨੇ 'ਫਾਰਵਰਡ ਬਲਾਕ' ਦੀ ਪ੍ਰਧਾਨਗੀ ਤੋਂ ਅਸਤੀਫਾ ਦੇ ਦਿੱਤਾ। ਉਸ ਨੇ ਜੀਵਨ ਦੇ ਆਖਰੀ ਸਾਲਾਂ ਵਿਚ ਸਰਗਰਮ ਰਾਜਨੀਤੀ ਤੋਂ ਸੰਨਿਆਸ ਲੈ ਲਿਆ। 1963 ਵਿਚ ਉਹ ਪਰਲੋਕ ਸਿਧਾਰ ਗਿਆ।

ਕਵੀਸ਼ਰ ਬਹੁਤ ਥੋੜ੍ਹੇ ਵਿਦਵਾਨਾਂ ਵਿਚੋਂ ਹੈ ਜਿਨ੍ਹਾਂ ਨੇ ਇਹ ਅਧਿਐਨ ਕੀਤਾ ਕਿ ਕਿਵੇਂ ਬਰਤਾਨਵੀ ਸਾਮਰਾਜਵਾਦ ਨੇ ਬਰਤਾਨਵੀ ਹਾਕਮ ਜਮਾਤ ਅਤੇ ਭਾਰਤੀਆਂ ਦੀ ਮਾਨਸਿਕਤਾ ਨੂੰ ਵਿਗਾੜਿਆ। ਕਵੀਸ਼ਰ ਦੀ ਧਾਰਨਾ ਸੀ ਕਿ ਇਸ ਸਾਮਰਾਜਵਾਦ ਨੇ ਬਰਤਾਨਵੀ ਨੋਬਲ ਕਰੈਕਟਰ ਨੂੰ ਵਿਗਾੜ ਕੇ ਉਸ ਨੂੰ ਅਮਾਨਵੀ ਹੁਕਮਰਾਨ ਬਣਾ ਦਿੱਤਾ। ਨਤੀਜੇ ਵਜੋਂ ਬਰਤਾਨਵੀ ਹਾਕਮ ਜਮਾਤ ਨੇ ਹਿੰਦੋਸਤਾਨੀਆਂ ਨੂੰ ਇਨਸਾਨ ਸਮਝਣਾ ਬੰਦ ਕਰ ਦਿੱਤਾ, ਕਿਉਂਕਿ ਉਨ੍ਹਾਂ ਦਾ ਜਾਪਦਾ ਸੀ ਕਿ ਗੁਲਾਮ ਮਨੁੱਖ ਨਹੀਂ ਹੁੰਦਾ; ਉਸ ਦੀ ਕੋਈ ਇੱਜ਼ਤ ਤੇ ਸਵੈਮਾਣ ਨਹੀਂ ਹੁੰਦਾ; ਉਹ ਕੇਵਲ ਹਾਕਮ ਜਮਾਤ ਲਈ ਜਿਊਂਦਾ ਹੈ। ਬਰਤਾਨਵੀ ਸਾਮਰਾਜ ਨੇ ਹਿੰਦੋਸਤਾਨੀਆਂ ਨੂੰ ਸਭਿਅਕ ਕੌਮ ਤੋਂ ਅਸਭਿਅਕ ਬਣਾ ਦਿੱਤਾ; ਉਨ੍ਹਾਂ ਨੂੰ ਗੁਲਾਮ ਬਣਾ ਦਿੱਤਾ ਅਤੇ ਉਹ ਸੋਚਹੀਣ ਹੋ ਗਏ। ਬਰਤਾਨਵੀ ਜਮਾਤ ਨੇ ਹਿੰਦੋਸਤਾਨੀਆਂ ਨੂੰ ਸਿੱਖਿਆ ਦਿੱਤੀ ਕਿ ਉਨ੍ਹਾਂ ਦਾ ਕੰਮ ਕੇਵਲ ਤੇ ਕੇਵਲ ਹੁਕਮ ਮੰਨਣਾ ਹੁੰਦਾ ਹੈ।

ਕਵੀਸ਼ਰ ਹਿੰਦੋਸਤਾਨੀਆਂ ਨੂੰ ਇਸ ਗੁਲਾਮ ਮਾਨਸਿਕਤਾ ਤੋਂ ਆਜ਼ਾਦ ਹੁੰਦੇ ਦੇਖ ਰਿਹਾ ਸੀ। ਕਵੀਸ਼ਰ ਨੂੰ ਨਿਸ਼ਚਾ ਸੀ ਕਿ ਹਿੰਦੋਸਤਾਨੀ ਹੁਣ ਆਪਣੇ ਬੁਰੇ-ਭਲੇ ਬਾਰੇ ਸੋਚ ਰਹੇ ਹਨ। ਉਨ੍ਹਾਂ ਨੂੰ ਗਿਆਨ ਹੋ ਗਿਆ ਸੀ ਕਿ ਉਨ੍ਹਾਂ ਦੀ ਗੁਰਬਤ ਤੇ ਦੁਰਦਸ਼ਾ ਲਈ ਬਰਤਾਨਵੀ ਸਾਮਰਾਜਵਾਦ ਜ਼ਿੰਮੇਵਾਰ ਹੈ। ਇਸ ਸਾਮਰਾਜਵਾਦ ਨੇ ਦੇਸ਼ ਦੇ ਲਘੂ ਉਦਯੋਗਾਂ ਨੂੰ ਤਬਾਹ ਕਰ ਦਿੱਤਾ ਸੀ। ਹਿੰਦੋਸਤਾਨ ਵਿਚੋਂ ਖਣਿਜ ਪਦਾਰਥਾਂ ਦੀ ਵੱਧ ਤੋਂ ਵੱਧ ਢੋਅ-ਢੁਆਈ ਬਰਤਾਨਵੀ ਉਦਯੋਗਾਂ ਲਈ ਕੀਤੀ ਗਈ। ਬਰਤਾਨਵੀ ਹਾਕਮਾਂ ਨੇ ਵਣਜ-ਵਪਾਰ ਦੀ ਅਜਿਹੀ ਪ੍ਰਣਾਲੀ ਉਸਾਰੀ ਜਿਹੜੀ ਬਰਤਾਨਵੀ ਵਪਾਰੀਆਂ ਦੇ ਹੱਕ ਵਿਚ ਸੀ। ਹਿੰਦੋਸਤਾਨੀ ਖੇਤੀਬਾੜੀ ਨੂੰ ਇੰਗਲੈਂਡ ਸਥਿਤ ਮਿੱਲਾਂ ਲਈ ਕੱਚਾ ਮਾਲ ਪੈਦਾ ਕਰਨ ਦਾ ਵਸੀਲਾ ਬਣਾ ਦਿੱਤਾ ਸੀ। ਬਰਤਾਨਵੀ ਲਗਾਨ ਪ੍ਰਣਾਲੀ ਨੇ ਕਿਰਸਾਨਾਂ ਤੋਂ ਵੱਧ ਤੋਂ ਵੱਧ ਮਾਲੀਆ ਉਗਰਾਹਿਆ। ਕੱਚਾ ਮਾਲ ਅਤੇ ਖਣਿਜ ਪਦਾਰਥਾਂ ਦੀ ਢੋਆ ਢੁਆਈ ਲਈ ਦੇਸ਼ ਦੀਆਂ ਬੰਦਰਗਾਹਾਂ ਨੂੰ ਰੇਲਵੇ ਲਾਈਨਾਂ ਨਾਲ ਜੋੜਿਆ ਗਿਆ। ਖੇਤੀਬਾੜੀ ਦੀ ਪੈਦਾਵਾਰ ਵਧਣ ਦੇ ਬਾਵਜੂਦ ਦੇਸ਼ ਵਿਚ ਭੁੱਖਮਰੀ ਦੀ ਦਰ ਦਿਨ-ਬ-ਦਿਨ ਵਧੀ। ਹਿੰਦੋਸਤਾਨ ਵਿਚ ਵਾਰ-ਵਾਰ ਕਾਲ ਪਏ। ਨਤੀਜੇ ਵਜੋਂ ਹਿੰਦੋਸਤਾਨੀਆਂ ਦਾ ਵਿਸ਼ਵਾਸ ਬੱਝ ਗਿਆ ਕਿ ਸਵਰਾਜ ਹੀ ਉਨ੍ਹਾਂ ਦੇ ਵਿਕਾਸ ਲਈ ਬਿਹਤਰ ਸ਼ਾਸਨ ਨੀਤੀ ਅਤੇ ਸ਼ਾਸਨ ਪ੍ਰਣਾਲੀ ਮੁਹੱਈਆ ਕਰ ਸਕਦਾ ਹੈ।

ਕਵੀਸ਼ਰ ਨੇ ਨੋਟ ਕੀਤਾ ਕਿ ਦੇਸ਼ ਵਿਚ ਵਿਦੇਸ਼ੀ ਹਾਕਮਾਂ ਦੀ ਮਾਨਸਿਕਤਾ ਇੰਨੀ ਵਿਗੜ ਗਈ ਕਿ ਉਹ ਦੇਸ਼ ਵਾਸੀਆਂ ਦੀਆਂ ਧਾਰਮਿਕ ਅਤੇ ਰਾਜਨੀਤਕ ਭਾਵਨਾਵਾਂ ਨੂੰ ਸਮਝਣ ਵਿਚ ਅਸਮਰੱਥ ਰਹੇ। ਇਸ ਪ੍ਰਸੰਗ ਵਿਚ ਉਸ ਨੇ ਹਿੰਦੋਸਤਾਨ ਦੇ ਮੁਸਲਮਾਨਾਂ ਦੀ ਖਿਲਾਫਤ ਲਹਿਰ ਦੀ ਉਦਾਹਰਨ ਦਿੱਤੀ। ਹਿੰਦੋਸਤਾਨ ਦੇ ਮੁਸਲਮਾਨਾਂ ਲਈ ਖਿਲਾਫਤ ਲਹਿਰ ਉਨ੍ਹਾਂ ਦੇ ਵੱਕਾਰ, ਅਰਥਾਤ ਆਦਰ ਮਾਣ ਦਾ ਪ੍ਰਤੀਕ ਸੀ। ਉਨ੍ਹਾਂ ਲਈ ਜਦ ਤਕ ਖਿਲਾਫਤ ਕਾਇਮ ਸੀ, ਇਸਲਾਮ ਕਾਇਮ ਸੀ। ਮੁਸਲਮਾਨਾਂ ਨੇ ਇਹ ਵੀ ਨੋਟ ਕੀਤਾ ਕਿ ਇਸਾਈ ਯੂਰਪ ਨੇ ਤੇਜ਼ੀ ਨਾਲ ਇਸਲਾਮਿਕ ਦੇਸ਼ਾਂ ਨੂੰ ਨਿਗਲਣਾ ਸ਼ੁਰੂ ਕਰ ਦਿੱਤਾ ਸੀ। ਪਹਿਲੀ ਆਲਮੀ ਜੰਗ ਵਿਚ ਔਟੋਮਨ ਸਾਮਰਾਜ ਦੇ ਤੁਰਕ ਮੁਖੀ ਨੇ ਜਰਮਨੀ ਗੁੱਟ ਦਾ ਸਾਥ ਦਿੱਤਾ। ਆਪਣੀ ਧਾਰਮਿਕ ਪ੍ਰਤੀਬੱਧਤਾ ਦੇ ਬਾਵਜੂਦ ਹਿੰਦੋਸਤਾਨੀ ਮੁਸਲਮਾਨ ਫੌਜੀਆਂ ਨੇ ਇੰਗਲੈਂਡ ਦੀ ਤੁਰਕੀ ਅਤੇ ਜਰਮਨੀ ਗੁੱਟ ਦੇ ਦੇਸ਼ਾਂ ਉੱਤੇ ਫਤਹਿ ਪਾਉਣ ਵਿਚ ਵੱਡਾ ਯੋਗਦਾਨ ਪਾਇਆ। ਯੁੱਧ ਦੇ ਸਮੇਂ ਮੁਸਲਮਾਨਾਂ ਨੇ ਇੰਗਲੈਂਡ ਦੀ ਮਦਦ ਇਸ ਆਸ ਨਾਲ ਕੀਤੀ ਸੀ ਕਿ ਇੰਗਲੈਂਡ ਦੀ ਸਰਕਾਰ ਖਿਲਾਫਤ ਸਰਕਾਰ ਨਾਲ ਹਮਦਰਦੀ ਨਾਲ ਪੇਸ਼ ਆਏਗੀ ਪਰ ਜਦੋਂ ਸੇਵਰਸ ਦੀ ਸੰਧੀ (10 ਅਗਸਤ 1920) ਕੀਤੀ ਗਈ ਤਾਂ ਖਲੀਫੇ ਨਾਲ ਮਾੜਾ ਸਲੂਕ ਕੀਤਾ ਗਿਆ।



ਸਰਦੂਲ ਸਿੰਘ ਕਵੀਸ਼ਰ ਦੀ ਧਾਰਨਾ ਸੀ ਕਿ ਸਰ ਮਾਈਕਲ ਓ'ਡਵਾਇਰ ਦੇ ਪੰਜਾਬ ਦੇ ਲੈਫਟੀਨੈਂਟ ਗਵਰਨਰ ਬਣਨ ਨਾਲ ਪੰਜਾਬ ਵਿਚ ਮਾਈ ਬਾਪ ਸਰਕਾਰ ਦੀ ਸ਼ਾਸਨ ਨੀਤੀ ਦਾ ਅੰਤ ਅਤੇ ਤਾਨਾਸ਼ਾਹੀ ਹਕੂਮਤ ਦਾ ਦੌਰ ਸ਼ੁਰੂ ਹੋ ਗਿਆ। ਉਹ ਆਪਣੇ ਆਪ ਨੂੰ ਪੰਜਾਬ ਦਾ ਰੱਬ ਸਮਝਦਾ ਸੀ। ਉਹ ਸਾਮਰਾਜੀ ਨੌਕਰਸ਼ਾਹ ਤੇ ਹੈਂਕੜਬਾਜ਼ ਸੀ ਅਤੇ ਡੰਡੇ ਦੇ ਜ਼ੋਰ ਨਾਲ ਰਾਜ ਕਰਨ ਵਿਚ ਯਕੀਨ ਰੱਖਦਾ ਸੀ। ਬਦਕਿਸਮਤੀ ਨਾਲ ਉਹ ਪੰਜਾਬ ਦਾ ਲੈਫਟੀਨੈਂਟ ਗਵਰਨਰ ਉਦੋਂ ਬਣਿਆ (1913) ਜਦੋਂ ਇਹ ਸੂਬਾ ਰਾਜਸੀ ਬੇਚੈਨੀ ਅਤੇ ਆਰਥਿਕ ਮੰਦਵਾੜੇ ਦਾ ਸ਼ਿਕਾਰ ਸੀ। ਉਹ ਪੰਜਾਬ ਦੀ ਉੱਭਰ ਰਹੀ ਪੜ੍ਹੀ ਲਿਖੀ ਜਮਾਤ ਅਤੇ ਇਸ ਦੇ ਆਗੂਆਂ ਨੂੰ ਨਫਰਤ ਨਾਲ ਦੇਖਦਾ ਸੀ। ਉਸ ਦਾ ਤਤਕਾਲੀ ਉਦੇਸ਼ ਗਦਰ ਲਹਿਰ ਅਤੇ ਉੱਭਰ ਰਹੀ ਦੇਸ਼ਭਗਤੀ ਦੀਆਂ ਭਾਵਨਾਵਾਂ ਨੂੰ ਕੁਚਲਣ ਦਾ ਸੀ। ਉਸ ਦਾ ਦੂਸਰਾ ਉਦੇਸ਼ ਆਲਮੀ ਜੰਗ ਲਈ ਰੰਗਰੂਟ ਹਾਸਲ ਕਰਨਾ ਅਤੇ ਵਾਰ ਫੰਡ ਇਕੱਠਾ ਕਰਨਾ ਸੀ। ਉਸ ਨੇ ਇਹ ਸਾਰੇ ਦੇ ਸਾਰੇ ਉਦੇਸ਼ ਜ਼ਾਲਮਾਨਾ ਢੰਗਾਂ ਨਾਲ ਪੂਰੇ ਕੀਤੇ। ਮਾਈਕਲ ਓ'ਡਵਾਇਰ ਨੇ ਸ਼ਹਿਰ ਤੇ ਸਥਾਨਕ ਡਿਪਟੀ ਕਮਿਸ਼ਨਰਾਂ ਅਤੇ ਪੁਲਿਸ ਕਪਤਾਨਾਂ ਦੁਆਰਾ ਪੰਜਾਬ ਦੇ ਕਈ ਸ਼ਹਿਰਾਂ ਵਿਚ ਬੇਗੁਨਾਹ ਲੋਕਾਂ ਅਤੇ ਅੰਦੋਲਨਕਾਰੀਆਂ 'ਤੇ ਅਣਗਿਣਤ ਜ਼ੁਲਮ ਢਾਹੇ। ਅੰਮ੍ਰਿਤਸਰ ਸ਼ਹਿਰ ਦੇ ਪ੍ਰਸਿੱਧ ਆਗੂਆਂ ਡਾਕਟਰ ਕਿਚਲੂ ਤੇ ਡਾਕਟਰ ਸਤਪਾਲ ਨੂੰ ਗ੍ਰਿਫਤਾਰ ਕੀਤਾ ਤੇ ਕਾਰਕੁਨਾਂ ਨੂੰ ਕੋਤਵਾਲੀ ਅਤੇ ਥਾਣਿਆਂ ਵਿਚ ਤਸੀਹੇ ਦਿੱਤੇ। ਗੁੱਜਰਾਂਵਾਲਾ ਸ਼ਹਿਰ 'ਤੇ ਬੰਬ ਸੁੱਟੇ ਜਿਸ ਨਾਲ ਸਕੂਲ ਬੋਰਡਿੰਗ ਹਾਊਸ ਦੇ ਵਿਦਿਆਰਥੀ ਅਤੇ ਮਾਸੂਮ ਬੱਚੇ ਜ਼ਖਮੀ ਹੋ ਗਏ। ਇਉਂ ਹੀ ਕਸੂਰ ਕਸਬੇ ਦੇ ਸਕੂਲ ਦੇ ਬੇਗੁਨਾਹ ਵਿਦਿਆਰਥੀਆਂ ਦੇ ਕੋਰੜੇ ਮਾਰੇ ਗਏ। ਲਾਹੌਰ ਸ਼ਹਿਰ ਦੇ ਨੌਜਵਾਨਾਂ ਨੂੰ ਜ਼ਲੀਲ ਸਿਰਫ ਇਸ ਲਈ ਕੀਤਾ ਕਿ ਉਨ੍ਹਾਂ ਨੇ ਯੂਰਪੀ ਅਫਸਰਾਂ ਨੂੰ ਸਲਾਮ ਨਹੀਂ ਕੀਤੀ। ਇਸ ਸ਼ਹਿਰ ਦੇ ਬਰਾਤੀਆਂ ਦੇ ਕੋਰੜੇ ਮਾਰੇ ਗਏ।

ਜੱਲ੍ਹਿਆਂਵਾਲਾ ਬਾਗ ਵਿਚ ਸੈਂਕੜੇ ਲੋਕਾਂ ਦਾ ਕਤਲ ਕੀਤਾ ਗਿਆ। ਕਈ ਲੋਕ ਤਾਂ ਜ਼ਖਮਾਂ ਦੀ ਤਾਬ ਨਾ ਝੱਲਦੇ ਹੋਏ ਮਰ ਗਏ। ਦੂਸਰੇ ਪਾਣੀ ਨੂੰ ਤਰਸਦੇ ਦਮ ਤੋੜ ਗਏ। ਅੰਗਰੇਜ਼ ਸਿਪਾਹੀਆਂ ਨੇ ਸ਼ਹਿਰ ਦੇ ਆਮ ਵਾਸੀਆਂ ਨੂੰ ਬੰਦੂਕ ਦੀ ਨੋਕ 'ਤੇ ਰੀਂਗਣ ਲਈ ਮਜਬੂਰ ਕੀਤਾ। ਔਰਤਾਂ ਅਤੇ ਬੱਚਿਆਂ ਨੂੰ ਬੇਸ਼ਰਮੀ ਨਾਲ ਬੇਇੱਜ਼ਤ ਕੀਤਾ; ਪਰਦੇ ਵਾਲੀਆਂ ਔਰਤਾਂ ਨੂੰ ਬੇਨਕਾਬ ਕਰ ਕੇ ਉਨ੍ਹਾਂ ਦੇ ਮੂੰਹਾਂ ਉੱਤੇ ਥੁੱਕਿਆ ਗਿਆ। ਉਨ੍ਹਾਂ ਲਈ ਗੰਦੀ ਸ਼ਬਦਾਵਲੀ ਵਰਤੀ ਗਈ। ਮਾਈਕਲ ਓ'ਡਵਾਇਰ ਦੇ ਬੇਲਗਾਮ ਐਲਾਨਨਾਮੇ ਅਤੇ ਜਨਰਲ ਡਾਇਰ ਦੇ ਪਾਗਲਪਣ ਨੇ ਪੰਜਾਬ ਵਿਚ ਦੋ ਮਹੀਨੇ ਕਹਿਰ ਢਾਹਿਆ। ਹਿੰਦੋਸਤਾਨੀਆਂ ਦੀਆਂ ਰਾਸ਼ਟਰੀ ਭਾਵਨਾਵਾਂ ਤੋਂ ਡਰਦਿਆਂ, ਬਰਤਾਨਵੀ ਸਰਕਾਰ ਨੂੰ ਹੰਟਰ ਕਮੇਟੀ ਦਾ ਗਠਨ ਕਰਨਾ ਪਿਆ ਤਾਂ ਕਿ ਦੋਸ਼ੀ ਅਫਸਰਾਂ ਨੂੰ ਸਜ਼ਾਵਾਂ ਦਿੱਤੀਆਂ ਜਾਣ। ਕਵੀਸ਼ਰ ਨੇ ਅਫਸੋਸ ਕੀਤਾ ਕਿ ਇਸ ਕਮੇਟੀ ਨੇ ਉਨ੍ਹਾਂ ਅਫਸਰਾਂ ਦੀਆਂ ਗਵਾਹੀਆਂ ਲਈਆਂ ਜਿਨ੍ਹਾਂ ਨੇ ਦੇਸ਼ਵਾਸੀਆਂ 'ਤੇ ਆਪ ਜ਼ੁਲਮ ਢਾਹੇ ਸਨ। ਇਹੋ ਜਿਹੀ ਕਮੇਟੀ ਦੀ ਪੜਤਾਲ ਕੇਵਲ ਤੇ ਕੇਵਲ ਆਪਣੇ ਅਫਸਰਾਂ ਨੂੰ ਬਚਾਉਣਾ ਸੀ ਨਾ ਕਿ ਉਨ੍ਹਾਂ ਦੇ ਗੁਨਾਹਾਂ ਲਈ ਸਜ਼ਾਵਾਂ ਦੇਣਾ। ਇਸ ਕਮੇਟੀ ਨੇ ਲੈਫਟੀਨੈਂਟ ਗਵਰਨਰ ਨੂੰ ਮੁਜ਼ਰਮ ਠਹਿਰਾਉਣ ਦੀ ਬਜਾਇ ਛੋਟੇ-ਛੋਟੇ ਅਹੁਦੇਦਾਰਾਂ ਨੂੰ ਮਾੜੀਆਂ ਮੋਟੀਆਂ ਸਜ਼ਾਵਾਂ ਦੇ ਕੇ ਬਰੀ ਕਰ ਦਿੱਤਾ। ਜੱਲ੍ਹਿਆਂਵਾਲਾ ਬਾਗ ਦੇ ਕਤਲੇਆਮ ਦੇ ਜ਼ਿੰਮੇਵਾਰ ਜਨਰਲ ਡਾਇਰ ਨੂੰ ਇਹ ਕਹਿ ਕੇ ਬਰੀ ਕਰ ਦਿੱਤਾ ਕਿ ਉਹ ਹਾਲਾਤ ਅਨੁਸਾਰ ਠੀਕ ਫੈਸਲਾ ਨਹੀਂ ਕਰ ਸਕਿਆ। ਫਰੈਂਕ ਜੌਹਨਸਨ ਜਿਸ ਨੇ ਲਾਹੌਰ ਸ਼ਹਿਰ ਦੇ ਮਜ਼ਲੂਮ ਸਕੂਲੀ ਬੱਚਿਆਂ ਨੂੰ ਕੋਰੜੇ ਮਾਰੇ ਸਨ, ਨੇ ਇੰਗਲੈਂਡ ਵਿਚ ਅੰਗਰੇਜ਼ ਲੋਕਾਂ ਦੇ ਇਕੱਠ ਨੂੰ ਸੰਬੋਧਨ ਕਰਦਿਆਂ ਕਿਹਾ: ਜੇ ਉਸ ਨੂੰ ਦੁਬਾਰਾ ਮੌਕਾ ਮਿਲਿਆ ਤਾਂ ਉਹ ਫਿਰ ਉਹੀ ਸਜ਼ਾਵਾਂ ਦੇਵੇਗਾ। ਕਵੀਸ਼ਰ ਨੇ ਅਫਸੋਸ ਨਾਲ ਕਿਹਾ ਕਿ ਜਿਨ੍ਹਾਂ ਦੋਸ਼ੀਆਂ, ਖਾਸ ਕਰਕੇ ਜੱਲ੍ਹਿਆਂਵਾਲਾ ਬਾਗ਼ ਦੇ ਕਾਤਲਾਂ ਨੂੰ ਫਾਂਸੀ ਲੱਗਣੀ ਚਾਹੀਦੀ ਸੀ ਜਾਂ ਜਿਨ੍ਹਾਂ ਨੂੰ ਜੇਲ੍ਹ ਵਿਚ ਬੰਦ ਕਰਨਾ ਚਾਹੀਦਾ ਸੀ, ਉਨ੍ਹਾਂ ਨੂੰ ਨਾਇਕ ਕਰਾਰ ਦਿੱਤਾ ਗਿਆ। ਸਰਕਾਰ ਨੇ ਪੰਜਾਬ ਦੇ ਵਿਲਕਦੇ ਲੋਕਾਂ ਦੀ ਕੋਈ ਸਾਰ ਨਾ ਲਈ।

ਸਰਦੂਲ ਸਿੰਘ ਕਵੀਸ਼ਰ ਨੇ ਰਾਜਨੀਤੀ ਵਿਚ ਸਰਗਰਮ ਰਹਿਣ ਦੇ ਬਾਵਜੂਦ ਸਾਹਿਤ ਦੇ ਖੇਤਰ ਵਿਚ ਵੀ ਪੂਰੀ ਸਮਰੱਥਾ ਨਾਲ ਆਪਣੀ ਸੇਵਾ ਨਿਭਾਈ। ਉਸ ਨੇ ਪੰਜਾਬੀ ਤੇ ਅੰਗਰੇਜ਼ੀ ਦੇ ਰਸਾਲਿਆਂ ਦੀ ਸੰਪਾਦਨਾ ਕੀਤੀ ਤੇ ਉੱਚ ਪਾਏ ਦੀਆਂ ਪੁਸਤਕਾਂ ਦੀ ਸਿਰਜਣਾ ਕੀਤੀ। 'Guru Nanak and World Peace', 'All the year Round: Guru Arjan's Twelve Months of Love and Worship', 'Battle of Life: How Guru Govind Singh Fought it', 'Guru Govind Singh and National Movement', 'The Cross and the Crown', 'Republicanism in Religion', 'The City of Joy', 'Spirit of Sikhism', 'A Sikh King: Maharaja Ranjit Singh', 'Two Jewels of the House of Phul', 'The Problem of Life: How Guru Nanak Solved it', 'India's Fight for Freedom' (1936), 'Sikh Studies' (1937), 'Sikhs and the Swaraj', 'Non-Voilent Non-Cooperation', 'The Lahore Fort Torture Camp' (1946) ਉਸ ਦੀਆਂ ਬੜੀਆਂ ਅਹਿਮ ਰਚਨਾਵਾਂ ਹਨ। ਇਸ ਤੋਂ ਇਲਾਵਾ ਪੰਜਾਬੀ ਯੂਨੀਵਰਸਿਟੀ ਪਟਿਆਲਾ ਨੇ ਉਸ ਦੀ ਮਹੱਤਵਪੂਰਨ ਪੁਸਤਕ 'ਸਿੱਖ ਧਰਮ ਦਰਸ਼ਨ' 1969 ਵਿਚ ਪ੍ਰਕਾਸ਼ਿਤ ਕੀਤੀ।

ਸਰਦੂਲ ਸਿੰਘ ਕਵੀਸ਼ਰ ਦੀ ਧਰਮਾਂ ਦੇ ਤੁਲਨਾਤਮਕ ਅਧਿਐਨ ਵਿਚ ਰੁਚੀ ਦੀ ਸ਼ੁਰੂਆਤ 1917 ਵਿਚ ਹੋਈ ਜਦੋਂ ਬਨਾਰਸ ਹਿੰਦੂ ਯੂਨੀਵਰਸਿਟੀ ਨੇ ਉਸ ਨੂੰ ਫੈਲੋ ਚੁਣਿਆ। ਇਸ ਖੇਤਰ ਵਿਚ ਉਸ ਨੇ 1937 ਵਿਚ 'ਦਿ ਸਿੱਖ ਸਟੱਡੀਜ਼' ਨਾਂ ਦੀ ਪੁਸਤਕ ਲਿਖੀ। ਧਰਮ ਸ਼ਾਸਤਰੀਆਂ ਦਾ ਮੰਨਣਾ ਹੈ ਕਿ ਕਵੀਸ਼ਰ ਨੇ ਸਿੱਖ ਦਰਸ਼ਨ ਦੀ ਵਿਆਖਿਆ ਦੀ ਪਰੰਪਰਾ ਨੂੰ ਅੱਗੇ ਵਧਾਇਆ।

## ਪੂੰਜੀਵਾਦ ਕਿੰਞ ਕਰ ਰਿਹੈ ਬਰਬਾਦ

*(ਪਿਛਲੇ ਸਫੇ ਦੀ ਬਾਕੀ)*

ਮਾਰੀਆਂ ਜਾਂਦੀਆਂ ਹਨ। ਕਮਰਸ਼ੀਅਲ ਫਿਸ਼ਿੰਗ ਸਮੁੰਦਰੀ ਜੀਵਾਂ ਦੀ ਤਬਾਹੀ ਹੈ, ਇਹ ਬਿੱਲਕੁਲ ਬੰਦ ਹੋਣ ਚਾਹੀਦੀ ਹੈ ਜਾਂ ਕਿਸੇ ਕੰਟਰੋਲ ਥੱਲੇ ਹੋਣੀ ਚਾਹੀਦੀ ਹੈ।

2) ਪਸ਼ੂ ਪਾਲਣ (ਐਨੀਮਲ ਫਾਰਮਿੰਗ): ਇਹ ਬਹੁਤੇ ਫਾਰਮ ਮੀਟ ਵਾਲ਼ੇ ਜਾਨਵਰਾਂ ਲਈ ਬਣਦੇ ਹਨ। ਹੁਣ ਜਿਹੜਾ ਮੀਟ ਵਾਲ਼ਾ ਜਾਨਵਰ ਹੈ, ਉਸ ਨੂੰ ਚਰਨ ਲਈ ਘੱਟੋ-ਘੱਟ ਇੱਕ ਏਕੜ ਚਾਹੀਦਾ ਹੈ; ਦੂਜੇ ਪਾਸੇ ਇੱਕ ਏਕੜ ਦੀ ਪੈਦਾਵਾਰ ਨਾਲ ਇੱਕ ਟੱਬਰ ਦਾ ਗੁਜ਼ਾਰਾ ਵੀ ਹੋ ਸਕਦਾ ਹੈ। ਮੀਟ ਖਾਣਾ ਮਨੁੱਖ ਦੀ ਬੁਨਿਆਦੀ ਲੋੜ ਨਹੀਂ ਹੈ। ਇਹ ਅਮੀਰਾਂ ਨੂੰ ਚਾਹੀਦੇ ਹਨ, ਟੀ-ਬੋਨ ਸਟੇਕਾਂ, ਮੱਛੀਆਂ ਦੇ ਆਂਡੇ, ਸ਼ਾਰਕ ਮੱਛੀ ਦਾ ਮੀਟ, ਆਮ ਲੋਕ ਤਾਂ ਦੋ ਡੰਗ ਦੀ ਰੋਟੀ ਨੂੰ ਵੀ ਤਰਸੇ ਪਏ ਹਨ। ਇਹ ਐਨੀਮਲ ਫਾਰਮਿੰਗ ਇਹਨਾਂ ਵੱਡੀਆਂ ਕਾਰਪੋਰੇਸ਼ਨਾਂ ਲਈ ਵੱਡੀ ਆਮਦਨ ਦੇ ਸਾਧਨ ਹਨ। ਫਿਰ ਕੌਣ ਕਹੇਗਾ ਰਾਣੀਏ ਅੱਗਾ ਢਕ?

3) ਵਪਾਰਕ ਖੇਤੀ (ਕਮਰਸ਼ੀਅਲ ਐਗਰੀਕਲਚਰ): ਇਸ ਸਮੇਂ ਦਾ ਸਭ ਤੋਂ ਭਖਦਾ ਮੁੱਦਾ ਕਮਰਸ਼ੀਅਲ ਫਾਰਮਿੰਗ ਬਣ ਚੁੱਕਿਆ ਹੈ। ਹੁਣ ਜਿਹਨਾਂ ਕਿਸਾਨਾਂ ਦੇ ਛੋਟੇ ਛੋਟੇ ਖੇਤ ਹਨ, ਜਦ ਉਹ ਖੇਤਾਂ ਵਿਚ ਕੰਮ ਕਰਦੇ ਹਨ ਤਾਂ ਵਿਚ ਇੱਕ ਦੋ ਦਰੱਖਤ ਵੀ ਛਾਂ ਦੀ ਖਾਤਰ ਜ਼ਰੂਰ ਲਾ ਕੇ ਰੱਖਦੇ ਹਨ। ਕਿਸਾਨ ਦਾ ਸਾਰਾ ਟੱਬਰ ਮਾਣ ਨਾਲ ਖੇਤ ਜਾਂਦਾ ਹੈ ਪਰ ਜਦ ਕਿਸਾਨਾਂ ਨੂੰ ਖੁੱਲ੍ਹੀ ਵਪਾਰਕ ਮੰਡੀ ਦੇ ਨਾਲ ਕੰਗਾਲ ਕਰ ਦਿੱਤਾ ਗਿਆ ਤੇ ਉਹਨਾਂ ਦੇ ਛੋਟੇ ਛੋਟੇ ਖੇਤ ਕਾਰਪੋਰੇਸ਼ਨਾਂ ਕੋਲ਼ ਆ ਗਏ, ਫਿਰ ਤਾਂ ਕਿਲੋਮੀਟਰ ਲੰਮੇ ਖੇਤ ਵਿਚ ਜਦ ਮਸ਼ੀਨਰੀ ਚੱਲੂ ਤਾਂ ਸਭ ਤੋਂ ਪਹਿਲਾਂ ਤਾਂ ਸਾਰੇ ਦਰੱਖਤ ਵੱਢ ਦਿੱਤੇ ਜਾਣਗੇ, ਕਿਉਂਕਿ ਦਰੱਖਤ ਵੱਡੇ ਵੱਡੇ ਟਰੈਕਟਰਾਂ ਨੂੰ ਅੜਿਕਾ ਲਾਉਂਦੇ ਹਨ। ਕਾਰਪੋਰੇਸ਼ਨਾਂ ਖੇਤੀ ਵੀ ਡਾਲਰਾਂ ਲਈ ਜਾਂ ਵੱਧ ਤੋਂ ਵੱਧ ਨਫੇ ਲਈ ਕਰਨਗੀਆਂ, ਨਾ ਕਿ ਸਥਾਨਕ ਲੋਕਾਂ ਦੀਆਂ ਲੋੜਾਂ ਖਾਤਰ। ਇਸ ਕਰਕੇ ਧਰਤੀ ਦਾ ਘਾਣ ਇਹ ਕਮਰਸ਼ੀਅਲ ਖੇਤੀ ਬਹੁਤ ਜ਼ਿਆਦਾ ਕਰੇਗੀ, ਦੂਜੀ ਗੱਲ ਕਾਰਪੋਰੇਸ਼ਨਾਂ ਜ਼ਮੀਨ ਮਗਰ ਤਾਂ ਪਈਆਂ ਹਨ, ਕਿਉਂਕਿ ਇਹ ਉਹਨਾਂ ਦੀ ਨਜ਼ਰ ਵਿਚ ਸਭ ਤੋਂ ਸੁਰੱਖਿਅਤ ਨਿਵੇਸ਼ ਹੈ।

ਲੋਕਾਂ ਨੂੰ ਆਪਣਾ ਸਮਾਨ ਵੇਚਣ ਲਈ ਐਕਟਰਾਂ ਜਾਂ ਅਜਿਹੀਆਂ ਮਸ਼ਹੂਰ ਹਸਤੀਆਂ ਦਾ ਸਹਾਰਾ ਲਿਆ ਜਾਂਦਾ ਹੈ। ਅਸੀਂ ਜਿਹੜੇ ਆਪਣੇ ਆਪ ਨੂੰ ਗੁਆਂਢੀ ਨਾਲੋਂ ਇਹਨਾਂ ਹਸਤੀਆਂ ਦੇ ਨੇੜੇ ਸਮਝਦੇ ਝੱਟ ਉਹਨਾਂ ਦੀ ਮਸ਼ਹੂਰ ਕੀਤੀ ਚੀਜ਼ ਨੂੰ ਆਪਣੀ ਲੋੜ ਵਿਚ ਸ਼ਾਮਲ ਕਰ ਲੈਂਦੇ ਹਾਂ, ਬੇਸ਼ੱਕ ਉਹ ਚੀਜ਼ ਪੈਦਾ ਕਰਨ ਲਈ ਕੁਦਰਤ ਦਾ ਕਿੰਨਾ ਵੀ ਨੁਕਸਾਨ ਕਿਉਂ ਨਾ ਹੋਇਆ ਹੋਵੇ।

ਦੁਨੀਆ ਭਰ ਦੀ 65% ਦੌਲਤ ਪਹਿਲਾਂ ਹੀ 1% ਲੋਕਾਂ ਕੋਲ਼ ਇਕੱਠੀ ਹੋ ਗਈ ਹੈ। ਧਨਾਢਾਂ ਦੀ ਇੱਕ ਦੂਜੇ ਤੋਂ ਮੂਹਰੇ ਲੰਘਣ ਦੀ ਦੌੜ ਲੱਗੀ ਹੋਈ ਹੈ। ਇਹ ਕਾਰਪੋਰੇਟ ਸਰਕਾਰਾਂ ਲੋਕਾਂ ਤੋਂ ਵਿੱਦਿਆ ਦਾ ਹੱਕ ਵੀ ਖੋਹਣਾ ਚਾਹੁੰਦੀਆਂ ਹਨ। ਸਰਕਾਰੀ ਸਕੂਲ ਬੰਦ ਹੋ ਰਹੇ ਹਨ ਤੇ ਪ੍ਰਾਈਵੇਟ ਸਕੂਲ ਧੜਾ ਧੜ ਖੁੱਲ੍ਹ ਰਹੇ ਹਨ। ਟੈਕਸ ਦੇਣ ਵਾਲਿਆਂ ਦਾ ਪੈਸਾ ਗਰਾਂਟਾਂ ਦੇ ਰੂਪ ਵਿਚ ਪ੍ਰਾਈਵੇਟ ਸਕੂਲਾਂ ਨੂੰ ਦਿੱਤਾ ਜਾ ਰਿਹਾ ਹੈ। ਇਕ ਹਾਲੀਆ ਖਬਰ ਮੁਤਾਬਿਕ ਬੀ.ਸੀ. (ਕੈਨੇਡਾ) ਦੀ ਸਰਕਾਰ ਹਰ ਸਾਲ 400 ਮਿਲੀਅਨ ਡਾਲਰ ਪ੍ਰਾਈਵੇਟ ਸਕੂਲਾਂ ਨੂੰ ਦਿੰਦੀ ਹੈ।

ਇਸ ਦਾ ਮਤਲਬ, ਇਹ ਫੰਡ ਸਰਕਾਰੀ ਸਕੂਲਾਂ ਤੋਂ ਖੋਹ ਕੇ ਇਨ੍ਹਾਂ ਸਕੂਲਾਂ ਨੂੰ ਦਿੱਤੇ ਜਾ ਰਹੇ ਹਨ। ਇਹ ਕਾਰਪੋਰੇਟ ਸਿਸਟਮ ਚਾਹੁੰਦਾ ਹੈ ਕਿ ਕਿਤੇ ਆਮ ਲੋਕ ਵਿਦਿਆ ਪ੍ਰਾਪਤ ਕਰਕੇ ਆਪਣੇ ਹੱਕਾਂ ਬਾਰੇ ਚੇਤੰਨ ਨਾ ਹੋ ਜਾਣ। ਇਸ ਕਰਕੇ ਵਿਦਿਆ ਇੰਨੀ ਮਹਿੰਗੀ ਕਰ ਦਿਓ ਕਿ ਗਰੀਬਾਂ ਦੇ ਬੱਚੇ ਸਿਰਫ ਮਜ਼ਦੂਰੀ ਕਰਨ ਜੋਗੇ ਹੀ ਰਹਿ ਜਾਣ। ਇਸ ਦੁਨੀਆ ਦੇ ਅਮੀਰ ਲੋਕ ਅਗਲੀਆਂ ਪੰਜ ਸੱਤ ਪੀੜ੍ਹੀਆਂ ਲਈ ਦੌਲਤ ਦੇ ਅੰਬਾਰ ਲਾਉਣ ਤੇ ਤੁਲੇ ਹੋਏ ਹਨ ਪਰ ਇਹਨਾਂ ਨੂੰ ਸਮਝ ਨਹੀਂ ਕਿ ਪਾਣੀ ਦੀ ਸਮੱਸਿਆ ਤਾਂ ਅਗਲੀ ਪੀੜ੍ਹੀ ਲਈ ਜਿਉਂ ਦੀ ਤਿਉਂ ਖੜ੍ਹੀ ਹੈ। ਕਾਰਪੋਰੇਟ ਦੇ ਇਸ ਲਾਲਚ ਨੂੰ ਛਿੱਕਲ਼ੀ ਨਾ ਪਾਈ ਗਈ ਤਾਂ ਲੱਗਦਾ ਹੈ, ਮਨੁੱਖੀ ਨਸਲ ਜਾਂ ਧਰਤੀ ਦੇ ਹੋਰ ਸਾਰੇ ਜੀਅ ਜੰਤ ਨੂੰ ਸ਼ਾਇਦ ਅਗਲੀ ਸਦੀ ਦੇਖਣੀ ਨਸੀਬ ਨਾ ਹੋਵੇ।

ਇੱਕ ਗੱਲ ਸਾਨੂੰ ਕਦੇ ਵੀ ਨਹੀਂ ਭੁੱਲਣੀ ਚਾਹੀਦੀ ਕਿ ਕੋਈ ਅਮੀਰ, ਗਰੀਬ ਲੋਕਾਂ ਨੂੰ ਲੁੱਟੇ ਬਿਨਾ ਅਮੀਰ ਨਹੀਂ ਹੋ ਸਕਦਾ। ਇੱਕ ਹਿਸਾਬ ਲਾਓ ਕਿ ਜਦ ਕੋਈ ਬੰਦਾ ਬਿਲੀਨੇਅਰ ਬਣਦਾ ਹੈ ਤਾਂ ਉਹ ਕਿੰਨੇ ਲੱਖ ਲੋਕਾਂ ਦੀਆਂ ਜੇਬਾਂ ਖਾਲੀ ਕਰਕੇ ਬਣਦਾ ਹੈ। ਹੁਣ ਮੋਟਾ ਹਿਸਾਬ ਹੈ, ਐਮਾਜ਼ੌਨ ਦਾ ਜੈਫ ਬੀਜੋ ਜਾਂ ਐਲਨ ਮਸਕ ਜਾਂ ਬਾਰਨ ਬਫੇ (ਸਟੌਕ ਬਰੋਕਰ) ਸਾਡੀਆਂ ਜੇਬਾਂ ਵਿਚੋਂ ਪੈਸਾ ਕੱਢ ਕੇ ਹੀ ਅਰਬਪਤੀ ਬਣੇ ਹਨ। ਇਹ ਪੈਸਾ ਇਹਨਾਂ ਨੇ ਨੋਟ ਛਾਪ ਕੇ ਤਾਂ ਨਹੀਂ ਬਣਾਇਆ। ਇਸ ਧਰਤੀ ਨੂੰ ਬਚਾਉਣ ਲਈ ਇਸ ਪੂੰਜੀਵਾਦੀ ਸਿਸਟਮ ਦਾ ਖਾਤਮਾ ਬਹੁਤ ਜ਼ਰੂਰੀ ਹੈ। ਹੁਣ ਸਮਾਂ ਆ ਗਿਆ ਹੈ ਕਿ ਘਰਾਂ, ਕਾਰਾਂ ਦੇ ਦਿਖਾਵੇ ਦਾ ਕਲਚਰ ਛੱਡ ਕੇ ਇਸ ਧਰਤੀ ਨੂੰ ਬਚਾਉਣ ਲਈ ਚੇਤੰਨ ਹੋਈਏ ਨਹੀਂ ਤਾਂ ਸਾਡੇ ਹੱਥਾਂ ਵਿਚ ਖੇਡਣ ਵਾਲੇ, ਪੋਤੇ ਪੋਤੀਆਂ ਜਾਂ ਦੋਹਤੇ ਦੋਹਤੀਆਂ ਸਾਨੂੰ ਕਦੇ ਵੀ ਮੁਆਫ ਨਹੀਂ ਕਰਨਗੀਆਂ।

# ਪੰਜਾਬੀਅਤ ਦਾ ਤਸੱਵੁਰ ਬਹੁਤ ਫੈਲ ਗਿਆ ਹੈ...

**ਦਸਤਾਵੇਜ਼ੀ ਫਿਲਮਸਾਜ਼ ਅਤੇ ਪੱਤਰਕਾਰ ਦਲਜੀਤ ਅਮੀ 'ਪੰਜਾਬ ਟਾਈਮਜ਼' ਲਈ ਲਗਾਤਾਰ ਲਿਖਦੇ ਰਹੇ ਹਨ। ਪਿੱਛੇ ਜਿਹੇ ਉਨ੍ਹਾਂ ਆਪਣੇ ਯੂਟਿਊਬ ਚੈਨਲ 'ਅੱਵਲ ਸਹਾਫੀ' ਲਈ ਕਈ ਉਮਦਾ ਸ਼ਖਸੀਅਤਾਂ ਨਾਲ ਮੁਲਾਕਾਤਾਂ ਦਾ ਸਿਲਸਿਲਾ ਵਿੱਢਿਆ। ਅਸੀਂ ਆਪਣੇ ਪਾਠਕਾਂ ਲਈ ਉਘੇ ਗਾਇਕ ਰੱਬੀ ਸ਼ੇਰਗਿੱਲ ਨਾਲ ਕੀਤੀ ਲੰਮੀ ਮੁਲਾਕਾਤ ਛਾਪ ਰਹੇ ਹਨ। ਇਸ ਦਾ ਪਹਿਲਾ ਹਿੱਸਾ ਹਾਜ਼ਰ ਹੈ ਜਿਸ ਵਿਚ ਪੰਜਾਬ, ਪੰਜਾਬੀਅਤ ਅਤੇ ਗਾਇਨ ਬਾਰੇ ਵੱਖਰੀਆਂ ਗੱਲਾਂ ਕੀਤੀਆਂ ਗਈਆਂ ਹਨ।**

## ਖਾਸ ਮੁਲਾਕਾਤ



ਦਲਜੀਤ ਅਮੀ
ਫੋਨ: +91-72919-77145

**ਦਲਜੀਤ ਅਮੀ:** ਜ਼ਿੰਦਗੀ, ਕੁਦਰਤ ਅਤੇ ਸੰਗੀਤ ਦਾ ਰਿਸ਼ਤਾ ਮੁੱਢ ਕਦੀਮੀ ਹੈ। ਇਸ ਰਿਸ਼ਤੇ ਵਿਚੋਂ ਮਨੁੱਖ ਨੇ ਆਪਣੀ ਬੋਲੀ ਸਿੱਖੀ ਹੋਵੇਗੀ, ਚਾਹੇ ਉਹ ਕੋਈ ਵੀ ਬੋਲੀ ਕਿਉਂ ਨਾ ਹੋਵੇ। ਸੰਗੀਤ, ਸੁਰਾਂ ਅਤੇ ਜ਼ਿੰਦਗੀ ਦਾ ਸਫਰ ਜਦੋਂ ਤੱਕ ਸਾਡੇ ਦੌਰ ਤੱਕ ਆਉਂਦਾ ਹੈ, ਇਸ ਦੌਰਾਨ ਬਹੁਤ ਸਾਰੀ ਪੇਚੀਦਗੀ ਲਗਾਤਾਰ ਸਾਡੇ ਸਾਹਮਣੇ ਆਪਣੇ-ਆਪ ਨੂੰ ਫਰੋਲਦੀ ਰਹਿੰਦੀ ਹੈ। ਇਸ ਸਾਰੇ ਸਫਰ ਦੌਰਾਨ ਸੰਗੀਤ ਸਾਡਾ ਸਾਂਝੀ ਰਿਹਾ, ਜਾਂ ਫਿਰ ਅਸੀਂ ਸੰਗੀਤ ਦੇ ਸਾਂਝੀ ਰਹੇ ਹਾਂ। ਜਦੋਂ ਅਸੀਂ ਮੌਜੂਦਾ ਦੌਰ ਵਿਚ ਪਹੁੰਚੇ ਹਾਂ ਤਾਂ ਸੰਗੀਤ ਮੌਜੂਦਾ ਦੌਰ ਦੇ ਸੁਆਲਾਂ, ਸਾਡੇ ਸੁਰਜ-ਸੁਆਦਾਂ ਨਾਲ ਵੀ ਜੁੜਿਆ ਹੋਇਆ ਹੈ। ਇਨ੍ਹਾਂ ਮਸਲਿਆਂ ਬਾਰੇ ਅਸੀਂ ਰੱਬੀ ਸ਼ੇਰਗਿੱਲ ਨਾਲ ਗੱਲ ਕਰਾਂਗੇ। ਸਾਡੀ ਗੱਲ ਦਾ ਹਵਾਲਾ ਹੋਵੇਗਾ ਪੰਜਾਬ, ਕਿਸਾਨ ਅੰਦੋਲਨ ਅਤੇ ਸੰਗੀਤ ਦਾ ਵਿਰੋਧ ਨਾਲ, ਮਨੁੱਖ ਦੀ ਨਾਬਰੀ ਨਾਲ ਰਿਸ਼ਤਾ ਕਿਸ ਕਿਸਮ ਦਾ ਹੈ? ਰੱਬੀ ਜੀ, ਸੰਗੀਤ ਦਾ ਸਾਡੇ ਸਮਾਜਿਕ ਸਰੋਕਾਰ, ਸਮਕਾਲੀ ਸਰੋਕਾਰ ਜਾਂ ਇਤਿਹਾਸਿਕ ਸਰੋਕਾਰਾਂ ਨਾਲ ਕਿਸ ਕਿਸਮ ਦਾ ਰਿਸ਼ਤਾ ਹੈ?

**ਰੱਬੀ ਸ਼ੇਰਗਿੱਲ:** ਪਹਿਲੀ ਗੱਲ, ਸੰਗੀਤ ਕਿਸੇ ਖਲਾਅ ਵਿਚੋਂ ਪੈਦਾ ਨਹੀਂ ਹੁੰਦਾ। ਸੰਗੀਤ ਸੰਸਾਰ ਨੂੰ ਵਿਰਸੇ ਵਿਚ ਮਿਲਦਾ ਹੈ। ਕਈ ਕਦਰਾਂ-ਕੀਮਤਾਂ ਉਸ ਨੂੰ ਵਿਰਸੇ ਵਿਚ ਮਿਲਦੀਆਂ ਹਨ। ਕੋਈ ਸੋਚ, ਕੋਈ ਤੰਦਾਂ ਉਸ ਨੂੰ ਵਿਰਸੇ ਵਿਚੋਂ ਮਿਲਦੀਆਂ ਹਨ। ਕੋਈ ਸੰਗੀਤਕਾਰ ਆਪਣੇ ਆਪ ਨੂੰ ਅਨੋਖਾ ਨਹੀਂ ਮੰਨ ਸਕਦਾ। ਕੋਈ ਆਪਣੇ ਆਪ ਨੂੰ ਅਦੁੱਤੀ ਨਹੀਂ ਮੰਨ ਸਕਦਾ; ਜਿਵੇਂ ਮੈਂ ਅੱਜ ਜੰਮਿਆ ਅਤੇ ਜਿਹੜਾ ਮੈਨੂੰ ਗੀਤ ਸੁੱਝ ਰਿਹਾ ਹੈ, ਉਸ ਵਿਚ ਮੁੱਢ ਕਦੀਮੀ ਵਿਲੱਖਣਤਾ ਹੈ। ਮੈਂ ਦਿੱਲੀ ਦਾ ਜੰਮਪਲ ਹਾਂ, ਦਿੱਲੀ ਦੀ ਬਹੁਤ ਜ਼ਰਖੇਜ਼ ਪੰਜਾਬੀਅਤ ਵਿਰਾਸਤ ਵਿਚ ਮਿਲੀ। ਦਿੱਲੀ ਨੇ ਬੜੇ ਉਚੇ ਮਿਆਰ ਦਾ ਕਵੀ ਡਾ. ਹਰਿਭਜਨ ਸਿੰਘ ਦੇ ਰੂਪ ਵਿਚ ਪੰਜਾਬੀ ਸਾਹਿਤ ਨੂੰ ਦਿੱਤਾ। ਹੋਰ ਬਹੁਤ ਸ਼ਖਸੀਅਤਾਂ ਅਤੇ ਉਘੇ ਕਲਾਕਾਰ ਹਨ ਜਿਨ੍ਹਾਂ ਵਿਚ ਕ੍ਰਿਸ਼ਨਾ ਸੋਬਤੀ ਹਨ, ਮਨਜੀਤ ਬਾਵਾ...

**ਦਲਜੀਤ:** ਬਹੁਤ ਸਾਰੇ ਵਿਦਵਾਨ ਹਨ।

**ਰੱਬੀ:** ਬਹੁਤ ਸਾਰੇ ਵਿਦਵਾਨ ਹਨ। ਮੇਰੇ ਮਾਤਾ ਜੀ ਡਾ. ਮਹਿੰਦਰ ਕੌਰ ਗਿੱਲ ਖੁਦ ਕਵਿੱਤਰੀ ਸਨ। ਮੇਰੀ ਭੈਣ ਗਗਨ ਗਿੱਲ, ਉਹ ਵੀ ਨਾਮਵਰ ਕਵਿੱਤਰੀ ਹਨ। ਮੇਰੀ ਵੱਡੀ ਭੈਣ ਮੈਥੋਂ ਬਾਰਾਂ ਸਾਲ ਵੱਡੀ ਹੈ। ਘਰ ਦੇ ਮਾਹੌਲ ਵਿਚ ਮੈਨੂੰ ਕਲਾ-ਪ੍ਰਸਤੀ ਵਿਰਸੇ ਦੇ ਰੂਪ ਵਿਚ ਮਿਲੀ। ਮੈਨੂੰ ਇੰਝ ਲੱਗਣ ਲੱਗ ਪਿਆ ਕਿ ਜੋ ਪੰਜਾਬ ਹੈ, ਉਹ ਕੋਈ ਭੂਗੋਲ ਨਹੀਂ। ਮੈਨੂੰ ਇਸ ਬਾਰੇ ਕਿਸੇ ਨੇ ਨਹੀਂ ਦੱਸਿਆ, ਨਾ ਹੀ ਮੈਂ ਇਸ ਬਾਰੇ ਲੇਖ ਪੜ੍ਹਿਆ ਪਰ ਮੈਨੂੰ ਇੱਕ ਗੱਲ ਸਮਝ ਆਉਣ ਲੱਗ ਗਈ ਕਿ ਪੰਜਾਬ ਭੂਗੋਲ ਤੋਂ ਮੁਕਤ ਹੈ। ਪੰਜਾਬ ਹੁਣ ਖਿਆਲੀ ਪਛਾਣ ਹੈ ਜਿਸ ਨੂੰ ਅਸੀਂ ਸਾਰੇ ਆਪਣੇ ਬੋਝੇ ਵਿਚ ਪਾ ਕੇ ਤੁਰਦੇ ਹਾਂ। ਜੇ ਪੂਰੇ ਪੰਜਾਬ ਨੂੰ ਹੀ ਸਮਝਣਾ ਹੋਵੇ ਤਾਂ ਇਸ ਬਾਰੇ ਬੰਦਿਆਂ ਨੂੰ ਐਨ.ਆਰ.ਆਈਜ਼ ਨੂੰ ਵੀ ਮਿਲਣਾ ਹੋਵੇਗਾ। ਬਰੈਂਪਟਨ ਵਿਚ 40ਵਿਆਂ ਦੇ ਦੌਰ ਵਿਚ ਆਏ ਪੁਰਾਣੇ ਪਰਵਾਸੀਆਂ ਨੂੰ ਵੀ ਮਿਲਣਾ ਪਵੇਗਾ। ਲਹਿੰਦੇ ਪੰਜਾਬ ਵਿਚ ਵੀ ਫਿਰਨਾ ਪਵੇਗਾ ਅਤੇ ਆਪਣਾ ਪੰਜਾਬ ਵੀ ਫਰੋਲਣਾ ਪੈਣਾ।

**ਦਲਜੀਤ:** ਹਰਿਆਣਾ, ਹਿਮਾਚਲ ਵੀ...

**ਰੱਬੀ:** ਹਰਿਆਣਾ, ਹਿਮਾਚਲ ਵੀ। ਅਸੀਂ ਇਸ ਵੇਲੇ (ਮੁਲਾਕਾਤ ਵੇਲੇ) ਹਿਮਾਚਲ ਬੈਠੇ ਹਾਂ, ਇਹ ਵੀ ਪੰਜਾਬ ਹੀ ਹੈ। ਦਰਅਸਲ ਜਦੋਂ ਤੁਸੀਂ ਪੰਜਾਬੀ ਜ਼ਬਾਨ ਨੂੰ ਥੋੜ੍ਹਾ ਕੋਲੋਂ ਦੇਖਣ ਦੀ ਸਮਰੱਥਾ ਰੱਖਦੇ ਹੋ ਤਾਂ ਤੁਸੀਂ ਦੇਖੋਗੇ ਕਿ ਪੰਜਾਬੀਅਤ ਇਸ ਪੂਰੇ ਇਲਾਕੇ ਵਿਚ ਪਸਰੀ ਹੋਈ ਹੈ। ਪਟੌਦੀ ਤੱਕ ਤਾਂ ਸਿੰਘਾਂ ਦਾ ਰਾਜ ਹੁੰਦਾ ਸੀ। ਮੈਂ ਆਪਣੇ ਆਪ ਨੂੰ ਅਤੇ ਕਿਸੇ ਵੀ ਕਲਾ ਲਈ ਜ਼ਰੂਰੀ ਸਮਝਦਾ ਹਾਂ ਕਿ ਉਸ ਦਾ ਰਹਿਤਲ ਨਾਲ, ਰੁੱਖਾਂ ਅਤੇ ਜ਼ਮੀਨ ਨਾਲ ਰਿਸ਼ਤਾ ਹੋਣਾ ਲਾਜ਼ਮੀ ਹੈ; ਨਹੀਂ ਤਾਂ ਕਲਾ ਕੁਝ ਵੀ ਬਦਲ ਨਹੀਂ ਸਕਦੀ ਪਰ ਕਲਾ ਜੇ ਕੁਝ ਬਦਲਣਾ ਨਾ ਚਾਹੇ ਤਾਂ ਉਹ ਕਲਾ ਨਹੀਂ ਹੈ। ਕਲਾ ਦੀ ਅਸੀਂ ਵੱਖਰੇ-ਵੱਖਰੇ ਰੂਪ ਵਿਚ ਵਿਆਖਿਆ ਕਰ ਸਕਦੇ ਹਾਂ। ਉਸ ਵਿਚ ਇਖਲਾਕੀ ਪੈਮਾਨਾ ਵੀ ਹੈ, ਉਹ ਸਾਡੇ ਸਮੇਂ ਦਾ ਇੱਕ ਪੈਮਾਨਾ ਵੀ ਹੈ ਤੇ ਹੋਰ ਬਹੁਤ ਸਾਰੀਆਂ ਚੀਜ਼ਾਂ ਹਨ ਪਰ ਮੈਨੂੰ ਲੱਗਦਾ ਹੈ ਕਿ ਪੰਜਾਬੀ ਸੰਗੀਤ ਦਾ ਆਪਣੇ ਧਰਾਤਲ ਨਾਲ ਰਿਸ਼ਤਾ ਹੋਣਾ ਲਾਜ਼ਮੀ ਹੈ ਅਤੇ ਉਹ ਰਿਸ਼ਤਾ ਮੈਂ ਆਮ ਪੌਪ ਸੰਗੀਤ ਦੇ ਵਿਚ ਨਹੀਂ ਦੇਖਦਾ।

**ਦਲਜੀਤ:** ਤੁਸੀਂ ਜੋ ਕਾਫੀ ਪੇਚੀਦਾ ਗੱਲ ਕਹੀ ਹੈ, ਮੈਂ ਉਸ ਨੂੰ ਥੋੜ੍ਹਾ ਹੋਰ ਪੇਚੀਦਾ ਕਰਦਾ ਹਾਂ; ਇੱਕ ਪੱਖੋਂ ਤੁਸੀਂ ਕਿਹਾ ਕਿ ਸੰਗੀਤ ਜਾਂ ਕਿਸੇ ਵੀ ਕਲਾ ਨਾਲ ਤੁਸੀਂ ਜੁੜਦੇ ਹੋ ਤਾਂ ਤੁਹਾਡਾ ਰਹਿਤਲ ਨਾਲ ਜੁੜਿਆ ਹੋਣਾ ਜ਼ਰੂਰੀ ਹੈ। ਦੂਜੀ ਗੱਲ ਤੁਸੀਂ ਇਹ ਕਹੀ ਹੈ ਕਿ ਪੰਜਾਬ ਭੂਗੋਲ ਨਹੀਂ ਹੈ। ਇਸ ਦਾ ਮਤਲਬ ਹੈ ਕਿ ਜੋ ਰਹਿਤਲ ਹੈ, ਉਹ ਭੂਗੋਲ





ਤੋਂ ਵੱਡੀ ਚੀਜ਼ ਹੈ। ਇੱਕ ਤਾਂ ਮੈਂ ਇਸ ਪੇਚੀਦਗੀ ਨੂੰ ਅੱਗੇ ਲਿਆਉਣਾ ਚਾਹੁੰਦਾ ਸੀ। ਦੂਜੀ ਗੱਲ, ਪੰਜਾਬ ਭੂਗੋਲ ਨਹੀਂ; ਜਿਹੜਾ ਪੰਜਾਬ ਨਾਲ ਜੁੜਿਆ ਬੰਦਾ ਹੈ, ਉਹ ਬੋਲੀ ਪੱਖੋਂ ਪੰਜਾਬੀ ਬਣ ਜਾਂਦਾ ਹੈ ਜਾਂ ਖਿੱਤੇ ਪੱਖੋਂ ਪੰਜਾਬੀ ਬਣ ਜਾਂਦਾ ਹੈ। ਦੂਜਾ ਪੰਜਾਬ ਵਿਚ ਦਿਲਚਸਪੀ ਹੋਣ ਦੇ ਨਾਤੇ ਵੀ ਪੰਜਾਬੀ ਬਣ ਜਾਂਦਾ ਹੈ ਅਤੇ ਇਸ ਨਾਤੇ ਅਸੀਂ ਇਹ ਵੀ ਕਹਿ ਸਕਦੇ ਹਾਂ ਕਿ ਜਿਹੜਾ ਪੰਜਾਬ ਹੈ, ਉਹ ਸਿਰਫ ਪੰਜਾਬੀ ਹੀ ਨਹੀਂ ਹੈ, ਬੋਲੀ ਪੱਖੋਂ ਵੀ। ਇਸ ਪੇਚੀਦਗੀ ਵਿਚ ਜਦੋਂ ਤੁਸੀਂ ਕਹਿੰਦੇ ਹੋ ਕਿ ਪੰਜਾਬੀ ਬੰਦੇ ਦੀ ਰਹਿਤਲ, ਇਸ ਦੀ ਤਫਸੀਲ ਦਿਓ।

**ਰੱਬੀ:** ਇਸ ਦੇ ਲਈ ਮੈਂ ਹੇਡੇਗਰ ਦਾ ਹਵਾਲਾ ਦੇਣਾ ਚਾਹਾਂਗਾ। ਹੇਡੇਗਰ ਕਈ ਗੱਲਾਂ ਬਹੁਤ ਕਮਾਲ ਦੀਆਂ ਕਰਦਾ ਹੈ। ਉਹ ਕਹਿੰਦਾ ਹੈ ਕਿ, "ਤੁਹਾਨੂੰ ਦੁਨੀਆ ਵਿਚ ਭੇਜਿਆ ਗਿਆ ਹੈ", ਇਹ ਤੁਹਾਡੀ ਤੇ ਮੇਰੀ ਹੋਂਦ ਦਾ ਇੱਕ ਪੱਖ ਹੈ; ਜਿਹੜਾ ਤੁਹਾਡੇ ਤੇ ਮੇਰੇ ਹੱਥ ਵਿਚ ਨਹੀਂ। ਤੁਸੀਂ ਜਾਂ ਮੈਂ ਕਿੱਥੇ ਜੰਮਦੇ ਹੋ, ਇਹ ਤੁਹਾਡੇ ਮੇਰੇ ਹਿੱਸੇ ਨਹੀਂ। ਇਸ ਵਿਚ ਤੁਹਾਡੀ ਜਾਂ ਮੇਰੀ ਕੋਈ ਭੂਮਿਕਾ ਨਹੀਂ। ਇਹ 'ਭੇਜੇ ਜਾਣ' ਨਾਲ ਜੁੜਿਆ ਸਮੁੱਚਾ ਲੇਖਾ, ਧਰਾਤਲ, ਰਹਿਤਲ ਸਾਨੂੰ ਵਿਰਸੇ ਵਿਚ ਮਿਲਦਾ ਹੈ। ਉਹ ਪਹਿਲਾਂ ਹੈ। ਇਹ ਤਰਜੀਹੀ ਹੈ। ਉਹ ਅਦਿਸ ਹੈ, ਸਾਡੀ ਅੱਖਾਂ ਤੋਂ ਓਹਲੇ ਹੈ। ਮੇਰੇ ਖਿਆਲ ਮੁਤਾਬਕ ਸਾਰੀ ਕਲਾ ਇਸ ਅਦਿਸ ਲੇਖੇ-ਜੋਖੇ ਨੂੰ ਸਮਝਣ ਅਤੇ ਇਸ ਦੇ ਇਜ਼ਹਾਰ ਦੀ ਜੱਦੋ-ਜਹਿਦ ਹੈ। ਤੁਹਾਨੂੰ ਅਤੇ ਸਾਨੂੰ ਜੋ ਪੰਜਾਬ ਵਿਰਾਸਤ ਵਿਚ ਮਿਲਿਆ, ਜੇ ਅਸੀਂ ਇਤਿਹਾਸਕ ਪੱਖੋਂ ਆਖੀਏ ਤਾਂ ਉਹ ਬੜਾ ਹੀ ਵੱਢਿਆ-ਟੁੱਕਿਆ ਪੰਜਾਬ ਹੈ। ਉਸ ਨੂੰ ਯੂਨੀਵਰਸਿਟੀਆਂ ਜਾਂ ਹੋਰ ਢੰਗਾਂ ਰਾਹੀਂ ਅਕਾਦਮਿਕ ਤੌਰ ਉਤੇ ਜੋੜਨ ਦੀ ਕੋਸ਼ਿਸ਼ ਅਸੀਂ ਦੇਖਦੇ ਹਾਂ ਪਰ ਮੈਂ ਆਪਣੇ ਤਜਰਬੇ ਤੋਂ ਸਮਝਣ ਦੀ ਕੋਸ਼ਿਸ਼ ਕਰਦਾ ਹਾਂ ਤਾਂ ਕਈ ਵਾਰ (ਲੱਗਦਾ) ਪੰਜਾਬ ਹੈ ਹੀ ਨਹੀਂ। ਮੈਂ ਆਪਣੀ ਦਾਦੀ ਦਾ ਹਵਾਲਾ ਦਿੰਦਾ। ਦਾਦੀ ਦਾ ਮੰਨਣਾ ਸੀ ਕਿ ਜ਼ਨਾਨੀ ਨੂੰ ਆਪਣੀ ਦਹਿਲੀਜ਼ ਨਹੀਂ ਟੱਪਣੀ ਚਾਹੀਦੀ। ਜਦੋਂ ਰੋਟੀ-ਬੇਟੀ ਦੀ ਸਾਂਝ ਕਰਨੀ ਹੋਵੇ ਤਾਂ ਦਰਿਆ ਨਹੀਂ ਟੱਪਣਾ ਚਾਹੀਦਾ। ਉਸ ਲਈ ਉਸ ਦੇ ਸਭਿਆਚਾਰ, ਸੋਚ, ਖਿੱਤੇ ਦੀ ਜੋ ਹੱਦ ਸੀ, ਉਹ ਹੱਦ ਦੋ ਦਰਿਆ ਸਨ। ਇੱਕ ਬਿਆਸ ਦਰਿਆ ਸੀ ਅਤੇ ਦੂਜਾ ਰਾਵੀ। ਉਹ ਉਸ ਖਿੱਤੇ ਨੂੰ ਆਪਣਾ ਸਮਝਦੀ ਸੀ ਅਤੇ ਉਹ ਉਸ ਲਈ ਪੰਜਾਬ ਸੀ। ਮੇਰੀਆਂ ਦੋ ਭੂਆ ਹਨ। ਇੱਕ ਦੁਆਬੇ ਵਿਆਹੀ ਸੀ ਅਤੇ ਛੋਟੀ ਭੂਆ ਸੰਗਰੂਰ। ਜਦੋਂ ਸਾਡੇ ਘਰ ਕੋਈ ਪ੍ਰੋਗਰਾਮ ਹੁੰਦਾ ਤੇ ਸਭ ਇਕੱਠੇ ਹੁੰਦੇ ਸਨ ਤਾਂ ਮੈਂ ਇਨ੍ਹਾਂ ਵਿਚਾਰਿਆਂ ਦੀ ਦੁਰਗਤੀ ਹੁੰਦੀ ਦੇਖਦਾ ਸੀ। ਅਸੀਂ ਮਝੈਲ ਬੜੇ ਟਿੱਚਰਾਂ ਕਰਨ ਵਾਲੇ ਬੰਦੇ ਹਾਂ। ਸਾਨੂੰ ਕੋਈ ਗੱਲ ਲੱਭ ਜਾਵੇ, ਅਸੀਂ ਬੜੇ ਘਰੋੜ-ਘਰੋੜ ਕੇ ਚਸਕੇ ਲੈਂਦੇ ਹਾਂ। ਉਸ ਵਿਚ ਦੁਆਬੀਆ ਦਬੜੂ-ਘੁਸੜੂ ਹੈ। ਜੋ ਮਲਵਈ ਹੈ, ਉਹ ਫੋਕੀ ਹੈ। ਉਹ ਰੇਤੇ ਦਾ ਵਾਰਸ ਹੈ ਤੇ ਉਸ ਕੋਲ ਹੋਰ ਕੁਝ ਨਹੀਂ ਹੁੰਦਾ। 'ਜਾ ਆਪਣਾ ਬੋਤਾ ਚਲਾ ਤੂੰ, ਘਾਗਰੇ ਪਾਓ ਆਪਣੇ ਤੁਸੀਂ' ਇਹੋ ਜਿਹੀਆਂ ਗੱਲਾਂ। ਪੰਜਾਬ ਬਾਬਤ ਜੇ ਅਸੀਂ ਅਚੇਤਨ ਪੰਜਾਬੀਅਤ ਵੱਲ ਵਧੀਏ ਜਾਂ ਅਸੀਂ ਉਨ੍ਹਾਂ ਲੋਕਾਂ ਦੀ ਸੋਚ ਨੂੰ ਦੇਖੀਏ ਤਾਂ ਉਸ ਵਿਚ ਉਨ੍ਹਾਂ ਦਾ ਤਸੱਵੁਰ ਉਹ ਨਹੀਂ ਹੈ, ਜੋ ਅੱਜ ਤੁਹਾਡਾ ਮੇਰਾ ਜਾਂ ਯੂਨੀਵਰਸਿਟੀਆਂ ਦਾ ਜਾਂ ਕਿਤਾਬਾਂ ਦਾ ਘੜਿਆ। ਉਨ੍ਹਾਂ ਦੀ ਪੰਜਾਬੀਅਤ ਦਾ ਤਸੱਵੁਰ ਜਾਂ ਅੱਜ ਤੁਹਾਡੇ ਮੇਰੇ ਵਰਗੇ ਯੂਨੀਵਰਸਿਟੀਆਂ ਦੇ ਗ੍ਰੈਜੂਏਟਸ ਦਾ ਪੰਜਾਬੀਅਤ ਦਾ ਤਸੱਵੁਰ, ਉਸ ਵਿਚ ਬੜਾ ਫਰਕ ਹੈ। ਮੈਨੂੰ ਜਾਪਦੈ, ਉਨ੍ਹਾਂ ਦਾ ਤਸੱਵੁਰ ਲੰਬਕਾਰੀ ਹੈ ਅਤੇ ਸਾਡਾ ਤਸੱਵੁਰ ਖਿਤਿਜੀ ਹੈ। ਉਨ੍ਹਾਂ ਦਾ ਤਸੱਵੁਰ ਜ਼ਮੀਨ ਨਾਲ ਜੁੜਿਆ ਹੋਇਆ ਹੈ ਅਤੇ ਉਨ੍ਹਾਂ ਦੀਆਂ ਜੜ੍ਹਾਂ ਧਰਤ ਦੇ ਹੇਠਾਂ ਇੱਕ-ਦੂਜੇ ਨਾਲ ਜੁੜੀਆਂ ਹਨ। ਅਸੀਂ ਇਸ ਨੂੰ ਹੁਣ ਬਹੁਤ ਸਰਸਰੀ ਤੌਰ ਉਪਰ ਚੇਤਨ ਰੂਪ ਵਿਚ ਇੱਕ-ਦੂਜੇ ਨਾਲ ਆਪਸ ਵਿਚ ਜੋੜਨ ਦੀ ਕੋਸ਼ਿਸ਼ ਕਰਦੇ ਹਾਂ। ਉਨ੍ਹਾਂ ਦਾ ਇੱਕ ਖਿੱਤੇ ਦਾ ਦੂਜੇ ਖਿੱਤੇ ਨਾਲ ਜੇਕਰ ਜੋੜ ਹੈ ਤਾਂ ਉਹ ਜ਼ਮੀਨ ਦੇ ਵਿਚ ਡੂੰਘਾ ਹੈ ਪਰ ਸਾਡਾ ਸਤਹੀ ਹੈ। ਬਹੁਤ ਵੱਡਾ ਫਰਕ ਹੈ, ਫਰਕ ਇਹ ਹੈ ਕਿ ਉਨ੍ਹਾਂ ਦਾ ਤਸੱਵੁਰ ਭਾਵੇਂ ਦੇਖਣ ਨੂੰ ਪਸਰਿਆ ਹੋਇਆ ਨਾ ਹੋਵੇ ਜਾਂ ਉਹ ਜ਼ਿਆਦਾ ਕਲਪਨਾਸ਼ੀਲ ਨਾ ਹੋਵੇ ਪਰ ਉਸ ਵਿਚ ਗਹਿਰਾਈ ਬਹੁਤ ਹੈ। ਉਹ ਸਭ ਤੋਂ ਪਹਿਲਾ ਆਪਣੀ ਜ਼ਬਾਨ ਪ੍ਰਤੀ ਡੂੰਘਾ ਹੈ।

ਮੈਂ ਬਚਪਨ ਵਿਚ ਆਪਣੀ ਦਾਦੀ ਨਾਲ ਇੱਕ ਕਮਰੇ ਵਿਚ ਹੀ ਰਿਹਾ। ਮੈਂ ਸਾਰੀ ਪੰਜਾਬੀ ਆਪਣੀ ਭਾਬੋ ਕੋਲੋਂ ਸਿੱਖੀ। ਪਿਤਾ ਜੀ ਕੋਲੋਂ ਵੀ ਸਿੱਖੀ ਹੈ। ਮੇਰੇ ਮੰਮੀ ਇੱਕ ਮੁਲਤਾਨੀ ਪਰਿਵਾਰ ਨਾਲ ਸਬੰਧ ਰੱਖਦੇ ਸਨ ਜਿਹੜੇ ਮੁਲਤਾਨ ਤੋਂ ਹਿਜਰਤ ਕਰਕੇ ਇੱਥੇ ਆਏ ਸਨ। ਮੇਰੀ ਮਾਂ ਨੇ ਸਾਰੀ ਉਮਰ ਕਦੇ ਮੁਲਤਾਨੀ ਨਹੀਂ ਬੋਲੀ ਅਤੇ ਮੇਰੀ ਮਾਂ ਦੀ ਪੰਜਾਬੀ ਬਹੁਤ ਚੰਗੀ ਸੀ, ਉਹ ਕਵਿੱਤਰੀ ਸਨ ਪਰ ਉਸ ਵਿਚ ਇੱਕ ਚਮਕ ਦਿਸਦੀ ਹੈ; ਅਕਾਦਮਿਕਤਾ, ਟਕਸਾਲੀਪਣ ਦਿਸਦਾ ਹੈ।

**ਦਲਜੀਤ:** ਮਾਂਜੀ ਹੋਈ ਹੈ।

**ਰੱਬੀ:** ਹਾਂ। ਮੇਰੇ ਪਿਓ ਦੀ ਜੋ ਜ਼ਬਾਨ ਹੈ ਜਾਂ ਭਾਬੋ ਦੀ ਜ਼ਬਾਨ ਹੈ, ਉਸ ਵਿਚ ਕੋਈ ਅਜ਼ਲਾਂ ਦਾ ਧੁੰਦਕਾਰਾ ਹੈ, ਖਾਸ ਕਰਕੇ ਮੇਰੀ ਦਾਦੀ ਦੀ ਜ਼ਬਾਨ ਵਿਚ। ਪੂਰੀ ਤਰ੍ਹਾਂ ਅਨਪੜ੍ਹ ਜੱਟੀ, ਸਾਰੀ ਉਮਰ ਉਸ ਨੇ ਅਣਖ ਨਾਲ ਜ਼ਿੰਦਗੀ ਹੰਢਾਈ, ਇਕੱਲੀ ਸੀ। ਮੇਰੇ ਦਾਦਾ ਜੀ ਮੇਰੇ ਜੰਮਣ ਤੋਂ 15 ਵਰ੍ਹੇ ਪਹਿਲਾਂ ਹੀ ਚਲਾਣਾ ਕਰ ਗਏ ਸਨ। ਮੇਰੀ ਦਾਦੀ ਨੇ ਸਾਰੀ ਉਮਰ ਬੜੀ ਸ਼ਾਇਸਤਗੀ ਨਾਲ ਪਿੰਡ ਵਿਚ ਆਪਣੀ ਜ਼ਿੰਦਗੀ ਲੰਘਾਈ। ਮੇਰੇ ਕੋਲ ਉਸ ਦੀ ਜੋ ਮਿਸਾਲ ਹੈ, ਉਸ ਦੀ ਮੇਰੇ ਮਨ-ਮਸਤਕ ਵਿਚ ਬੜੀ ਡੂੰਘੀ ਛਾਪ ਹੈ। ਮੈਂ ਉਸ ਦੀ ਜ਼ਬਾਨ ਦੀ ਤੁਲਨਾ ਵਿਚ ਹੋਰ ਲੋਕਾਂ ਦੀ ਜ਼ਬਾਨ ਸੁਣਦਾ ਹਾਂ ਤਾਂ ਜਾਪਦਾ ਹੈ ਕਿ ਉਹ ਹਜ਼ਾਰ ਵਰ੍ਹੇ ਪੁਰਾਣਾ ਬੋਹੜ ਦਾ ਦਰਖਤ ਸੀ। ਹੁਣ ਸਾਡੇ ਕੋਲ ਜੋ ਹੈ, ਉਹ ਬਹੁਤ ਪਸਰੀ ਹੋਈ ਵੇਲ ਹੈ। ਮੈਂ ਪੰਜਾਬੀਅਤ ਦੇ ਤਸੱਵੁਰ ਬਾਰੇ ਇਹੋ ਆਖਾਂਗਾ ਕਿ ਪੰਜਾਬੀਅਤ ਦਾ ਤਸੱਵੁਰ ਬਹੁਤ ਫੈਲ ਗਿਆ ਹੈ। ਘਾਹ ਵਾਂਗ ਕਹਿ ਲਈਏ ਜਾਂ ਵੇਲ ਵਾਂਗ ਕਹਿ ਲਈਏ ਪਰ ਉਸ ਤਰ੍ਹਾਂ ਪਸਰਨ ਵਿਚ ਉਸ ਦੀਆਂ ਜੜ੍ਹਾਂ ਜਿਸ ਡੂੰਘਾਈ ਤੱਕ ਪਹਿਲਾਂ ਸਨ, ਹੁਣ ਉਸ ਡੂੰਘਾਈ ਤੱਕ ਨਹੀਂ। ਮੈਨੂੰ ਨਹੀਂ ਲੱਗਦਾ ਕਿ ਅਸੀਂ ਇਸ ਨੂੰ ਸਮਝਣ ਦਾ ਯਤਨ ਵੀ ਕੀਤਾ ਹੈ ਅਤੇ ਜੋ ਬੰਦੇ ਇਸ ਵੱਲ ਇਸ਼ਾਰਾ ਕਰਦੇ ਸਨ, ਉਨ੍ਹਾਂ ਨੂੰ ਅਸੀਂ ਕੋਈ ਖਾਸ ਤਵੱਜੋ ਨਹੀਂ ਦਿੱਤੀ, ਕਿਉਂਕਿ ਇਹ ਇਤਿਹਾਸ ਦਾ ਕੰਮ ਹੈ, ਸੱਭਿਆਚਾਰ ਦਾ ਕੰਮ ਹੈ ਜੋ ਉਸ ਦੇ ਇਸ ਤਰ੍ਹਾਂ ਦੇ ਨਗੀਨੇ ਹਨ। ਮੈਂ ਜੋ ਅਖੀਰਲਾ ਵਿਸ਼ਾਲ ਅਤੇ ਵੱਡਾ ਕਵੀ ਦੇਖਦਾ ਹਾਂ, ਉਹ ਮੈਨੂੰ ਸ਼ਿਵ ਕੁਮਾਰ ਬਟਾਲਵੀ ਦਿਸਦਾ ਹੈ। ਸ਼ਿਵ ਤੋਂ ਬਾਅਦ ਜ਼ਬਾਨ ਵਿਚ ਪੇਤਲਾਪਣ ਆਇਆ ਹੈ। ਕਵਿਤਾ ਅਤੇ ਸਾਹਿਤ 'ਚ ਵੀ ਇਹੀ ਹੋਇਆ। ਹੁਣ ਮਾਮਲਾ ਇਹ ਹੈ ਕਿ ਉਹ ਜ਼ਬਾਨ ਆਪਾਂ ਹਿੰਦੀ ਦੀ ਛੋਟੀ ਭੈਣ ਬਣਾ ਦਿੱਤੀ; ਜਿਵੇਂ ਮੈਂ ਅਖਬਾਰ ਦੇਖਦਾ ਜਾਂ ਸਾਹਿਤ ਪੜ੍ਹਦਾ ਹਾਂ, ਇਸ ਵਿਚੋਂ ਮੈਨੂੰ ਆਪਣੀ ਭਾਬੋ ਦਾ ਝਉਲਾ ਨਹੀਂ ਪੈਂਦਾ।

**ਦਲਜੀਤ:** ਤੁਹਾਡੀਆਂ ਗੱਲਾਂ ਕਾਫੀ ਉਕਸਾਉਣ ਵਾਲੀਆਂ ਹਨ ਜੋ ਤੁਸੀਂ ਮਝੈਲ ਦੇ ਤੌਰ 'ਤੇ ਕਰਦੇ ਹੋ ਜਾਂ ਜੋ ਹੋਰ ਗੱਲਾਂ ਕੀਤੀਆਂ ਹਨ; ਪਰ ਮੈਂ ਉਸ ਉਕਸਾਵੇ ਨੂੰ ਛੱਡ ਕੇ ਇਸ ਗੱਲ 'ਤੇ ਆਵਾਂਗਾ: ਤੁਸੀਂ ਕਿਹਾ- ਬੰਦੇ ਦਾ ਆਪਣੀ ਕਲਾ ਅਤੇ ਸੰਗੀਤ ਨਾਲ ਦੋ ਕਿਸਮ ਦਾ ਰਾਬਤਾ ਬਣਦਾ ਹੈ। ਇੱਕ, ਤੁਸੀਂ ਆਪਣੇ ਪਿਛੋਕੜ ਵਿਚੋਂ ਸਿੱਖ ਰਹੇ ਹੋ, ਜਿਵੇਂ ਤੁਸੀਂ ਆਪਣੀ ਭਾਬੋ ਦੀ ਗੱਲ ਕਰਦੇ ਹੋ। ਦੂਜੀ ਗੱਲ, ਜਿਸ ਦੌਰ ਵਿਚ ਤੁਸੀਂ ਰਹਿ ਰਹੇ ਹੋ, ਤੁਸੀਂ ਕਿਹਾ ਕਿ ਜੋ ਪੰਜਾਬੀ ਦਾ ਪਸਾਰਾ ਹੈ, ਉਸ ਨੂੰ ਤੁਸੀਂ ਜੜ੍ਹਾਂ ਨਾਲ ਜੋੜ ਕੇ ਦੇਖਦੇ ਹੋ, ਤੇ ਦੂਜਾ ਘਾਹ ਦੇ ਨਾਲ ਜੋੜ ਕੇ ਦੇਖਦੇ ਹੋ। ਇੱਕ ਹੋਰ ਵੀ ਹੁੰਦਾ ਹੈ- ਜੇ ਤੁਸੀਂ ਉਸ ਨੂੰ ਹਵਾ ਨਾਲ ਜੋੜ ਕੇ ਦੇਖਦੇ ਹੋ ਤਾਂ ਉਹ ਭੂਗੋਲ ਤੋਂ ਵੀ ਮੁਕਤ ਹੋ ਜਾਂਦਾ ਹੈ। ਮੈਂ ਇਸ ਬਹਿਸ ਦੇ ਵਿਚ ਨਹੀਂ ਪਵਾਂਗਾ ਕਿ ਹਵਾ ਕਿਉਂ ਮਾਅਨੇ ਰੱਖਦੀ ਹੈ।

**ਰੱਬੀ:** ਨਹੀਂ, ਮਾਅਨੇ ਰੱਖਦੀ ਹੈ।

**ਦਲਜੀਤ:** ਪਰ ਮੈਂ ਸੁਆਲ ਤੁਹਾਨੂੰ ਇਹ ਪੁੱਛਾਂਗਾ ਕਿ ਤੁਹਾਡੀ ਸਿਖਲਾਈ ਚੌਵੀ ਘੰਟੇ ਹੁੰਦੀ ਹੈ; ਇੱਕ ਆਪਣੇ ਪਿਛੋਕੜ ਨਾਲ ਜੋੜ ਕੇ ਕਿ ਕਿੱਥੋਂ ਤੁਸੀਂ ਆਏ ਹੋ, ਤੇ ਦੂਜਾ ਜਿਸ ਦੌਰ ਵਿਚ ਰਹਿ ਰਹੇ ਹੋ। ਇਹ ਦੋਵੇਂ ਚੀਜ਼ਾਂ ਮੰਜੂਨਾਥ ਨਾਲ ਜੋ ਤੁਹਾਡਾ ਭਾਬੋ ਦਾ ਰਿਸ਼ਤਾ ਬਣਦਾ ਹੈ, ਉਹ ਕਿਵੇਂ ਬਣਦਾ ਹੈ?

**ਰੱਬੀ:** ਮੰਜੂਨਾਥ ਜੋ ਹੈ, ਉਹ ਹੱਕ ਸੱਚ ਦੀ ਗੱਲ ਕਰ ਰਿਹਾ ਹੈ। ਅਸੀਂ ਪੰਜਾਬੀ ਹਾਂ ਅਤੇ ਸਾਨੂੰ ਇਸ ਦਾ ਆਕਰਸ਼ਣ ਹੈ। ਸਾਨੂੰ ਕੋਈ ਵੀ ਹੱਕ ਸੱਚ ਦੀ ਗੱਲ ਕਰਨ ਵਾਲਾ ਬੰਦਾ, ਭਾਵੇਂ ਉਹ ਕਿਸੇ ਵੀ ਸੂਬੇ ਦਾ ਹੋਵੇ, ਜਾਂ ਸਾਡੇ ਕੋਲੋਂ ਕਿੰਨੀ ਹੀ ਦੂਰ ਕਿਉਂ ਨਾ ਹੋਵੇ। ਸਾਡੇ ਮਨਾਂ ਵਿਚ ਉਸ ਪ੍ਰਤੀ ਖਿੱਚ ਸਹਿਜ ਹੀ ਉਗ ਪੈਂਦੀ ਹੈ। ਤੁਸੀਂ ਭਗਤ ਸਿੰਘ ਨੂੰ ਦੇਖ ਲਓ। ਉਸ ਨੇ ਆਪਣੇ ਆਲੇ-ਦੁਆਲੇ ਕੋਈ ਝਰਨਾ ਨਹੀਂ ਲਗਾਇਆ ਸੀ ਕਿ ਸਾਰੇ ਪੰਜਾਬੀ ਹੀ ਉਸ ਦੇ ਦੋਸਤ ਬਣਨਗੇ। ਰਾਜਗੁਰੂ, ਸੁਖਦੇਵ ਜਾਂ ਹੋਰ ਵੀ ਜੋ ਲੋਕ ਹਨ, ਉਹ ਤਮਾਮ ਤਰ੍ਹਾਂ ਦੇ ਲੋਕਾਂ ਦੇ ਸੰਪਰਕ ਵਿਚ ਹੈ। ਉਹ ਕਿਸੇ ਥਾਂ ਬਾਕੂਨਿਨ, ਕਿਸੇ ਥਾਂ ਮਾਰਕਸ ਦੀ ਗੱਲ ਕਰਦਾ ਹੈ। ਉਹ ਆਪਣੀਆਂ ਜੜ੍ਹਾਂ ਵਿਚ ਪੂਰੀ ਤਰ੍ਹਾਂ ਸਥਾਪਤ ਹੈ, ਉਹ ਇੰਨਾ ਕੁ ਡੂੰਘਾ ਸਥਾਪਿਤ ਹੈ ਕਿ ਉਸ ਨੂੰ ਹੁਣ ਸੁਰੱਖਿਆ ਦਾ ਕੋਈ ਫਿਕਰ ਨਹੀਂ ਹੁੰਦਾ ਹੈ, ਉਹ ਅਸੁਰੱਖਿਅਤ ਨਹੀਂ ਹੈ। ਉਹ ਹਰ ਪਾਸੇ ਦੇਖ ਸਕਦਾ ਹੈ। ਇਸ ਤਰ੍ਹਾਂ ਨਹੀਂ ਕਿ ਮੈਂ ਉਸ ਦੀ ਕੋਈ ਰੀਸ ਕਰਨੀ ਚਾਹੁੰਦਾ ਸੀ, ਮੈਨੂੰ ਲੱਗਦਾ ਕਿ ਮੇਰੀ ਕੋਈ ਜ਼ਿਹਨੀ ਪ੍ਰਕਿਰਿਆ ਹੈ। ਜੋ ਮੈਥੋਂ ਪਹਿਲਾਂ ਆਏ ਹਨ, ਉਨ੍ਹਾਂ ਵਿਚ ਮੈਂ ਆਪਣੀ ਪ੍ਰਕਿਰਿਆ ਦਾ ਅਕਸ ਜ਼ਰੂਰ ਦੇਖਦਾ ਹਾਂ। ਪ੍ਰਤੱਖ ਤੌਰ ਉਪਰ ਭਾਵੇਂ ਨਾ ਸਹੀ ਪਰ ਗੁਪਤ ਤੌਰ ਉਪਰ ਕਿਤੇ ਨਾ ਕਿਤੇ ਮੈਂ ਉਨ੍ਹਾਂ ਦੀ ਰੀਸ ਕਰਨੀ ਚਾਹੁੰਦਾ ਹੋਵਾਂਗਾ। ਮੈਂ ਬੌਂਬੇ ਵਿਚ ਬੈਠਾ ਸੀ। ਸੰਨ 2000 ਦਾ ਇਹ ਵਾਕਿਆ ਹੋਣਾ ਹੈ।

**ਦਲਜੀਤ:** ਆਪਾਂ ਯਾਦ ਕਰਵਾਉਣ ਲਈ ਦੱਸ ਦਈਏ ਕਿ ਕੀ ਵਾਕਿਆਤ ਹੋਏ ਸਨ।

**ਰੱਬੀ:** ਜਿਸ ਵੇਲੇ ਗੁਜਰਾਤ ਵਿਚ ਦੰਗੇ ਹੋਏ, ਉਨ੍ਹਾਂ ਦਿਨਾਂ ਦੀ ਗੱਲ ਹੈ ਅਤੇ ਉਸ ਤੋਂ ਬਾਅਦ ਦੇ ਤਿੰਨ-ਚਾਰ ਸਾਲ ਸਨ। ਇਸ ਗੀਤ ਵਿਚ ਮੈਂ ਜਿਨ੍ਹਾਂ ਦਾ ਵੀ ਹਵਾਲਾ ਦਿੱਤਾ ਹੈ, ਉਹ ਸਾਰੇ ਕਾਰੇ ਇਨ੍ਹਾਂ ਤਿੰਨ-ਚਾਰ ਵਰ੍ਹਿਆਂ ਵਿਚ ਹੋਏ।

**ਦਲਜੀਤ:** ਮੰਜੂਨਾਥ ਹੈ।

**ਰੱਬੀ:** ਮੰਜੂਨਾਥ ਹੈ। ਬਿਲਕਿਸ ਹੈ, ਸਤਿੰਦਰ ਦੂਬੇ ਹੈ, ਨਵਲੀਨ ਕੁਮਾਰ।

**ਦਲਜੀਤ:** ਇਹ ਉਹ ਬੰਦੇ ਹਨ ਜੋ ਕਿਸੇ ਤਰੀਕੇ ਨਾਲ ਹੱਕ ਸੱਚ ਦੀ ਗੱਲ ਕਰਦੇ ਹਨ। ਇਨ੍ਹਾਂ ਦਾ ਕਤਲ ਰਿਆਸਤ ਦੀ ਸ਼ਹਿ 'ਤੇ ਹੋਇਆ।

**ਰੱਬੀ:** ਦੇਖੋ ਬਿਲਕਿਸ ਤਾਂ ਇੱਕ ਮਜ਼ਲੂਮ ਹੈ। ਉਸ ਨੇ ਹੱਕ ਸੱਚ ਦਾ ਕਦੇ ਨਾਅਰਾ ਵੀ ਨਹੀਂ ਲਗਾਇਆ। ਉਹ ਤਾਂ ਵਿਚਾਰੀ ਉਂਝ ਹੀ ਦਾਅ ਹੇਠ ਆ ਗਈ ਪਰ ਬਿਲਕਿਸ ਨਾਲ ਜੋ ਹੋਇਆ, ਉਹ ਐਸਾ ਦਰਦਨਾਕ ਸੀ, ਉਹ ਮੇਰੇ ਆਪਣੇ ਤਜਰਬੇ ਨਾਲ ਜੁੜਿਆ ਹੋਇਆ ਸੀ ਜੋ ਸੰਨ 1984 ਦਾ ਤਜਰਬਾ ਅਸੀਂ ਆਪਣੇ ਪਿੰਡੇ ਉਤੇ ਹੰਢਾਇਆ। ਕਿਤੇ ਨਾ ਕਿਤੇ ਉਹ ਸਾਰੀ ਗੱਲ ਮੈਨੂੰ ਆਪਣੇ ਵੱਲ ਖਿੱਚਦੀ ਸੀ।

**ਦਲਜੀਤ:** ਉਹ ਸਾਰੇ ਬੰਦੇ ਖਿੱਚਦੇ ਸਨ।

**ਰੱਬੀ:** ਮੈਂ ਇਕੱਲਾ ਸੀ। ਮੈਨੂੰ ਆਖਿਆ ਗਿਆ ਕਿ ਹੋਰ ਗਾਣੇ ਚਾਹੀਦੇ ਸਨ। ਅਸੀਂ ਪਹਿਲੀ ਐਲਬਮ ਕਰ ਰਹੇ ਸੀ। ਮੈਂ ਅਤੇ ਕੇ.ਜੇ.। ਮੈਂ ਵੀਹ ਕੁ ਗਾਣੇ ਲਿਖ ਚੁੱਕਿਆ ਸੀ ਅਤੇ ਮੇਰੇ ਮੁਤਾਬਕ ਸਾਰੇ ਹੀ ਵਧੀਆ ਸਨ ਪਰ ਉਹ ਕਹਿੰਦੇ ਕਿ ਇਨ੍ਹਾਂ ਵਿਚ ਕਮੀਆਂ ਹਨ। ਮੈਂ ਲਗਾਤਾਰ ਸੋਚ ਰਿਹਾ ਸੀ ਕਿ ਕਿਹੜੀ ਚੀਜ਼ ਹੈ ਜਿਸ ਬਾਰੇ ਮੈਂ ਬਗੈਰ ਕਿਸੇ ਚੁਸਤ ਚਲਾਕੀ ਦੇ ਕੁਝ ਕਰ ਸਕਾਂ।

ਉਸ ਐਲਬਮ ਵਿਚ ਮੈਂ ਹਰ ਗੱਲ ਆਪਣੇ ਤਜਰਬੇ ਵਿਚੋਂ ਕਰ ਰਿਹਾ ਸੀ। ਬਹੁਤ ਸਾਰੇ ਗੀਤ ਹਨ ਜੋ ਮੇਰੇ ਤਜਰਬੇ ਵਿਚੋਂ ਹਨ। ਮੈਂ ਹੀਰ ਵਾਰਿਸ ਸ਼ਾਹ ਦੀ ਗੱਲ ਕਰਨੀ ਚਾਹੁੰਦਾ ਸੀ। ਛੇ-ਸੱਤ ਗੀਤ ਮੈਂ ਲਿਖ ਚੁੱਕਿਆ ਸੀ ਜਿਹੜੇ ਮੇਰੀ ਜ਼ਿੰਦਗੀ ਜਾਂ ਮੇਰੇ ਤਜਰਬੇ ਬਾਰੇ ਸੀ। ਮੈਂ ਸਾਰਿਆਂ ਬਾਰੇ ਗੱਲ ਕਰਨੀ ਚਾਹੁੰਦਾ ਸੀ। ਉਨ੍ਹਾਂ ਦਿਨਾਂ ਵਿਚ ਮੈਂ ਗੀਤ ਲਿਖਿਆ। ਇਸ ਦੀ ਖੋਹ ਨਵਲੀਨ ਕੁਮਾਰ ਦੀ ਸ਼ਹਾਦਤ ਕਾਰਨ ਪਈ। ਕਿਸੇ ਨੂੰ ਮਾਰਨਾ ਹੋਵੇ ਤਾਂ ਛੁਰੇ ਨਾਲ ਕੋਈ ਬੰਦਾ ਕਿਸੇ ਦਾ ਗਲਾ ਵੱਢ ਦੇਵੇ ਤਾਂ ਬੰਦਾ ਮਰ ਜਾਂਦਾ ਪਰ 19 ਵਾਰ ਜੋ ਉਸ ਨੂੰ ਕੋਹਿਆ ਗਿਆ, ਉਹ ਮੇਰੇ ਲਈ ਇੱਕ ਕਿਸਮ ਦਾ ਅਸਹਿ ਦਰਦਨਾਕ ਨਿਜ਼ਾਮ ਦੀ, ਹਕੂਮਤ, ਰਿਆਸਤ ਦੀ ਬੇਦਿਲੀ, ਇੱਕ ਜੁਰਮ ਕਹਿ ਲਓ; ਇਸ ਦਾ ਇੱਕ ਮੁਜੱਸਮਾ/ਮਿਸਾਲ ਬਣ ਗਿਆ ਸੀ। ਦੂਜੀ ਗੱਲ, ਜਦੋਂ ਬੰਦਾ ਇਕੱਲਾ ਹੁੰਦਾ, ਉਦੋਂ ਸ਼ਾਇਦ ਇਹੋ ਜਿਹੀਆਂ ਘਟਨਾਵਾਂ ਉਸ ਨੂੰ ਸਹਿਜ ਸੁਭਾਅ ਆਪਣੇ ਵੱਲ ਖਿੱਚਦੀਆਂ; ਜੇ ਤੁਹਾਡੀ ਜ਼ਮੀਰ ਅਜੇ ਪੂਰੀ ਤਰ੍ਹਾਂ ਸੁੱਤੀ ਨਹੀਂ ਹੈ, ਜੇ ਤੁਸੀਂ ਬਾਂਦਰਾਂ ਵਿਚੋਂ ਬਾਹਰ ਨਿਕਲੋਗੇ ਤਾਂ ਤੁਸੀਂ ਦੇਖੋਗੇ ਕਿ ਅਰਬਪਤੀ ਉਥੇ ਰਹਿੰਦੇ ਹਨ।

**ਦਲਜੀਤ:** ਨਾ-ਬਰਾਬਰੀ ਤੁਹਾਨੂੰ ਉਥੇ ਦਿਖਾਈ ਦਿੰਦੀ ਹੈ।

(ਬਾਕੀ ਅਗਲੇ ਸਫੇ 'ਤੇ)

**ਰੱਬੀ:** ਸਲਮਾਨ ਖਾਨ ਅਤੇ ਸ਼ਾਹਰੁਖ ਖਾਨ ਨੂੰ ਵੀ ਸੁੱਕਦੀਆਂ ਮੱਛੀਆਂ ਦਾ ਵਾਸ਼ਨਾ ਰੋਜ਼ ਸੁੰਘਣੀ ਪੈਂਦੀ ਹੈ। ਬੌਂਬੇ ਇਸ ਮਾਮਲੇ ਵਿਚ ਭਾਰਤ ਦੀ ਬੜੀ ਸੋਹਣੀ ਤਸ਼ਬੀਹ ਹੈ। ਉਸ ਵਿਚ ਹਰ ਚੀਜ਼ ਹੋ ਰਹੀ ਹੈ। ਇਸ ਵੇਲੇ ਹੋ ਰਹੀ ਹੈ। ਤੁਹਾਨੂੰ ਉਸ ਨਾਲ ਨਜਿੱਠਣਾ ਹੀ ਪੈਣਾ ਹੈ। ਜਿਵੇਂ ਦਿੱਲੀ ਵਿਚ ਅਸੀਂ ਕਿਸੇ ਸੋਹਣੇ ਇਲਾਕੇ ਵਿਚ ਜਾਈਏ, ਚਾਣਕਿਆ ਪੁਰੀ ਜਾਓ, ਤੁਹਾਨੂੰ ਪਤਾ ਇਹ ਰਈਸਾਂ ਦਾ ਇਲਾਕਾ ਹੈ ਪਰ ਬੌਂਬੇ ਵਿਚ ਇਹ ਪਤਾ ਨਹੀਂ ਲੱਗਦਾ ਕਿ ਰਈਸਾਂ ਦਾ ਇਲਾਕਾ ਹੈ ਜਾਂ ਨਹੀਂ। ਤੁਹਾਨੂੰ ਕੋਈ ਆ ਕੇ ਦੱਸਦਾ ਹੈ ਕਿਉਂਕਿ ਝੁੱਗੀਆਂ-ਝੌਂਪੜੀਆਂ ਵੀ ਉਸੇ ਤਰ੍ਹਾਂ ਹਨ ਅਤੇ ਸੋਹਣੀਆਂ ਇਮਾਰਤਾਂ ਵੀ ਉਸੇ ਤਰ੍ਹਾਂ ਹਨ। ਉਸ ਸਮੇਂ ਜਦੋਂ ਮੈਂ 19 ਵਾਰ ਨਵਲੀਨ ਕੁਮਾਰ ਨੂੰ ਕੋਹਣ ਦੀ ਰਿਪੋਰਟ ਪੜ੍ਹੀ ਤਾਂ ਉਸ ਨੇ ਮੈਨੂੰ ਇਹ ਸੋਚਣ ਲਈ ਮਜਬੂਰ ਕੀਤਾ ਕਿ ਕੋਈ ਕਿਸੇ ਨੂੰ ਅਜਿਹੀ ਵਹਿਸ਼ਤ ਨਾਲ ਕਿਉਂ ਮਾਰੇਗਾ? ਬੰਦਾ ਇੱਕ ਵਾਰ ਮਾਰਦਾ, ਦੋ ਵਾਰ ਮਾਰਦਾ, ਉਸ ਵਿਚ ਚਿੜੀ ਜਿੰਨੀ ਤਾਂ ਜਾਨ ਸੀ। ਉਹਨੂੰ ਇਸ ਤਰ੍ਹਾਂ ਕੋਹ-ਕੋਹ ਕੇ ਮਾਰਨ ਦੀ ਕੀ ਲੋੜ ਸੀ? ਇਸ ਵਿਚ ਵਹਿਸ਼ੀਅਤ ਸੀ। ਉਸ ਵਹਿਸ਼ੀਅਤ ਨੇ ਮੈਨੂੰ ਇਸ ਨੂੰ ਫਰੋਲਣ ਲਈ ਮਜਬੂਰ ਕੀਤਾ। ਉਹਨੂੰ ਫਰੋਲਦਿਆਂ-ਫਰੋਲਦਿਆਂ ਇਹ ਸਾਰੇ ਹੋਰ ਵੀ ਖੁੱਲ੍ਹ ਗਏ। ਮੰਜੂਨਾਥ ਹੈ, ਆਈ.ਐਮ.ਐਮ ਤੋਂ ਆਈ.ਟੀ. ਦਾ ਪੜ੍ਹਿਆ। ਸ਼ਾਨਦਾਰ ਕਰੀਅਰ ਉਸ ਅੱਗੇ ਸੀ। ਸਭ ਕੁਝ ਪਿੱਛੇ ਛੱਡ ਕੇ ਪਬਲਿਕ ਸੈਕਟਰ ਵਿਚ ਨੌਕਰੀ ਲੈਂਦਾ ਹੈ। ਪੈਟਰੋਲ ਪੰਪਾਂ ਉਪਰ ਜਾ ਕੇ ਜਾਂਚ ਕਰਦਾ ਹੈ, ਮਿਲਾਵਟ ਚੈੱਕ ਕਰਦਾ ਹੈ। ਜਿਹੜਾ ਇਹ ਵਾਕਿਆ ਹੋਇਆ ਕਿ ਉਸ ਨੇ ਪੈਟਰੋਲ ਪੰਪ ਸੀਲ ਕਰ ਦਿੱਤਾ, ਪੈਟਰੋਲ ਪੰਪ ਵਾਲਾ ਕਹਿੰਦਾ- 'ਤੈਨੂੰ ਗੋਲੀ ਮਾਰ ਦੇਵਾਂਗਾ'। ਉਹ ਕਹਿੰਦਾ, 'ਗੋਲੀ ਮਾਰਨੀ ਬੇਸ਼ੱਕ ਮਾਰ ਦੇ ਪਰ ਸੀਲ ਨਹੀਂ ਟੁੱਟੇਗੀ'। ਉਸ ਨੇ ਆ ਕੇ ਗੋਲੀ ਮਾਰ ਦਿੱਤੀ। ਫਿਰ ਜਿਸ ਤਰ੍ਹਾਂ ਉਸ ਦੀ ਲਾਸ਼ ਨੂੰ ਚੁੱਕ ਕੇ ਪਾਇਆ ਗਿਆ, ਖੁਰਦ-ਬੁਰਦ ਕੀਤਾ ਗਿਆ, ਇਨ੍ਹਾਂ ਗੱਲਾਂ ਨੇ ਮੈਨੂੰ ਸੋਚਣ ਲਈ ਮਜਬੂਰ ਕੀਤਾ ਕਿ ਅਸੀਂ ਜੋ ਵੱਡੀਆਂ-ਵੱਡੀਆਂ ਗੱਲਾਂ ਕਰਦੇ ਸੀ, ਜੋ ਨਿਜ਼ਾਮ ਬਣਨ ਬਾਰੇ ਹੁੰਦੀਆਂ ਹਨ ਜਾਂ ਜਿਹੜਾ ਅਸੀਂ ਘੋਲ ਲੜਿਆ ਜਿਸ ਵਿਚ ਪੰਜਾਬੀਆਂ, ਸਰਦਾਰਾਂ ਦੀਆਂ ਸ਼ਹਾਦਤਾਂ ਹੋਈਆਂ, ਜਿਹੜਾ ਕੁਝ ਅਸੀਂ ਆਪਣੇ ਤਨ ਉਪਰ ਹੰਢਾਇਆ, ਉਸ ਦਾ ਸਿੱਟਾ ਕੀ ਨਿਕਲਿਆ? ਜੇ ਤੁਸੀਂ ਬੌਂਬੇ ਵਿਚ ਰਹਿੰਦੇ ਹੋ ਤੇ ਤੁਸੀਂ ਆਪਣੀ ਪੇਸ਼ੇਵਰ ਜ਼ਿੰਦਗੀ ਵਿਚ ਕੋਈ ਤਰੱਦਦ ਨਹੀਂ ਕਰ ਰਹੇ ਤਾਂ ਫਿਰ ਤੁਹਾਡੇ ਲਈ ਬੌਂਬੇ ਵਿਚ ਰਹਿਣਾ ਬਹੁਤ ਔਖਾ ਹੈ। ਬੌਂਬੇ ਦੀ ਜਾਂ ਮੈਂ ਆਖਾਂਗਾ, ਹਿੰਦੋਸਤਾਨ ਦੀ ਜੋ ਤ੍ਰਾਸਦੀ ਹੈ, ਉਸ ਨੂੰ ਨਜ਼ਰੋਂ ਉਹਲੇ ਕਰਨਾ ਬਹੁਤ ਔਖਾ ਹੈ।

**ਦਲਜੀਤ:** ਤੁਸੀਂ ਗੱਲ ਕੀਤੀ ਕਿ ਕਿਸ ਤਰੀਕੇ ਨਾਲ ਇਸ ਦੌਰ ਦੇ ਕਾਰਕੁਨਾਂ ਦੇ ਕਤਲ ਕੀਤੇ ਗਏ; ਖਾਸ ਤੌਰ ਉਪਰ ਜਦੋਂ ਤੁਸੀਂ ਮੁੰਬਈ ਵਿਚ ਹੋਏ ਕਤਲ ਦੀ ਗੱਲ ਕਰਦੇ ਹੋ, ਉਹ ਕਤਲ ਉਸ ਕਾਰਕੁਨ ਦਾ ਹੋਇਆ ਜੋ ਉਥੋਂ ਦੇ ਝੁੱਗੀਆਂ-ਝੌਂਪੜੀਆਂ ਵਿਚ ਰਹਿੰਦੇ ਲੋਕਾਂ ਜਿਨ੍ਹਾਂ ਨੂੰ ਉਥੋਂ ਉਜਾੜਿਆ ਜਾ ਰਿਹਾ ਸੀ, ਉਨ੍ਹਾਂ ਦੇ ਘਰ ਤੋੜੇ ਜਾ ਰਹੇ ਸਨ, ਉਸ ਮਾਮਲੇ ਉਪਰ ਉਹ ਸਰਗਰਮ ਸਨ। ਉਨ੍ਹਾਂ ਨੂੰ ਜਿਸ ਤਰੀਕੇ ਨਾਲ ਮਾਰਿਆ ਗਿਆ। ਪੰਜਾਬੀ ਵਿਚ ਸਾਡੇ ਕੋਲ ਇੱਕੋ ਹੀ ਸ਼ਬਦ ਹੈ- ਅਕਹਿ। ਜਦੋਂ 'ਅਕਹਿ' ਨੂੰ ਕਹਿਣ ਦੀ ਲੋੜ ਪੈਂਦੀ ਹੈ, ਬੋਲੀ ਤੁਹਾਡੇ ਕੋਲ ਆਪਣੀ ਭਾਬੋ ਵਾਲੀ ਹੈ ਤਾਂ ਫਿਰ ਉਸ ਬੋਲੀ ਦਾ ਕੀ ਇਸਤੇਮਾਲ ਕੀਤਾ?

**ਰੱਬੀ:** ਬੋਲੀ ਦਾ ਇਸਤੇਮਾਲ ਹੀ ਇਹ ਹੈ। ਦਰਅਸਲ ਬੋਲੀ ਉਹ ਸਫਲ ਹੈ ਜੋ ਤੁਹਾਡੀ ਆਪਣੀ ਅਕਹਿ ਗੱਲ ਕਹਿ ਸਕੇ। ਇੱਕ ਕਲਾਕਾਰ ਹੋਣ ਦੇ ਨਾਤੇ ਮੈਂ ਆਪਣਾ ਫਰਜ਼ ਸਮਝਦਾ ਹਾਂ ਕਿ ਮੇਰੇ ਮੁਆਸ਼ਰੇ (ਸਮਾਜ) ਦੀਆਂ ਜੋ ਅਕਹਿ ਗੱਲਾਂ ਹਨ ਜੋ ਜ਼ਮੀਨ ਦੇ ਹੇਠਾਂ ਕੁਰਬਲ-ਕੁਰਬਲ ਕਰ ਰਹੀਆਂ ਹਨ, ਉਨ੍ਹਾਂ ਨੂੰ ਸਤਹਿ ਉਪਰ ਲਿਆਉਣਾ ਹੈ। ਮੈਂ ਜਦੋਂ ਲਿਖਣਾ ਸ਼ੁਰੂ ਕੀਤਾ, ਕਿਉਂਕਿ ਮੈਂ ਦਿੱਲੀ ਦਾ ਜੰਮਪਲ ਹਾਂ, ਦਿੱਲੀ ਵਿਚ ਅਸੀਂ ਹਿੰਦੀ ਬੋਲਦੇ ਹਾਂ, ਮੈਂ ਹਿੰਦੀ ਵੀ ਬੋਲ ਸਕਦਾ ਹਾਂ ਤੇ ਅੰਗਰੇਜ਼ੀ ਵੀ, ਪਰ ਮੈਨੂੰ ਲੱਗਦਾ, ਜਿਸ ਕਿਸਮ ਦੀ ਸੂਖਮ ਬਿਰਤੀ ਚਾਹੀਦੀ ਹੈ ਜਾਂ ਜਿਸ ਕਿਸਮ ਦਾ ਤੇਜ਼ ਹਥਿਆਰ ਚਾਹੀਦਾ ਹੈ, ਉਹ ਮੇਰੇ ਕੋਲ ਇਨ੍ਹਾਂ ਬੋਲੀਆਂ ਵਿਚ ਇਸਤੇਮਾਲ ਨਹੀਂ ਕੀਤਾ ਜਾਣਾ। ਉਸ ਲਈ ਮੈਨੂੰ ਆਪਣੀ ਮਾਂ ਬੋਲੀ, ਮੇਰੀ ਮਾਂ ਬੋਲੀ ਵੀ ਨਹੀਂ ਹੈ; ਮੇਰੀ ਭਾਬੋ ਬੋਲੀ ਹੈ, ਮੇਰੀ ਪਿਓ ਬੋਲੀ ਹੈ। ਮੇਰੀ ਮਾਂ ਦੀ ਮੁਲਤਾਨੀ ਬੋਲੀ ਮੈਨੂੰ ਮੰਮੀ ਨੇ ਕਦੇ ਨਹੀਂ ਦਿੱਤੀ।

**ਦਲਜੀਤ:** ਮੈਨੂੰ ਤੁਹਾਡੀ ਇਹ ਗੱਲ ਇਸ ਕਰਕੇ ਚੰਗੀ ਲੱਗੀ ਕਿਉਂਕਿ ਜੋ ਮਾਂ ਦੀ ਕੈਦ ਵਿਚ ਬੋਲੀ ਹੈ, ਉਸ ਨੂੰ ਵੀ ਆਜ਼ਾਦ ਹੋਣਾ ਚਾਹੀਦਾ ਹੈ। ਉਸ ਨੂੰ ਵੀ ਮਾਸੀਆਂ, ਮਾਮੀਆਂ, ਤਾਈਆਂ, ਭਾਬੋਆਂ ਕੋਲ, ਬਾਪੂਆਂ ਕੋਲ ਜਾਣਾ ਚਾਹੀਦਾ ਹੈ।

**ਰੱਬੀ:** ਮੈਨੂੰ ਆਪਣੀ ਮਾਂ ਦੀ ਬੋਲੀ ਦਾ ਫਾਇਦਾ ਉਸ ਸਮੇਂ ਹੋਇਆ। ਪੰਜਾਬੀ ਦਾ ਸਭ ਤੋਂ ਪੁਰਾਣਾ ਕਵੀ ਹੈ, ਇੱਕ ਸ਼ੰਮ੍ਹ ਹਨ ਪੰਜਾਬੀਅਤ ਦੇ ਬਾਬਾ ਫਰੀਦ। ਜਦੋਂ ਮੈਂ ਉਸ ਨੂੰ ਸਮਝਣਾ ਸ਼ੁਰੂ ਕੀਤਾ ਤਾਂ ਮੇਰੀ ਬੋਲੀ ਮੇਰੇ ਲਈ ਬੂਹਾ ਖੋਲ੍ਹਿਆ। ਮੇਰੀ ਮਾਂ ਬੋਲੀ ਨੇ ਮੇਰੇ ਹੱਥ ਕੁੰਜੀ ਫੜਾਈ ਪੰਜਾਬੀਅਤ ਖੋਲ੍ਹਣ ਲਈ, ਜਾਂ (ਕਹੋ) ਬਾਬਾ ਫਰੀਦ ਨੂੰ ਪੜ੍ਹਨ ਲਈ। ਉਸ ਦਾ ਮੁੱਲ ਮੈਨੂੰ ਉਸ ਸਮੇਂ ਸਮਝ ਆਇਆ।

ਫਰੀਦਾ ਰੁਤਿ ਫਿਰੀ ਵਣੁ ਕੰਬਿਆ ਪਤ ਝੜੇ ਝੜਿ ਪਾਹਿ॥
ਚਾਰੇ ਕੁੰਡਾ ਢੂੰਢੀਆਂ ਰਹਣੁ ਕਿਥਾਊ ਨਾਹਿ॥
(ਪੰਨਾ 1383)

ਇਹ ਮੇਰੇ ਲਈ ਪੰਜਾਬੀਅਤ ਦਾ ਲਾਸਾਨੀ ਕਬਿੱਤ ਹੈ। ਹੋ ਸਕਦਾ, ਇਤਿਹਾਸਕਾਰ ਇਸ ਨਾਲ ਰਾਜ਼ੀ ਨਾ ਹੋਣ ਪਰ ਮੈਨੂੰ ਲੱਗਦਾ, ਇਹ ਸਭ ਤੋਂ ਪੁਰਾਣਾ ਹੈ। ਹਿੰਦੀ ਵਿਚ ਮੈਨੂੰ ਨਹੀਂ ਲੱਗਦਾ, ਬਾਬਾ ਫਰੀਦ ਤੋਂ ਪੁਰਾਣਾ ਕੁਝ ਹੋਵੇਗਾ। ਬਾਬਾ ਫਰੀਦ ਦੀ ਜੋ ਜ਼ਬਾਨ ਹੈ, ਉਹ ਜਿਸ ਮਿਆਰ ਦੀ ਜ਼ਬਾਨ ਹੈ ਅਤੇ ਜਿਸ ਤਫਸੀਲ, ਸਹਿਜਤਾ ਨਾਲ ਕਵਿਤਾ ਦੀ ਰਚਨਾ ਕਰਦੀ ਹੈ; ਮੈਨੂੰ ਨਹੀਂ ਲੱਗਦਾ, ਉਹ ਸਿਰਫ ਹਵਿਦ ਦੀ ਜ਼ਬਾਨ ਸੀ। ਮੈਨੂੰ ਇਉਂ ਲੱਗਦਾ, ਉਹ ਇਸ ਤੋਂ ਪਿਛਲੇ ਹਜ਼ਾਰ ਦੋ ਹਜ਼ਾਰ ਵਰ੍ਹਿਆਂ ਦੀ ਜ਼ਬਾਨ ਸੀ। ਅਸੀਂ ਪੰਜਾਬੀਅਤ ਨੂੰ, ਪੰਜਾਬ ਨੂੰ , ਪੰਜਾਬੀ ਨੂੰ ਜੇ ਬਾਬਾ ਫਰੀਦ ਨਾਲ ਜੋੜਦੇ ਹਾਂ, ਉਸ ਦੀ ਤਾਰੀਖ ਫਰੀਦ ਦੀ ਹੋਂਦ ਤੋਂ ਮੰਨਦੇ ਹਾਂ ਤਾਂ ਮੈਨੂੰ ਮਹਿਸੂਸ ਹੁੰਦਾ, ਉਹ ਵੀ ਪੂਰੀ ਤਰ੍ਹਾਂ ਸਹੀ ਨਹੀਂ। ਉਸ ਤੋਂ ਪੁਰਾਣੀ ਹੈ ਪੰਜਾਬੀ ਜ਼ਬਾਨ।

**ਦਲਜੀਤ:** ਕੁਝ ਤਾਂ ਖਜ਼ਾਨਾ ਬਾਬਾ ਫਰੀਦ ਕੋਲ ਆਇਆ ਹੋਣਾ।

**ਰੱਬੀ:** ਬਾਬਾ ਜੀ ਕੋਲ ਆਇਆ ਹੋਣਾ। ਉਹ ਜ਼ਬਾਨ ਇੱਥੇ ਅਸੀਂ ਹੁਣ ਸਮਝਦੇ ਨਹੀਂ, ਇਸ ਤਰ੍ਹਾਂ ਦੀਆਂ ਅਨੰਤ ਜ਼ਬਾਨਾਂ ਨਾਲ ਹੋਇਆ। ਅਸੀਂ ਆਪਣੀਆਂ ਦੇਸੀ ਬੋਲੀਆਂ ਨੂੰ ਕਦੇ ਮਿਆਰੀ ਸਭਿਆਚਾਰ ਨਾਲ ਜੋੜਨ ਦਾ ਕੰਮ ਨਹੀਂ ਕੀਤਾ, ਜਾਂ ਇਸ ਨੂੰ ਕੋਈ ਮੁੱਲਵਾਨ ਉੱਦਮ ਸਮਝਿਆ ਵੀ ਨਹੀਂ। ਇਸ ਕਰਕੇ ਮੈਂ ਸਮਝਦਾ ਹਾਂ ਕਿ ਮੇਰੀ ਆਉਣ ਵਾਲੀ ਪੀੜ੍ਹੀ ਨੂੰ ਸ਼ਿਵ ਕੁਮਾਰ ਬਟਾਲਵੀ ਵੀ ਸਮਝ ਆ ਜਾਵੇ ਤਾਂ ਬਹੁਤ ਹੈ। ਮੈਂ ਬਾਬੇ ਫਰੀਦ ਤੱਕ ਸ਼ਿਵ ਕੁਮਾਰ ਬਟਾਲਵੀ ਜ਼ਰੀਏ ਪਹੁੰਚਿਆ ਹਾਂ।

ਬਿਰਹਾ ਬਿਰਹਾ ਆਖੀਏ
ਬਿਰਹਾ ਤੂੰ ਸੁਲਤਾਨ
ਬਿਨ ਬਿਰਹਾ ਬਿੰਹਦੀ ਠੀਕਰੀ
ਕਿਸੇ ਉਜੜੇ ਕਬਰਿਸਤਾਨ

ਇਹ ਬੋਲਦਾ ਹੈ ਸ਼ਿਵ ਕੁਮਾਰ ਬਟਾਲਵੀ। ਇਸ ਨੂੰ ਜਦੋਂ ਮੈਂ ਸਮਝਣ ਦੀ ਕੋਸ਼ਿਸ਼ ਕੀਤੀ ਤਾਂ ਪਤਾ ਲੱਗਾ ਕਿ ਇਸ ਦਾ ਹਵਾਲਾ ਗੁਰੂ ਗ੍ਰੰਥ ਸਾਹਿਬ ਵਿਚ ਮੌਜੂਦ ਹੈ। ਬਾਬਾ ਫਰੀਦ ਦੀ ਬਾਣੀ ਵਿਚ ਹੈ।

**ਦਲਜੀਤ:** ਜੋ ਇਹ ਨਿਜ਼ਾਮੇ-ਬਿਰਹਾ ਹੈ, ਤੁਸੀਂ ਉਸ ਦੇ ਦੋ ਸਿਰਿਆਂ ਦੀ ਗੱਲ ਕਰ ਰਹੇ ਹੋ। ਇੱਕ ਪਾਸੇ ਸ਼ਿਵ ਅਤੇ ਦੂਜੇ ਪਾਸੇ ਬਾਬਾ ਫਰੀਦ ਹਨ। ਮੈਂ ਤੁਹਾਨੂੰ ਥੋੜ੍ਹਾ ਵਾਪਸ ਲੈ ਕੇ ਚੱਲਦਾ ਹਾਂ।

**ਰੱਬੀ:** ਬਿਲਕੁਲ ਮੈਂ ਥੋੜ੍ਹਾ ਲੀਹ ਤੋਂ ਲਹਿ ਗਿਆ ਸੀ।

**ਦਲਜੀਤ:** ਜਦੋਂ ਅਕਹਿ ਨੂੰ ਕਹਿਣ ਦੀ ਵਾਰੀ ਆਉਂਦੀ ਹੈ, ਤੁਸੀਂ ਇੱਕ ਵਾਰ ਉਸ ਨੂੰ ਗਾ ਕੇ ਦੱਸੋਗੇ ਕਿ ਕਿਸ ਤਰ੍ਹਾਂ ਉਹ ਕਿਹਾ ਗਿਆ।

**ਰੱਬੀ:** ਦੇਖੋ ਜੋ ਬਿਲਕਿਸ ਗੀਤ ਹੈ, ਉਹ ਹਿੰਦੀ ਵਿਚ ਹੈ ਕਿਉਂਕਿ ਉਸ ਦੌਰ ਵਿਚ ਮੈਂ ਬੌਂਬੇ ਬੈਠਾ ਹਾਂ। ਮੈਂ ਆਪਣੇ ਆਸ-ਪਾਸ ਦੇ ਲੋਕਾਂ ਨਾਲ ਗੱਲ ਕਰਨੀ ਚਾਹੁੰਦਾ ਹਾਂ। ਉਸ ਵਿਚ ਵਰਤੀ ਬੋਲੀ ਸਹਿਜ ਸੁਭਾਅ ਹੀ ਹੈ। ਵਿਵੇਕਾਨੰਦ ਕਹਿੰਦਾ ਹੈ ਕਿ 'ਬੋਲੀ ਸੰਸਕਾਰ ਵਾਂਗ ਹੈ।' ਹੁਣ ਇੱਥੇ ਆਪਾਂ ਪੰਜਾਬੀ ਵਿਚ ਗੱਲ ਕਰ ਰਹੇ ਹਾਂ। ਇਉਂ ਪੰਜਾਬੀ ਦਾ ਸੰਸਕਾਰ ਪ੍ਰਫੁੱਲਿਤ ਹੁੰਦਾ ਹੈ। ਇਸੇ ਤਰ੍ਹਾਂ ਜੇ ਤੁਸੀਂ ਕਮਰਾ ਬਦਲ ਦਿਓ ਜਾਂ ਪ੍ਰਸੰਗ ਬਦਲ ਦਿਓ ਜਾਂ ਕਿਸੇ ਹੋਰ ਥਾਂ ਬੈਠੇ ਹੋਈਏ, ਉੱਥੇ ਦੂਸਰੀ ਜ਼ਬਾਨ ਪ੍ਰਫੁੱਲਿਤ ਹੁੰਦੀ ਹੈ। ਉਸ ਗੀਤ ਲਈ ਜੋ ਜ਼ਬਾਨ ਮੈਨੂੰ ਲੱਗਿਆ ਸਭ ਤੋਂ ਸੌਖਾ ਹਥਿਆਰ ਹੈ, ਫੌਰੀ ਹਾਸਿਲ ਸੀ, ਉਹ ਹਿੰਦੀ ਸੀ। ਤੁਸੀਂ ਕਹਿੰਦੇ ਹੋ ਤਾਂ ਮੈਂ ਸੁਣਾ ਦਿੰਦਾ ਹਾਂ:

ਮੇਰਾ ਨਾਮ ਬਿਲਕਿਸ ਯਾਕੂਬ ਰਸੂਲ
ਮੁਝ ਸੇ ਹੁਈ ਬਸ ਏਕ ਹੀ ਭੂਲ
ਕਿ ਜਬ ਢੂੰਡਤੇ ਥੇ ਵੋ ਰਾਮ ਕੋ
ਤੋ ਮੈਂ ਖੜ੍ਹੀ ਥੀ ਰਾਹ ਮੇਂ
ਪਹਿਲੇ ਏਕ ਨੇ ਪੂਛਾ
ਮੁਝੇ ਨਾ ਕੁਛ ਪਤਾ ਥਾ
ਦੂਜੇ ਕੋ ਭੀ ਮੇਰਾ ਯੇਹੀ ਜਵਾਬ ਥਾ
ਫਿਰ ਇਤਨੋਂ ਨੇ ਪੂਛਾ
ਕਿ ਮੇਰਾ ਅਬ ਸਵਾਲ ਹੈ ਏਕ
ਜਿਨਹੇ ਨਾਜ਼ ਹੈ ਹਿੰਦ ਪਰ ਵੋ ਕਹਾਂ ਹੈ
ਜਿਨਹੇ ਨਾਜ਼ ਹੈ ਵੋ ਕਹਾਂ ਹੈ

**ਦਲਜੀਤ:** ਜੋ ਅਕਹਿ ਵਾਲਾ ਸਵਾਲ ਸੀ, ਉਹ ਨਵਲੀਨ ਕੁਮਾਰ ਦੇ ਹਵਾਲੇ ਨਾਲ ਸਾਹਮਣੇ ਆਇਆ।

**ਰੱਬੀ:** ਇਸ ਗੀਤ ਦੀ ਪਹਿਲੀ ਸਤਰ ਮਰਾਠੀ ਭਾਸ਼ਾ ਵਿਚ ਹੈ। ਮਾਝਾ ਨਾਓ ਆਹੇ ਨਵਲੀਨ ਕੁਮਾਰ। ਬੌਂਬੇ ਵਿਚ ਰਹਿ ਕੇ ਥੋੜ੍ਹੀ-ਥੋੜ੍ਹੀ ਮਰਾਠੀ ਸਿੱਖਣੀ ਪੈ ਜਾਂਦੀ ਹੈ। 'ਕਾਇਜਾ ਲਾ' ਅਤੇ ਇਸ ਤਰ੍ਹਾਂ ਦੇ ਛੋਟੇ-ਛੋਟੇ ਫਿਕਰੇ ਜੋ ਮੈਂ ਸਿੱਖੇ, ਉਹ ਗੰਢ ਮਾਰ ਕੇ ਆਪਣੇ ਕੋਲ ਰੱਖੇ ਹੋਏ ਸਨ। ਉਨ੍ਹਾਂ ਵਿਚੋਂ ਇੱਕ ਹੈ- ਮਾਝਾ ਨਾਓ ਆਹੇ ਨਵਲੀਨ ਕੁਮਾਰ, ਉੱਨੀਸ ਜੂਨ, ਉੱਨੀਸ ਵਾਰ। ਮੈਂ ਜਦੋਂ ਇਹ ਲਿਖ ਰਿਹਾ ਸੀ ਤਾਂ ਸੋਚ ਰਿਹਾ ਸੀ ਕਿ ਅਗਲੀ ਪੰਕਤੀ ਕੀ ਹੋਵੇ ਪਰ ਅਖੀਰ ਅਗਲੀ ਪੰਕਤੀ ਮੈਨੂੰ ਅਹੁੜੀ ਹੀ ਨਹੀਂ। ਫਿਰ ਉਹੀ 19 ਵਾਰ ਜੋ ਉਸ ਦੇ ਪਿੰਡੇ ਉਪਰ ਸਨ। ਅਖੀਰ ਮੈਨੂੰ ਜਾਪਿਆ, ਇਨ੍ਹਾਂ ਤੋਂ ਵਧੀਆ ਹੋਰ ਕੋਈ ਲਫਜ਼ ਨਹੀਂ ਹੋ ਸਕਦਾ। ਮੈਨੂੰ ਕੋਈ ਹੋਰ ਹਰਫ ਨਹੀਂ ਸੁਝਿਆ। ਸੁਣਾ ਦਿੰਦਾ ਹਾਂ:



ਮਾਝਾ ਨਾਮ ਹੈ ਨਵਲੀਨ ਕੁਮਾਰ
ਉੱਨੀਸ ਜੂਨ ਉੱਨੀਸ ਵਾਰ
ਉੱਨੀਸ ਜੂਨ ਉੱਨੀਸ ਉੱਨੀਸ ਵਾਰ
ਉੱਨੀਸ ਉੱਨੀਸ ਉੱਨੀਸ ਉੱਨੀਸ ਉੱਨੀਸ ਉੱਨੀਸ ਵਾਰ
ਲੂਟੋ ਤੇ ਹੱਥ ਖੋਲੋ ਬਾਜ਼ਾਰ
ਨੀਲਾਮਸਪਾਰ ਔਰ ਵਿਰਾਰ
ਛੀਨੋ ਜ਼ਮੀਨ ਹਮਸੇ
ਭੇਜੋ ਹਮੇ ਪਾਤਾਲ
ਜਿਨਹੇ ਨਾਜ਼ ਹੈ ਹਿੰਦ ਪਰ ਵੋ ਕਹਾਂ ਹੈ
ਜਿਨਹੇ ਨਾਜ਼ ਹੈ ਵੋ ਕਹਾਂ ਹੈ

**ਦਲਜੀਤ:** ਇੱਕ ਭਾਬੋ ਦੀ ਬੋਲੀ ਜੋ ਇੱਕ ਬਿਆਸ ਦਰਿਆ ਦੇ ਦੂਜੇ ਪਾਸੇ ਰਾਵੀ। ਰਾਵੀ ਤੋਂ ਪਾਰ ਵੀ ਇੱਕ ਹੋਰ ਮੁਲਕ ਹੈ ਜੋ ਪੰਜਾਬ ਨਹੀਂ ਹੈ ਅਤੇ ਬਿਆਸ ਤੋਂ ਦੂਜੇ ਪਾਸੇ ਵੀ ਕੋਈ ਹੋਰ ਮੁਲਕ ਹੈ। ਉਸ ਤੋਂ ਬਾਅਦ ਉਹੀ ਬੋਲੀ ਵਾਲਾ ਬੰਦਾ ਬੌਂਬੇ ਜਾ ਕੇ ਬੈਠ ਕੇ ਆਪਣੇ ਦੌਰ ਦਾ ਦਰਦ ਹਿੰਦੀ ਅਤੇ ਮਰਾਠੀ ਵਿਚੋਂ ਸ਼ਬਦ ਲੈ ਕੇ ਅਕਹਿ ਨੂੰ ਉੱਨੀ ਵਾਰ ਦੋਹਰਾ ਕੇ ਬਿਆਨ ਕਰਦਾ ਹੈ। ਇਹ ਜੋ ਬੰਦਾ ਹੈ, ਉਸ ਦੇ ਪੰਜਾਬੀ ਹੋਣ ਵਿਚ ਕਦੇ ਤੁਹਾਨੂੰ ਸ਼ੱਕ ਹੁੰਦਾ ਹੈ?

**ਰੱਬੀ:** ਹਾਂ, ਪੰਜਾਬੀਅਤ ਜਾਂ ਪੰਜਾਬੀ ਦੀ ਇੱਕ ਖਾਸ ਵਿਸ਼ੇਸ਼ਤਾ ਮੈਂ ਸਮਝਦਾ ਹਾਂ, ਉਹ ਇਹ ਹੈ ਕਿ ਹੋ ਸਕਦਾ, ਪੰਜਾਬੀਆਂ ਦੇ ਵੀ ਬੜੇ ਵਲਵਲੇ ਹੋਣ। ਵਲਵਲਾ ਵੀ ਲੋਕ ਰੱਖਦੇ ਹਨ। ਕਈ ਲੋਕ ਜਲੇਬੀ ਵਾਂਗੂ ਗੱਲ ਨੂੰ ਘੁਮਾ ਵੀ ਸਕਦੇ ਹਨ ਪਰ ਜੋ ਪੰਜਾਬੀ ਮੈਨੂੰ ਮਿਲੀ, ਉਸ ਵਿਚ ਇਜ਼ਹਾਰ ਦਾ ਸੰਜਮ ਸੀ। ਮੇਰੇ ਪਿਤਾ ਜੀ ਦਾ ਤਕੀਆ ਕਲਾਮ ਵਰਗਾ ਫਿਕਰਾ ਸੀ- ਦੋ ਟੁੱਕ ਗੱਲ ਕਰਨੀ। ਉਹ ਗੱਲ ਸਿੱਧੀ ਸਪਸ਼ਟ ਕਰਨ ਵਿਚ ਵਿਸ਼ਵਾਸ ਰੱਖਦੇ ਸਨ। ਮੈਨੂੰ ਇਉਂ ਲੱਗਿਆ ਕਿ ਮੇਰੀ ਬੋਲੀ ਨੇ ਮੈਨੂੰ ਸੈਨਤ ਕੀਤੀ ਹੈ ਕਿ ਇਸ ਮਾਹੌਲ ਵਿਚ, ਇਸ ਪ੍ਰਸੰਗ ਵਿਚ ਜੋ ਗੱਲ ਕਰਨੀ ਹੈ, ਉਸ ਵਿਚ ਸਾਫਗੋਈ, ਸਪਸ਼ਟਤਾ ਅਤੇ ਨਾਲ ਦਿਆਂ ਨੂੰ ਸਮਝ ਆਏ। ਪੰਜਾਬੀਅਤ ਦੇ ਗੁਣ ਜੋ ਮੈਂ ਸਮਝਦਾ ਸੀ, ਉਹ ਇਕ ਹੋਰ ਰੂਪ ਵਿਚ ਉਸੇ ਦੀ ਸੈਨਤ ਸੀ ਕਿ ਇਸ ਵਾਸਤੇ ਜਿਹੜੀ ਮਰਾਠੀ ਹੈ, ਮਾਝਾ ਨਾਓ ਨਵਲੀਨ ਕੁਮਾਰ, ਇਹ ਇੱਥੋਂ ਦੀ ਪੰਜਾਬੀ ਹੈ, ਇਹ ਵਰਤ। ਮੈਂ ਨਹੀਂ ਕਹਿ ਸਕਦਾ ਕਿ ਉੱਥੇ ਮੈਂ ਪੰਜਾਬੀ ਵਰਤੀ ਹੈ। ਉੱਥੇ ਮੈਂ ਪੰਜਾਬੀਅਤ ਤੋਂ ਉਧਾਰੀ ਦੋ ਟੁੱਕ ਗੱਲ ਕਰਨ ਦੀ ਜੋ ਅਦਾ ਹੈ, ਉਸ ਪ੍ਰਤੀ ਮੈਨੂੰ ਅੰਦਰੋਂ ਪ੍ਰੇਰਨਾ ਮਿਲੀ ਕਿ ਮੈਂ ਉਹ ਇੱਥੇ ਵਰਤਾਂ।

**ਦਲਜੀਤ:** ਜਦੋਂ ਤੁਸੀਂ ਹਿੰਦੀ ਬੋਲਦੇ ਹੋ ਜਾਂ ਮਰਾਠੀ ਬੋਲਦੇ ਹੋ, ਉਸ ਵਿਚ ਪੰਜਾਬੀ ਵਾਲਾ ਜਜ਼ਬਾ ਕਾਇਮ ਰਹਿੰਦਾ ਹੈ, ਇਹ ਤੁਸੀਂ ਕਹਿ ਰਹੇ ਹੋ।

**ਰੱਬੀ:** ਹਾਂ ਜੀ, ਹੋ ਸਕਦਾ ਰਹਿੰਦਾ ਹੋਵੇ। ਜੋ ਅਸੀਂ ਦਿੱਲੀ ਵਿਚ ਹਿੰਦੀ ਬੋਲਦੇ ਹਾਂ, ਉਹ ਹਿੰਦੀ ਨਹੀਂ, ਦਰਅਸਲ ਹਿੰਦੋਸਤਾਨੀ ਹੈ। ਹੁਣ ਉਹ ਹਿੰਦੋਸਤਾਨੀ ਵੀ ਨਹੀਂ। ਜਾਮਾ ਮਸਜਿਦ ਵਿਚ ਬੋਲਦੇ ਹਨ। ਜਿੱਥੇ ਮੈਂ ਰਹਿੰਦਾ ਹਾਂ, ਉੱਥੇ ਨਹੀਂ ਉਹੋ ਜਿਹੀ ਬੋਲਦੇ। ਦਿੱਲੀ ਵਿਚ ਜਿਹੜੀ ਹਿੰਦੀ ਬੋਲੀ ਜਾਂਦੀ ਹੈ, ਉਹ ਦਰਅਸਲ ਪੰਜਾਬੀ ਹੀ ਹੈ।

**ਦਲਜੀਤ:** ਕੁੱਲ ਮਿਲਾ ਕੇ ਮੈਂ ਇਹ ਗੱਲ ਕਹਿਣੀ ਚਾਹ ਰਿਹਾ ਸੀ ਕਿ ਜੋ ਤੁਸੀਂ ਬੋਲੀ ਤੋਂ ਸਿੱਖਦੇ ਹੋ, ਇੱਕ ਬੋਲਣਾ ਸਿੱਖਦੇ ਹੋ, ਤੇ ਦੂਜਾ ਮਨੁੱਖ ਦੇ ਤੌਰ 'ਤੇ ਤੁਸੀਂ ਆਪਣੇ ਆਪ ਵਧਣਾ-ਫੁੱਲਣਾ ਸਿੱਖਦੇ ਹੋ। ਤੁਸੀਂ ਪੰਜਾਬੀ ਮਨੁੱਖ ਦੇ ਤੌਰ 'ਤੇ ਦੂਜੀਆਂ ਬੋਲੀਆਂ ਵਿਚ ਵੀ ਸਿੱਖਦੇ ਹੋ। ਉਨ੍ਹਾਂ ਵਿਚ ਵੀ ਆਪਣਾ ਕਾਰਜ ਨਿਭਾਉਂਦੇ ਹੋ।

**ਰੱਬੀ:** ਇਹ ਜੋ ਬੋਲੀਆਂ ਉੱਤਰੀ ਭਾਰਤ ਵਿਚ ਬੋਲੀਆਂ ਜਾਂਦੀਆਂ, ਇਨ੍ਹਾਂ ਵਿਚ ਇੱਕ ਦੂਸਰੇ ਦੀ ਕੋਈ ਗੂੰਜ ਹੈ। ਮੈਨੂੰ ਅਮਰਜੀਤ ਚੰਦਨ ਦੀ ਇੱਕ ਗੱਲ ਚੰਗੀ ਲੱਗਦੀ ਹੈ। ਉਹ ਕਹਿੰਦੇ ਹਨ ਕਿ ਜਿਹੜਾ ਵੀ ਸਾਹਿਤ ਪਹਿਲੀ ਜਾਂ ਦੂਜੀ ਪੀੜ੍ਹੀ ਪੰਜਾਬੀ ਨੇ ਘੜਿਆ, ਉਹ ਪੰਜਾਬੀ ਹੈ। ਕ੍ਰਿਸ਼ਨਾ ਸੋਬਤੀ ਵੀ ਪੰਜਾਬੀ ਹੈ ਅਤੇ ਜੋ ਕੋਈ ਪੰਜਾਬੀ ਅੰਗਰੇਜ਼ੀ ਵਿਚ, ਕੈਨੇਡਾ ਵਿਚ ਲਿਖ ਰਿਹਾ ਹੈ, ਭਾਵੇਂ ਦੂਜੀ ਜਾਂ ਤੀਜੀ ਪੀੜ੍ਹੀ ਹੋਵੇ, ਉਹ ਵੀ ਪੰਜਾਬੀ ਹੈ। ਉਸ ਵਿਚ ਜੋ ਜ਼ਿਹਨੀ ਅਮਲ ਹੈ, ਉਹ ਪੰਜਾਬੀਅਤ ਤੋਂ ਹੀ ਨਿਕਲਿਆ ਹੈ। ਉਸ ਦਾ ਜੋ ਮੁੱਢ ਹੈ, ਉਸ ਦੀ ਪੈੜ ਕਿਤੇ ਨਾ ਕਿਤੇ ਤੁਸੀਂ ਪੰਜਾਬ ਵਿਚ ਲੱਭ ਸਕਦੇ ਹੋ। ਇਹ ਗੱਲ ਮੈਨੂੰ ਕੁਝ ਠੀਕ ਮਹਿਸੂਸ ਹੁੰਦੀ ਹੈ, ਕਿਉਂਕਿ ਮੇਰੀ ਭੈਣ ਹਿੰਦੀ ਵਿਚ ਲਿਖਦੀ ਹੈ। ਜਦੋਂ ਮੈਂ ਉਨ੍ਹਾਂ ਨੂੰ ਸੁਆਲ ਕੀਤਾ ਕਿ ਪੰਜਾਬੀ ਹੋ ਕੇ ਹਿੰਦੀ ਵਿਚ ਕਿਉਂ ਲਿਖਦੇ ਹੋ? ਉੱਥੇ ਮੈਨੂੰ ਸਮਝ ਆਇਆ ਕਿ ਦਰਅਸਲ ਇਹ ਸਵਾਲ ਗਲਤ ਹੈ। ਸਵਾਲ ਇਹ ਹੈ ਕਿ ਮੈਂ ਦਿੱਲੀ ਵਿਚ ਅੰਮ੍ਰਿਤਸਰ ਵਾਲੀ ਜਾਂ ਆਪਣੇ ਪਿੰਡ ਵਾਲੀ ਪੰਜਾਬੀ ਦਾ ਇਸਤੇਮਾਲ ਕਿਉਂ ਕਰਦਾ ਹਾਂ? ਕਿਹੜੀ ਜ਼ਬਾਨ ਤੁਹਾਨੂੰ ਕਿਉਂ ਚੁਣਦੀ ਹੈ, ਉਹ ਇੱਕ ਰਹੱਸ ਹੈ। ਉਸ ਨੂੰ ਰਹੱਸ ਹੀ ਰਹਿਣ ਦੇਣਾ ਚਾਹੀਦਾ ਹੈ। ਉਸ ਨੂੰ ਜੇ ਲੱਭਣ ਜਾਵਾਂਗੇ, ਉਹ ਜੋ ਭਾਫ ਹੈ, ਉਸ ਵਿਚੋਂ ਵਾਸ਼ਨਾ ਨਿਕਲ ਜਾਣੀ ਹੈ ਅਤੇ ਹੱਥ ਕੁਝ ਵੀ ਨਹੀਂ ਆਉਣਾ।

**ਦਲਜੀਤ:** ਇਹ ਰਹੱਸ ਵਾਲੀ ਗੱਲ ਖੂਬਸੂਰਤ ਹੈ, ਇਸ ਲਈ ਇਸ ਨੂੰ ਮੈਂ ਇੱਥੇ ਹੀ ਛੱਡਦਾ ਹਾਂ।

ਤੁਸੀਂ ਜੋ ਸ਼ੁਰੂ ਵਿਚ ਗੱਲ ਕੀਤੀ ਸੀ, ਸਾਡੇ ਦੌਰ ਦਾ ਪੰਜਾਬੀ ਪੌਪ ਸੰਗੀਤ ਹੈ, ਉਸ ਬਾਬਤ ਤੁਸੀਂ ਟਿੱਪਣੀ ਕਰ ਰਹੇ ਸੀ। ਮੈਂ ਚਾਹੁੰਦਾ ਹਾਂ, ਤੁਸੀਂ ਆਪਣੀ ਉਸ ਗੱਲ ਨੂੰ ਅੱਗੇ ਵਧਾਓ।

**ਰੱਬੀ:** ਸਾਡੇ ਪੌਪ ਸੰਗੀਤ ਵਿਚ, ਸਾਡੇ ਪੁਰਾਣੇ ਪੌਪ ਸੰਗੀਤ ਵਿਚ ਹੈ। ਜਿਵੇਂ ਮੈਂ ਜੁਗਨੀ ਗੀਤ ਲਿਖਿਆ। ਉਸ ਲਈ ਮੈਂ ਪੁਰਾਣੀਆਂ ਜੁਗਨੀਆਂ ਸੁਣੀਆਂ। ਵਣਜਾਰਾ ਬੇਦੀ ਦਾ ਲੋਕਧਾਰਾ ਵਿਸ਼ਵਕੋਸ਼ ਪੜ੍ਹਨ ਅਤੇ ਸਮਝਣ ਦੀ ਕੋਸ਼ਿਸ਼ ਕੀਤੀ। ਮੈਨੂੰ ਸਮਝ ਲੱਗੀ ਕਿ ਜੋ ਲੋਕ ਸ਼ੈਲੀ ਹੈ, ਜਾਂ ਜੋ ਸਾਡੀਆਂ ਲੋਕ ਵੰਨਗੀਆਂ ਸਨ, ਉਨ੍ਹਾਂ ਵਿਚ ਕੋਈ ਇਹੋ ਜਿਹੀ ਸੁਗੰਧੀ ਸੀ ਜਿਸ ਵਿਚ ਹਰ ਕਿਸੇ ਨੂੰ ਖਿੱਚਣ ਦਾ ਮਾਦਾ ਸੀ। ਹੁਣ ਜੋ ਸਾਡਾ ਸੰਗੀਤ ਹੈ, ਉਸ ਵਿਚ ਮੈਨੂੰ ਲੱਗਦਾ ਹੈ ਕਿ ਉਸ ਕਿਸਮ ਦੀ ਖਿੱਚਣ ਦੀ ਸਮਰੱਥਾ ਬੜੀ ਸੁੰਗੜ ਗਈ ਹੈ। ਸਾਡਾ ਜੋ ਪੰਜਾਬੀ ਪੌਪ ਸੰਗੀਤ ਹੈ, ਜੇ ਤੁਸੀਂ ਇਸ ਨੂੰ ਪੁਰਾਣੇ ਪੌਪ ਸੰਗੀਤ ਜਾਂ ਲਾਹੌਰ ਦਾ ਜੋ 1940 ਦੇ ਦੌਰ ਦਾ ਪੌਪ ਮਿਊਜ਼ਿਕ ਸੀ ਜਿਸ ਨੂੰ ਤੁਸੀਂ ਸੁਣਨ ਦੀ ਕੋਸ਼ਿਸ਼ ਕਰੋ ਜਾਂ ਸੁਰਿੰਦਰ ਕੌਰ ਜਾਂ ਆਸਾ ਸਿੰਘ ਮਸਤਾਨਾ ਦਾ ਸੰਗੀਤ ਸੁਣਨ ਦੀ ਕੋਸ਼ਿਸ਼ ਕਰੋ, ਉਸ ਨੂੰ ਮਾਲਵੇ ਵਿਚ ਬੈਠਾ ਬੰਦਾ ਵੀ ਉਸੇ ਤਰ੍ਹਾਂ ਮਾਣ ਸਕਦਾ ਹੈ ਅਤੇ ਚੰਬੇ ਵਿਚ ਬੈਠਾ ਬੰਦਾ ਵੀ। ਹੁਣ ਜੋ ਪੌਪ ਸੰਗੀਤ ਹੈ, ਉਹ ਹਰ ਕਿਸੇ ਨੂੰ ਆਪਣੇ ਵਰਗਾ ਬਣਾਉਣ ਦੀ ਕੋਸ਼ਿਸ਼ ਕਰ ਰਿਹਾ ਹੈ। ਇਹ ਇੱਕਸਾਰ ਕਰਨ ਵਾਲੀ ਤਾਕਤ ਬਣ ਗਿਆ ਹੈ, ਬਜਾਇ ਇਸ ਦੇ ਕਿ ਉਹ ਜਮਹੂਰੀ ਵੰਨਗੀ ਹੋਵੇ। ਜਿਸ ਨੂੰ ਜਿਸ ਵੀ ਤਰੀਕੇ ਨਾਲ ਕੋਈ ਸਮਝਣਾ ਚਾਹੇ, ਸਮਝ ਸਕਦਾ ਹੈ। ਸਾਡੇ ਅਜੋਕੇ ਪੌਪ ਸੰਗੀਤ ਵਿਚ ਮਾਲਵੇ ਦੀ ਚੌਧਰ ਲੋੜ ਤੋਂ ਵੱਧ ਹੈ। ਜੱਟਾਂ ਦੀ ਭੂਮਿਕਾ ਲੋੜ ਤੋਂ ਵੱਧ ਹੈ। ਵੈਲੀ ਜੱਟ ਦੀ ਪ੍ਰਭੁਤਾ ਸੰਗੀਤ ਵਿਚ ਲੋੜ ਤੋਂ ਵੱਧ ਹੈ। ਅਸੀਂ ਇਸ ਨੂੰ ਜ਼ਿਆਦਾਤਰ ਇੱਕ ਕਿਸਮ ਦਾ ਆਵਾਰਾ ਸੰਗੀਤ ਬਣਾ ਦਿੱਤਾ ਹੈ।

**ਦਲਜੀਤ:** ਤੁਸੀਂ ਪੰਜਾਬ ਵਿਚ ਜ਼ਮੀਨ ਦੇ ਮਾਲਕਾਂ ਦੇ ਸੰਗੀਤ ਨੂੰ ਇਹ ਕਹਿ ਰਹੇ ਹੋ ਕਿ ਇਹ ਆਵਾਰਾ ਸੰਗੀਤ ਹੈ।

**ਰੱਬੀ:** ਬੜਾ ਹੀ ਆਵਾਰਾ ਸੰਗੀਤ ਹੈ। ਮੈਂ ਇੱਕ ਵਾਰ ਨਹੀਂ, ਪਹਿਲਾਂ ਵੀ ਕਈ ਵਾਰ ਇਸ ਬਾਰੇ ਕਹਿ ਚੁੱਕਾ ਹਾਂ। ਬੜਾ ਹੀ ਉਜੱਡ ਸੰਗੀਤ ਹੈ। ਜਿੱਥੇ ਤੁਸੀਂ ਗੱਲਾਂ ਹੀ ਇਸ ਤਰ੍ਹਾਂ ਕਰਦੇ ਹੋ- 'ਜਿੱਥੇ ਬੰਦਾ ਮਾਰ ਕੇ ਕਸੂਰ ਪੁੱਛਦੇ ਨੀ ਬੱਲੀਏ ਮੈਂ ਓਸ ਪਿੰਡ ਦਾ', ਇਹੋ ਜਿਹੀਆਂ ਗੱਲ ਹੋਣ। ਮੈਂ ਆਪਣੇ ਪਰਿਵਾਰ ਵਿਚ ਕਸਬੇ ਵਿਚ ਆਨੰਦ ਲੈਣ ਵਾਲਿਆਂ ਨੂੰ ਬਹੁਤ ਘੱਟ ਜਾਣਦਾ ਹਾਂ। ਮੇਰੀ ਜੋ ਵੀ ਗੁੜ੍ਹਤੀ ਹੈ, ਉਹ ਚੰਗੇ ਘਰ, ਮੁਹੱਲੇ ਵਿਚ ਚੰਗਾ ਬੰਦਾ ਬਣਾਉਣ ਵਿਚ ਉਸ ਦੀ ਭੂਮਿਕਾ ਹੈ। ਮੈਨੂੰ ਇਸ ਤਰ੍ਹਾਂ ਕਿਸੇ ਨੇ ਪ੍ਰੇਰਿਆ ਹੀ ਨਹੀਂ।

**ਦਲਜੀਤ:** ਮੈਂ ਤੁਹਾਡੀ ਇਸ ਗੱਲ ਨਾਲ ਸਹਿਮਤ ਹਾਂ। ਮੇਰੇ ਨਾਨਕੇ, ਦਾਦਕੇ, ਭੂਆ, ਫੁੱਫੜ, ਮਾਸੀਆਂ ਦੇ ਸਾਰੇ ਪਿੰਡਾਂ ਨੂੰ ਮਿਲਾ ਕੇ ਵੀ ਦੇਖਿਆ ਜਾਵੇ ਤਾਂ ਮੈਨੂੰ ਇਸ ਤਰ੍ਹਾਂ ਦਾ ਬੰਦਾ ਕਦੇ ਜ਼ਿੰਦਗੀ ਵਿਚ ਨਹੀਂ ਮਿਲਿਆ।

**ਰੱਬੀ:** ਮੇਰੇ ਫੁੱਫੜ ਜੀ ਸਨ। ਉਨ੍ਹਾਂ ਦਾ ਕੱਦ 6 ਫੁੱਟ ਅਤੇ ਭਰਵੇਂ ਜੁੱਸੇ ਵਾਲਾ ਸਰੀਰ ਸੀ। ਉਹ ਅਫਸਰ ਸਨ। ਉਨ੍ਹਾਂ ਦਾ ਹੱਥ ਹੀ ਤਿੰਨ ਕਿੱਲੋ ਦਾ ਸੀ। ਸੰਨੀ ਦਿਓਲ ਦਾ ਢਾਈ ਕਿੱਲੋ ਦਾ ਹੋਣਾ ਤਾਂ ਮੇਰੇ ਫੁੱਫੜ ਦਾ ਘੱਟੋ-ਘੱਟ ਤਿੰਨ ਕਿੱਲੋ ਦਾ ਹੋਣਾ। ਉਨ੍ਹਾਂ ਨੂੰ ਮੈਂ ਆਂਢ-ਗੁਆਂਢ ਵਿਚ ਲੋਕਾਂ ਦੇ ਝਗੜਿਆਂ ਦੇ ਨਿਤਾਰੇ ਕਰਵਾਉਂਦਿਆ ਦੇਖਿਆ। ਉਨ੍ਹਾਂ ਨੂੰ ਮੈਂ ਹਰ ਕਿਸੇ ਨਾਲ ਖੜ੍ਹਦੇ ਦੇਖਿਆ। ਮੇਰੇ ਪਿਤਾ ਜੀ ਚਲਾਣਾ ਕਰ ਗਏ ਤਾਂ ਉਹ ਮੇਰੇ ਨਾਲ ਪਿੰਡ ਜਾ ਕੇ ਪਟਵਾਰੀ ਕੋਲ ਜਾਣਾ, ਤਹਿਸੀਲ ਜਾਣਾ, ਇਹੋ ਜਿਹੇ ਸਾਰੇ ਕੰਮ ਮੈਂ ਉਨ੍ਹਾਂ ਨੂੰ ਕਰਦੇ ਦੇਖਿਆ। ਆਪਣੀ ਜ਼ਿੰਦਗੀ ਵਿਚ, ਆਪਣੀ ਪਰਿਵਾਰਕ ਵੰਡ ਵਿਚ ਵੀ ਜੇਕਰ ਚੰਗਾ ਖੁਰਾ ਕਿਸੇ ਹੋਰ ਵੱਲ ਜਾ ਰਿਹਾ ਹੋਵੇ ਤਾਂ ਉੱਥੇ ਵੀ ਮੈਂ ਉਨ੍ਹਾਂ ਨੂੰ ਪੈਰ ਪਿੱਛੇ ਹਟਦੇ ਦੇਖਿਆ। ਮੈਂ ਇੱਕ ਦਾਨਾ ਸ਼ਖਸੀਅਤ ਦੇਖੀ ਅਤੇ ਇਕੱਲੇ ਆਪਣੇ ਫੁੱਫੜ ਵਿਚ ਹੀ ਨਹੀਂ ਦੇਖੀ ਬਲਕਿ ਅਜਿਹੀਆਂ ਸ਼ਖਸੀਅਤਾਂ ਜ਼ਿਆਦਾ ਸਨ।

**ਦਲਜੀਤ:** ਇਸ ਦਾ ਮਤਲਬ, ਜੋ ਭਾਰੀ ਹੱਥ ਹਨ, ਉਹ ਲੋਕਾਂ ਨੂੰ ਇਕੱਲੇ ਕੁੱਟਣ ਲਈ ਨਹੀਂ ਹੁੰਦੇ ਬਲਕਿ ਉਹ ਨਫਾਸਤ ਲਈ ਵੀ ਹੁੰਦੇ ਹਨ। ਖੂਬਸੂਰਤ ਜ਼ਿੰਦਗੀ ਲਈ ਵੀ ਹੁੰਦੇ ਹਨ।

**ਰੱਬੀ:** ਮੇਰੇ ਦਾਦੀ ਜੀ ਫੁੱਲ ਭਾਰੀ ਜ਼ਨਾਨੀ ਸੀ ਪਰ ਉਨ੍ਹਾਂ ਦੀ ਆਵਾਜ਼ ਵਿਚ ਖੜਕਾ ਸੀ। ਉਹ ਪਿੰਡ ਰਹਿੰਦੀ ਸੀ ਪਰ ਪਿੰਡ ਵਿਚ ਜਿਵੇਂ ਅੰਗਰੇਜ਼ੀ ਵਿਚ ਅਸੀਂ ਕਹਿੰਦੇ ਹਾਂ, 'ਉਹ ਖੁਦ ਸੰਭਾਲ ਲਵੇਗੀ'। ਅਸੀਂ ਉਨ੍ਹਾਂ ਦੀਆਂ ਬਹੁਤ ਗੱਲਾਂ ਸੁਣਦੇ ਰਹੇ ਹਾਂ ਕਿ ਉਸ ਕੋਲ ਖਾੜਕੂ ਆਏ ਅਤੇ ਪਿੱਛੇ-ਪਿੱਛੇ ਪੁਲੀਸ ਵੀ ਆ ਗਈ। ਉਹ ਕੰਬਦੀ ਹੁੰਦੀ ਸੀ। ਇੱਕ ਪੁਲਿਸ ਵਾਲਾ ਉਸ ਕੋਲ ਆ ਕੇ ਕਹਿੰਦਾ- 'ਮਾਤਾ ਸੁਣਿਆ ਹੈ, ਤੇਰੇ ਕੋਲ ਖਾੜਕੂ ਆਉਂਦੇ ਹਨ'। ਮੇਰੀ ਦਾਦੀ ਨੂੰ ਹੋਰ ਕੁਝ ਨਹੀਂ ਸੁਝਿਆ ਤਾਂ ਉਸ ਮਾਚਿਸ ਦੀ ਡੱਬੀ ਫੜੀ ਅਤੇ ਤੀਲ੍ਹੀਆਂ ਬਾਲ ਕੇ ਸਿਪਾਹੀ ਦੇ ਬੂਟਾਂ ਉਪਰ ਸੁੱਟਣ ਲੱਗੀ। ਸਿਪਾਹੀ ਨੂੰ ਗੱਲ ਸਮਝ ਨਹੀਂ ਆਈ ਅਤੇ ਸਿਪਾਹੀ ਮੇਰੀ ਦਾਦੀ ਨੂੰ ਕਹਿੰਦਾ- 'ਬੀਬੀ, ਤੂੰ ਇਹ ਕੀ ਕਰ ਰਹੀ ਹੈਂ?' ਉਹ ਕਹਿੰਦੀ- 'ਮੈਂ ਤੈਨੂੰ ਫੂਕਦੀ ਹਾਂ। ਤੂੰ ਸਾਡੇ ਮੁੰਡਿਆਂ ਦੀਆਂ ਬਿੜਕਾਂ ਲੈਂਦਾ ਫਿਰਦਾ ਹੈਂ। ਮੈਂ ਤੈਨੂੰ ਫੂਕਦੀ ਹਾਂ।' ਇਹੋ ਜਿਹਾ ਜਜ਼ਬਾ ਰੱਖਣ ਵਾਲੀ ਔਰਤ ਸੀ। ਇਸੇ ਤਰ੍ਹਾਂ ਮੈਂ ਆਪਣੇ ਪਰਿਵਾਰ ਵਿਚ ਆਪਣੀ ਵੱਡੀ ਭੈਣ ਨੂੰ ਇਸ ਤਰ੍ਹਾਂ ਦੇ ਜਜ਼ਬੇ ਨਾਲ ਜ਼ਿੰਦਗੀ ਜਿਉਂਦੇ ਦੇਖਿਆ ਹੈ। ਆਪਣੀ ਮਾਂ ਨੂੰ ਦੇਖਿਆ ਹੈ। ਮੇਰੇ ਲਈ ਪੰਜਾਬੀਆਂ ਦਾ ਜੋ ਨਾਬਰੀ ਵਾਲਾ ਪੱਖ ਹੈ, ਉਹ ਕਿਸੇ ਉਪਰ ਹਮਲਾਵਰ ਹੋਣਾ ਨਹੀਂ ਹੈ। ਕਿਸੇ ਦੇ ਹੱਕ ਸੱਚ ਲਈ ਖੜ੍ਹਨਾ ਹੈ। ਜੋ ਪੌਪ ਸੰਗੀਤ ਹੈ, ਉਹ ਪੰਜਾਬੀਅਤ ਦੇ ਸਮਤੋਲ ਨੂੰ ਵਿਗਾੜ ਰਿਹਾ ਹੈ। ਸਾਨੂੰ ਇਸ ਨੇ ਥੋੜ੍ਹੀ ਦੇਰ ਬਾਅਦ ਹਿੰਦੋਸਤਾਨ ਦੇ ਬਦਨਾਮ ਸੂਬਿਆਂ ਦੀ ਕਤਾਰ ਵਿਚ ਲਿਆ ਕੇ ਖੜ੍ਹਾ ਕਰ ਦੇਣਾ ਹੈ। ਪੰਜਾਬੀਅਤ ਨੇ ਸਮਾਨ-ਅਰਥੀ ਬਣ ਜਾਣਾ ਬਦਮਾਸ਼ ਹੋਣ ਦਾ, ਲੰਡੂ ਹੋਣ ਦਾ, ਉਜੱਡ ਹੋਣ ਦਾ, ਖੌਰੂ ਪਾਉਣ ਵਾਲਿਆ ਦਾ। ਮੈਨੂੰ ਇਸ ਤੋਂ ਤਕਲੀਫ ਹੁੰਦੀ ਹੈ। ਮੈਂ ਇਹ ਨਹੀਂ ਸਮਝਦਾ ਕਿ ਪੰਜਾਬੀਆਂ ਨੂੰ ਅੱਖਾਂ ਵਿਚ ਅੱਖਾਂ ਪਾ ਕੇ ਦੇਖਣਾ ਨਹੀਂ ਆਉਣਾ ਚਾਹੀਦਾ। ਸਾਨੂੰ ਇੱਥੇ ਤੱਕ ਖੜ੍ਹਾ ਕਰਨ ਲਈ ਜਿੰਨੀ ਮਿਹਨਤ-ਮੁਸ਼ੱਕਤ ਪਿਛਲੀਆਂ ਪੀੜ੍ਹੀਆਂ ਨੇ ਕੀਤੀ ਹੈ, ਮੈਂ ਉਸ ਨੂੰ ਪੌਪ ਸੰਗੀਤ ਜ਼ਰੀਏ ਖੁਰਦ-ਬੁਰਦ ਹੁੰਦਿਆਂ ਦੇਖਦਾ ਹਾਂ। ਪੌਪ ਸੰਗੀਤ ਕੋਲ ਬਹੁਤ ਤਾਕਤ ਹੈ। ਪੌਪ ਸੰਗੀਤ ਤੁਹਾਡੇ ਦਿਮਾਗ ਦਾ ਇੱਕ ਕਿਸਮ ਦਾ ਸੌਫਟਵੇਅਰ ਹੈ। ਆਰਟ ਸੌਫਟਵੇਅਰ ਹੈ, ਹੋਰ ਇਸ ਦੀ ਵੱਖ-ਵੱਖ ਵਿਆਖਿਆ ਹੈ ਪਰ ਇਸ ਦੀ ਇਹ ਹੱਦਬੰਦੀ ਹੈ। ਇਹ ਬੰਦੇ ਦਾ ਸੌਫਟਵੇਅਰ ਹੈ ਜੋ ਸੋਚਣ ਦਾ ਜ਼ਰੀਆ ਬਣਦੀ ਹੈ। ਉਹ ਹੁਣ ਦਿਖਾਈ ਨਹੀਂ ਦਿੰਦਾ। ***(ਚੱਲਦਾ)***

# ਹਮੇਸ਼ਾ ਯਾਦ ਆਏਗੀ ਗੁਰਮੀਤ ਬਾਵਾ

ਕੇਵਲ ਧਾਲੀਵਾਲ ਨੇ ਅੱਜ ਸਵੇਰੇ-ਸਵੇਰੇ ਸੋਗ ਸੁਨੇਹਾ ਭੇਜ ਕੇ ਬੇਹੱਦ ਉਦਾਸ ਕਰ ਦਿੱਤਾ। ਬੀਬੀ ਗੁਰਮੀਤ ਬਾਵਾ ਝਕਾਨੀ ਦੇ ਚੁੱਪ ਚੁਪੀਤੀ 'ਅਹੁ ਟੁਰ ਗਈ'। ਧੀ ਲਾਚੀ ਦੇ ਵਿਛੋੜੇ ਵਿਚ ਭਰੀ ਪੀਤੀ। ਭਰਵੀਂ ਗਰਜਵੀਂ ਤੇ ਲਰਜਵੀਂ ਆਵਾਜ਼ ਮੋਈਆਂ ਕਬਰਾਂ ਵਿਚ ਸਦਾ ਦੀ ਨੀਂਦ ਜਾ ਸੁੱਤੀ ਹੈ। ਅਲਗੋਜ਼ਿਆਂ ਦਾ ਸੰਸਾਰ ਲੁੱਟਿਆ-ਪੁੱਟਿਆ ਗਿਆ ਏ, ਹੁਣ ਭਲਾ ਕਿਸ ਨੇ ਗਾਉਣਾ ਏਂ ਅਲਗੋਜ਼ਿਆਂ ਨਾਲ? ਲਾਵਾਰਸ ਹੋਗੇ ਨੇ ਅੱਜ ਅਲਗੋਜ਼ੇ।

ਯਾਦਾਂ ਕਲੇਜੇ ਧੂਅ ਪਾਉਂਦੀਆਂ ਨੇ।

ਜਦ ਵੀ ਗੁਰਮੀਤ ਬਾਵਾ ਨੂੰ ਪਤਾ ਲਗਣਾ ਕਿ ਮੈਂ ਅੰਮ੍ਰਿਤਸਰ ਆਇਆ ਸਾਂ ਤੇ ਬਿਨਾਂ ਮਿਲੇ

**ਨਿੰਦਰ ਘੁਗਿਆਣਵੀ**

ਮੁੜ ਗਿਆ ਹਾਂ, ਉਦੋਂ ਹੀ ਫੋਨ ਆ ਜਾਣਾ ਤੇ ਉਲਾਂਭਾ ਭਾਰੀ ਹੋਣਾ, ਮਾਵਾਂ ਦੇ ਮੋਹ ਭਰੇ ਉਲਾਂਭੇ ਵਰਗਾ। ਮੁਆਫੀ ਮੰਗਦਾ ਸਾਂ ਤੇ ਵਾਅਦਾ ਕਰਦਾ ਸਾਂ ਕਿ ਬੀਬੀ ਜੀ ਅੱਗੇ ਤੋਂ ਇੰਜ ਨਹੀਂ ਹੁੰਦਾ, ਹੁਣ ਜਦ ਆਇਆ ਤਾਂ ਮਿਲ ਕੇ ਜਾਊਂਗਾ। ਮੈਂ ਵੀਹ ਵਰ੍ਹੇ ਤੋਂ ਵੱਧ ਸਮੇਂ ਤੋਂ ਉਨ੍ਹਾਂ ਦੇ ਸੰਪਰਕ ਵਿਚ ਸਾਂ ਤੇ ਉਨ੍ਹਾਂ ਦੀ ਹੇਕ ਤੇ ਹੂਕ ਤਾਂ ਉਦੋਂ ਤੋਂ ਦਿਲ ਵਿਚ ਵਸ ਬੈਠੇ ਹੋਣੇ, ਜਦੋਂ ਜਨਮਿਆ ਤੇ ਸੁਰਤ ਸੰਭਲਣ 'ਤੇ ਟੀਵੀ-ਰੇਡੀਓ 'ਚ ਉਨ੍ਹਾਂ ਨੂੰ ਸੁਣਨ ਲੱਗਿਆ ਸੀ।

ਗੁਰਮੀਤ ਬਾਵਾ ਭਲੇ ਸੁਭਾਅ ਦੀ ਮਾਲਕ ਸੀ। ਜਿੰਨੀ ਸੰਗਾਊ ਸੀ, ਓਨੀ ਹੀ ਨਿਮਰਤਾਵਾਨ ਵੀ ਸੀ। ਕਹਿੰਦੀਆਂ ਕਹਾਉਂਦੀਆਂ ਗਾਇਕਾਵਾਂ ਬਾਵਾ ਨੂੰ ਭਾਵੇਂ ਜੱਫੀ ਪਾ ਕੇ ਮਿਲਦੀਆਂ ਸਨ ਪਰ ਉਸ ਦੀ ਉੱਚੀ ਆਵਾਜ਼ ਤੇ ਲੰਮੀ ਹੇਕ ਨਾਲ ਸਾੜਾ ਵੀ ਕਰਦੀਆਂ ਸਨ ਪਰ ਉਹ ਬੇਪ੍ਰਵਾਹ ਫਨਕਾਰਾ ਸੀ।

ਮੈਨੂੰ ਚੇਤੇ ਹੈ ਉਹ ਦਿਨ, ਜਦੋਂ ਪੰਜਾਬੀ ਯੂਨੀਵਰਸਿਟੀ, ਪਟਿਆਲਾ ਵਿਚਲੋਕ ਗਾਇਕੀ ਬਾਰੇ ਵੱਡਾ ਸੈਮੀਨਾਰ ਸੀ ਤੇ ਲੋਕ ਸੰਗੀਤ ਬਾਰੇ



ਉਥੇ ਮੁੱਖ ਭਾਸ਼ਣ ਮੇਰਾ ਸੀ। ਬਾਵਾ ਜੀ ਆਏ। ਦੇਵ ਥਰੀਕੇ ਵਾਲਾ ਆਇਆ। ਮੁਹੰਮਦ ਸਦੀਕ, ਹੰਸ ਰਾਜ ਹੰਸ, ਗੁਰਭਜਨ ਗਿੱਲ, ਵਾਈਸ ਚਾਂਸਲਰ ਡਾ. ਜਸਪਾਲ ਸਿੰਘ ਹੁਰੀਂ ਬੈਠੇ ਸਨ। ਡਾ. ਰਜਿੰਦਰ ਪਾਲ ਬਰਾੜ ਨੇ ਅਨਾਊਂਸ ਕੀਤਾ ਕਿ ਬਾਵਾ ਜੀ 'ਡੋਲੀ' ਬਾਰੇ ਕੁਝ ਸੁਣਾਉਣਗੇ। ਬੀਬੀ ਬਾਵਾ ਨੇ ਦਰਦ ਪਰੁਚੇ ਬੋਲ ਛੋਹੇ:

ਪੁੱਤਰ ਸੱਤ ਵੀ ਹੋਣ ਸਮਾਅ ਲੈਂਦੋਂ<br>
ਤੇ ਧੀ ਘਰ ਨਾ ਇਕ ਸਮਾ ਸਕੀ।<br>
ਜਿਹੜੀ ਤੁਰਨ ਵੇਲੇ ਘਰੋਂ ਗਈ ਰੋਂਦੀ,<br>
ਉਹਨੂੰ ਮਾਂ ਨਾ ਚੁੱਪ ਕਰਾ ਸਕੀ।<br>
ਕੁਹਾਰੋ ਡੋਲੀ ਨਾ ਚਾਇਓ,<br>
ਵੇ ਮੇਰਾ ਬਾਬੁਲ ਆਇਆ ਨਹੀਂ।<br>
ਕਿ ਵੀਰਾ ਦੂਰ ਖੜ੍ਹਾ ਰੋਵੇਂ,<br>
ਕਿਸੇ ਨੇ ਚੁੱਪ ਕਰਾਇਆ ਨਹੀਂ।

ਆਡੀਟੋਰੀਅਮ ਵਿਚ ਸੰਨਾਟਾ ਪਸਰ ਗਿਆ। ਵਾਈਸ ਚਾਂਸਲਰ ਦੀ ਅੱਖ ਸਮੇਤ ਹਰ ਅੱਖ ਨਮ ਸੀ। ਕੋਈ ਸਾਹ ਨਹੀਂ ਸੀ ਲੈ ਰਿਹਾ। ਬਾਵਾ ਗਾ ਰਹੀ ਸੀ,

ਓ ਬਾਬਲਾ ਸਾਂਭ ਕੇ ਰੱਖਲੀਂ ਵੇ ਮੇਰੇ ਬਚਪਨ ਦੇ ਗੁੱਡੀਆਂ ਪਟੋਲੇ<br>
ਰੱਬ ਦੇ ਨਾਂ ਮੈਨੂੰ ਮੁਆਫ ਤੂੰ ਕਰਦੀਂ,<br>
ਅਸਾਂ ਮੰਦੜੇ ਬੋਲ ਨਾ ਬੋਲੇ।<br>
ਜੇਹੜਾ ਤੂੰ ਸਾਲੂ ਦਿੱਤਾ ਸੀ, ਅਸਾਂ ਨੇ ਰੱਜ ਹੰਡਾਇਆ ਨਹੀਂ,<br>
ਕੁਹਾਰੋ ਡੋਲੀ ਨਾ ਚਾਇਓ,<br>
ਵੇ ਮੇਰਾ ਬਾਬਲ ਆਇਆ ਨਹੀਂ।

ਲੋਕ ਸੰਗੀਤ ਵਿਚ ਲਿਪਟੀ ਇਹ ਦੁਪਹਿਰ ਕਦੇ ਨਹੀਂ ਭੁੱਲਣੀ। ਅੱਜ ਰੋਣਾ ਆਇਆ ਬੜਾ। ਖੈਰ!

ਮੇਰੇ ਬੇਨਤੀ ਕਰਨ ਉਤੇ ਬਾਵਾ ਜੀ ਹਰ ਥਾਂ ਪਧਾਰੇ ਸਨ। ਚਾਹੇ ਵਿਰਸਾ ਵਿਹਾਰ ਵਿਚ ਸੱਤ ਸ਼ਖ਼ਸੀਅਤਾਂ ਦਾ ਸਨਮਾਨ ਸੀ, ਚਾਹੇ ਵਿਕਰਮਜੀਤ ਦੁੱਗਲ ਐਸ.ਐਸ.ਪੀ. ਦਾ ਸਵਾਗਤ ਸੀ ਤੇ ਭਾਵੇਂ ਮੇਰੀ 'ਜੱਜ ਮੈਡਮ' ਫਿਲਮ ਦਾ ਮਹੂਰਤ। ਗੁਰੂ ਨਾਨਕ ਦੇਵ ਯੂਨੀਵਰਸਿਟੀ ਵਲੋਂ ਆਪਣੀ ਪੁਸਤਕ 'ਲੋਕ ਗਾਇਕ' ਵਿਚ ਮੈਂ ਉਨ੍ਹਾਂ ਦੀ ਜੀਵਨੀ ਬਾਰੇ ਵਿਸਥਾਰਪੂਰਵਕ ਨਿਬੰਧ ਲਿਖਿਆ। ਪੰਜਾਬੀ ਯੂਨੀਵਰਸਿਟੀ ਪਟਿਆਲਾ ਦੀ ਪੁਸਤਕ 'ਸਾਡੀਆਂ ਲੋਕ ਗਾਇਕਾਵਾਂ' ਵਿਚ ਬਾਵਾ ਜੀ ਦੀ ਪੂਰੀ ਜੀਵਨੀ ਲਿਖੀ। ਭਾਰਤ ਸਰਕਾਰ ਦੀ ਕਿਤਾਬ 'ਪੰਜਾਬ ਦਾ ਲੋਕ ਸੰਗੀਤ' ਵਿਚ ਵੀ ਬਾਵਾ ਜੀ ਬਾਰੇ ਖੂਬ ਲਿਖਿਆ ਸੀ। ਉਹ ਜਦ ਵੀ ਮਿਲਦੇ ਖੁਸ਼ ਹੋ ਕੇ ਕਹਿੰਦੇ, 'ਨਿੰਦਰ ਤੂੰ ਮੈਨੂੰ ਅੱਖਰਾਂ ਵਿਚ ਸਾਂਭ ਦਿੱਤਾ ਏ।' ਮੈਂ ਇਕ ਥਾਵੇਂ ਇਹ ਵੀ ਲਿਖਿਆ ਸੀ ਕਿ ਇਕ ਵਾਰ ਬੰਬੇ ਬਾਵਾ ਜੀ ਗਾਉਣ ਗਏ, ਵਿਸਾਖੀ ਦਾ ਮੇਲਾ। ਰਾਜੀਵ ਗਾਂਧੀ ਤੇ ਸੋਨੀਆ ਗਾਂਧੀ ਵੀ ਆਏ। ਜਦ ਬਾਵਾ ਜੀ ਨੇ 45 ਸੈਕਿੰਡ ਲੰਮੀ ਹੇਕ ਲਾਈ, ਤਾਂ ਰਾਜੀਵ ਗਾਂਧੀ ਸੀਟ ਉਤੋਂ ਖਲੋ ਕੇ ਤਾੜੀਆਂ ਮਾਰ ਰਹੇ ਸਨ। ਮੰਚ ਉਤੇ ਬਾਵਾ ਜੀ ਦਾ ਸਨਮਾਨ ਕਰਨ ਲੱਗਿਆਂ ਰਾਜੀਵ ਗਾਂਧੀ ਨੇ ਪੁੱਛਿਆ ਸੀ, 'ਆਪ ਕੇ ਗਲੇ ਮੇਂ ਕੁਦਰਤ ਨੇ ਐਸਾ ਕੌਨ ਸਾ ਪੁਰਜਾ ਫਿਟ ਕਰ ਰੱਖਾ ਹੈ? ਅਰੇ ਕਿਆ ਬਾਤ ਹੈ ਬਾਵਾ ਜੀ। ਮੈਂ ਆਪ ਕੋ ਸਲਿਊਟ ਕਰਤਾ ਹੂੰ ਬਾਵਾ ਜੀ।'

ਇਕ ਦਿਨ ਉਹ ਕੇਵਲ ਧਾਲੀਵਾਲ ਨਾਲ ਸਾਡੇ ਦਫਤਰ ਪੰਜਾਬ ਕਲਾ ਭਵਨ ਚੰਡੀਗੜ੍ਹ ਆਏ। ਸਬੱਬ ਨਾਲ ਮੈਂ ਵੀ ਆਪਣੇ ਕਮਰੇ ਵਿਚ ਬੈਠਾ ਸਾਂ। ਆਉਂਦੇ ਸਾਰ ਘੁੱਟ ਕੇ ਜੱਫੀ ਪਾਈ। ਮੈਂ ਆਪਣੀ ਕੁਰਸੀ ਉਤੇ ਬਿਠਾਉਣ ਲਈ ਜ਼ਿੱਦ ਕੀਤੀ ਪਰ ਨਾ ਮੰਨੇ। ਚਾਹ ਪੀਤੀ, ਬੜੇ ਖੁਸ਼ ਹੋਏ। ਜਾਣ ਲੱਗੇ ਪਰਸ 'ਚੋਂ ਪੰਜ ਸੌ ਦਾ ਨੋਟ ਕੱਢ ਕੇ ਮੇਰੀ ਚਿੱਟੀ ਸ਼ਰਟ ਦੀ ਜੇਬ ਵਿਚ ਪਾਉਂਦੇ ਬੋਲੇ, 'ਏਹ ਸ਼ਗਨ ਏ, ਮੇਰਾ ਪੁੱਤਰ ਅਫਸਰ ਬਣ ਗਿਆ ਏ ਹੁਣ, ਬੜੀ ਖੁਸ਼ ਆਂ ਤੈਨੂੰ ਏਥੇ ਦੇਖ ਕੇ।'

ਮੇਰੀਆਂ ਅੱਖਾਂ ਭਰ ਆਈਆਂ, ਜਿਵੇਂ ਹੁਣ ਇਹ ਸ਼ਬਦ ਟਾਈਪ ਕਰਦਿਆਂ ਭਰੀਆਂ ਹੋਈਆਂ ਨੇ। ਪੰਜਾਬ ਦੇ ਲੋਕ ਗੀਤਾਂ, ਸੁਹਾਗ, ਸਿਠਣੀਆਂ ਤੇ ਲੋਕ ਸੰਗੀਤ ਦੀ ਪਵਿੱਤਰ ਲੋਕ ਧਾਰਾ ਨੂੰ ਅਮੀਰ ਕਰਨ ਵਾਲੀ ਬੀਬੀਏ, ਅਲਵਿਦਾ, ਧੰਨਵਾਦ।

# 'ਤੀਜਾ ਪੰਜਾਬ' ਰਾਹੀਂ ਕਿਸਾਨੀ ਸੰਘਰਸ਼ ਦਾ ਹਿੱਸਾ ਬਣਿਆ 'ਅੰਬਰਦੀਪ'

ਅੰਬਰਦੀਪ ਪੰਜਾਬੀ ਸਿਨੇਮੇ ਦਾ ਸਰਗਰਮ ਨਿਰਮਾਤਾ-ਨਿਰਦੇਸ਼ਕ ਤੇ ਅਦਾਕਾਰ ਹੈ, ਜਿਸ ਨੇ ਸਮਾਜ ਨਾਲ ਜੁੜੀਆਂ ਅਹਿਮ ਕਹਾਣੀਆਂ ਨੂੰ ਆਪਣੀਆਂ ਫਿਲਮਾਂ ਦਾ ਆਧਾਰ ਬਣਾਇਆ। ਬਤੌਰ ਲੇਖਕ 'ਅੰਗਰੇਜ' ਫਿਲਮ ਦੀ ਸਫਲਤਾ ਨੇ ਉਸ ਨੂੰ ਪੰਜਾਬੀ ਦਰਸ਼ਕਾਂ ਵਿਚ ਪਛਾਣ ਦਿਵਾਈ। 'ਗੋਰਿਆਂ ਨੂੰ ਦਫਾ ਕਰੋ', 'ਅੰਗਰੇਜ', 'ਲਵ ਪੰਜਾਬ' ਫਿਲਮਾਂ ਦੇ ਕਹਾਣੀਕਾਰ ਅਤੇ 'ਲਾਹੌਰੀਏ', 'ਭੱਜੋ ਵੀਰੋ ਵੇ', 'ਲੌਂਗ ਲਾਚੀ'

**ਸੁਰਜੀਤ ਜੱਸਲ**<br>
**98146-07737**

ਫਿਲਮਾਂ ਦਾ ਲੇਖਕ-ਨਿਰਦੇਸ਼ਕ ਅੰਬਰਦੀਪ ਸਿੰਘ ਇਨ੍ਹੀਂ ਦਿਨੀਂ ਆਪਣੀ ਨਵੀਂ ਪੰਜਾਬੀ ਫ਼ਿਲਮ 'ਤੀਜਾ ਪੰਜਾਬ' ਲੈ ਕੇ ਆ ਰਿਹਾ ਹੈ, ਜਿਸ ਨੂੰ ਉਸ ਨੇ ਬੜੀ ਗੰਭੀਰਤਾ ਨਾਲ ਆਮ ਵਿਸ਼ਿਆਂ ਤੋਂ ਹਟ ਕੇ ਲਿਖਿਆ ਹੈ।

ਅਬੋਹਰ ਇਲਾਕੇ ਦੇ ਜੰਮਪਲ ਅੰਬਰਦੀਪ ਨੇ ਪਟਿਆਲਾ ਯੂਨੀਵਰਸਿਟੀ ਤੋਂ ਥੀਏਟਰ ਦੀ ਪੜ੍ਹਾਈ ਕੀਤੀ ਤੇ ਫਿਰ ਆਪਣੀ ਕਿਸਮਤ ਅਜਮਾਉਣ ਲਈ ਫ਼ਿਲਮ ਨਗਰੀ ਮੁੰਬਈ ਚਲਾ ਗਿਆ, ਜਿੱਥੇ 10 ਸਾਲ ਕਾਮੇਡੀਅਨ ਕਪਿਲ ਸ਼ਰਮਾ ਨਾਲ ਬਤੌਰ ਐਸੋਸੀਏਟ ਕੰਮ ਕਰਦਿਆਂ ਫ਼ਿਲਮ ਨਗਰੀ 'ਚ ਸੰਘਰਸ਼ ਕੀਤਾ। ਪੰਜਾਬੀ ਫ਼ਿਲਮਾਂ ਦਾ ਰਾਹ ਪੱਧਰਾ ਹੋਇਆ ਤਾਂ ਉਸ ਨੇ ਆਪਣਾ ਧਿਆਨ ਇੱਧਰ ਕਰ ਲਿਆ।

ਅੰਬਰਦੀਪ ਸਿੰਘ ਪਿਛਲੇ ਸੱਤ ਕੁ ਸਾਲਾਂ ਤੋਂ ਪੰਜਾਬੀ ਸਿਨੇ ਜਗਤ ਵਿਚ ਸਰਗਰਮ ਹੈ। ਫ਼ਿਲਮ 'ਜੱਟ ਐਂਡ ਜੂਲੀਅਟ' ਨਾਲ ਕਹਾਣੀ ਤੇ ਸਕਰੀਨ ਪਲੇਅ ਲੇਖਕ ਵਜੋਂ ਆਪਣੀ ਸ਼ੁਰੂਆਤ ਵਿਚ ਉਸ ਨੇ ਲੇਖਕ ਤੋਂ ਇਲਾਵਾ ਅਦਾਕਾਰੀ ਵੀ ਕੀਤੀ। ਭਾਵੇਂ ਦੁਨੀਆ ਘੁੰਮ ਆਇਆ ਪਰ ਉਸ ਦੀ ਸਰਹੱਦੀ ਬੋਲੀ ਉਸ ਦਾ ਫ਼ਿਲਮੀ ਅੰਦਾਜ਼ ਬਣ ਚੁੱਕੀ ਹੈ।



ਕਰਦਿਆਂ ਅੰਬਰਦੀਪ ਨੇ 'ਵਿਆਹ 70 ਕਿੱਲੋਮੀਟਰ', 'ਡੈਡੀ ਕੂਲ ਮੁੰਡੇ ਫੂਲ', 'ਹੈਪੀ ਗੋ ਹੈਪੀ', 'ਗੋਰਿਆਂ ਨੂੰ ਦਫ਼ਾ ਕਰੋ', 'ਅੰਗਰੇਜ', 'ਲਵ ਪੰਜਾਬ', 'ਡਿਸਕੋ ਸਿੰਘ' ਫ਼ਿਲਮਾਂ ਲਈ ਯੋਗਦਾਨ ਪਾਇਆ।

ਗੋਰਿਆਂ ਨੂੰ ਦਫ਼ਾ ਕਰੋ' ਤੇ 'ਅੰਗਰੇਜ' ਫ਼ਿਲਮਾਂ ਲਈ ਤਾਂ ਅੰਬਰਦੀਪ ਨੂੰ ਸਰਵੋਤਮ ਲੇਖਕ ਦਾ ਐਵਾਰਡ ਵੀ ਮਿਲਿਆ। 'ਲਵ ਪੰਜਾਬ', 'ਸਰਵਣ', 'ਹਰਜੀਤਾ' ਅਤੇ 'ਲਾਹੌਰੀਏ' ਫ਼ਿਲਮਾਂ ਬਤੌਰ ਅਦਾਕਾਰ, ਲੇਖਕ ਤੇ ਨਿਰਦੇਸ਼ਕ ਉਸ ਦੀ ਪਹਿਲੀ ਫ਼ਿਲਮ 'ਲਾਹੌਰੀਏ' ਸੀ, ਜਿਸ ਨੂੰ ਦਰਸ਼ਕਾਂ ਦਾ ਚੰਗਾ ਪਿਆਰ ਮਿਲਿਆ। ਇਸ ਤੋਂ ਬਾਅਦ 'ਲੌਂਗ ਲਾਚੀ' ਅਤੇ 'ਅਸ਼ਕੇ' ਫ਼ਿਲਮਾਂ ਨਾਲ ਅੰਬਰਦੀਪ ਚਾਰ ਕਦਮ ਅੱਗੇ ਵਧਿਆ।

ਅੰਬਰਦੀਪ ਪ੍ਰੋਡਕਸ਼ਨ ਅਤੇ ਓਮ ਜੀ ਸਟਾਰ ਸਟੂਡੀਓ ਦੀ ਪੇਸ਼ਕਸ਼ 3 ਦਸੰਬਰ ਨੂੰ ਰਿਲੀਜ਼ ਹੋ ਰਹੀ ਫ਼ਿਲਮ 'ਤੀਜਾ ਪੰਜਾਬ' ਵਿਚ ਅੰਬਰਦੀਪ ਬਤੌਰ ਨਾਇਕ, ਅਦਾਕਾਰਾ ਨਿਮਰਤ ਖਹਿਰਾ ਨਾਲ ਨਜ਼ਰ ਆਵੇਗਾ। ਫ਼ਿਲਮ ਵਿਚ ਅਦਿਤੀ ਸ਼ਰਮਾ, ਕਰਮਜੀਤ ਅਨਮੋਲ, ਹਰਦੀਪ ਗਿੱਲ, ਨਿਰਮਲ ਰਿਸ਼ੀ, ਗੁਰਪ੍ਰੀਤ ਕੌਰ ਭੰਗੂ, ਬੀ. ਐਨ. ਸ਼ਰਮਾ, ਬਲਵਿੰਦਰ ਬੁਲਟ, ਸੁਖਵਿੰਦਰ ਰਾਜ, ਗੁਰਤੇਜ ਸਿੰਘ ਅਤੇ ਇੰਦਰਜੋਤ ਬਰਾੜ ਨੇ ਵੀ ਅਹਿਮ ਕਿਰਦਾਰ ਨਿਭਾਏ ਹਨ। ਫ਼ਿਲਮ ਦਾ ਸੰਗੀਤ ਜਤਿੰਦਰ ਸ਼ਾਹ ਨੇ ਦਿੱਤਾ ਹੈ।

ਫ਼ਿਲਮ ਦੀ ਕਹਾਣੀ ਕਿਸਾਨੀ ਜੀਵਨ ਨਾਲ ਜੁੜੀ ਵੱਖਰੀ ਕਿਸਮ ਦੀ ਪਰਿਵਾਰਕ ਕਹਾਣੀ ਹੈ। ਪਰਿਵਾਰਕ ਉਲਝਣਾਂ 'ਚ ਫਸੇ ਮਨੁੱਖ ਨੂੰ ਸਿਆਸੀ ਸੋਚ ਵਾਲੇ ਲੋਕ ਆਪਣੇ ਲਈ ਕਿਵੇਂ ਵਰਤਦੇ ਹਨ, ਇਹ ਸਭ ਇਸ ਫ਼ਿਲਮ ਰਾਹੀਂ ਵਿਖਾਇਆ ਗਿਆ ਹੈ। ਅੰਬਰਦੀਪ ਨੇ ਕਿਹਾ ਕਿ ਇਹ ਮਨੋਰੰਜਨ ਭਰਪੂਰ ਫ਼ਿਲਮ ਹੈ, ਜੋ ਹਰ ਵਰਗ ਦੇ ਦਰਸ਼ਕਾਂ ਦਾ ਮਨੋਰੰਜਨ ਕਰਨ ਦੇ ਨਾਲ ਨਾਲ ਸਮਾਜਿਕ ਵਰਤਾਰੇ ਦੀ ਗੱਲ ਵੀ ਕਰੇਗੀ। ਫ਼ਿਲਮ ਦਾ ਕੁਝ ਹਿੱਸਾ ਕਿਸਾਨੀ ਹੱਕਾਂ ਦੇ ਸੰਘਰਸ਼ ਨੂੰ ਵੀ ਪੇਸ਼ ਕਰਦਾ ਹੈ। ਹਰੇਕ ਕਲਾਕਾਰ ਨੇ ਆਪੋ-ਆਪਣੇ ਮਾਧਿਅਮ ਰਾਹੀਂ ਇਸ ਸੰਘਰਸ਼ ਵਿਚ ਯੋਗਦਾਨ ਪਾਇਆ ਹੈ। ਉਨ੍ਹਾਂ ਇਸ ਮੁੱਦੇ ਬਾਰੇ ਗੱਲ ਕਰਨ ਲਈ ਸਿਨੇਮੇ ਦਾ ਸਹਾਰਾ ਲਿਆ ਹੈ। ਅੰਬਰਦੀਪ ਦੀ ਸੋਚ ਅਤੇ ਜ਼ਜਬੇ ਨੂੰ ਸਲਾਮ ਕਰਨਾ ਬਣਦਾ ਹੈ ਕਿ ਵਪਾਰਕ ਸਿਨੇਮੇ ਦੀ ਭੀੜ ਵਿਚ ਉਹ ਕਿਸਾਨੀ ਸੰਘਰਸ਼ ਦੇ ਸੱਚ ਨੂੰ ਪਰਦੇ 'ਤੇ ਉਤਾਰਨ ਜਾ ਰਿਹਾ ਹੈ। 3 ਦਸੰਬਰ ਨੂੰ ਰਿਲੀਜ਼ ਹੋਣ ਜਾ ਰਹੀ ਇਸ ਫ਼ਿਲਮ ਦਾ ਟਰੇਲਰ ਬੀਤੇ ਦਿਨੀਂ ਰਿਲੀਜ਼ ਹੋਇਆ ਹੈ।

## ਗੁਰਮੀਤ ਬਾਵਾ ਦੇ ਤੁਰ ਜਾਣ ਤੋਂ ਬਾਅਦ

ਛੁਪਿਆ ਸਿਤਾਰਾ ਚਮਕਦਾ ,<br>
ਇਹ ਚੰਦਰਾ ਸੁਨੇਹਾ ਬੇ-ਵਕਤ ਆ ਗਿਆ।<br>
ਗੁਰਮੀਤ ਬਾਵਾ ਦੇ ਤੁਰ ਜਾਣ ਤੋਂ ਬਾਅਦ ,<br>
ਹਰ ਇਕ ਦੀ ਅੱਖ ਵਿਚ ਹੰਝੂ ਆ ਗਿਆ।

ਪੰਜਾਬੀ ਸਾਹਿਤ ਜਗਤ ਨੂੰ,<br>
ਇਕ ਘਾਟਾ ਹੋਰ ਖਾ ਗਿਆ।<br>
ਗੁਰਮੀਤ ਬਾਵਾ ਦੇ ਤੁਰ ਜਾਣ ਤੋਂ ਬਾਅਦ ,<br>
ਹਰ ਇਕ ਦੀ ਅੱਖ ਵਿਚ ਹੰਝੂ ਆ ਗਿਆ।

ਚੁਪ-ਚਾਪ ਪੰਛੀ ਵੀ ਘਰਾਂ ਨੂੰ ਪਰਤਣ ,<br>
ਜਦੋਂ ਚਾਰੇ-ਪਾਸੇ<br>
ਉਦਾਸੀ ਦਾ ਬੱਦਲ ਛਾ ਗਿਆ।<br>
ਗੁਰਮੀਤ ਬਾਵਾ ਦੇ ਤੁਰ ਜਾਣ ਤੋਂ ਬਾਅਦ ,<br>
ਹਰ ਇਕ ਦੀ ਅੱਖ ਵਿਚ ਹੰਝੂ ਆ ਗਿਆ।

ਮਾਣਦਾ ਰਿਹਾ ਆਨੰਦ ਜੋ ਉੱਚੀ ਹੇਕ ਦਾ ,<br>
ਤੁਰ ਜਾਣ ਦਾ ਸਦਮਾ ਦਿਲ ਨੂੰ ਖਾ ਗਿਆ,<br>
ਗੁਰਮੀਤ ਬਾਵਾ ਦੇ ਤੁਰ ਜਾਣ ਤੋਂ ਬਾਅਦ ,<br>
ਹਰ ਇਕ ਦੀ ਅੱਖ ਵਿਚ ਹੰਝੂ ਆ ਗਿਆ।

ਕਿੱਥੋਂ ਲੱਭਾਂਗੇ ਤੇਰੇ ਮਿੱਠੜੇ ਬੋਲ,<br>
ਅਮਰ ਰਹਿਣਗੇ ਗੀਤ ਮਾਹੀਏ ਢੋਲ,<br>
ਗਗਨ ਦੀ ਕਲਮ ਨੂੰ<br>
ਵਿਛੋੜਾ ਤੇਰਾ ਰਵਾ ਗਿਆ।<br>
ਗੁਰਮੀਤ ਬਾਵਾ ਦੇ ਤੁਰ ਜਾਣ ਤੋਂ ਬਾਅਦ ,<br>
ਹਰ ਇਕ ਦੀ ਅੱਖ ਵਿਚ ਹੰਝੂ ਆ ਗਿਆ।

*-ਗਗਨਦੀਪ ਧਾਲੀਵਾਲ*

# ਨਿਯੁਕਤੀ ਪੱਤਰ

ਸ਼ਹਿਰ ਦੀ ਮਸ਼ਹੂਰ ਕੰਪਨੀ ਵਿਚ ਇਕ ਡਿਪਟੀ ਮੈਨੇਜਰ ਦੀ ਪੋਸਟ ਖਾਲੀ ਸੀ, ਉਸ ਲਈ ਇੰਟਰਵਿਊ ਕੀਤੀ ਜਾਣੀ ਸੀ। ਕੇਵਲ ਤਿੰਨ ਹੀ ਉਮੀਦਵਾਰ ਸਮੇਂ ਸਿਰ ਪੁੱਜੇ। ਕੰਪਨੀ ਦੇ ਮਾਲਕ

**ਡਾ.ਅਜੀਤ ਸਿੰਘ**<br>
**ਕੋਟ ਕਪੂਰਾ**

ਨੇ ਪਹਿਲੇ ਉਮੀਦਵਾਰ ਨੂੰ ਬੁਲਾਇਆ ਤੇ ਸਵਾਲ ਪੁੱਛਿਆ ਕਿ ਦੋ ਅਤੇ ਦੋ ਕਿੰਨੇ ਹੁੰਦੇ ਹਨ।

ਉਮੀਦਵਾਰ ਜਿਹੜਾ ਵਿਗਿਆਨ ਦੀ ਉਚੇਰੀ ਡਿਗਰੀ ਰੱਖਦਾ ਸੀ, ਨੇ ਸੋਚਿਆ ਅਤੇ ਪੂਰਾ ਵਿਗਿਆਨ ਦਾ ਢੰਗ ਸਮਝਾਇਆ ਅਤੇ ਦੱਸਿਆ ਕਿ ਸ੍ਰੀਮਾਨ ਜੀ, 'ਦੋ ਅਤੇ ਦੋ ਚਾਰ ਹੁੰਦੇ ਹਨ।'

ਮਾਲਕ ਨੇ ਦੂਜੇ ਉਮੀਦਵਾਰ ਨੂੰ ਬੁਲਾਇਆ ਅਤੇ ਪੁੱਛਿਆ ਕਿ ਦੋ ਅਤੇ ਦੋ ਕਿੰਨੇ ਹੁੰਦੇ ਹਨ। ਦੂਸਰਾ ਉਮੀਦਵਾਰ ਜਿਹੜਾ ਐਮਬੀਏ ਸੀ, ਨੇ ਸਮਝਾਇਆ ਕਿ ਪ੍ਰਬੰਧਨ ਵਿਚ ਦੋ ਅਤੇ ਦੋ ਚਾਰ ਬਣਦੇ ਹਨ। ਮਾਲਕ ਨੇ ਤੀਸਰੇ ਉਮੀਦਵਾਰ ਨੂੰ ਬੁਲਾਇਆ ਅਤੇ ਉਸ ਨੂੰ ਵੀ ਉਹੀ ਸਵਾਲ ਪੁੱਛਿਆ।

ਤੀਸਰਾ ਉਮੀਦਵਾਰ ਜੋ ਇਕ ਲੇਖਾਕਾਰ (ਅਕਾਊਂਟੈਂਟ) ਸੀ, ਆਪਣੀ ਕੁਰਸੀ ਤੋਂ ਉਠਿਆ ਅਤੇ ਦਰਵਾਜ਼ੇ ਨੂੰ ਅੰਦਰੋਂ ਚਿਟਕਣੀ ਲਾ ਕੇ ਬੰਦ ਕੀਤਾ ਅਤੇ ਵਾਪਸ ਕੁਰਸੀ 'ਤੇ ਬੈਠ ਕੇ ਜਵਾਬ ਦਿੱਤਾ ਕਿ ਸ੍ਰੀਮਾਨ ਜੀ ਦੋ ਅਤੇ ਦੋ ਉਨੇ ਹੁੰਦੇ ਹਨ, ਜਿੰਨੇ ਤੁਸੀਂ ਚਾਹੋਗੇ। ਹੁਣ ਤੁਸੀਂ ਦੱਸੋ ਕਿ ਦੋ ਅਤੇ ਦੋ ਕਿੰਨੇ ਬਣਾਉਣੇ ਹਨ। ਮਾਲਕ ਖੁਸ਼ ਹੋਇਆ ਅਤੇ ਉਸ ਨੂੰ ਨਿਯੁਕਤੀ ਪੱਤਰ ਦੇ ਦਿੱਤਾ।

# ਬਲੀ

ਮਨੋਹਰ ਪਿਛਲੇ ਦੋ ਕੁ ਸਾਲਾਂ ਤੋਂ ਅੰਬਿਕਾ ਕੋਲ ਆਉਂਦਾ ਸੀ। ਜਦੋਂ ਤੋਂ ਅੰਬਿਕਾ ਦੇ ਪਲੰਘ 'ਤੇ ਆਉਣ ਲੱਗਾ ਸੀ ਉਸ ਦਿਨ ਤੋਂ ਬਾਅਦ ਮੁੜ ਕਿਸੇ ਨੇ ਮਨੋਹਰ ਨੂੰ ਨਾ ਤਾਂ ਕਿਸੇ ਹੋਰ ਕੁੜੀ ਨਾਲ ਗੱਲ ਕਰਦੇ ਦੇਖਿਆ ਸੀ ਤੇ ਨਾ ਹੀ ਕਿਸੇ ਹੋਰ ਕੁੜੀ ਦੇ ਕਮਰੇ ਵਿਚ ਉਸ ਦੇ ਪਲੰਘ 'ਤੇ ਦੇਖਿਆ ਸੀ। ਅੱਜ ਜਾਣ ਲੱਗੇ ਨੇ ਮਨੋਹਰ ਨੇ ਇੱਕ ਅਲੱਗ ਹੀ ਤਰ੍ਹਾਂ ਦੀ ਜ਼ਿੱਦ ਕੀਤੀ ਸੀ ਅੰਬਿਕਾ ਕੋਲ 'ਅੰਬਿਕਾ ਤੂੰ ਕੱਲ੍ਹ ਮੇਰੇ ਦੱਸੇ ਪਤੇ 'ਤੇ ਆਵੀਂ ਤੈਨੂੰ ਮੇਰੀ ਸਹੁੰ ਲੱਗੇ।' ਪਤਾ ਨੀ ਕਿਉਂ ਪਰ ਨਾ ਚਾਹੁੰਦੇ ਹੋਏ ਵੀ ਅੰਬਿਕਾ ਖਾਲਾ ਨੂੰ ਬਿਨਾਂ ਦੱਸੇ ਹੀ ਅੱਖ ਬਚਾ ਕੇ ਨਾਲ ਦੀ ਕਿਸੇ ਕੁੜੀ ਨੂੰ ਦੱਸ ਕੇ ਬਾਹਰ ਚਲੀ ਗਈ।

ਜਦ ਅੰਬਿਕਾ ਮਨੋਹਰ ਦੇ ਦੱਸੇ ਹੋਏ ਪਤੇ 'ਤੇ ਗਈ ਤਾਂ ਉਸ ਨੇ ਦਰਵਾਜ਼ਾ ਖੜਕਾਇਆ ਅੰਦਰੋਂ ਮਨੋਹਰ ਨੇ ਖੋਲ੍ਹਿਆ ਤਾਂ ਸਾਹਮਣੇ ਦੇਖ ਕੇ ਅੰਬਿਕਾ ਦੇ ਹੋਸ਼ ਉਡ ਗਏ। ਮੇਜ਼ ਦੇ ਆਲੇ-ਦੁਆਲੇ ਕਰੀਬ 10 ਜਣੇ ਬੈਠੇ ਦਾਰੂ ਪੀ ਰਹੇ ਸਨ। ਇਸ ਤੋਂ ਪਹਿਲਾਂ ਕਿ ਅੰਬਿਕਾ ਕੁਝ ਸਮਝ ਪਾਉਂਦੀ ਮਨੋਹਰ ਨੇ ਦਰਵਾਜ਼ੇ ਦੀ ਕੁੰਡੀ ਲਗਾ ਦਿੱਤੀ।

ਫਿਰ ਸਾਰੇ ਮੁੰਡੇ ਅਜੀਬੋ-ਗਰੀਬ ਤਰ੍ਹਾਂ ਦਾ ਹਾਸਾ ਹੱਸਣ ਲੱਗ ਪਏ ਤਾਂ ਅੰਬਿਕਾ ਦੇ ਸਿਰ ਨੂੰ ਚੱਕਰ ਆਉਣ ਲੱਗ ਪਏ। ਉਨ੍ਹਾਂ ਵਿਚੋਂ ਇਕ ਮੁੰਡੇ ਨੇ ਸ਼ਰਾਬ ਦੇ ਦੋ-ਤਿੰਨ ਗਲਾਸ ਅੰਬਿਕਾ ਦੇ ਉਪਰ ਡੋਲੇ ਤੇ ਫਿਰ ਸਾਰੇ ਤਾੜੀਆਂ ਮਾਰ-ਮਾਰ ਨੱਚਣ ਲੱਗ ਪਏ। ਉਸ ਵਕਤ ਅੰਬਿਕਾ ਦੇ ਪੈਰਾਂ ਹੇਠੋਂ ਜ਼ਮੀਨ ਨਿਕਲ ਗਈ ਜਦ ਮਨੋਹਰ ਦੇ ਕਹਿਣ 'ਤੇ ਇੱਕ ਮੁੰਡੇ ਨੇ ਅੰਬਿਕਾ ਦੀ ਸਾੜੀ ਦਾ ਲੜ ਖਿੱਚਣਾ ਸ਼ੁਰੂ ਕਰ ਦਿੱਤਾ। ਸਾਰੇ ਅੰਬਿਕਾ ਦੇ ਇਰਦ-ਗਿਰਦ ਨੱਚਣ ਲੱਗ ਪਏ। ਇਸੇ ਦੌਰਾਨ ਇੱਕ ਜ਼ੋਰਦਾਰ ਧੱਕਾ ਦਰਵਾਜ਼ੇ ਨੂੰ ਵੱਜਾ ਤੇ ਖਾਲਾ ਦੋ-ਚਾਰ ਹੱਟੇ-ਕੱਟੇ ਬੰਦਿਆਂ ਨੂੰ ਲੈ ਕੇ ਅੰਦਰ ਆ ਗਈ, ਜਿਸ ਨੂੰ ਦੇਖ ਕੇ ਅੰਬਿਕਾ ਦੀਆਂ ਅੱਖਾਂ ਵਿੱਚ ਚਮਕ ਆ ਗਈ ਤੇ ਉਸ ਨੇ ਅੱਧ-ਖੁੱਲ੍ਹੀ ਸਾੜੀ ਫਿਰ ਤੋਂ ਬੰਨ੍ਹ ਲਈ ਤੇ ਉਹ ਭੱਜੀ-ਭੱਜੀ ਰੋਂਦੀ ਖਾਲਾ ਦੇ ਗਲ ਲੱਗ ਗਈ।

'ਮਾਸੀ ਸ਼ੁਕਰ ਆ ਤੁਸੀਂ ਆ ਗਏ, ਨਹੀਂ ਤਾਂ ਇਨ੍ਹਾਂ 10-10 ਬੁੱਚੜਾਂ ਨੇ ਮੇਰਾ ਮਾਸ ਨੋਚ ਲੈਣਾ ਸੀ।' ਉਨ੍ਹਾਂ ਵਿਚੋਂ ਇੱਕ ਮੁੰਡਾ ਬੋਲ ਪਿਆ, 'ਖਾਲਾ ਪੈਸੇ ਲੈ ਲਈ ਜਿੰਨੇ ਮਰਜ਼ੀ, ਇਹਨੂੰ ਸਾਡੇ ਕੋਲ ਛੱਡ ਦੇ ਹਜੇ।' 'ਖਬਰਦਾਰ ਮੂੰਹ ਬੰਦ ਕਰ ਇਹ ਮੇਰੀਆਂ ਧੀਆਂ ਆ ਬੇਸ਼ੱਕ ਮੈਂ ਧੰਦਾ ਕਰਾਉਂਦੀ ਆਂ ਪਰ ਮੈਂ ਇਨ੍ਹਾਂ ਦੀ ਬਲੀ ਨੀਂ ਦੇ ਸਕਦੀ ਤੇ ਉਹ ਵੀ ਤੁਹਾਡੇ ਵਰਗੇ ਸ਼ੈਤਾਨਾਂ ਨੂੰ ਤਾਂ ਕਦੇ ਵੀ ਨਹੀਂ।'

*-ਰੋਹਿਤ*

# ਧਨੁ ਲੇਖਾਰੀ ਨਾਨਕਾ: ਕੁਝ ਸਵਾਲ, ਕੁਝ ਖਿਆਲ



ਨਾਟਕ 'ਧਨੁ ਲੇਖਾਰੀ ਨਾਨਕਾ' ਦੇ ਦੋ ਵੱਖ-ਵੱਖ ਦ੍ਰਿਸ਼।

ਜਲੰਧਰ ਰਹਿੰਦਿਆਂ ਮੈਨੂੰ 'ਮੇਲਾ ਗਦਰੀ ਬਾਬਿਆਂ ਦਾ' ਦੇਖਣ ਦਾ ਚਾਅ ਅਤੇ ਉਤਸ਼ਾਹ ਇੰਦਾਂ ਹੁੰਦਾ ਸੀ, ਜਿਵੇਂ ਇਹ ਕਿਤੇ ਮੇਰੇ ਆਪਣੇ ਘਰ ਦਾ ਹੀ ਕੋਈ ਪ੍ਰੋਗਰਾਮ ਹੋਵੇ। ਸ਼ਾਇਦ ਅਜਿਹਾ ਇਸ ਲਈ ਵੀ ਹੁੰਦਾ ਸੀ ਕਿ ਦੇਸ਼ ਭਗਤ ਯਾਦਗਰ ਹਾਲ ਨਾਲ ਉਸ ਵੇਲੇ ਜੁੜੇ ਸਾਰੇ ਲੋਕਾਂ (ਬਾਬਾ ਭਗਤ ਸਿੰਘ ਬਿਲਗਾ, ਕਾਮਰੇਡ ਅਮੋਲਕ ਸਿੰਘ, ਕਾਮਰੇਡ ਗੁਰਮੀਤ ਸਿੰਘ, ਕਾਮਰੇਡ ਗੁਰਮੀਤ ਢੱਡਾ, ਕਾਮਰੇਡ ਚੈਨ ਸਿੰਘ, ਸ਼ੀਲਾ ਚੈਨ ਸਿੰਘ, ਕਾਮਰੇਡ ਗੰਧਰਵ ਸੈਨ ਕੋਛੜ, ਸੁਰਿੰਦਰ ਕੁਮਾਰੀ ਕੋਛੜ, ਕਾਮਰੇਡ ਚੱਠਾ, ਕਾਮਰੇਡ ਛੀਨਾ, ਕਾਮਰੇਡ ਰਾਜੇਸ਼ਵਰ ਸਿੰਘ ਅਤੇ ਬਹੁਤ ਸਾਰੇ ਲੇਖਕ ਤੇ ਪੱਤਰਕਾਰ) ਵਾਂਗ ਉਹ ਹਾਲ ਮੇਰੇ ਲਈ ਮੇਰੇ ਘਰ ਵਾਂਗ ਹੀ ਸੀ। 2003 ਦਾ ਮੇਲਾ ਭਾਵੇਂ ਮੇਰੇ ਲਈ ਹੁਣ ਤੱਕ ਦਾ ਆਖਰੀ ਮੇਲਾ ਹੈ ਪਰ ਕੈਨੇਡਾ ਆ ਕੇ ਹਰ ਸਾਲ



**ਨਵਜੋਤ ਢਿੱਲੋਂ**

ਅਕਤੂਬਰ ਦੇ ਆਖਰੀ ਹਫਤੇ ਦਿਲ ਨੂੰ ਧੂਹ ਜਿਹੀ ਪੈਂਦੀ ਹੈ ਕਿ ਮੈਂ ਉੱਡ ਕੇ ਕਿਸੇ ਤਰ੍ਹਾਂ ਮੇਲੇ 'ਚ ਪੁੱਜ ਜਾਵਾਂ। ਉਹ ਝੰਡੇ ਦਾ ਗੀਤ, ਇਨਕਲਾਬੀ ਨਾਅਰੇ, ਮਸ਼ਾਲ ਮਾਰਚ, ਸਾਹਿਤਕ ਪ੍ਰੋਗਰਾਮ ਅਜੇ ਵੀ ਮੇਰੇ ਚੇਤਿਆਂ 'ਚ ਹਨ। ਪਹਿਲੀ ਨਵੰਬਰ ਨਾਟਕਾਂ ਵਾਲੀ ਰਾਤ ਮੇਲੇ ਦੀ ਆਖਰੀ ਰਾਤ ਹੁੰਦੀ ਸੀ ਅਤੇ ਜਿਉਂ ਹੀ ਪਹਿਲੀ ਨਵੰਬਰ ਦੇ ਤੜਕੇ ਦੀ ਲੋਅ ਜਿਹੀ ਹੋਣ ਲੱਗਣੀ, ਮੇਰੇ ਦਿਲ 'ਚ ਹੌਲ ਜਿਹਾ ਪੈਣ ਲੱਗ ਪੈਂਦਾ ਸੀ ਕਿ ਇਹ ਰਾਤ ਹੁਣ ਮੁੱਕਣ ਵਾਲੀ ਹੈ। ਹੁਣ ਵੀ ਉਹ ਨਾਟਕਾਂ ਭਰੀ ਰਾਤ ਹਰ ਸਾਲ ਆਉਂਦੀ ਹੈ, ਇਹ ਗੱਲ ਵੱਖਰੀ ਹੈ ਕਿ ਹੁਣ ਮੈਨੂੰ ਅਫਸੋਸ ਉਸ ਰਾਤ ਦੇ ਮੁੱਕਣ ਦਾ ਨਹੀਂ ਸਗੋਂ ਮੇਰੇ ਉਥੇ ਮੌਜੂਦ ਨਾ ਹੋਣ ਦਾ ਹੁੰਦਾ ਹੈ ਪਰ ਖੁਸ਼ੀ ਇਸ ਗੱਲ ਦੀ ਹੈ ਕਿ ਇਸ ਸਾਲ ਉਸ ਨਾਟਕਾਂ ਵਾਲੀ ਰਾਤ ਦਾ ਹਿੱਸਾ ਬਣਨ ਵਾਲੇ ਕਈ ਨਾਟਕਾਂ ਦੀ ਰਿਕਾਰਡਿੰਗ ਹੁਣ ਯੂਟਿਊਬ 'ਤੇ ਦੇਖਣ ਨੂੰ ਮਿਲ ਰਹੀ ਹੈ।

ਡਾਕਟਰ ਸਾਹਿਬ ਸਿੰਘ ਦੇ ਨਾਟਕ 'ਧਨੁ ਲੇਖਾਰੀ ਨਾਨਕਾ' ਦੇ ਕਈ ਰੀਵਿਊ ਮੈਂ ਬਿਨਾ ਪੜ੍ਹੇ ਹੀ ਆਪਣੀਆਂ ਅੱਖਾਂ ਅੱਗਿਓਂ ਤੇਜ਼ੀ ਨਾਲ ਲੰਘਾ ਦਿੱਤੇ, ਉਹ ਇਸ ਲਈ ਕਿ ਮੈਂ ਕਿਸੇ ਹੋਰ ਦੇ ਨਜ਼ਰੀਏ ਤੋਂ ਦੇਖਣ ਤੋਂ ਪਹਿਲਾਂ ਨਾਟਕ ਖੁਦ ਦੇਖਣਾ ਚਾਹੁੰਦੀ ਸੀ। ਹੁਣ ਇਸ ਦੀ ਰਿਕਾਰਡਿੰਗ ਦੋ ਵਾਰ ਦੇਖ ਚੁੱਕੀ ਹਾਂ, ਜਾਂ ਕਹਿ ਲਓ ਕਿ ਮੈਂ ਰੀ-ਵਿਊ (?) ਜ਼ਰੂਰ ਕਰ ਚੁੱਕੀ ਹਾਂ ਪਰ ਮੈਂ ਰੀਵਿਊ (?) ਕਰਨ ਦੇ ਸ਼ਾਇਦ ਸਮਰੱਥ ਨਹੀਂ ਹਾਂ। ਮੈਨੂੰ ਨਾਟ-ਕਲਾ ਦੀਆਂ ਬਾਰੀਕੀਆਂ ਦੀ ਸਮਝ ਨਹੀਂ ਪਰ ਦਰਸ਼ਕ ਦੇ ਤੌਰ 'ਤੇ ਜੋ ਵਲਵਲੇ ਮੇਰੇ ਮਨ ਅੰਦਰ ਪੈਦਾ ਹੋਏ, ਉਹ ਸਾਂਝੇ ਕਰਨ ਨੂੰ ਦਿਲ ਕਰ ਆਇਆ।

ਮੈਂ ਬਾਕੀ ਨਾਟਕਾਂ 'ਚੋਂ ਸਭ ਤੋਂ ਪਹਿਲਾਂ ਦੇਖਣ ਲਈ ਇਹੀ ਨਾਟਕ ਚੁਣਿਆ, ਇਸ ਦੇ ਕਈ ਕਾਰਨ ਹਨ। ਪਹਿਲਾ, ਸਾਹਿਬ ਸਿੰਘ ਦੀਆਂ ਲਿਖਤਾਂ ਮੈਂ ਤਕਰੀਬਨ ਡੇਢ ਕੁ ਸਾਲ ਤੋਂ ਪੜ੍ਹ ਰਹੀ ਸਾਂ, ਮੈਨੂੰ ਉਨ੍ਹਾਂ ਦੀ ਡੂੰਘੀ ਸਮਝ, ਸੂਝਬੂਝ, ਖਾਸਕਰ ਉਨ੍ਹਾਂ ਦਾ ਗੱਲ ਨੂੰ ਲਿਖਣ/ਕਹਿਣ ਦਾ ਅੰਦਾਜ਼ ਚੰਗਾ ਲਗਦਾ ਹੈ। ਦੂਜਾ, ਮੈਂ ਉਨ੍ਹਾਂ ਦਾ ਕੋਈ ਵੀ ਨਾਟਕ ਨਹੀਂ ਦੇਖਿਆ ਸੀ, ਇਸ ਕਰ ਕੇ ਉਤਸੁਕਤਾ ਸੀ। ਤੀਜਾ, ਲੇਖਕਾਂ ਦੀਆਂ ਲਿਖਤਾਂ ਤੇ ਉਨ੍ਹਾਂ ਦੇ 'ਕਿਰਦਾਰ' ਅਤੇ 'ਕਾਰੋਬਾਰ' ਹਮੇਸ਼ਾ ਮੇਰੇ ਮਨ 'ਚ ਕਈ ਖਿਆਲ ਤੇ ਸਵਾਲ ਪੈਦਾ ਕਰਦੇ ਰਹਿੰਦੇ ਹਨ। ਮੈਂ ਸੋਚਿਆ, ਸ਼ਾਇਦ ਆਪਣੇ ਕੁਝ ਸਵਾਲਾਂ ਦੇ ਜਵਾਬ ਮੈਂ ਵੀ ਲੱਭ ਸਕਾਂ।

ਖੈਰ! ਆਪਣੇ ਸਵਾਲ ਜੇ ਮੈਂ ਹਾਲ ਦੀ ਘੜੀ ਪਾਸੇ ਕਰ ਦਿਆਂ ਤਾਂ ਠੀਕ ਰਹੇਗਾ, ਕਿਉਂਕਿ ਨਾਟਕ ਦੇਖਣ ਮਗਰੋਂ ਮਹਿਸੂਸ ਕੀਤਾ ਕਿ ਨਾਟਕਕਾਰ ਨੇ ਤਾਂ ਸਵਾਲਾਂ ਦਾ ਅਜਿਹਾ ਮੀਂਹ ਵਰ੍ਹਾਇਆ ਕਿ ਦੇਖਣ ਵਾਲੇ ਦੀਆਂ ਸੋਚਾਂ ਸਿੰਜੀਆਂ ਜਾਂਦੀਆਂ ਹਨ ਅਤੇ ਜਵਾਬਾਂ ਵਾਲਾ ਬੂਰ ਪੈਂਦਾ ਦੇਖਣ ਲਈ ਉਹ ਬਹੁਤ ਆਸਵੰਦ ਪ੍ਰਤੀਤ ਹੁੰਦਾ ਹੈ। ਇਨ੍ਹਾਂ ਸਵਾਲਾਂ 'ਚ ਹਰ ਤਰ੍ਹਾਂ ਦੇ ਸਵਾਲ ਸ਼ਾਮਲ ਹਨ। ਉਹ ਸਵਾਲ ਜਿਹੜੇ ਸਾਨੂੰ ਆਪਣੇ ਆਪ ਕੋਲੋਂ ਪੁੱਛਣੇ ਚਾਹੀਦੇ ਹਨ; ਉਹ ਸਵਾਲ ਜਿਹੜੇ ਹਰ ਸਾਧਾਰਨ ਇਨਸਾਨ ਦੇ ਦਿਮਾਗ 'ਚੋਂ ਉੱਠਦੇ ਹਨ ਪਰ ਉਹ ਉਨ੍ਹਾਂ ਸਵਾਲਾਂ ਨੂੰ ਨੂੰ ਪੁੱਛਣ ਦਾ ਹੌਸਲਾ ਹੀ ਨਹੀਂ ਕਰਦਾ; ਉਹ ਸਵਾਲ ਜਿਹੜੇ ਉਨ੍ਹਾਂ ਲੋਕਾਂ ਕੋਲੋਂ ਪੁੱਛੇ ਜਾਣੇ ਚਾਹੀਦੇ ਹਨ ਜਿਨ੍ਹਾਂ ਦੀ ਹਉਮੈ ਅਤੇ ਦੌਲਤ ਉਨ੍ਹਾਂ ਨੂੰ ਇਸ ਭਰਮ ਵਿਚ ਰੱਖਦੀ ਹੈ ਕਿ ਉਹ ਕਿਸੇ ਮੂਹਰੇ ਜਵਾਬਦੇਹ ਨਹੀਂ ਹਨ; ਉਹ ਸਵਾਲ ਜਿਨ੍ਹਾਂ ਨੂੰ ਨਾ ਪੁੱਛਣਾ ਮਿਹਨਤਕਸ਼ ਅਤੇ ਇਮਾਨਦਾਰ ਲੋਕਾਂ ਦੀ ਮਜਬੂਰੀ ਬਣ ਜਾਂਦੀ ਹੈ; ਉਹ ਸਵਾਲ ਜਿਨ੍ਹਾਂ ਦੇ ਜਵਾਬ ਜ਼ਰੂਰ ਲੱਭੇ ਜਾਣੇ ਚਾਹੀਦੇ ਹਨ; ਉਹ ਸਵਾਲ ਜਿਹੜੇ ਜਬਰ ਦੇ ਸ਼ਿਕਾਰ ਅਤੇ ਨਿਆਂ ਲਈ ਭਟਕਦੇ ਧੱਕੇ ਖਾਂਦੇ ਫਿਰਦੇ ਲੋਕਾਂ ਦੇ ਮਨਾਂ 'ਚ ਹੁੰਦੇ ਹਨ; ਉਹ ਸਵਾਲ ਜਿਹੜੇ ਧਰਮ ਦੇ ਓਹਲੇ ਵਿਚ ਹੈਵਾਨੀਅਤ 'ਚ ਅੰਨ੍ਹੇ ਲੋਕਾਂ ਨੂੰ ਕੀਤੇ ਜਾਣੇ ਚਾਹੀਦੇ ਹਨ; ਇਸ ਨਾਟਕ ਵਿਚ ਲਗਾਤਾਰ ਗੂੰਜਦੇ ਹਨ। ਇਹ ਸਵਾਲ ਹੀ ਇਸ ਨਾਟਕ ਦਾ ਧੁਰਾ ਹਨ। ਕਈ ਦਰਜਨ ਸਵਾਲਾਂ ਵਿਚੋਂ ਕੁਝ ਕੁ ਦਾ ਜ਼ਿਕਰ ਕਰਨਾ ਚਾਹੁੰਦੀ ਹਾਂ:

"ਤੁਸੀਂ ਰਾਤ ਨੂੰ ਸੌਂਦੇ ਹੋ ਜਾਂ ਨਹੀਂ? ਕੀ ਗੱਲ ਜਵਾਬ ਨਹੀਂ ਆਇਆ?"

"ਸੁਪਨੇ ਵੇਖਦੇ ਹੋ ਰਾਤ ਨੂੰ? ਤੁਸੀਂ ਕਦੀ ਸੁਪਨਾ ਤਾਂ ਵੇਖਿਆ ਹੋਵੇਗਾ?"

"ਸੁਪਨਾ ਕੀ ਹੁੰਦਾ?"

"ਹੁਣ ਦੱਸੋ... ਨੀਂਦ ਆ ਜਾਊ ਕਿ ਨਹੀਂ?"

"ਤੇਰੀ ਬੇਟੀ ਕੀ ਬਾਜੂ ਟੂਟੀ ਤੋ ਕਹਾਨੀ ਲਿਖੋਗੇ... ਮੇਰੀ ਬੇਟੀ ਕੀ ਕਹਾਨੀ ਲਿਖੋਗੇ?"

"ਲੋਗੋਂ ਕੀ ਬੇਟਿਓਂ ਕੇ ਵਕਤ ਪਿਆਰ ਕਵਿਤਾਏਂ ਲਿਖੋਗੇ?"

"ਕਿਤਾਬੇਂ ਲਿਖਨੇ ਵਾਲੇ ਲੋਗ ਜੋ ਬਾਤੇਂ ਕਰਤੇ ਹੈਂ, ਫੈਸਲੇ ਕਰਨੇ ਵਾਲੇ ਲੋਗ ਉਨਕੀ ਮਾਨਤੇ ਕਯੂੰ ਨਹੀਂ ਹੈਂ?"

"ਫੈਕਟਰੀਏਂ ਚਲਾਏਂ ਹਮ, ਮਸ਼ੀਨੇਂ ਚਲਾਏਂ ਹਮ, ਕੱਪੜਾ ਬਨਾਏਂ ਹਮ ਔਰ ਭੂਖੇ ਭੀ ਮਰੇਂ ਹਮ? ਯੇ ਕੈਸਾ ਹਿੰਦੁਸਤਾਨ ਹੈ... ਕਿਤਾਬ ਜੀ?"

"ਮਿਹਨਤਕਸ਼ ਲੋਗ ਬੜੇ ਹੋਤੇ ਹੈਂ... ਹਮ ਕੌਨ ਹੈਂ?"

"ਮੈਂ ਕਿਸੇ ਕਯੂੰ ਮਾਫ ਕਰ ਦੂੰ? ਮੈਂ ਕਿਸ ਕੋ ਸਜ਼ਾ ਦੂੰ? ਕਿਸ ਸੇ ਸਜ਼ਾ ਦਿਲਵਾਊਂ? ਕਿਸ ਸੇ ਕਹੂੰ ਕਿ ਉਨ ਦਰਿੰਦੋਂ ਕੋ ਸਜ਼ਾ ਮਿਲਨੀ ਚਾਹਿਏ?"

"ਤੁਮ ਕਿਤਾਬੇਂ ਲਿਖਨੇ ਵਾਲੇ ਕਯਾ ਇਤਨੇ ਬਹਾਦੁਰ ਹੋ ਕਿ ਮੇਰੀ ਬੇਟੀ ਕੀ ਕਹਾਨੀ ਜਾਨ ਕੀ ਪਰਵਾਹ ਕੀਏ ਬਗ਼ੈਰ ਲਿਖ ਸਕੋ?"

"ਕਯਾ ਤੁਮ ਹੋ ਸੱਚ ਕੇ ਪਹਰੇਦਾਰ?"

"ਕੀ ਭੁਰਤੀਆਂ ਹੇਠਲਾ ਮੱਥਾ ਰੌਸ਼ਨ ਨਹੀਂ ਹੋ ਸਕਦਾ? ਕਰੜ-ਬਰੜੀ ਦਾੜ੍ਹੀ ਵਾਲਾ ਬੰਦਾ ਤੇਰਾ ਸਿੱਖ ਨਹੀਂ ਹੋ ਸਕਦਾ?... ਕੀ ਕਰੀਏ ਬਾਬਾ?... ਕੀ... ਕਿੱਥੇ ਜਾਈਏ ਬਾਬਾ?"

"ਬਾਬਾ ਜਦ ਕੋਈ ਗੋਸ਼ਟੀ ਤੋਂ ਮੁੱਕਰ ਜਾਵੇ ਤੇ ਫੈਸਲਿਆਂ 'ਤੇ ਆ ਜਾਵੇ... ਉਦੋਂ ਤੂੰ ਨਿਰਾਸ਼ ਤਾਂ ਹੁੰਦੈਂ ਬਾਬਾ?"

"ਅਸੀਂ ਤਾਂ ਦਿੱਲੀ ਦਾ ਲਾਈਟਰ ਨਹੀਂ ਸੀ ਵਿਗਾੜਿਆ... ਫਿਰ ਉਨ੍ਹਾਂ ਮਾਚਿਸ ਕਿਉਂ ਬਾਲੀ?"

"ਅਸੀਂ ਤਾਂ ਸਾਈਕਲਾਂ ਸਕੂਟਰਾਂ ਦੇ ਟਾਇਰਾਂ ਨੂੰ ਪੈਂਚਰ ਲਾਉਣ ਵਾਲਿਆਂ ਦੁਕਾਨਾਂ ਖੋਲ੍ਹੀਆਂ ਸੀ, ਫਿਰ ਉਨ੍ਹਾਂ ਨੇ ਗਲਾਂ 'ਚ ਟਾਇਰ ਪਾਉਣ ਦੀ ਟਰੇਨਿੰਗ ਕਿੱਥੋਂ ਲੈ ਲਈ?"

"ਮਾਚਿਸ ਕਿੱਥੇ ਆ? ਕਿੱਥੇ ਆ ਮਾਚਿਸ?..."

---

ਸਵਾਲਾਂ ਤੋਂ ਬਾਅਦ ਹੁਣ ਮੈਂ 'ਧਨੁ ਲੇਖਾਰੀ ਨਾਨਕਾ' ਵਿਚ ਪੇਸ਼ ਉਨ੍ਹਾਂ ਖਿਆਲਾਂ ਦੀ ਗੱਲ ਕਰਨਾ ਚਾਹੁੰਦੀ ਹਾਂ ਜਿਹੜੇ ਲੋਕਾਂ ਦੇ ਮਨਾਂ 'ਤੇ ਯਕੀਨਨ ਗਹਿਰੀ ਛਾਪ ਛੱਡ ਗਏ ਹਨ। ਜਦੋਂ ਮੁੱਖ ਪਾਤਰ 'ਲਿਖਾਰੀ' ਸਾਹਿਲ ਆਪਣੀ ਧੀ ਨੂੰ ਸੁਨੇਹਾ ਦਿੰਦਾ ਕਹਿੰਦਾ ਹੈ, "... ਪਰ ਤੂੰ ਆਪਣਾ ਸਾਈਕੋਲੋਜੀ ਦਾ ਥੀਸਿਜ਼ ਜ਼ਰੂਰ ਪੂਰਾ ਕਰੀਂ... ਇਸ ਮੁਲਕ ਨੂੰ ਬਹੁਤ ਲੋੜ ਹੈ ਮਨੋਵਿਗਿਆਨ ਸਮਝਣ ਦੀ", ਤਾਂ ਉਨ੍ਹਾਂ ਪਲਾਂ ਦੌਰਾਨ ਦਰਸ਼ਕ ਦੇ ਤੌਰ 'ਤੇ ਮੈਂ ਝੰਜੋੜੀ ਗਈ। ਇੰਨੀ ਵੱਡੀ ਗੱਲ ਇੰਨੀ ਸਹਿਜ ਕਹਿ ਜਾਣਾ ਡਾਕਟਰ ਸਾਹਿਬ ਸਿੰਘ ਦੀ ਲੇਖਣੀ ਦਾ ਵਿਲੱਖਣ ਅੰਦਾਜ਼ ਹੈ। ਅਸੀਂ ਮਨੋਵਿਗਿਆਨ ਨੂੰ ਸਮਝਣ ਦੀ ਕਦੀ ਲੋੜ ਹੀ ਨਹੀਂ ਸਮਝਦੇ। ਮੈਂ ਆਪਣਾ ਨਿੱਜੀ ਤਜਰਬਾ ਸਾਂਝਾ ਕਰਦੀ ਹਾਂ। ਮੈਂ ਬੀ.ਏ. ਪਾਰਟ-1 ਵਿਚ ਸਾਈਕੋਲੋਜੀ ਸਬਜੈਕਟ ਲੈਣਾ ਚਾਹੁੰਦੀ ਸੀ, ਆਪਣੀ ਇੱਕ ਦੋਸਤ ਅਤੇ ਕੁਝ ਸੀਨੀਅਰਜ਼ ਨਾਲ ਗੱਲ ਕੀਤੀ ਤਾਂ ਸਭ ਨੇ ਇਹੀ ਸਲਾਹ ਦਿੱਤੀ ਕਿ ਸਾਈਕੋਲੋਜੀ ਨਾ ਲਵੀਂ, ਇਹ ਸਬਜੈਕਟ ਪੜ੍ਹਨ ਵਾਲਾ ਬੰਦਾ ਪਾਗਲ ਹੋ ਜਾਂਦੈ। ਅਸੀਂ ਮਨਾਂ ਦੀਆਂ ਤਹਿਆਂ ਤੱਕ ਪਹੁੰਚਣਾ ਨਹੀਂ ਚਾਹੁੰਦੇ ਹੁੰਦੇ, ਸੱਚ ਕਹਿਣ, ਸੁਣਨ ਤੇ ਦੇਖਣ ਤੋਂ ਡਰਦੇ ਰਹਿੰਦੇ ਹਾਂ। ਡਾਕਟਰ ਸਾਹਿਬ ਸਿੰਘ ਨੇ ਮਨੋਵਿਗਿਆਨ ਵਾਲੇ ਇਸ ਡਾਇਲਾਗ ਰਾਹੀਂ ਬਹੁਤ ਕੁਝ ਅਣਕਿਹਾ ਕਹਿ ਦਿੱਤਾ ਹੈ। ਹੁਣ ਇਹ ਸਾਡੇ ਉੱਪਰ ਨਿਰਭਰ ਹੈ ਕਿ ਅਸੀਂ ਕੀ ਸੁਣਿਆ ਅਤੇ ਕੀ ਸਮਝਿਆ!

ਭਾਰਤ ਵਿਚ ਸਰਕਾਰੀ-ਦਰਬਾਰੀ ਬਣਨ ਦੇ ਚਾਹਵਾਨ ਅਤੇ ਦੌਲਤ-ਸ਼ੁਹਰਤ ਦੇ ਭੁੱਖੇ ਬਹੁਤ ਸਾਰੇ ਲਿਖਾਰੀਆਂ (ਸਾਹਿਤਕਾਰਾਂ ਤੇ ਪੱਤਰਕਾਰਾਂ ਸਮੇਤ) ਅਤੇ ਲੋਕਾਂ ਦਾ ਦਰਦ ਮਹਿਸੂਸ ਕਰਨ ਤੇ ਲਿਖਣ ਵਾਲਿਆਂ ਦਾ ਕੰਮ ਭਾਵੇਂ ਇੱਕੋ, ਅਰਥਾਤ ਲਿਖਣਾ ਹੁੰਦਾ ਹੈ ਪਰ ਉਨ੍ਹਾਂ ਦਾ ਉਦੇਸ਼, ਪ੍ਰਾਪਤੀਆਂ ਅਤੇ ਮਾਣ ਕਦੇ ਇੱਕ ਨਹੀਂ ਹੋ ਸਕਦੇ। ਨਾਟਕ ਦਾ ਮੁੱਖ ਪਾਤਰ ਲਿਖਾਰੀ ਸਾਹਿਲ ਸਿੰਘ ਮਜ਼੍ਹਬੀ ਨਫਰਤ ਨਾਲ ਭਰੇ ਲੋਕਾਂ ਦੀ ਦਰਿੰਦਗੀ ਦਾ ਸ਼ਿਕਾਰ ਹੋਈ ਪ੍ਰਿਯੰਕਾ ਸ਼ਰਮਾ ਦੀ ਕਹਾਣੀ ਲਿਖਣ ਲਈ ਇੰਨਾ ਤਤਪਰ ਹੈ ਕਿ ਉਸ ਨੂੰ ਪ੍ਰਿਯੰਕਾ ਅਤੇ ਉਸ ਦੇ ਬਾਪ ਦੇ ਦੁੱਖ ਸਾਹਮਣੇ ਆਪਣੀ ਧੀ ਦਾ ਅਤੇ ਆਪਣਾ ਦਰਦ ਮਾਮੂਲੀ ਜਾਪਦੇ ਹਨ। ਜਿੱਥੇ 'ਧਨੁ ਲੇਖਾਰੀ ਨਾਨਕਾ' ਵਿਕਾਊ ਲਿਖਾਰੀਆਂ-ਪੱਤਰਕਾਰਾਂ ਨੂੰ ਨੰਗਾ ਕਰਦਾ ਹੈ, ਉੱਥੇ ਲੋਕ ਪੱਖੀ ਲੇਖਕਾਂ ਅਤੇ ਕਲਾਕਾਰਾਂ ਦਾ ਸੰਘਰਸ਼ ਵੀ ਬਾਖੂਬੀ ਬਿਆਨ ਕਰਦਾ ਹੈ। ਨਾਟਕ ਦੇ ਕੁਝ ਡਾਇਲਾਗ ਹਨ:

"ਲੋਕਾਂ ਨੂੰ ਜਾਣਨਾ ਪਏਗਾ, ਲਿਖਣੀ ਪਏਗੀ ਇਹ ਕਹਾਣੀ... ਲਿਖਣੀ ਪਏਗੀ... ਦਿਲਸ਼ਾਦ ਠੀਕ ਕਹਿੰਦਾ ਹੈ ਕਿ ਸਾਡੇ ਅੰਦਰ ਗੜਬੜ ਹੈ।"

"ਬੇਵਕੂਫ ਨੇ ਲੋਕ... ਬੇਵਕੂਫ... ਲਾਈਲੱਗ ਜਜ਼ਬਾਤੀ... ਇਨ੍ਹਾਂ ਦੀ ਬੇਵਕੂਫੀਆਂ ਵਾਲੀ ਰਗ ਨੱਪ ਕੇ ਰੱਖੋ... ਫਿਰ ਦੇਖੀਂ ਕਿੱਦਾਂ ਪੈਸੇ ਡਿੱਗਦੇ। ਇਨ੍ਹਾਂ ਨੂੰ ਸਿਆਣੇ ਬਣਾਉਣ ਦੀ ਲੋੜ ਨਹੀਂ।"



ਰੰਗਕਰਮੀ ਸਾਹਿਬ ਸਿੰਘ

"ਵਿਕਦਾ ਵਰਕ ਆ ਚਮਕੀਲਾ ਵਰਕ... ਤੂੰ ਲਿਖਦਾ ਵਧੀਆ ਪਰ ਤੈਨੂੰ ਵਰਕ ਲਾਉਣਾ ਨਹੀਂ ਆਉਂਦਾ... ਵਰਕ ਲਾਉਣਾ ਸਿੱਖ... ਧਰਮ ਦਾ, ਨਸਲ ਦਾ, ਜ਼ਾਤ ਦਾ, ਕੌਮ ਦਾ, ਫਿਰ ਦੇਖੀਂ ਕਿੱਦਾਂ ਲੁੱਡੀਆਂ ਪੈਂਦੀਆਂ।"

"ਤੂੰ ਬੇਵਕੂਫਾਂ ਨੂੰ ਸਿਆਣੇ ਬਣਾਉਣ ਦੀ ਕੋਸ਼ਿਸ਼ ਕਰ ਰਿਹਾਂ, ਇਹੀ ਤੇਰੀ ਗਲਤੀ ਹੈ।"

"ਧਰਮੀ ਉਹ ਹੁੰਦੇ ਨੇ ਜਿਹੜੇ ਸਵੇਰ ਸ਼ਾਮ ਮਿੱਟੀ ਨਾਲ ਮਿੱਟੀ ਹੋਏ ਰਹਿੰਦੇ ਨੇ, ਤੇ ਪਤਾ ਨ੍ਹੀਂ ਲਗਦਾ ਕਿਹੜੇ ਵੇਲੇ ਬਾਬਾ ਧਿਆ ਜਾਂਦੇ ਨੇ...।"

"ਓਏ ਧਰਮ ਨੂੰ ਜੀਵਨ ਜਾਚ ਸਮਝਣ ਵਾਲਿਆਂ ਦੀ ਕੌਡੀ ਕੀਮਤ ਨਹੀਂ ਪੈਂਦੀ, ਇਹ ਤਾਂ ਵਿਕਣ ਵਾਲੀ ਸ਼ੈਅ ਐ... ਬਹੁਤ ਮਹਿੰਗੀ, ਬਸ ਵੇਚਣੀ ਆਉਣੀ ਚਾਹੀਦੀ ਹੈ।"

"ਮੈਂ ਕਿਸੇ ਦਾਇਰੇ 'ਚ ਨਹੀਂ ਉਲਝਣਾ ਚਾਹੁੰਦਾ... ਕਿਸੇ ਇੱਕ ਰੰਗ 'ਚ ਨਹੀਂ ਰੰਗਣਾ ਚਾਹੁੰਦਾ... ਰੰਗ ਫਿਰ ਭਾਵੇਂ ਨੀਲਾ ਹੋਵੇ, ਪੀਲਾ ਹੋਵੇ, ਚਿੱਟਾ ਹੋਵੇ ਤੇ ਭਾਵੇਂ ਹੋਵੇ ਲਾਲ... ਮੈਂ ਨਹੀਂ ਉਲਝਦਾ ਇੱਕ ਰੰਗ 'ਚ...।"

"ਕਿਉਂਕਿ ਭਾਅ ਕਿਸੇ ਹੋਰ ਨੇ ਮਿੱਥਣਾ... ਫਿਰ ਮੇਰੀ ਕਵਿਤਾ ਨੇ ਰੁਦਨ ਕਰਨਾ।"

---

ਲਿਖਾਰੀ ਦਾ ਬਾਬੇ ਨਾਨਕ ਨਾਲ ਹੁੰਦਾ ਸੰਵਾਦ ਮੌਜੂਦਾ ਕਿਸਾਨ ਸੰਘਰਸ਼ ਦੌਰਾਨ ਸੱਤਾਧਾਰੀਆਂ ਅਤੇ ਧਰਮਾਂ ਦੇ ਅਖੌਤੀ ਰਖਵਾਲਿਆਂ 'ਤੇ ਤਿੱਖਾ ਅਤੇ ਸਿੱਧਾ ਨਿਸ਼ਾਨਾ ਸਾਧਦਾ ਹੈ। ਕਿਸਾਨਾਂ, ਕਿਰਤੀਆਂ, ਮਜ਼ਦੂਰਾਂ, ਔਰਤਾਂ ਅਤੇ ਸੰਘਰਸ਼ ਕਰ ਰਹੇ ਹਰ ਵਰਗ ਦੇ ਸਾਧਾਰਨ ਬੰਦੇ ਦੇ ਮਨ ਨੂੰ ਪੜ੍ਹਨ ਅਤੇ ਲਿਖਣ ਵਿਚ ਕਾਮਯਾਬ ਰਹੇ ਹਨ ਡਾ. ਸਾਹਿਬ ਸਿੰਘ। ਸਾਡਾ ਪਰਿਵਾਰਕ, ਸਮਾਜਿਕ, ਰਾਜਸੀ ਤੇ ਧਾਰਮਿਕ ਤਾਣਾ-ਬਾਣਾ ਸਾਨੂੰ ਉਲਝਾਈ ਰੱਖਦਾ ਹੈ ਅਤੇ ਅਸਲੀ ਮੁੱਦਿਆਂ ਤੋਂ ਧਿਆਨ ਭਟਕਾਈ ਰੱਖਦਾ ਹੈ। ਅਸੀਂ ਅਕਸਰ ਆਪਣੇ ਆਪ ਨੂੰ ਬੇਵਸੀ 'ਚ ਘਿਰਿਆ ਮਹਿਸੂਸ ਕਰਦੇ ਹਾਂ। ਕੁਝ ਡਾਇਲਾਗ ਸਾਂਝੇ ਕਰ ਰਹੀ ਹਾਂ ਜਿਨ੍ਹਾਂ ਨੂੰ ਸੁਣਦਿਆਂ ਮੇਰੀਆਂ ਮੁੱਠੀਆਂ ਮੀਚ ਹੋਣ ਲੱਗੀਆਂ... ਕਚੀਚੀਆਂ ਆਉਣ ਲੱਗੀਆਂ, ਤੇ ਮੈਨੂੰ ਲੱਗਦਾ ਹੈ ਕਿ ਨਾਟਕ ਦੇਖਦੇ ਹੋਏ ਤਕਰੀਬਨ ਹਰ ਦਰਸ਼ਕ ਦਾ ਇਹੀ ਹਾਲ ਹੋਇਆ ਹੋਣਾ:

"ਦਲਿਤ ਹੋਨਾ ਇਸ ਮੁਲਕ ਕਾ ਸਬ ਸੇ ਬੜਾ ਗੁਨਾਹ ਹੈ।"

"ਕੀ ਕਰੀਏ ਬਾਬਾ? ਕਈ ਵਾਰ ਲਗਦਾ ਕਿ ਅਸੀਂ ਕੁਰਾਹੀਏ ਹਾਂ ਸ਼ਾਇਦ। ਜੇ ਉਨ੍ਹਾਂ ਨੂੰ ਤੇਰੇ ਸਿਰ 'ਤੇ ਬੰਨ੍ਹੀ ਹੋਈ ਗੋਲ ਪੱਗ ਹੀ ਦੀਂਹਦੀ ਹੈ ਤਾਂ ਸਾਨੂੰ ਉਸ ਪੱਗ ਦੇ ਹੇਠਾਂ ਚਾਰ ਕੂੰਟਾਂ ਰੁਸ਼ਨਾਉਣ ਵਾਲਾ ਸਿਰ ਦੀਂਹਦਾ।"

"ਤੂੰ ਗੋਸ਼ਟੀ ਰਚਾਈ ਸੀ... ਹਾਲਾਤ ਤਾਂ ਉਦੋਂ ਵੀ ਨਾਜ਼ੁਕ ਸੀ... ਅੱਜ ਅਗਲੇ ਕਹਿੰਦੇ ਫੈਸਲਾ ਕਰਨਾ... ਗੋਸ਼ਟੀ ਨਹੀਂ ਕਰਨੀ...।"

"ਮਾਚਿਸ ਰਸੋਈ ਦੀ ਮੁੱਢਲੀ ਲੋੜ ਹੁੰਦੀ ਹੈ ਤੇ ਉਨ੍ਹਾਂ ਸਾਡੀ ਰਸੋਈ ਹੀ ਲੁੱਟ ਲਈ...।"

"ਅਸੀਂ ਤਾਂ ਸਾਰੀ ਜ਼ਿੰਦਗੀ ਧਰਮ ਨੂੰ ਧਰਮ ਸਮਝ ਕੇ ਆਪਣੀ ਹਿੱਕ 'ਚ ਵਸਾ ਕੇ ਰੱਖਿਆ ਸੀ, ਪਤਾ ਹੀ ਨਹੀਂ ਲੱਗਾ, ਕਦੋਂ ਧਰਮ ਨੂੰ ਸਿਆਸਤ ਦੀ ਪੌੜੀ ਬਣਾ ਕੇ ਉੱਚੇ ਗੁੰਬਦ 'ਤੇ ਚੜ੍ਹ ਜੈਕਾਰੇ ਮਾਰਨ ਲੱਗ ਪਏ। ਅਸੀਂ ਤਾਂ ਧਰਮੀ ਬੰਦੇ ਸੀ ਪਰ ਸਾਡਾ ਸਭ ਕੁਝ ਲੁੱਟਿਆ ਗਿਆ... ਅਸੀਂ ਲੁੱਟੇ ਗਏ।"

ਨਾਟਕ ਦੇ ਇੱਕ ਮੋੜ 'ਤੇ ਤਾਂ ਜਿਵੇਂ ਇਹ ਬੇਵਸੀ ਅਸਹਿ ਹੋ ਜਾਂਦੀ ਹੈ- "ਮਾਚਿਸ ਕਿੱਥੇ ਆ... ਮੈਨੂੰ ਦੱਸੋ ਮਾਚਿਸ ਕਿੱਥੇ?... ਮੈਨੂੰ ਮਾਚਿਸ ਚਾਹੀਦੀ ਹੈ... ਮੈਂ ਰਾਜਧਾਨੀ ਦੇ ਵੱਡੀ ਗੁੰਬਦ ਦੇ ਉੱਤੇ ਜਿਹੜਾ ਮਖਿਆਲ ਲੱਗਾ ਹੋਇਆ, ਉਹਨੂੰ ਅੱਗ ਲਾ ਕੇ ਫੂਕਣਾ।"

ਪੰਜਾਬ ਸਿੰਘ ਨਾਂ ਦਾ ਪਾਤਰ ਪੰਜਾਬ ਦੀ ਹਾਲਤ ਦੀ ਤਸਵੀਰ ਪੇਸ਼ ਕਰਦਾ ਰੋਣ-ਹਾਕਾ ਹੈ, ਕਈ ਵਾਰ ਦਿਲ ਕਰਦਾ ਹੈ ਕਿ ਉਹਨੂੰ ਗਲ ਨਾਲ ਲਾ ਲਈਏ ਤੇ ਉਹ ਭੁੱਬੀਂ ਰੋ ਕੇ ਹਲਕਾ ਹੋ ਲਵੇ। ਉਹ ਲਿਖਾਰੀ ਅੱਗੇ ਫਰਿਆਦ ਕਰਦਾ ਹੈ ਕਿ ਪਾਪ ਕਰਨ ਵਾਲੇ ਹਰ ਬੰਦੇ ਖਿਲਾਫ ਉਹ ਜ਼ਰੂਰ ਲਿਖੇ ਅਤੇ ਕਿਸੇ ਦੀ ਦਿੱਖ ਦੇਖ ਕੇ ਕਿਸੇ ਭਰਮ 'ਚ ਨਾ ਪਵੇ-

"ਵਕਤ ਨੇ ਮੈਨੂੰ ਬਹੁਤ ਰੁਆਇਆ ਹੈ... ਅੱਜ ਮੈਂ ਅੱਜ ਦਿੱਲੀ ਦੀਆਂ ਬਰੂਹਾਂ 'ਤੇ ਬੈਠਾ, ਬੈਠਾ ਵੀ ਕਾਹਨੂੰ ਮੈਂ ਤਾਂ ਦੌੜਿਆ ਫਿਰਦਾਂ... ਸੀਸ ਕਦੀ ਹਾਰਦੇ ਨਹੀਂ ਹੁੰਦੇ, ਸੀਸ ਕਦੀ ਮਰਦੇ ਨਹੀਂ ਹੁੰਦੇ, ਮੈਂ ਹਮੇਸ਼ਾ ਜਾਗਦੇ ਸਿਰਾਂ ਨੂੰ ਲੱਭਦਾਂ... ਪੁੱਤ ਸਾਹਿਲ ਸਿੰਹਾਂ ਮੇਰੇ ਇਨ੍ਹਾਂ ਜਾਗਦੇ ਪੁੱਤਾਂ ਬਾਰੇ ਲਿਖੀਂ... ਤੂੰ ਜਾਗਦੇ ਸਿਰਾਂ ਦੀ ਬਾਤ ਪਾਈਂ।"

"ਸਟੇਜ 'ਤੇ ਸ਼ਬਦਾਂ ਰਾਹੀਂ ਚਿਤਰਿਆ ਗਿਆ ਪਿੰਡ ਦੀ ਖੁਸ਼ਹਾਲੀ ਅਤੇ ਬਰਬਾਦੀ ਦਾ ਦ੍ਰਿਸ਼।... ਕਣਕ ਦਾ ਸੋਨਾ... ਗੁਰੂ ਨਾਨਕ ਦਾ ਸੁਨੇਹਾ... ਸਰੋਂ ਖਿੜ ਗਈ... ਮੇਰੀ ਕਵਿਤਾ ਨੱਚਣ ਲੱਗ ਪਈ... ਕਵਿਤਾ ਨੇ ਰੁਦਨ ਕਰਨਾ।" ਬਹੁਤ ਮਨਮੋਹਕ ਅਤੇ ਦਿਲ ਟੁੰਬਵਾਂ ਸੀ। ਦਰਸ਼ਕਾਂ ਨੂੰ ਇੱਕ ਦ੍ਰਿਸ਼ 'ਚੋਂ ਦੂਜੇ ਦ੍ਰਿਸ਼ ਤੱਕ ਲਿਜਾਣ ਲਈ ਕੁਝ ਪੁਰਾਣੇ ਗੀਤਾਂ ਦਾ ਇਸਤੇਮਾਲ ਬਹੁਤ ਢੁਕਵੇਂ ਢੰਗ ਨਾਲ ਕੀਤਾ ਗਿਆ ਹੈ।

'ਲਿਖਾਰੀ' ਨੇ ਕਈ ਥਾਈਂ ਔਰਤ ਦੀ ਬਰਾਬਰੀ ਦਾ ਜ਼ਿਕਰ ਬਹੁਤ ਖੂਬ ਦਲੀਲਾਂ ਦੇ ਕੇ ਕੀਤਾ ਹੈ, "ਸਿਰ ਜੇ ਸਿਰ ਹੈ ਤਾਂ ਚੁੰਨੀ ਦੇ ਥੱਲੇ ਵੀ ਹੋ ਸਕਦਾ ਤੇ ਸਿਰ ਨੰਗਾ ਵੀ ਹੋ ਸਕਦਾ... ਤੂੰ ਜਾਗਦਿਆਂ ਸਿਰਾਂ ਦੀ ਬਾਤ ਪਾਉਂਦਾ ਰਹੀਂ।" 'ਲਿਖਾਰੀ' ਨਵੀਂ ਪੀੜ੍ਹੀ, ਖਾਸਕਰ ਬੱਚੀਆਂ 'ਤੇ ਬਹੁਤ ਭਰੋਸਾ ਪ੍ਰਗਟ ਕਰ ਰਿਹਾ ਹੈ, ਆਸਾਂ ਰੱਖ ਰਿਹਾ ਹੈ ਅਤੇ ਹੱਲਾਸ਼ੇਰੀ ਦਿੰਦਿਆਂ ਰਾਹਨੁਮਾਈ ਕਰਦਿਆਂ ਜ਼ਬਰਦਸਤ ਸੁਨੇਹਾ ਦਿੰਦਾ ਹੈ, "ਤਬਦੀਲੀ ਲਈ ਲੜਨ ਵਾਲੇ ਲੋਕ ਬੁਖਾਰ ਨਾਲ ਨਹੀਂ ਮਰਿਆ ਕਰਦੇ... ਤੂੰ ਆਪਣੀਆਂ ਸਹੇਲੀਆਂ ਨਾਲ ਰਲ ਕੇ ਪਿੰਜਰਾ ਤੋੜ... ਮੈਂ ਕਲਮ ਚਲਾਵਾਂਗਾ ਪੁੱਤ!"

ਲਿਖਾਰੀ ਡਾਕਟਰ ਸਾਹਿਬ ਸਿੰਘ ਦੀ ਕਲਮ ਅਤੇ ਅਦਾਕਾਰੀ ਨੂੰ ਸਿਜਦਾ ਜਿਨ੍ਹਾਂ ਨੇ ਤਕਰੀਬਨ ਡੇਢ ਘੰਟਾ ਸਟੇਜ 'ਤੇ ਇਕੱਲਿਆਂ ਹੀ ਅੱਧੀ ਦਰਜਨ ਤੋਂ ਵੱਧ ਕਿਰਦਾਰ ਨਿਭਾ ਕੇ ਸੈਂਕੜੇ ਸਵਾਲ ਅਤੇ ਅਗਾਂਹਵਧੂ ਖਿਆਲ ਹਜ਼ਾਰਾਂ-ਲੱਖਾਂ ਦਰਸ਼ਕਾਂ ਦੀ ਝੋਲੀ ਪਾਏ ਹਨ, ਉਹ ਵੀ ਇਸ ਸੋਚ ਨਾਲ ਕਿ ਲੋਕ ਸਿਰਫ 'ਮੂਕ ਦਰਸ਼ਕ' ਬਣ ਕੇ ਨਾ ਰਹਿ ਜਾਣ ਸਗੋਂ ਜਾਗਣ, ਸੋਚਣ, ਬੋਲਣ, ਉੱਠਣ। 'ਲਿਖਾਰੀ' ਆਪਣੀ ਬੇਟੀ ਨੂੰ ਸੰਬੋਧਿਤ ਹੁੰਦਿਆਂ ਹਰ ਕਿਸੇ ਲਈ ਸੁਨੇਹਾ ਦੇ ਰਿਹਾ ਹੈ, "ਲੇਖਕ ਹੋਣ ਤੋਂ ਪਹਿਲਾਂ ਹਰ ਕੋਈ ਇਨਸਾਨ ਹੁੰਦਾ... ਦਿਲ ਧੜਕਣ ਵਾਸਤੇ ਹੁੰਦਾ, ਮੈਂ ਲੇਖਕ ਹਾਂ, ਤੂੰ ਐਕਟਿਵਿਸਟ ਏਂ। ਦਿਲ 'ਤੇ ਪੱਥਰ ਨਹੀਂ ਧਰਨਾ ਪੁੱਤ... ਦਿਲ ਨੂੰ ਧੜਕਣ ਦੇਣਾ, ਜ਼ਿੰਦਗੀ ਤੋਂ ਦੂਰ ਆ ਕੇ ਕੋਈ ਤਬਦੀਲੀ ਨਹੀਂ ਆਉਣੀ।"

ਮੈਂ ਹੋਰ ਬਹੁਤ ਕੁਝ ਨਾ ਲਿਖਦੀ ਹੋਈ ਇੰਨਾ ਕਹਾਂਗੀ ਕਿ 'ਧਨੁ ਲੇਖਾਰੀ ਨਾਨਕਾ' ਗੁਰੂ ਨਾਨਕ ਨੂੰ ਮੰਨਣ ਵਾਲਿਆਂ, ਅਕਲਾਂ ਵਾਲਿਆਂ, ਕਲਮਾਂ ਵਾਲਿਆਂ, ਸ਼ੁਹਰਤ ਦੇ ਭੁੱਖੇ ਲੇਖਕਾਂ, ਲੋਕਾਈ ਦਾ ਦਰਦ ਲਿਖਣ ਵਾਲੇ ਲੇਖਕਾਂ, ਹੱਕ ਦੇਣ ਵਾਲਿਆਂ, ਪੜ੍ਹੇ-ਲਿਖਿਆਂ, ਅਨਪੜ੍ਹਾਂ, ਗਰੀਬਾਂ, ਅਮੀਰਾਂ, ਧਰਮਾਂ ਦੇ ਠੇਕੇਦਾਰਾਂ ਅਤੇ ਪਹਿਰੇਦਾਰਾਂ, ਧਰਮਾਂ ਨੂੰ ਮੰਨਣ ਵਾਲਿਆਂ, ਹੱਕ ਖੋਹਣ ਵਾਲਿਆਂ, ਹੱਕ ਮਾਰਨ ਵਾਲਿਆਂ, ਕਿਸਾਨਾਂ, ਮਜ਼ਦੂਰਾਂ, ਪੰਜਾਬ 'ਚ ਹੀ ਨਹੀਂ ਭਾਰਤ ਦੇ ਹਰ ਸੂਬੇ 'ਚ ਵੱਸਣ ਵਾਲਿਆਂ, ਵਿਦੇਸ਼ਾਂ ਵੱਸਣ ਵਾਲੇ ਭਾਰਤੀਆਂ ਜਾਂ ਕਹਿ ਲਓ ਕਿ ਇਨਸਾਨ ਅਤੇ ਇਨਸਾਨੀਅਤ ਨੂੰ ਪਿਆਰ ਕਰਨ ਵਾਲੇ ਹਰ ਜੀਅ ਨੂੰ ਦੇਖਣਾ ਚਾਹੀਦਾ ਹੈ। ਡਾਕਟਰ ਸਾਹਿਬ ਸਿੰਘ ਨੂੰ 'ਧਨੁ ਲੇਖਾਰੀ ਨਾਨਕਾ' ਦੀ ਸ਼ਾਨਦਾਰ ਪੇਸ਼ਕਾਰੀ ਲਈ ਬਹੁਤ ਮੁਬਾਰਕਾਂ। ਆਸ ਕਰਦੇ ਹਾਂ ਕਿ ਇਹ ਨਾਟਕ ਅਤੇ ਹੋਰ ਨਾਟਕਾਂ ਦਾ ਮੰਚਣ ਅਸੀਂ ਕੈਨੇਡਾ ਵਿਚ ਵੀ ਦੇਖ ਸਕੀਏ।

ੴ ਸਤਿਗੁਰ ਪ੍ਰਸਾਦਿ॥

ਜਉ ਤਉ ਪ੍ਰੇਮ ਖੇਲਣ ਕਾ ਚਾਉ॥ ਸਿਰੁ ਧਰਿ ਤਲੀ ਗਲੀ ਮੇਰੀ ਆਉ॥
ਇਤੁ ਮਾਰਗਿ ਪੈਰੁ ਧਰੀਜੈ॥ ਸਿਰੁ ਦੀਜੈ ਕਾਣਿ ਨ ਕੀਜੈ॥ -ਗੁਰੂ ਨਾਨਕ ਦੇਵ ਜੀ

# ਸਿੱਖ ਧਰਮ ਦੇ ਬਾਨੀ
# ਧੰਨ ਧੰਨ ਸ੍ਰੀ ਗੁਰੂ ਨਾਨਕ ਦੇਵ ਜੀ ਦੇ
# 552ਵੇਂ ਪ੍ਰਕਾਸ਼ ਪੁਰਬ ਦੀ
# ਕੁਲ ਲੋਕਾਈ ਨੂੰ
# ਕੋਟਨਿ ਕੋਟਿ ਵਧਾਈ



ਮੇਜਰ ਗੁਰਚਰਨ ਸਿੰਘ ਝੱਜ (ਸ਼ਿਕਾਗੋ)
ਅਤੇ ਪਰਿਵਾਰ



ਜੈਦੇਵ ਸਿੰਘ (ਸੱਤੀ) ਭੱਠਲ, ਸ਼ਿਕਾਗੋ
ਅਤੇ ਪਰਿਵਾਰ



ਸੁਖਰਾਜ ਸਿੰਘ ਤੱਖਰ, ਸ਼ਿਕਾਗੋ
ਅਤੇ ਪਰਿਵਾਰ

## Major Gurcharn Singh Jhaj
## Jaidev Singh Bhattal & Sukhraj Singh Takher

**Sewadars of Baba Iqbal Singh Ji and**
**The Kalgidhar Society, Baru Sahib**